## Reo-Bankowned Properties

From San Jose to Sacramento

JASSI GILL *Broker/Owner*

Ph:510-304-9292

**Refinance Now**


@ZERO COST

Call Sukhi Gill:510-207-9067



*Jassi Gill*

CA DRE Lic.#01180969 CA DRE# 00966763



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

$25 2500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrictions & Additional Fees Apply.

800-914-1013 408-659-9400

FARMERS INSURANCE

*Auto *Home *Life
*Business *Work Comp



Gurcharan S. Mann
License # 0C70672

Do You Drive with
Uber - Curb – Lyft - SideCar
Need Insurance?
We have Special Coverage for You!!

Call: 510-797-7989

Duabba Insurance Agency
2450 Peralta Blvd, Suite 203
Fremont CA 94536



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 38, September 19, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਕੈਪਟਨ ਦੀ ਕਪਤਾਨੀ ਰਹੇਗੀ ਬਰਕਰਾਰ

## ਪੰਜਾਬ ਕਾਂਗਰਸ ਦਾ ਰੱਫੜ ਮੁੱਕਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਪ੍ਰਧਾਨਗੀ ਨੂੰ ਲੈ ਕੇ ਛਿੜਿਆ ਕਲੇਸ਼ ਬਿਲੇ ਲੱਗਣ ਦੇ ਆਸਾਰ ਬਣ ਗਏ ਹਨ। ਹਾਈਕਮਾਨ ਨੇ ਇਸ ਵਾਰ ਕਿਸੇ ਇਕ ਆਗੂ ਨੂੰ ਸਾਰੀਆਂ ਸ਼ਕਤੀਆਂ ਨਾ ਦੇਣ ਦਾ ਫਾਰਮੂਲਾ ਵੀ ਤਿਆਰ ਕੀਤਾ ਹੈ।

ਪੰਜਾਬ ਵਿਧਾਨ ਸਭਾ ਵਿਚ ਵਿਧਾਇਕ ਦਲ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੂੰ ਪ੍ਰਦੇਸ਼ ਕਮੇਟੀ ਦਾ ਪ੍ਰਧਾਨ ਤੇ ਲਾਲ ਸਿੰਘ ਨੂੰ ਵਿਧਾਇਕ ਦਲ ਦਾ ਨੇਤਾ ਬਣਾਏ ਜਾਣਾ ਤਕਰੀਬਨ ਤੈਅ ਹੈ। ਪ੍ਰਤਾਪ ਸਿੰਘ ਬਾਜਵਾ, ਜਗਮੀਤ ਸਿੰਘ ਬਰਾੜ ਤੇ ਰਾਜਿੰਦਰ ਕੌਰ ਭੱਠਲ ਦਾ ਸਨਮਾਨ ਬਰਕਰਾਰ ਰੱਖਣ ਦੀ ਤਜਵੀਜ਼ ਵੀ ਹਾਈ ਕਮਾਨ ਦੇ ਵਿਚਾਰ ਅਧੀਨ ਹੈ।



ਅਮਰਿੰਦਰ ਸਿੰਘ



ਸੁਨੀਲ ਜਾਖੜ

ਇਸ ਤੋਂ ਪਹਿਲਾਂ ਹਾਈ ਕਮਾਨ ਨੇ ਅੰਬਿਕਾ ਸੋਨੀ ਨੂੰ ਪ੍ਰਧਾਨ ਬਣਾਏ ਜਾਣ ਉਤੇ ਮੋਹਰ ਲਾ ਦਿੱਤੀ ਸੀ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੁਨੀਲ ਜਾਖੜ ਨੂੰ ਹੀ ਵਿਧਾਇਕ ਦਲ ਦਾ ਆਗੂ ਬਣਾਈ ਰੱਖਣ ਦੀ ਜ਼ਿਦ ਨੇ ਬਣੀ ਬਣਾਈ ਖੇਡ ਵਿਗਾੜ ਦਿੱਤੀ ਸੀ।

ਉਧਰ, ਅੰਬਿਕਾ ਸੋਨੀ ਵੀ ਪੰਜਾਬ ਦੀ ਪ੍ਰਧਾਨਗੀ ਸੰਭਾਲਣ ਦੇ ਮਾਮਲੇ ਨੂੰ ਲੈ ਕੇ ਦੁਚਿੱਤੀ ਵਿਚ ਸੀ। ਹਾਈ ਕਮਾਨ ਦਾ ਤਰਕ ਸੀ ਕਿ ਜੇ ਸ੍ਰੀਮਤੀ ਸੋਨੀ ਪ੍ਰਧਾਨ ਬਣਦੇ ਹਨ ਤਾਂ ਵਿਧਾਇਕ ਦਲ ਦਾ ਆਗੂ ਬਦਲਿਆ ਜਾਣਾ ਜ਼ਰੂਰੀ ਹੈ, ਕਿਉਂਕਿ ਦੋਵੇਂ ਮੁੱਖ ਅਹੁਦੇ ਇਕੋ ਵਰਗ ਨੂੰ ਨਹੀਂ ਦਿੱਤੇ ਜਾ ਸਕਦੇ। ਕੈਪਟਨ ਵੱਲੋਂ ਸ੍ਰੀ ਜਾਖੜ ਨੂੰ ਅਹੁਦੇ ਉੱਪਰ ਬਣਾਈ ਰੱਖਣ ਦਾ ਲਿਆ ਪੈਂਤੜਾ ਅਸਲ ਵਿਚ ਟਿੰਡ ਵਿਚ ਕਾਨਾ ਫਸਾਉਣ ਵਾਲੀ ਕਾਰਵਾਈ ਹੀ ਸਮਝਿਆ ਜਾ ਰਿਹਾ ਹੈ।

ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਇਹ ਕਿਸੇ ਕੀਮਤ 'ਤੇ ਨਹੀਂ ਚਾਹੁੰਦੇ ਕਿ ਕੋਈ ਅਜਿਹਾ ਆਗੂ ਹੁਣ ਪ੍ਰਧਾਨ ਬਣੇ ਜੋ 2017 ਦੀਆਂ ਚੋਣਾਂ ਵਿਚ ਕਾਂਗਰਸ ਦੇ ਸੱਤਾ ਵਿਚ ਆਉਣ ਦੀ ਸਥਿਤੀ ਵਿਚ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੀ ਇੱਛਾ ਨੂੰ ਚੁਣੌਤੀ ਦੇ ਸਕਣ ਦੇ ਸਮਰੱਥ ਹੋਵੇ। ਹਾਈ ਕਮਾਨ ਬੇਸ਼ੱਕ ਕੈਪਟਨ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾ ਕੇ ਅਗਲੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਵਜੋਂ ਪੇਸ਼ ਕਰਨ ਲਈ ਤਿਆਰ ਹੋ ਗਈ ਹੈ ਪਰ ਕੈਪਟਨ ਕੋਈ ਰਿਸਕ ਲੈਣ ਲਈ ਤਿਆਰ ਨਹੀਂ।

ਸ੍ਰੀਮਤੀ ਸੋਨੀ ਅਜਿਹੀ ਨੇਤਾ ਹਨ ਜੋ ਕੈਪਟਨ ਨੂੰ ਚੁਣੌਤੀ ਦੇਣ ਦੇ ਸਮਰੱਥ ਹਨ। ਇਹੀ ਕਾਰਨ ਹੈ ਕਿ ਕੈਪਟਨ, ਲਾਲ ਸਿੰਘ ਵਰਗੇ ਸੀਨੀਅਰ ਕਾਂਗਰਸੀ ਨੇਤਾ ਨੂੰ ਵੀ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣਾ ਸਵੀਕਾਰ ਨਹੀਂ ਕਰ ਰਹੇ, ਹਾਲਾਂਕਿ ਸ. ਲਾਲ ਸਿੰਘ, ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਦਾ ਮੁੱਖ ਮੰਤਰੀ ਪਦ ਦਾ ਦਾਅਵੇਦਾਰ ਮੰਨਣ ਲਈ ਵੀ ਤਿਆਰ ਹਨ। ਹੁਣ ਇਹ ਪ੍ਰਭਾਵ ਬਣ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਜਾਂ ਤਾਂ ਖ਼ੁਦ ਹੀ ਪੰਜਾਬ ਕਾਂਗਰਸ ਦਾ ਪ੍ਰਧਾਨ ਬਣ ਕੇ ਸੰਤੁਸ਼ਟ ਹੋਣਗੇ ਜਾਂ ਫਿਰ ਉਹ ਕਿਸੇ ਅਜਿਹੇ ਆਗੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣਾ ਚਾਹੁੰਦੇ ਹਨ ਜੋ ਇਕ ਤਰ੍ਹਾਂ ਨਾਲ ਡੰਮੀ ਪ੍ਰਧਾਨ ਹੋਵੇ ਤੇ ਅਸਲ ਵਿਚ ਸਾਰੀ ਤਾਕਤ ਉਸ ਦੇ ਹੱਥਾਂ ਵਿਚ ਹੀ ਕੇਂਦਰਿਤ ਹੋਵੇ।

## ਕੈਪਟਨ ਨੇ ਹਾਈਕਮਾਨ ਨੂੰ ਦਿਖਾਈ ਤਾਕਤ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਵਾਰ ਵਾਰ ਇਕੱਠ ਕਰ ਕੇ ਤੇ ਸੂਬੇ ਦੇ ਕਾਂਗਰਸੀ ਵਿਧਾਇਕਾਂ ਨੂੰ ਖਾਣੇ 'ਤੇ ਬੁਲਾ ਕੇ ਹਾਈਕਮਾਨ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਕੈਪਟਨ ਦੀ ਪੰਜਾਬ ਵਿਚ ਮਕਬੂਲੀਅਤ ਨੂੰ ਵੇਖ ਕੇ ਹਾਈ ਕਮਾਨ ਵੀ ਪੰਗਾ ਲੈਣ ਦੇ ਮੂਡ ਵਿਚ ਨਹੀਂ ਹੈ। ਵਿਧਾਨ ਸਭਾ ਵਿਚ ਇਸ ਸਮੇਂ 43 ਵਿਧਾਇਕਾਂ ਵਿਚੋਂ 33 ਕੈਪਟਨ ਦੇ ਨਾਲ ਹਨ। ਕੈਪਟਨ 21 ਸਤੰਬਰ ਤੋਂ ਵਿਦੇਸ਼ ਦੌਰੇ 'ਤੇ ਜਾ ਰਹੇ ਹਨ ਤੇ ਉਹ ਚਹੁੰਦੇ ਹਨ ਕਿ ਇਸ ਤੋਂ ਪਹਿਲਾਂ ਪ੍ਰਧਾਨਗੀ ਵਾਲਾ ਮਸਲਾ ਸੁਲਝ ਜਾਵੇ।

# ਪੰਜਾਬ 'ਚ ਨਾਸਤਿਕਾਂ ਦੀ ਗਿਣਤੀ ਵਧੀ

**ਚੰਡੀਗੜ੍ਹ:** 2011 ਵਾਲੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਨਾਸਤਿਕਾਂ ਦੀ ਗਿਣਤੀ ਵਿਚ ਪਿਛਲੀ ਵਾਰ ਦੇ ਮੁਕਾਬਲੇ 1947% ਵਾਧਾ ਰਿਕਾਰਡ ਹੋਇਆ ਹੈ। 2001 ਵਾਲੀ ਮਰਦਮਸ਼ੁਮਾਰੀ ਵਿਚ ਆਪਣਾ ਕੋਈ ਵੀ ਧਰਮ ਨਾ ਲਿਖਵਾਉਣ ਵਾਲਿਆਂ ਦੀ ਕੁੱਲ ਗਿਣਤੀ 4468 ਸੀ ਜੋ 2011 ਵਿਚ ਵਧ ਕੇ 87564 ਹੋ ਗਈ ਹੈ। ਇਨ੍ਹਾਂ ਅੰਕੜਿਆ ਦਾ ਇਕ ਹੋਰ ਦਿਲਚਸਪ ਪਹਿਲੂ ਇਹ ਵੀ ਹੈ ਕਿ ਨਾਸਤਕਿਾਂ ਦੀ ਇਸ ਗਿਣਤੀ ਵਿਚ ਔਰਤਾਂ ਅਤੇ ਮਰਦਾਂ ਦੀ ਗਿਣਤੀ ਤਕਰੀਬਨ ਅੱਧੋ-ਅੱਧ ਹੈ। ਨਾਸਤਿਕ ਔਰਤਾਂ ਦੀ ਕੁੱਲ ਗਿਣਤੀ 43728 ਦਰਸਾਈ ਗਈ ਹੈ ਅਤੇ ਮਰਦਾਂ ਦੀ ਇਹ ਗਿਣਤੀ 43836 ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਮਾਜ ਸ਼ਾਸਤਰ (ਸੋਸ਼ਿਆਲੌਜੀ) ਵਿਭਾਗ ਦੇ ਮੁਖੀ ਡਾਕਟਰ ਹਰਵਿੰਦਰ ਸਿੰਘ ਭੱਟੀ ਜੋ ਯੂਨੀਵਰਸਿਟੀ ਦੇ 'ਅੰਕੜਾ ਅਧਿਐਨ ਤੇ ਖੋਜ ਕੇਂਦਰ' (ਸੀ.ਸੀ.ਐਸ.ਆਰ.) ਦੇ ਮੁਖੀ ਵੀ ਹਨ, ਨੇ ਕਿਹਾ ਹੈ ਕਿ ਇਹ ਸਹੀ ਹੈ ਕਿ ਆਪਣਾ ਕੋਈ ਵੀ ਧਰਮ ਨਾ ਰਿਕਾਰਡ ਕਰਵਾਉਣ ਵਾਲੇ ਸਾਰੇ ਹੀ ਨਾਸਤਿਕ ਨਹੀਂ ਹਨ, ਪਰ ਜਿਨ੍ਹਾਂ ਲੋਕਾਂ ਨੇ ਮਰਦਮਸ਼ੁਮਾਰੀ ਦੌਰਾਨ ਆਪਣਾ ਕੋਈ ਧਰਮ ਰਿਕਾਰਡ ਨਹੀਂ ਕਰਵਇਆ, ਉਨ੍ਹਾਂ ਵਿਚੋਂ ਬਹੁਗਿਣਤੀ ਨਾਸਤਿਕਾਂ ਦੀ ਹੈ। ਇਹ ਗਿਣਤੀ ਭਾਵੇਂ ਬਹੁਤ ਮਾਮੂਲੀ ਹੈ, ਪਰ ਅੰਕੜਿਆਂ ਤੋਂ ਜ਼ਾਹਿਰ ਹੈ ਕਿ ਰੱਬ ਵਿਚ ਵਿਸ਼ਵਾਸ ਨਾ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਨ੍ਹਾਂ ਵਿਚ ਬਹੁਗਿਣਤੀ ਸ਼ਹਿਰੀ ਲੋਕਾਂ ਅਤੇ ਨੌਜਵਾਨਾਂ ਦੀ ਹੈ।

ਯਾਦ ਰਹੇ ਕਿ ਭਾਰਤ ਵਿਚ ਵੀ ਨਾਸਤਿਕਾਂ ਦੀ ਗਿਣਤੀ ਵਿਚ ਵਾਧਾ ਰਿਕਾਰਡ ਹੋਇਆ ਹੈ। ਪਿਛਲੀ ਮਰਦਮਸ਼ੁਮਾਰੀ ਵਿਚ ਇਹ ਗਿਣਤੀ 7.27 ਲੱਖ ਸੀ ਜੋ ਹੁਣ ਵਧ ਕੇ 29 ਲੱਖ ਤੱਕ ਪੁੱਜ ਗਈ ਹੈ। ਇਹੀ ਰੁਝਾਨ ਸੰਸਾਰ ਪੱਧਰ ਉਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਸੰਸਾਰ ਭਰ ਵਿਚ ਸਰਗਰਮ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਕੀਤੇ ਵੱਖਰੇ ਵੱਖਰੇ ਅਧਿਐਨਾਂ ਤੋਂ ਵੀ ਇਹੀ ਰੁਝਾਨ ਸਾਹਮਣੇ ਆਏ ਹਨ।


We Do Real Estate in Bay Area & Central Valley

We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja™ SWEETS & CATERING®

Follow us on:

AUTHORIZED CATERER FOR MAJOR 5-STAR HOTELS

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorny At Law*

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617

Email: manpreet@gahralaw.com

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮ

18 ਸਤੰਬਰ 2015 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
19 ਸਤੰਬਰ 2015 (ਸਨਿਚਰਵਾਰ) ਸ਼ਾਮ ਨੂੰ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਹੋਣਗੀਆਂ
20 ਸਤੰਬਰ 2015 (ਐਤਵਾਰ) ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

*ਆਪ ਸਮੂਹ ਸੰਗਤ ਨੂੰ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ*

**ਹੋਰ ਜਾਣਕਾਰੀ ਲਈ ਸੰਪਰਕ ਕਰੋ**
ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702 ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266
ਜਸਵੀਰ ਸਿੰਘ ਸੰਧੂ, ਫੋਨ: 510-303-8789 ਡਾ. ਹਰਮਿੰਦਰ ਸਿੰਘ ਗਿੱਲ, ਫੋਨ: 408-368-2143



STATEN SOLAR
AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol
*Solar Engineer*
661-412-4728
661-427-0843 (fax)

# BYE BILL

**No One Can Beat Our Price Guaranteed!**


Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9825

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 20 ਸਤੰਬਰ 2015 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

18 ਸਤੰਬਰ 2015: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
20 ਸਤੰਬਰ 2015: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

36-37



## Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

## ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ
ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਣ ਯੂ.ਪੀ. ਵੱਲ ਰੁਖ

**ਚੰਡੀਗੜ੍ਹ:** ਦਿੱਲੀ ਤੇ ਹਰਿਆਣਾ ਵਿਚ ਚੋਣ ਲੜਨ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਨੇ ਉੱਤਰ ਪ੍ਰਦੇਸ਼ ਵਿਚ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਦਲ ਵੱਲੋਂ ਯੂ.ਪੀ. ਦੇ 35 ਵਿਧਾਨ ਸਭਾ ਹਲਕਿਆਂ ਵਿਚ ਉਮੀਦਵਾਰ ਖੜ੍ਹੇ ਕੀਤੇ ਜਾਣਗੇ।

ਯੂ.ਪੀ. ਦੀਆਂ ਚੋਣਾਂ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਨਾਲ ਸਾਲ 2017 ਵਿਚ ਹੀ ਹੋਣੀਆਂ ਹਨ ਤੇ ਭਾਜਪਾ ਦੇਸ਼ ਦੇ ਇਸ ਵੱਡੇ ਸੂਬੇ ਵਿਚ ਮੁੜ ਤੋਂ ਪੈਰ ਜਮਾਉਣ ਲਈ ਤਤਪਰ ਹੈ ਕਿਉਂਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀ ਕਾਰਗੁਜ਼ਾਰੀ ਸਭ ਤੋਂ ਚੰਗੀ ਰਹੀ ਸੀ। ਸੁਖਬੀਰ ਸਿੰਘ ਬਾਦਲ ਨੇ ਇਸ ਤੋਂ ਪਹਿਲਾਂ ਹਰਿਆਣਾ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲੜਨ ਦਾ ਵੀ ਐਲਾਨ ਕੀਤਾ ਸੀ। ਹਾਲਾਂਕਿ ਇਕ ਸਾਲ ਪਹਿਲਾਂ ਹਰਿਆਣਾ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਇੰਡੀਅਨ ਨੈਸ਼ਨਲ ਲੋਕ ਦਲ ਨਾਲ ਸਾਂਝ ਭਿਆਲੀ ਪਾ ਕੇ ਅਕਾਲੀ ਦਲ ਨੂੰ ਨਮੋਸ਼ੀ ਝੱਲਣੀ ਪਈ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਯੂ.ਪੀ. ਤੇ ਹੋਰਨਾਂ ਸੂਬਿਆਂ ਪੱਛਮੀ ਬੰਗਾਲ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਛੱਤੀਸਗੜ੍ਹ ਜਿਥੇ ਪੰਜਾਬੀਆਂ ਦੀ ਪ੍ਰਭਾਵਸ਼ਾਲੀ ਵਸੋਂ ਮੰਨੀ ਜਾਂਦੀ ਹੈ ਵਿਚ ਵੀ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਆਮ ਚੋਣਾਂ ਪਾਰਟੀ ਵੱਲੋਂ ਆਪਣੇ ਤੌਰ ਉੱਤੇ ਲੜੀਆਂ ਜਾਣਗੀਆਂ ਤੇ ਇਨ੍ਹਾਂ ਚੋਣਾਂ ਲਈ ਪਾਰਟੀ ਦੀ ਮਜ਼ਬੂਤੀ ਤੇ ਸਰਗਰਮੀਆਂ ਨੂੰ ਤੇਜ਼ ਕਰਨ ਵਾਸਤੇ ਅਕਾਲੀ ਦਲ ਵੱਲੋਂ ਚੋਣ ਦਰਸ਼ਕ ਵੀ ਨਾਮਜ਼ਦ ਕਰ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਯੂ.ਪੀ. ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਹੋਣ ਕਰਕੇ ਪਾਰਟੀ ਨੇ ਇਨ੍ਹਾਂ 35 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਲਿਆ ਹੈ। ਯੂ.ਪੀ. ਵਿਧਾਨ ਸਭਾ ਵਿਚ ਵਿਚ ਪੰਜਾਬੀਆਂ ਦੀ ਨੁਮਾਇੰਦਗੀ ਨਾ ਹੋਣ ਕਾਰਨ ਪੰਜਾਬੀਆਂ ਨੂੰ ਇਸ ਵੱਡੇ ਰਾਜ ਵਿਚ ਕਾਫੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਰਕੇ ਅਕਾਲੀ ਦਲ ਨੇ ਆਗਾਮੀ ਚੋਣਾਂ ਦੌਰਾਨ ਚੋਣ ਨਿਸ਼ਾਨ ਉਤੇ ਸੀਟਾਂ ਲੜਨ ਦਾ ਫੈਸਲਾ ਲਿਆ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਦੇ ਸੀਨੀਅਰ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਲੋਕ ਸਭਾ ਮੈਂਬਰ ਤੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਪਾਰਟੀ ਦੇ ਐਸ.ਸੀ./ਬੀ.ਸੀ. ਵਿੰਗ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਉੱਤਰ ਪ੍ਰਦੇਸ਼ ਲਈ ਦਰਸ਼ਕ ਨਾਮਜ਼ਦ ਕੀਤਾ ਹੈ।

ਇਸੇ ਤਰ੍ਹਾਂ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਪੱਛਮੀ ਬੰਗਾਲ, ਮਹਾਰਾਸ਼ਟਰ, ਮੱਧ ਪ੍ਰਦੇਸ਼, ਅਸਾਮ, ਬਿਹਾਰ ਤੇ ਛੱਤੀਸਗੜ੍ਹ ਰਾਜ ਲਈ ਦਰਸ਼ਕ ਨਾਮਜ਼ਦ ਕੀਤਾ ਗਿਆ ਹੈ।

## ਵਿਧਾਨ ਸਭਾ ਦੇ 35 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ



### ਭਾਜਪਾ ਨਾਲ ਜ਼ੋਰ-ਅਜ਼ਮਾਈ ਦੀਆਂ ਤਿਆਰੀਆਂ

**ਚੰਡੀਗੜ੍ਹ:** 2ਸ਼੍ਰੋਮਣੀ ਅਕਾਲੀ ਦਲ ਦੇ ਇਸ ਐਲਾਨ ਨੂੰ ਭਾਜਪਾ ਦੀ ਉਸ ਮੁਹਿੰਮ ਨੂੰ ਮੋਠਾ ਕਰਨ ਦੀ ਚਾਲ ਮੰਨਿਆ ਜਾ ਰਿਹਾ ਹੈ, ਜਿਸ ਮੁਹਿੰਮ ਤਹਿਤ ਭਾਜਪਾ ਪੰਜਾਬ ਵਿਚ ਜਨ ਅਧਾਰ ਵਧਾਉਣ ਦਾ ਦਾਅਵਾ ਕਰਕੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਭਾਈਵਾਲਾਂ ਤੋਂ ਸੀਟਾਂ ਦਾ ਹਿੱਸਾ ਵਧਾਉਣ ਲਈ ਪੱਬਾਂ ਭਾਰ ਹੋਈ ਫਿਰਦੀ ਹੈ। ਅਕਾਲੀ ਹਲਕਿਆਂ ਦਾ ਦੱਸਣਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਕੌਮੀ ਲੀਡਰਸ਼ਿਪ ਵੱਲੋਂ ਅਕਾਲੀ ਦਲ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਕੇਂਦਰੀ ਆਗੂਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਜੇ ਜ਼ਰੂਰਤ ਪਈ ਤਾਂ ਭਾਜਪਾ 2017 ਦੀਆਂ ਚੋਣਾਂ ਆਪਣੇ ਦਮ ਉੱਤੇ ਲੜ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਐਲਾਨ ਸਿੱਧ ਕਰਦਾ ਹੈ ਕਿ ਦੋਹਾਂ ਭਾਈਵਾਲ ਪਾਰਟੀਆਂ ਦਰਮਿਆਨ ਸਬੰਧ ਪਹਿਲਾਂ ਵਾਂਗ ਸੁਖਾਵੇਂ ਨਹੀਂ ਰਹੇ। ਭਾਜਪਾ ਦੇਸ਼ ਦੇ ਇਸ ਵੱਡੇ ਸੂਬੇ ਵਿਚ ਮੁੜ ਤੋਂ ਪੈਰ ਜਮਾਉਣ ਲਈ ਤਤਪਰ ਹੈ ਕਿਉਂਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀ ਕਾਰਗੁਜ਼ਾਰੀ ਸਭ ਤੋਂ ਚੰਗੀ ਰਹੀ ਸੀ।

# ਭਾਰਤੀ ਲੇਖਕਾ ਝੁੰਪਾ ਦੀ ਕਲਮ ਦਾ ਮੁਰੀਦ ਹੋਇਆ ਓਬਾਮਾ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਅਮਰੀਕੀ ਲੇਖਕਾ ਝੁੰਪਾ ਲਹਿਰੀ ਨੂੰ 2014 ਦੇ ਨੈਸ਼ਨਲ ਹਿਊਮੈਨਿਟੀਜ਼ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਅਮਰੀਕੀ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਇਹ ਐਵਾਰਡ ਵਾਈਟ ਹਾਊਸ ਵਿਚ ਹੋਏ ਸਮਾਗਮ ਦੌਰਾਨ ਝੁੰਪਾ ਲਹਿਰੀ ਨੂੰ ਦਿੱਤਾ ਗਿਆ। ਇਸ ਮੌਕੇ ਉੱਤੇ ਰਾਸ਼ਟਰਪਤੀ ਦੀ ਪਤਨੀ ਮਿਸ਼ੇਲ ਓਬਾਮਾ ਵੀ ਮੌਜੂਦ ਸਨ। ਇਸ ਤੋਂ ਪਹਿਲਾਂ 48 ਸਾਲਾ ਝੁੰਪਾ ਲਹਿਰੀ ਨੂੰ ਪੁਲਿਤਜ਼ਰ ਐਵਾਰਡ ਵੀ ਮਿਲ ਚੁੱਕਾ ਹੈ। ਵ੍ਹਾਈਟ ਹਾਊਸ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਝੁੰਪਾ ਨੇ ਆਪਣੀ ਲੇਖਣੀ ਜਰੀਏ ਭਾਰਤ-ਅਮਰੀਕੀ ਤਜਰਬਿਆਂ ਨੂੰ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਝੁੰਪਾ ਲਹਿਰੀ ਦਾ ਪੂਰਾ ਨਾਂ ਨੀਲਾਂਜਨਾ ਸੁਦੇਸ਼ਨਾ ਹੈ, ਪਰ ਉਨ੍ਹਾਂ ਦਾ ਸਾਹਿਤਕ ਨਾਮ ਝੁੰਪਾ ਲਹਿਰੀ ਹੈ। ਛੋਟੀਆਂ ਕਹਾਣੀਆਂ ਦੇ ਉਨ੍ਹਾਂ ਦੇ ਪਹਿਲੇ ਸੰਗ੍ਰਹਿ ਨੂੰ ਸਾਲ 2000 ਵਿਚ 'ਇੰਟਰਪ੍ਰੇਟਰ ਆਫ ਮਾਲਡੀਜ਼' ਨੂੰ ਕੌਮਾਂਤਰੀ ਪੱਧਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ। ਝੁੰਪਾ ਇਸ ਸਮੇਂ ਪ੍ਰਿੰਸਟਨ ਯੂਨੀਵਰਸਿਟੀ ਵਿਚ ਕ੍ਰਿਏਟਿਵ ਰਾਈਟਿੰਗ ਦੀ ਪ੍ਰੋਫੈਸਰ ਹਨ।



# ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵਿਚਾਲੇ ਚੱਲ ਰਹੀ ਠੰਢੀ ਜੰਗ ਯਾਤਰੂਆਂ ਨੂੰ ਆਈ ਰਾਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦੇ ਆਗੂਆਂ ਵਿਚਾਲੇ ਚੱਲ ਰਹੀ ਠੰਢੀ ਜੰਗ ਦੌਰਾਨ ਦਿੱਲੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਦੋ ਯਾਤਰੂ ਸਰਾਵਾਂ ਬਣਾਉਣ ਦੀ ਯੋਜਨਾ ਉਲੀਕੀ ਗਈ ਹੈ ਜਦੋਂਕਿ ਸ਼੍ਰੋਮਣੀ ਕਮੇਟੀ ਵੱਲੋਂ ਵੀ ਹੋਰ ਸਰਾਵਾਂ ਉਸਾਰੀਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਕੋਲ ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸ੍ਰੀ ਗੁਰੂ ਰਾਮਦਾਸ ਨਿਵਾਸ, ਸ੍ਰੀ ਗੁਰੂ ਨਾਨਕ ਨਿਵਾਸ, ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਸ੍ਰੀ ਗੁਰੂ ਹਰਗੋਬਿੰਦ ਨਿਵਾਸ, ਮਾਤਾ ਗੰਗਾ ਜੀ ਨਿਵਾਸ, ਬਾਬਾ ਦੀਪ ਸਿੰਘ ਜੀ ਨਿਵਾਸ, ਮਾਤਾ ਭਾਗ ਕੌਰ ਨਿਵਾਸ ਤੇ ਐਨ.ਆਰ.ਆਈ. ਨਿਵਾਸ ਹੈ, ਜਿਨ੍ਹਾਂ ਵਿਚ ਤਕਰੀਬਨ 800 ਕਮਰੇ ਹਨ, ਪਰ ਇਨ੍ਹਾਂ ਵਿਚੋਂ ਵਧੇਰੇ ਕਮਰੇ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਸਟੋਰ ਆਦਿ ਦੇ ਰੂਪ ਵਿਚ ਵਰਤੇ ਜਾ ਰਹੇ ਹਨ।



ਕਮਰਿਆਂ ਦੀ ਘਾਟ ਕਾਰਨ ਇਥੇ ਆਉਣ ਵਾਲੇ ਯਾਤਰੂਆਂ ਨੂੰ ਅਕਸਰ ਹੀ ਭਾਰੀ ਪ੍ਰੇਸ਼ਾਨੀ ਪੇਸ਼ ਆਉਂਦੀ ਹੈ। ਇਸ ਪ੍ਰੇਸ਼ਾਨੀ ਨੂੰ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਹੋਰ ਸਰਾਵਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਾਰਾਗੜ੍ਹੀ ਗੁਰਦੁਆਰੇ ਦੇ ਨਾਲ ਸਾਰਾਗੜ੍ਹੀ ਨਿਵਾਸ ਦੀ ਇਮਾਰਤ ਉਸਾਰੀ ਗਈ ਹੈ। ਇਹ ਦਸ ਮੰਜ਼ਿਲਾ ਇਮਾਰਤ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ ਤੇ ਕੁਝ ਮਹੀਨਿਆਂ ਵਿਚ ਹੀ ਇਹ ਨਿਵਾਸ ਸ਼ੁਰੂ ਹੋ ਜਾਵੇਗਾ। 25 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀ ਗਈ ਇਸ ਸਰਾਂ ਵਿਚ 238 ਕਮਰੇ ਅਤੇ ਕਈ ਹਾਲ ਹਨ।

ਇਥੇ ਦਸ ਮੰਜ਼ਿਲਾ ਸਰਾਂ ਵਿਚ ਤਕਰੀਬਨ 2000 ਯਾਤਰੂਆਂ ਦੇ ਠਹਿਰਣ ਦਾ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਇਸ ਦੇ ਜ਼ਮੀਨਦੋਜ਼ ਹਿੱਸੇ ਵਿਚ ਪਾਰਕਿੰਗ, ਛੱਤ ਤੇ ਟੈਰੇਸ ਗਾਰਡਨ, ਸੂਰਜੀ ਪ੍ਰਣਾਲੀ ਨਾਲ ਪਾਣੀ ਗਰਮ ਕਰਨ ਦੀ ਸਹੂਲਤ, ਵਾਤਾਨੁਕੂਲਤ ਆਦਿ ਸਹੂਲਤਾਂ ਮੌਜੂਦ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਦਿਨੀਂ ਬਾਬਾ ਸਾਹਿਬ ਚੌਕ ਨੇੜੇ ਭਾਈ ਜੈਤਾ ਜੀ ਯਾਤਰੀ ਨਿਵਾਸ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਜਿਸ ਵਿਚ 45 ਕਮਰੇ ਤੇ 22 ਹਾਲ ਸ਼ਾਮਲ ਹੋਣਗੇ। ਛੇ ਮੰਜ਼ਿਲਾ ਇਮਾਰਤ ਉਤੇ ਤਕਰੀਬਨ ਸਾਢੇ ਪੰਜ ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਮਾਰਤ ਦੇ ਜ਼ਮੀਨਦੋਜ਼ ਹਿੱਸੇ ਵਿਚ ਪਾਰਕਿੰਗ ਦੀ ਸਹੂਲਤ ਵੀ ਹੋਵੇਗੀ। ਇਸੇ ਨਿਵਾਸ ਦੇ ਨੇੜੇ ਇਕ ਹੋਰ ਸਰਾਂ ਉਸਾਰਨ ਦੀ ਯੋਜਨਾ ਹੈ।

ਇਸੇ ਤਰ੍ਹਾਂ ਭਾਈ ਗੁਰਦਾਸ ਹਾਲ ਦੇ ਨਾਲ ਲੱਗਦੇ ਗੁਰੂ ਨਾਨਕ ਕੰਨਿਆ ਸਕੂਲ ਦੀ ਇਮਾਰਤ ਖਾਲੀ ਹੋ ਚੁੱਕੀ ਹੈ ਤੇ ਉਥੇ ਵੀ ਸਰਾਂ ਉਸਾਰਨ ਦੀ ਯੋਜਨਾ ਹੈ। ਦੂਜੇ ਪਾਸੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਖੁਲਾਸਾ ਕੀਤਾ ਕਿ ਦਿੱਲੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਦੋ ਸਰਾਵਾਂ ਉਸਾਰਨ ਦੀ ਯੋਜਨਾ ਹੈ। ਉਨ੍ਹਾਂ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਇਥੇ ਹੋਰ ਵੀ ਵੱਡੀ ਥਾਂ ਮਿਲੇ, ਜਿਥੇ ਵੱਡੀ ਸਰਾਂ ਉਸਾਰੀ ਜਾ ਸਕੇ।

# ਸਭ ਤੋਂ ਲੰਬਾ ਸਮਾਂ ਰਾਜ ਕਰਨ ਵਾਲੀ ਮਹਾਰਾਣੀ ਬਣੀ ਐਲਿਜ਼ਾਬੈਥ

**ਲੰਡਨ:** ਮਹਾਰਾਣੀ ਐਲਿਜ਼ਾਬੈਥ-ਦੋਇਮ ਬਰਤਾਨੀਆ ਦੀ ਸਭ ਤੋਂ ਲੰਬੇ ਸਮੇਂ ਤੱਕ ਹਕੂਮਤ ਕਰਨ ਵਾਲੀ ਮਹਾਰਾਣੀ ਬਣ ਗਈ ਹੈ। ਬਰਤਾਨੀਆ ਦੇ ਇਤਿਹਾਸ ਵਿਚ ਆਪਣੇ ਨਾਂ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਦਿਆਂ ਆਪਣੀ ਪੜਦਾਦੀ ਮਹਾਰਾਣੀ ਵਿਕਟੋਰੀਆ ਨੂੰ ਪਿਛੇ ਛੱਡ ਦਿੱਤਾ। ਮਹਾਰਾਣੀ ਐਲਿਜ਼ਾਬੈਥ 63 ਸਾਲਾਂ ਤੋਂ ਵਧੇਰੇ ਸਮੇਂ ਤੱਕ ਬਰਤਾਨੀਆ ਵਿਚ ਹਕੂਮਤ ਕਰਨ ਦਾ ਮਾਣ ਹਾਸਲ ਕੀਤਾ। ਮਹਾਰਾਣੀ ਐਲਿਜ਼ਾਬੈਥ ਨੇ ਮਹਾਰਾਣੀ ਵਿਕਟੋਰੀਆ ਦਾ 23, 226 ਦਿਨ, 16 ਘੰਟੇ ਤੇ 23 ਦਿਨ (63 ਸਾਲ, 216 ਦਿਨ) ਰਾਜ ਕਰਨ ਦੇ ਰਿਕਾਰਡ ਨੂੰ ਤੋੜਿਆ। ਇਸ ਮੌਕੇ ਉਨ੍ਹਾਂ ਦੇ ਸਨਮਾਨ ਵਿਚ ਵੱਡੀ ਪੱਧਰ ਉਤੇ ਜਸ਼ਨ ਮਨਾਏ ਗਏ। ਮਹਾਰਾਣੀ ਨੇ ਇਸ ਮੌਕੇ ਸਕਾਟਲੈਂਡ ਵਿਚ ਨਵੇਂ ਰੇਲਵੇ ਸਟੇਸ਼ਨ ਦਾ ਉਦਘਾਟਨ ਕਰਦਿਆਂ ਬਰਤਾਨੀਆ ਦੇ ਲੋਕਾਂ ਤੇ ਆਪਣੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਹਾਊਸ ਆਫ ਕਾਮਨਜ਼ ਵਿਚ ਜਾ ਕੇ ਮਹਾਰਾਣੀ ਪ੍ਰਤੀ ਸਤਿਕਾਰ ਦਾ ਇਜ਼ਹਾਰ ਕੀਤਾ। ਇਸ ਮੌਕੇ ਟੇਮਜ਼ ਨਦੀ 'ਤੇ ਇਕ ਸਲਾਮੀ ਸਮਾਰੋਹ ਕਰਵਾਇਆ ਗਿਆ। ਮਹਾਰਾਣੀ ਦੇ ਸਨਮਾਨ ਵਿਚ ਟਾਵਰ ਬਰਿਜ ਤੋਂ ਹਾਊਸ ਆਫ਼ ਪਾਰਲੀਮੈਂਟ ਵਿਚ ਇਕ ਜਲੂਸ ਕੱਢਿਆ ਗਿਆ।

# ਸੁਰੱਖਿਆ ਬਲਾਂ ਨੇ ਭੁਲੇਖੇ ਨਾਲ 12 ਸੈਲਾਨੀ ਮਾਰੇ

**ਕਾਹਿਰਾ:** ਮਿਸਰ ਦੇ ਸੁਰੱਖਿਆ ਬਲਾਂ ਨੇ ਦੇਸ਼ ਦੇ ਪੱਛਮੀ ਰੇਗਿਸਤਾਨ ਵਿਚ ਅਤਿਵਾਦੀਆਂ ਦਾ ਪਿੱਛਾ ਕਰਦਿਆਂ ਗਲਤੀ ਨਾਲ ਸੈਲਾਨੀਆਂ ਦੇ ਇਕ ਕਾਫਲੇ ਨੂੰ ਨਿਸ਼ਾਨਾ ਬਣਾ ਕੇ 12 ਵਿਅਕਤੀਆਂ ਨੂੰ ਮਾਰ ਦਿੱਤਾ ਤੇ 10 ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ। ਮਾਰੇ ਗਏ ਸੈਲਾਨੀਆਂ ਵਿਚ ਮੈਕਸੀਕੋ ਵਾਸੀ ਵੀ ਸ਼ਾਮਲ ਹਨ। ਇਸ ਖੇਤਰ ਵਿਚ ਵਿਦੇਸ਼ੀ ਸੈਲਾਨੀਆਂ ਦੇ ਜਾਣ ਦੀ ਪਾਬੰਦੀ ਹੈ। ਇਸ ਬਾਰੇ ਜਾਂਚ ਲਈ ਇਕ ਟੀਮ ਦਾ ਗਠਨ ਕੀਤਾ ਗਿਆ ਹੈ ਕਿ ਆਖਰ ਉਥੇ ਹੋਇਆ ਕੀ ਸੀ ਤੇ ਇਹ ਸੈਲਾਨੀ ਉਸ ਪਾਬੰਦੀਸ਼ੁਦਾ ਖੇਤਰ ਵਿਚ ਕਿਉਂ ਗਏ ਸਨ।

# ਸਾਰਾਗੜ੍ਹੀ ਜੰਗ ਦੇ ਯੋਧਿਆਂ ਨੂੰ ਭੁੱਲੀ ਸਰਕਾਰ

**ਗੁਰਦਾਸਪੁਰ:** ਆਜ਼ਾਦੀ ਤੋਂ ਪਹਿਲਾਂ ਬ੍ਰਿਟਿਸ਼ ਹਕੂਮਤ ਵੱਲੋਂ ਬਣਾਈ ਗਈ 36 ਸਿੱਖ ਰੈਜੀਮੈਂਟ ਨਾਲ ਸਬੰਧਤ 21 ਸਿੱਖ ਜਵਾਨਾਂ ਵੱਲੋਂ 12 ਸਤੰਬਰ 1897 ਦੌਰਾਨ ਸਾਰਾਗੜ੍ਹੀ ਪੋਸਟ 'ਤੇ ਦਿੱਤੀ ਗਈ ਬੇਮਿਸਾਲ ਕੁਰਬਾਨੀ ਨੂੰ ਬੇਸ਼ੱਕ ਯੂਨੈਸਕੋ ਸਮੇਤ ਦੁਨੀਆਂ ਭਰ ਵਿਚ ਬਹਾਦਰੀ ਦੀ ਸਰਬੋਤਮ ਮਿਸਾਲ ਮੰਨਿਆ ਗਿਆ ਹੈ, ਪਰ ਭਾਰਤ ਸਰਕਾਰ ਦੇ ਨਾਲ-ਨਾਲ ਆਮ ਲੋਕ ਤੇ ਸਿੱਖ-ਕੌਮ ਦਿਨੋਂ ਦਿਨ ਇਨ੍ਹਾਂ ਸੂਰਬੀਰ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਵਿਸਾਰਦੀ ਜਾ ਰਹੀ ਹੈ। ਇਨ੍ਹਾਂ ਸੂਰਮਿਆਂ ਦੀ ਸ਼ਹਾਦਤ ਦੀ 118ਵੀਂ ਵਰ੍ਹੇਗੰਢ ਮੌਕੇ ਸਰਕਾਰੀ ਤੇ ਗੈਰ ਸਰਕਾਰੀ ਤੌਰ 'ਤੇ ਕਿਤੇ ਵੀ ਅਜਿਹਾ ਪ੍ਰਭਾਵਸ਼ਾਲੀ ਸਮਾਗਮ ਨਹੀਂ ਕਰਵਾਇਆ ਗਿਆ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਗਹਿਗੱਚ ਲੜਾਈ ਵਿਚ ਸਿੱਖ ਰੈਜੀਮੈਂਟ ਵੱਲੋਂ ਦਿਖਾਈ ਬਹਾਦਰੀ ਤੋਂ ਜਾਣੂ ਕਰਵਾ ਸਕੇ।

ਬ੍ਰਿਟਿਸ਼ ਪਾਰਲੀਮੈਂਟ ਨੇ ਇਨ੍ਹਾਂ ਸ਼ਹੀਦਾਂ ਨੂੰ ਖੜੇ ਹੋ ਕੇ ਸ਼ਰਧਾਂਜਲੀ ਦਿੱਤੀ ਸੀ ਤੇ ਬਾਅਦ ਵਿਚ ਹਰੇਕ ਸ਼ਹੀਦ ਨੂੰ ਉਸ ਸਮੇਂ ਦਾ ਸਭ ਤੋਂ ਉੱਤਮ ਐਵਾਰਡ 'ਦ ਇੰਡੀਅਨ ਆਰਡਰ ਆਫ਼ ਮੈਰਿਟ' ਦੇ ਕੇ ਨਿਵਾਜਿਆ। ਉਨ੍ਹਾਂ ਦੇ ਪਰਿਵਾਰਾਂ ਨੂੰ 500 ਰੁਪਏ ਨਕਦ ਤੇ ਪਲਾਟ ਆਦਿ ਵੀ ਦਿੱਤੇ ਗਏ। ਬ੍ਰਿਟਿਸ਼ ਹਕੂਮਤ ਨੇ ਇਨ੍ਹਾਂ ਸਿੱਖ ਸ਼ਹੀਦਾਂ ਦੀ ਯਾਦ ਵਿਚ ਅੰਮ੍ਰਿਤਸਰ ਤੇ ਫਿਰੋਜ਼ਪੁਰ ਵਿਚ ਗੁਰਦੁਆਰਾ ਸਾਹਿਬ ਵੀ ਬਣਾਏ ਸਨ। ਯੂਨੈਸਕੋ ਨੇ ਇਸ ਲੜਾਈ ਨੂੰ ਦੁਨੀਆਂ ਦੀ ਇਕ ਸੈਨਿਕ ਟੁਕੜੀ ਵੱਲੋਂ ਲੜੀਆਂ ਗਈਆਂ ਸਭ ਤੋਂ ਵਧੀਆ ਪੰਜ ਲੜਾਈਆਂ ਵਿਚੋਂ ਇਕ ਲੜਾਈ ਕਰਾਰ ਦਿੱਤਾ ਹੈ। ਨਾਲ ਹੀ ਭਾਰਤੀ ਸੈਨਾ ਦੀ ਕਿਸੇ ਇਕ ਟੁਕੜੀ ਵੱਲੋਂ ਲੜੀ ਗਈ ਸਭ ਤੋਂ ਵੱਡੀ ਤੇ ਉੱਤਮ ਜੰਗ ਕਰਾਰ ਦਿੱਤਾ ਹੈ। ਇਹ ਵੀ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਇਕੋ ਰੈਜੀਮੈਂਟ ਦੇ 21 ਜਵਾਨਾਂ ਨੇ ਇਸ ਤਰ੍ਹਾਂ ਦੀ ਕੁਰਬਾਨੀ ਦਿੱਤੀ ਹੋਵੇ ਤੇ ਉਨ੍ਹਾਂ ਸਾਰਿਆਂ ਨੂੰ ਹੀ ਅਜਿਹਾ ਸਰਵਉਚ ਸਨਮਾਨ ਮਿਲਿਆ ਹੋਵੇ। ਯੂਰਪ ਦੇ ਬਹੁਤ ਸਾਰੇ ਸਕੂਲਾਂ ਦੀਆਂ ਕਿਤਾਬਾਂ ਵਿਚ ਵੀ ਸਾਰਾਗੜ੍ਹੀ ਜੰਗ ਦਾ ਜ਼ਿਕਰ ਮਿਲ ਜਾਂਦਾ ਹੈ।

ਗੁਰਦਾਸਪੁਰ ਨਾਲ ਸਬੰਧਤ ਉਘੇ ਸਮਾਜ ਸੇਵੀ ਤੇ ਕਾਂਗਰਸ ਦੇ ਕਿਸਾਨ ਤੇ ਮਜ਼ਦੂਰ ਵਿਭਾਗ ਦੇ ਸਾਬਕਾ ਚੇਅਰਮੈਨ ਪਰਮਿੰਦਰ ਸਿੰਘ ਗਿੱਲ ਨੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ 120 ਕਰੋੜ ਹਿੰਦੁਸਤਾਨੀਆਂ ਦੇ ਸਨਮਾਨ ਦਾ ਪ੍ਰਤੀਕ ਸਾਰਾਗੜ੍ਹੀ ਦੀ ਜੰਗ ਨੂੰ ਪੂਰੇ ਭਾਰਤ ਵਿਚ ਇਤਿਹਾਸ ਦੀਆਂ ਕਿਤਾਬਾਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ।

ਹਰੇਕ ਯੂਨੀਵਰਸਿਟੀ ਤੇ ਬੋਰਡ ਨੂੰ ਵੀ ਇਸ 'ਵਾਕਿਆ' ਸਬੰਧੀ ਸਾਰੀ ਜਾਣਕਾਰੀ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਸਾਬਕਾ ਫੌਜੀਆਂ ਦੇ ਹਿੱਤਾਂ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸਾਬਕਾ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਵੀ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਸਰਹੱਦ ਉਤੇ ਜੂਝਣ ਵਾਲੇ ਸੈਨਿਕਾਂ ਦਾ ਸਤਿਕਾਰ ਕਰਨਾ ਭੁਲਦੀ ਜਾ ਰਹੀ ਹੈ। ਸਰਕਾਰ ਨੇ ਨਾ ਸਿਰਫ਼ ਇਨ੍ਹਾਂ ਸ਼ਹੀਦਾਂ ਦੇ ਦਿਹਾੜੇ ਮਨਾਉਣ ਨੂੰ ਨਜ਼ਰਅੰਦਾਜ਼ ਕੀਤਾ ਹੈ ਸਗੋਂ ਦਿਨੋ-ਦਿਨ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ, ਪੈਨਸ਼ਨਾਂ ਤੇ ਹੋਰ ਭੱਤਿਆਂ ਵਿਚ ਕੀਤੀ ਜਾ ਰਹੀ ਕਟੌਤੀ ਵੀ ਸਰਕਾਰ ਦੇ ਚਿਹਰੇ ਨੂੰ ਉਜਾਗਰ ਕਰਦੀ ਹੈ।



# ਪੰਜਾਬੀ ਡਾਕਟਰ 'ਤੇ ਹਮਲੇ ਦੇ ਦੋਸ਼ ਵਿਚ ਗੋਰੇ ਨੂੰ ਉਮਰ ਕੈਦ

**ਲੰਡਨ:** ਵੇਲਜ਼ ਦੇ ਇਲਾਕੇ ਮੋਲਡ ਵਿਚ ਇਕ ਟੈਸਕੋ ਸਟੋਰ ਵਿਚ ਖਰੀਦੋ-ਫਰੋਖ਼ਤ ਕਰਨ ਵਾਲੇ ਪੰਜਾਬੀ ਡਾਕਟਰ ਸ਼ਰਨਦੇਵ ਸਿੰਘ ਭੰਵਰਾ (25) ਉਤੇ ਨਸਲੀ ਤੇ ਕਾਤਲਾਨਾ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰਨ ਵਾਲੇ ਗੋਰੇ ਜੈਕ ਡੇਵਿਸ (26) ਨੂੰ ਮੋਲਡ ਕਰਾਊਨ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਰੇਅਸ ਰੋਲੈਂਡਸ ਨੇ ਕਿਹਾ ਕਿ ਡੇਵਿਸ ਘੱਟੋ-ਘੱਟ 14 ਸਾਲ ਜੇਲ੍ਹ ਵਿਚ ਗੁਜ਼ਾਰਨ ਤੋਂ ਬਾਅਦ ਹੀ ਪੈਰੋਲ ਲਈ ਅਰਜ਼ੀ ਦੇ ਸਕਦਾ ਹੈ। ਅਦਾਲਤ ਦੇ ਬਾਹਰ ਸ਼ਰਨਦੇਵ ਸਿੰਘ ਭੰਵਰਾ ਨੇ ਕਿਹਾ ਕਿ ਡੇਵਿਸ ਨੇ ਹਥਿਆਰਾਂ ਨਾਲ ਉਸ ਦੀ ਪਿੱਠ 'ਤੇ ਵਾਰ ਕੀਤਾ ਸੀ। ਸਰਕਾਰੀ ਵਕੀਲ ਗਰੀਥ ਪਰੀਸਟਨ ਨੇ ਕਿਹਾ ਕਿ ਇਹ ਬਹੁਤ ਹੀ ਗਲਤ, ਨਸਲੀ ਹਮਲਾ ਸੀ, ਜਿਸ ਨੇ ਪੀੜਤ ਭੰਵਰਾ ਨੂੰ ਜ਼ਿੰਦਗੀ ਭਰ ਲਈ ਜ਼ਖਮ ਦਿੱਤਾ ਹੈ। 14 ਜਨਵਰੀ, 2014 ਨੂੰ ਟੈਸਕੋ ਸਟੋਰ ਵਿਚ ਹੋਏ ਇਸ ਹਮਲੇ ਵਿਚ ਡਾ. ਭੰਵਰਾ ਦੀ ਬਾਂਹ ਵੱਢ ਦਿੱਤੀ ਸੀ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕੀ ਐਮ ਐਡ, ਉਮਰ 37 ਸਾਲ, ਕੱਦ 5'-4" ਲਈ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਯੋਗ ਲੜਕੇ ਦੀ ਲੋੜ ਹੈ। ਸੰਪਰਕ ਕਰੋ ਫੋਨ:1-773-443-2720 ਜਾਂ ਈਮੇਲ nikkisekhon@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। 37-40

### ਕੰਨਿਆ ਦੀ ਲੋੜ ਹੈ

Wanted US citizen girl for Amaritdhari Jatt Sikh handsome boy, 30, 5'-10", visiting US on B1/B2 visa. Please send picture and bio data on hayer3_sandeep@yahoo.co.in or call: 623-505-8250 37-40

Jatt Sikh parents seeking tall, professional match for their U.S. citizen, athletic build son, 26 yrs, 6'-3" in first year of residency. Pl. Email: chardikhala5@ymail.com 37-40

ਪੜ੍ਹੇ ਲਿਖੇ ਚੰਗੇ ਖਾਨਦਾਨ ਤੇ ਨਾਮੀ ਪਰਿਵਾਰ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛੁਕ ਹੋਣ। ਸੰਪਰਕ ਕਰੋ, ਫੋਨ: 510-695-4836

ਜੱਟ ਸਿੱਖ ਅਮਰੀਕੀ ਸਿਟੀਜ਼ਨ, 28 ਸਾਲ, 5'-8", ਫੈਡਰਲ ਜੌਬ ਕਰਦੇ ਲੜਕੇ ਲਈ ਸੁੰਦਰ ਸੁਸ਼ੀਲ ਜੱਟ ਸਿੱਖ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬੇਅ ਏਰੀਆ, ਕੈਲੀਫੋਰਨੀਆ ਨੂੰ ਪਹਿਲ। ਸੰਪਰਕ ਕਰੋ: 408-931-5803 38-41

ਜੱਟ ਸ਼ੇਰਗਿੱਲ, ਐਮ ਕਾਮ, 24 ਸਾਲ, 6'-2", ਵੈਸ਼ਨੂੰ ਲੜਕੇ ਵਾਸਤੇ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 ਜਾਂ ਈਮੇਲ: ranjitdhillons@gmail.com 38-41


# 'ਸ਼ਬਦਾਂ ਦਾ ਜਾਦੂਗਰ-ਐਸ. ਅਸ਼ੋਕ ਭੌਰਾ' 26 ਨੂੰ ਟੋਰਾਂਟੋ 'ਚ ਹੋਵੇਗੀ ਜਾਰੀ

**ਟੋਰਾਂਟੋ (ਬਿਊਰੋ):** ਪੰਜਾਬੀ ਦੇ ਨਾਮਵਰ ਲੇਖਕ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਦੀ ਨਵੀਂ ਪੁਸਤਕ 'ਸ਼ਬਦਾਂ ਦਾ ਜਾਦੂਗਰ' ਆਉਂਦੀ 26 ਸਤੰਬਰ ਨੂੰ ਟੋਰਾਂਟੋ ਵਿਚ ਰਿਲੀਜ਼ ਹੋਵੇਗੀ। ਸ੍ਰੀ ਭੌਰਾ ਨੇ ਪਿਛਲੇ 38 ਸਾਲਾਂ ਤੋਂ ਨਾ ਸਿਰਫ ਪ੍ਰਿੰਟ ਮੀਡੀਏ ਵਿਚ ਕੰਮ ਕੀਤਾ ਹੈ ਸਗੋਂ ਇਲੈਕਟ੍ਰਾਨਿਕ ਮੀਡੀਏ ਵਿਚ ਵੀ ਪੂਰੇ ਸਰਗਰਮ ਰਹੇ ਹਨ। ਮਾਹਿਲਪੁਰ ਦੇ 'ਸ਼ੌਂਕੀ ਮੇਲੇ' ਤੋਂ ਲੈ ਕੇ ਕੈਲੀਫੋਰਨੀਆ ਦੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਤੱਕ ਉਸ ਦੀਆਂ ਸੱਭਿਆਚਾਰਕ ਸ਼ੈਲੀਆਂ ਦੀ ਗੱਲ ਵੀ ਤੁਰਦੀ ਰਹੀ ਹੈ।

ਇਸ ਸਮੇਂ ਦੀ ਸਾਰੀ ਕਾਰਗੁਜ਼ਾਰੀ ਬਾਰੇ ਇਹ ਪੁਸਤਕ ਪ੍ਰਿੰ. ਸਰਵਣ ਸਿੰਘ ਵਲੋਂ ਸੰਪਾਦਿਤ ਕੀਤੀ ਗਈ ਹੈ ਤੇ 400 ਸਫਿਆਂ ਦੀ ਇਸ ਸਚਿੱਤਰ ਪੁਸਤਕ ਵਿਚ ਸ੍ਰੀ ਭੌਰਾ ਬਾਰੇ ਪਦਮ ਸ੍ਰੀ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ, ਗੁਰਬਚਨ ਸਿੰਘ ਭੁੱਲਰ, ਪ੍ਰੋ. ਗੁਰਭਜਨ ਗਿੱਲ, ਸ਼ਮਸ਼ੇਰ ਸੰਧੂ, ਕੁਲਦੀਪ ਸਿੰਘ ਬੇਦੀ, ਢਾਡੀ ਕੁਲਜੀਤ ਸਿੰਘ ਦਿਲਬਰ, ਡਾ. ਲਖਵਿੰਦਰ ਜੌਹਲ, ਗਾਇਕ ਕਮਲਜੀਤ ਨੀਲੋਂ ਅਤੇ ਪੰਮੀ ਬਾਈ ਸਮੇਤ 50 ਤੋਂ ਵੱਧ ਹਸਤੀਆਂ ਨੇ ਸ੍ਰੀ ਭੌਰਾ ਦੀ ਸ਼ਖਸੀਅਤ ਬਾਰੇ ਰੇਖਾ ਚਿੱਤਰ ਲਿਖੇ ਹਨ। ਸ਼ਬਦਾਂ ਦਾ ਜਾਦੂਗਰ ਕਰਕੇ ਜਾਣੇ ਜਾਂਦੇ ਸ੍ਰੀ ਭੌਰੇ ਬਾਰੇ ਦੇਬੀ ਮਖਸੂਸਪੁਰੀ, ਅਵਤਾਰ ਸਿੰਘ ਸੰਧੂ ਅਤੇ ਪਾਸ਼ ਦੇ ਯਾਰ ਦੀਪ ਕਲੇਰ ਨੇ ਵੀ ਕਾਵਿ ਚਿੱਤਰ ਲਿਖੇ ਹਨ।

ਯੂਨਾਈਟਿਡ ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਅਤੇ ਸੈਂਚੁਰੀ 21 ਪ੍ਰੈਜ਼ੀਡੈਂਟ ਰਿਐਲਿਟੀ ਵਲੋਂ ਕੀਤੇ ਜਾ ਰਹੇ ਇਸ ਪੁਸਤਕ ਰਿਲੀਜ਼ ਸਮਾਗਮ ਵਿਚ ਅਸ਼ੋਕ ਭੌਰੇ ਦੇ ਜੱਦੀ ਪਿੰਡ ਭੌਰਾ ਦੇ ਸਾਰੇ ਪਰਿਵਾਰ ਸ਼ਾਮਿਲ ਹੋਣਗੇ। ਇਸ ਸਮਾਗਮ ਵਿਚ ਅਮਰੀਕਾ ਤੋਂ ਐਸ. ਅਸ਼ੋਕ ਭੌਰਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਸਮਾਗਮ ਚਾਂਦਨੀ ਗੇਟਵੇਅ ਕਨਵੈਨਸ਼ਨ ਸੈਂਟਰ (ਪੰਜ ਗੇਟਵੇਅ ਬੁਲੇਵਾਰਡ) ਬਰੈਂਪਟਨ, ਓਂਟਾਰੀਓ ਵਿਖੇ 26 ਸਤੰਬਰ, ਸਨਿਚਰਵਾਰ ਦੁਪਹਿਰ 12:30 ਵਜੇ ਤੋਂ 3 ਵਜੇ ਤੱਕ ਹੋਵੇਗਾ।


ਮੁੱਖ ਪ੍ਰਬੰਧਕ ਗੁਰਚਰਨ ਭੌਰਾ, ਜਸਪਾਲ ਗਹੂਣੀਆ ਅਤੇ ਸੁਖਵਿੰਦਰ ਭੌਰਾ ਅਨੁਸਾਰ ਕੈਨੇਡਾ ਦੀਆਂ ਰਾਜਨੀਤਕ, ਸਾਹਿਤਕ ਅਤੇ ਸੱਭਿਆਚਾਰਕ ਹਸਤੀਆਂ ਵੀ ਇਸ ਪ੍ਰੋਗਰਾਮ ਦਾ ਮਾਣ ਬਣਨਗੀਆਂ। ਹੋਰ ਜਾਣਕਾਰੀ ਲਈ ਗੁਰਚਰਨ ਭੌਰਾ ਨਾਲ ਫੋਨ 416-823-2000 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਕੌਮਾਂਤਰੀ ਗਤਕਾ ਯੁੱਧ ਯੂਬਾ ਸਿਟੀ 'ਚ 31 ਅਕਤੂਬਰ ਨੂੰ

**ਫਰੀਮਾਂਟ (ਬਿਊਰੋ):** ਕੌਮਾਂਤਰੀ ਗਤਕਾ ਯੁੱਧ-2015 ਇਸ ਵਾਰ ਯੂਬਾ ਸਿਟੀ ਦੇ ਸਾਲਾਨਾ ਨਗਰ ਕੀਰਤਨ ਵਾਲੇ ਹਫਤੇ 31 ਅਕਤੂਬਰ, ਸਨਿਚਰਵਾਰ ਨੂੰ ਚੈਂਪੀਅਨਜ਼ ਸਟੇਡੀਅਮ ਵਿਚ ਹੋਵੇਗਾ।

ਇਸ ਗਤਕਾ ਮੁਕਾਬਲੇ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਭਾਰਤ ਤੇ ਹੋਰ ਦੇਸ਼ਾਂ ਤੋਂ ਵੀ ਗਤਕਾ ਖਿਡਾਰੀ ਹਿੱਸਾ ਲੈਣਗੇ। ਇਸ ਮੁਕਾਬਲੇ ਵਿਚ ਨੌਜਵਾਨ ਬੱਚੇ-ਬੱਚੀਆਂ ਬਰਾਬਰ ਹਿੱਸਾ ਲੈਣਗੇ। ਇਹ ਗਤਕਾ ਯੁੱਧ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਤੇ ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਇਸ ਵਿਚ ਫਰੀ ਸੋਟੀ, ਕਿਰਪਾਨ, ਢਾਲ, ਖੰਡਾ, ਬਰਛਾ, ਡਾਂਗ, ਤੀਰ ਅੰਦਾਜ਼ੀ ਤੇ ਹੋਰ ਹਥਿਆਰਾਂ ਨਾਲ ਮੁਕਾਬਲੇ ਹੋਣਗੇ।

# ਡਾ. ਜਸਵੰਤ ਸਿੰਘ ਨੇਕੀ ਨਹੀਂ ਰਹੇ



**ਨਵੀਂ ਦਿੱਲੀ:** ਪੀ.ਜੀ.ਆਈ. ਚੰਡੀਗੜ੍ਹ ਦੇ ਸਾਬਕਾ ਡਾਇਰੈਕਟਰ, ਸਿੱਖ ਚਿੰਤਕ ਤੇ ਉੱਘੇ ਲੇਖਕ ਡਾ. ਜਸਵੰਤ ਸਿੰਘ ਨੇਕੀ (90 ਸਾਲ) ਦਾ ਦੇਹਾਂਤ ਹੋ ਗਿਆ। ਉਹ ਸਿਹਤ ਖਰਾਬ ਹੋਣ ਕਾਰਨ ਕੁਝ ਸਮਾਂ ਹਸਪਤਾਲ ਵਿਚ ਦਾਖਲ ਵੀ ਰਹੇ।

ਡਾ. ਨੇਕੀ ਦੇ ਦੇਹਾਂਤ ਕਾਰਨ ਲੇਖਕ ਵਰਗ ਵਿਚ ਸੋਗ ਦੀ ਲਹਿਰ ਹੈ। ਉਹ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਉਪ ਪ੍ਰਧਾਨ ਸਨ ਤੇ ਸਾਰੇ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਨੇ ਸਿੱਖ ਧਰਮ ਸ਼ਾਸਤਰ ਉਤੇ ਵੀ ਕੰਮ ਕੀਤਾ। ਉਹ ਦੁਨੀਆਂ ਦੇ ਪ੍ਰਸਿੱਧ ਮਨੋਰੋਗ ਮਾਹਿਰ ਸਨ। ਉਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਸਾਹਿਤ ਅਕਾਦਮੀ ਪੁਰਸਕਾਰ ਤੇ ਸਾਹਿਤ ਸ਼੍ਰੋਮਣੀ ਪੁਰਸਕਾਰ ਤੋਂ ਇਲਾਵਾ ਹੋਰ ਕਈ ਐਵਾਰਡ ਵੀ ਮਿਲੇ। ਇਸ ਸਮੇਂ ਉਹ ਪੰਜਾਬੀ ਯੂਨੀਵਰਸਿਟੀ ਵਿਚ ਆਪਣਾ ਯੋਗਦਾਨ ਦੇ ਰਹੇ ਸਨ।

ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬੀ ਸਾਹਿਤ ਜਗਤ ਨੂੰ ਵੱਡਾ ਘਾਟਾ ਪਿਆ ਹੈ। ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ ਨੇ ਡਾ. ਨੇਕੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਡਾ. ਨੇਕੀ ਨੇ ਪੰਜਾਬੀ ਅਧਿਆਤਮਵਾਦ ਦੇ ਖੇਤਰ ਵਿਚ ਨਿੱਠ ਕੇ ਕੰਮ ਕੀਤਾ ਤੇ ਇਸ ਖੇਤਰ ਵਿਚ ਉਨ੍ਹਾਂ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਨੂੰ ਪੰਜਾਬੀ ਕਦੇ ਵੀ ਭੁਲਾ ਨਹੀਂ ਸਕਣਗੇ।

ਡਾ. ਨੇਕੀ ਦਾ ਗੁਰਮਤਿ ਤੇ ਵਿਗਿਆਨ ਦੇ ਸਮਤੋਲ ਵਾਲਾ ਅਨੂਠਾ ਫਲਸਫ਼ਾ ਹੀ ਉਨ੍ਹਾਂ ਦੀ ਵੱਖਰੀ ਤੇ ਅਸਲ ਪਛਾਣ ਸੀ। ਉਨ੍ਹਾਂ ਕਿਹਾ ਕਿ ਇਸ ਵਿਦਵਾਨ ਦੀ ਮੌਤ ਨਾਲ ਪੰਜਾਬੀ ਸਾਹਿਤ ਤੇ ਦਰਸ਼ਨ ਦੇ ਖੇਤਰ ਨੂੰ ਵੱਡਾ ਘਾਟਾ ਪਿਆ ਹੈ।

## ਡਾ. ਨੇਕੀ ਦੇ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

ਪੰਜਾਬ ਹੈਰਿਟੇਜ਼ ਐਂਡ ਐਜੂਕੇਸ਼ਨ ਟਰੱਸਟ ਦੇ ਚੇਅਰਮੈਨ ਗੁਰਬਖਸ਼ ਸਿੰਘ ਸ਼ੇਰਗਿੱਲ ਨੇ ਨਾਮੀ ਡਾਕਟਰ ਤੇ ਸਾਹਿਤਕਾਰ ਸ. ਜਸਵੰਤ ਸਿੰਘ ਨੇਕੀ ਦੇ ਚਲਾਣੇ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਪਾਸੋਂ ਇਕ ਪੁਰਾਣਾ ਸਾਥੀ ਅਤੇ ਰੋਲ ਮਾਡਲ ਖੁਸ ਗਿਆ ਹੈ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ਅਤੇ ਹੋਰ ਬਹੁਤ ਸਾਰੀਆਂ ਨਾਮੀ ਸੰਸਥਾਵਾਂ ਨਾਲ ਜੁੜੇ ਰਹੇ ਸ. ਸ਼ੇਰਗਿੱਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜਦੋਂ 1944-45 ਵਿਚ ਡਾਕਟਰ ਨੇਕੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ ਤਾਂ ਉਹ ਸਭ ਵਿਦਿਆਰਥੀਆਂ ਲਈ ਇਕ ਰੋਲ ਮਾਡਲ ਸਨ। ਉਹ ਸਿੱਖ ਧਰਮ ਅਤੇ ਫਲਸਫੇ ਦੇ ਇਕ ਮਹਾਨ ਵਿਦਵਾਨ ਸਨ ਅਤੇ ਉਨ੍ਹਾਂ ਸਾਰੀ ਉਮਰ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਉਨ੍ਹਾਂ ਦੇ ਸਿਧਾਂਤਾਂ ਉਤੇ ਪਹਿਰਾ ਦਿਤਾ। ਡਾ. ਨੇਕੀ ਮਨੋਚਿਕਿਤਸਾ ਦੇ ਮਾਹਰ ਅਤੇ ਇਕ ਵਿਸ਼ਵ ਪ੍ਰਸਿਧ ਡਾਕਟਰ ਸਨ। ਉਹ ਪੀ ਜੀ ਆਈ ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ। ਉਹ ਇਕ ਚੰਗੇ ਸ਼ਾਇਰ ਅਤੇ ਸਾਹਿਤਕਾਰ ਵੀ ਸਨ।

## ਟਰਨਬੁਲ ਬਣੇ ਆਸਟਰੇਲੀਆ ਦੇ ਨਵੇਂ ਪ੍ਰਧਾਨ ਮੰਤਰੀ

**ਮੈਲਬਰਨ:** ਆਸਟਰੇਲੀਆ ਦੇ ਨਵੇਂ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਕੈਨਬਰਾ ਦੇ ਗਵਰਨਮੈਂਟ ਹਾਊਸ 'ਚ ਮੁਲਕ ਦੇ 29ਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਪਹਿਲੇ ਹੀ ਦਿਨ ਸੰਸਦ 'ਚ ਸੁਆਲਾਂ ਦਾ ਸਾਹਮਣਾ ਵੀ ਕੀਤਾ ਅਤੇ ਭਾਈਵਾਲ ਪਾਰਟੀ ਦੇ ਆਗੂਆਂ ਨਾਲ ਮੀਟਿੰਗ ਵੀ ਕੀਤੀ।

ਯਾਦ ਰਹੇ ਕਿ ਸ੍ਰੀ ਟਰਨਬੁਲ ਨੇ ਲਾਂਭੇ ਹੋਏ ਪ੍ਰਧਾਨ ਮੰਤਰੀ ਟੋਨੀ ਐਬਟ ਦੀ ਲੀਡਰਸ਼ਿਪ ਨੂੰ ਖੁੱਲ੍ਹੇ ਤੌਰ ਉਤੇ ਚੁਣੌਤੀ ਦਿੱਤੀ ਸੀ ਜਿਸ ਮਗਰੋਂ ਪਾਰਟੀ 'ਚ ਨੇਤਾ ਚੁਣਨ ਲਈ ਵੋਟਾਂ ਪਈਆਂ ਅਤੇ ਸ੍ਰੀ ਐਬਟ ਦਸ ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ।

## ਰਾਖਵਾਂਕਰਨ ਬਾਰੇ ਗੁਜਰਾਤ ਸਰਕਾਰ ਤੇ ਪਟੇਲ ਆਹਮੋ-ਸਾਹਮਣੇ

**ਅਹਿਮਦਾਬਾਦ:** ਪਟੇਲ ਭਾਈਚਾਰੇ ਵੱਲੋਂ ਰਾਖਵੇਂਕਰਨ ਦੀ ਮੰਗ 'ਤੇ ਸ਼ੁਰੂ ਕੀਤੇ ਗਏ ਸੰਘਰਸ਼ ਦੀ ਲੜੀ ਤਹਿਤ ਗੁਜਰਾਤ ਵਿਚ ਪਟੇਲ ਭਾਈਚਾਰੇ ਦੀ ਬਹੁਗਿਣਤੀ ਵਾਲੇ ਕੁਝ ਪਿੰਡਾਂ ਦੇ ਵਸਨੀਕਾਂ ਨੇ ਬੈਂਕਾਂ ਵਿਚਲੇ ਆਪਣੇ ਖਾਤਿਆਂ 'ਚੋਂ ਪੈਸੇ ਕਢਵਾ ਲਏ। ਇੱਕ ਸਹਿਕਾਰੀ ਬੈਂਕ ਦੀ ਰਿਪੋਰਟ ਮੁਤਾਬਕ ਇੱਕ ਦਿਨ ਵਿਚ ਹੀ 20 ਲੱਖ ਰੁਪਏ ਕਢਵਾਏ ਗਏ ਹਨ। ਇਸ ਦੇ ਨਾਲ ਹੀ ਪਿੰਡ ਵਾਸੀਆਂ ਨੇ ਪਟੇਲ ਭਾਈਚਾਰੇ ਦੇ ਸੰਘਰਸ਼ ਦੌਰਾਨ ਪੁਲਿਸ ਵੱਲੋਂ ਕੀਤੀ ਧੱਕੇਸ਼ਾਹੀ ਦੇ ਰੋਸ ਵਜੋਂ ਆਪਣੇ ਪਿੰਡਾਂ ਵਿਚ ਸਿਆਸੀ ਆਗੂਆਂ ਦੇ ਦਾਖਲੇ 'ਤੇ ਵੀ ਰੋਕ ਲਗਾ ਦਿੱਤੀ ਹੈ।

ਸਿਆਸੀ ਆਗੂਆਂ ਨੂੰ ਬੈਨਰਾਂ ਰਾਹੀਂ ਪਿੰਡਾਂ ਵਿਚ ਨਾ ਆਉਣ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ। ਪਿੰਡ ਵਾਸੀਆਂ ਨੇ ਹਿੰਸਾ ਮਗਰੋਂ ਸਿਆਸੀ ਆਗੂਆਂ ਵੱਲੋਂ ਉਨ੍ਹਾਂ ਦੀ ਹਮਾਇਤ ਨਾ ਕੀਤੇ ਜਾਣ ਕਾਰਨ ਇਹ ਕਦਮ ਚੁੱਕਿਆ ਹੈ। ਪਟੇਲ ਭਾਈਚਾਰੇ ਦੇ ਆਗੂ ਹਾਰਦਿਕ ਪਟੇਲ ਨੇ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ ਤੇ ਉਸ ਨੂੰ ਦੱਸਿਆ ਕਿ ਉਹ 19 ਸਤੰਬਰ ਨੂੰ ਡਾਂਡੀ ਮਾਰਚ ਸ਼ੁਰੂ ਕਰਨ ਦੇ ਫੈਸਲੇ 'ਤੇ ਕਾਇਮ ਹਨ।


**Two Gas Stations For Sale**

**Chevron Gas Station**
**in Elk Grove (Sacramento, CA)**
**$950,000**
**Texaco Gas Station**
**in Sacramento, CA**
**$550,000**
*Property on long term lease.*

**Wanted 2 cashiers for night shift, will train.**

**Contact: Charanjit**
**Ph: 209-740-0347**
35-38



**ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ**

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ


ਸੰਪਰਕ ਕਰੋ, ਫੋਨ:262-391-7666
37-39



WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat-Sunday-9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿਆਸੀ ਕੈਦੀਆਂ ਦੇ ਹੱਕਾਂ ਲਈ ਆਵਾਜ਼ ਉਠਾਈ

**ਲੁਧਿਆਣਾ:** ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਸਿਆਸੀ ਕੈਦੀਆਂ ਦੇ ਹੱਕਾਂ ਅਤੇ ਜੇਲ੍ਹਾਂ ਵਿਚ ਸੁਧਾਰਾਂ ਦੇ ਮੁੱਦੇ ਨੂੰ ਲੈ ਕੇ ਇਥੇ ਪੰਜਾਬੀ ਭਵਨ ਵਿਚ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਜਤਿੰਦਰਨਾਥ ਦਾਸ ਦੇ 87ਵੇਂ ਸ਼ਹਾਦਤ ਦਿਵਸ ਮੌਕੇ ਸੂਬਾ ਪੱਧਰ ਦੀ ਕਨਵੈਨਸ਼ਨ ਕਰਵਾਈ। ਜਤਿੰਦਰਨਾਥ ਦਾਸ ਅੰਗਰੇਜ਼ੀ ਰਾਜ ਦੇ ਜਾਬਰ ਜੇਲ੍ਹ ਪ੍ਰਬੰਧ ਵਿਰੁੱਧ ਅਤੇ ਸਿਆਸੀ ਤੇ ਆਮ ਕੈਦੀਆਂ ਦੇ ਹੱਕਾਂ ਲਈ ਜੂਝਦਿਆਂ 63 ਦਿਨ ਲੰਮੀ ਭੁੱਖ ਹੜਤਾਲ ਉਪਰੰਤ ਸ਼ਹੀਦ ਹੋ ਗਏ ਸਨ। ਕਨਵੈਨਸ਼ਨ ਦੇ ਮੁੱਖ ਬੁਲਾਰੇ ਮਨੁੱਖੀ ਅਧਿਕਾਰ ਕਾਰਕੁਨ/ਸੰਪਾਦਕ ਸੀਮਾ ਆਜ਼ਾਦ ਅਤੇ ਅਰੁਣ ਫਰੇਰਾ ਸਨ ਜਿਨ੍ਹਾਂ ਨੂੰ ਆਪਣੇ ਵਿਚਾਰਾਂ ਕਾਰਨ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ) ਤਹਿਤ ਕਈ ਕਈ ਸਾਲ ਜੇਲ੍ਹਾਂ ਵਿਚ ਗੁਜ਼ਾਰਨੇ ਪਏ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਸਿਆਸੀ ਤੇ ਆਮ ਕੈਦੀਆਂ ਦੇ ਹੱਕਾਂ ਲਈ ਜੱਦੋਜਹਿਦ ਭਾਰਤ ਦੀ ਜੰਗੇ-ਆਜ਼ਾਦੀ ਦਾ ਅਨਿੱਖੜ ਅੰਗ ਰਹੀ ਹੈ। ਉਸ ਇਨਕਲਾਬੀ ਵਿਰਾਸਤ ਨੂੰ ਬੁਲੰਦ ਕਰਦਿਆਂ ਅੱਜ ਸਾਨੂੰ ਕੈਦੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਦੀ ਲੋੜ ਹੈ।

ਸੀਮਾ ਆਜ਼ਾਦ ਅਤੇ ਅਰੁਣ ਫਰੇਰਾ ਨੇ ਜੇਲ੍ਹਾਂ ਦੇ ਹਾਲਾਤ ਅਤੇ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਨਾਲ ਜੋ ਅਣਮਨੁੱਖੀ ਸਲੂਕ ਕੀਤਾ ਜਾਂਦਾ ਹੈ, ਉਸ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਸਿਆਸੀ ਕੈਦੀਆਂ ਨੂੰ ਕਿਸ ਤਰ੍ਹਾਂ ਬਾਕੀ ਕੈਦੀਆਂ ਨਾਲ ਮਿਲਣ-ਜੁਲਣ ਤੋਂ ਰੋਕਣ ਲਈ ਇਕੱਲਤਾ 'ਚ ਕੈਦ ਰੱਖਿਆ ਜਾਂਦਾ ਹੈ ਅਤੇ ਕਿਵੇਂ ਕਾਨੂੰਨੀ ਸਹਾਇਤਾ ਦੀ ਅਣਹੋਂਦ ਵਿਚ ਸਿਆਸੀ ਕੈਦੀ ਆਪਣੇ ਘਰਾਂ ਤੋਂ ਦੂਰ ਦੀਆਂ ਜੇਲ੍ਹਾਂ ਅੰਦਰ ਬਿਨਾਂ ਮੁਕੱਦਮਾ ਚੱਲੇ ਸੜਦੇ ਰਹਿੰਦੇ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਸਿਆਸੀ ਕੈਦੀਆਂ ਨੂੰ ਸਿਆਸੀ ਕੈਦੀਆਂ ਵਜੋਂ ਮਾਨਤਾ ਦੇਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੇ ਸਿਆਸੀ ਵਿਚਾਰਾਂ ਕਾਰਨ ਜੇਲ੍ਹ ਵਿਚ ਬੰਦ ਕੀਤਾ ਗਿਆ ਹੈ।

ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਮਲੇਰੀ ਵਲੋਂ ਪੇਸ਼ ਕੀਤੇ ਮਤੇ ਵਿਚ ਮੰਗ ਕੀਤੀ ਗਈ ਕਿ ਸਿਆਸੀ ਵਿਚਾਰਾਂ ਕਾਰਨ ਜੇਲ੍ਹਾਂ ਵਿਚ ਡੱਕੇ ਕੈਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਨੂੰ ਆਪਣੇ ਸਕੇ-ਸਬੰਧੀਆਂ ਨਾਲ ਮੁਲਾਕਾਤਾਂ ਕਰਨ, ਆਪਣਾ ਪੱਖ ਪੇਸ਼ ਕਰਨ ਲਈ ਯੋਗ ਵਕੀਲ ਸਮੇਤ ਹਰ ਤਰ੍ਹਾਂ ਦੀਆਂ ਲੋੜੀਂਦੀਆਂ ਕਾਨੂੰਨੀ ਤੇ ਹੋਰ ਸਹੂਲਤਾਂ ਦਿੱਤੀਆਂ ਜਾਣ।

ਕੈਦੀਆਂ ਨੂੰ ਇਕਾਂਤ ਕੋਠੜੀਆਂ 'ਚ ਕੈਦ ਰੱਖ ਕੇ ਮਾਨਸਿਕ ਤਸੀਹੇ ਦੇਣ, ਉਨ੍ਹਾਂ ਉਪਰ ਕਿਸੇ ਵੀ ਤਰ੍ਹਾਂ ਦਾ ਤਸ਼ੱਦਦ ਅਤੇ ਉਨ੍ਹਾਂ ਨਾਲ ਅਣਮਨੁੱਖੀ ਸਲੂਕ ਬੰਦ ਕੀਤਾ ਜਾਵੇ। ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਪੰਜਾਬ ਸਮੇਤ ਪੂਰੇ ਮੁਲਕ ਵਿਚ ਜੇਲ੍ਹਾਂ ਵਿਚ ਹੋ ਰਹੀਆਂ ਮੌਤਾਂ ਦੀ ਉਚ ਪੱਧਰੀ ਜੁਡੀਸ਼ਲ ਜਾਂਚ ਕਰਾਈ ਜਾਵੇ ਅਤੇ ਕਸੂਰਵਾਰ ਜੇਲ੍ਹ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਇਕ ਹੋਰ ਮਤੇ ਰਾਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚੰਡੀਗੜ੍ਹ ਫੇਰੀ ਮੌਕੇ ਸਮੁੱਚੇ ਚੰਡੀਗੜ੍ਹ ਦੇ ਲੋਕਾਂ ਨੂੰ ਘਰਾਂ ਵਿਚ ਬੰਦੀ ਬਣਾਉਣ, ਸਿਹਤ ਸੇਵਾਵਾਂ ਅਤੇ ਸ਼ਮਸ਼ਾਨਘਾਟ ਬੰਦ ਕਰ ਕੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਵਾਲਾ ਗੈਰਜਮਹੂਰੀ ਸਭਿਆਚਾਰ ਖ਼ਤਮ ਕਰਨ ਦੀ ਮੰਗ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਮੁੱਖ ਬੁਲਾਰਿਆਂ ਤੋਂ ਇਲਾਵਾ ਪ੍ਰੋਫੈਸਰ ਏ.ਕੇ.ਮਲੇਰੀ, ਪ੍ਰੋਫੈਸਰ ਜਗਮੋਹਣ ਸਿੰਘ, ਡਾ. ਪਰਮਿੰਦਰ, ਡਾ. ਹਰਬੰਸ ਸਿੰਘ ਗਰੇਵਾਲ ਅਤੇ ਪ੍ਰੋਫੈਸਰ ਅਜਮੇਰ ਸਿੰਘ ਔਲਖ ਸ਼ਾਮਲ ਸਨ।

**ਸ਼ਹੀਦ ਜਤਿੰਦਰਨਾਥ ਦਾਸ ਦੀ ਯਾਦ ਵਿਚ ਕਨਵੈਨਸ਼ਨ**




*ਸਮਾਗਮ ਨੂੰ ਸੰਬੋਧਨ ਕਰ ਰਹੇ ਸੀਮਾ ਆਜ਼ਾਦ ਅਤੇ ਅਰੁਣ ਫਰੇਰਾ।*

# ਪੰਜਾਬ ਵਿਚ ਇੱਕਲਿਆਂ ਚੋਣ ਲੜਾਂਗੇ: ਭਗਵੰਤ ਮਾਨ

**ਰੂਪਨਗਰ:** ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਰਾਜ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਦਾ ਇਹ ਫ਼ੈਸਲਾ ਹੈ ਕਿ ਮੁਲਕ ਵਿਚ ਚੋਣਾਂ ਵਿਚ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕਿਸੇ ਹੋਰ ਪਾਰਟੀ ਦਾ 'ਆਪ' ਵਿਚ ਰਲੇਵਾਂ ਹੋਵੇਗਾ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਆਪ' ਦੇ ਆਗੂਆਂ ਕੋਲ ਸਰਕਾਰ ਚਲਾਉਣ ਦਾ ਤਜਰਬਾ ਨਾ ਹੋਣ ਬਾਰੇ ਆਏ ਬਿਆਨ ਸਬੰਧੀ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਤਜਰਬੇਕਾਰ ਲੋਕਾਂ ਤੋਂ ਹੀ ਤਾਂ ਦੁਖੀ ਹਨ। ਦਿੱਲੀ ਵਿਚ ਤਜਰਬੇਕਾਰ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਗ਼ੈਰ-ਤਜਰਬੇਕਾਰ ਅਰਵਿੰਦ ਕੇਜਰੀਵਾਲ ਨੇ ਹਰਾ ਦਿੱਤਾ ਸੀ। ਦਿੱਲੀ ਵਿਚ ਸਰਕਾਰ ਚਲਾਉਣ ਲਈ ਵੀ 'ਆਪ' ਕੋਲ ਕੋਈ ਤਜਰਬਾ ਨਹੀਂ ਸੀ, ਪਰ ਹੁਣ ਪੰਜਾਬ ਦੇ ਲੋਕ ਨਵਾਂ ਤਜਰਬਾ ਕਰਨਾ ਚਾਹੁੰਦੇ ਹਨ। ਕੈਪਟਨ ਬਾਰੇ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਵਾਲਿਆਂ ਨੂੰ ਸੰਸਦ ਵਿਚੋਂ ਗ਼ੈਰਹਾਜ਼ਰ ਰਹਿਣ ਦਾ ਤਜਰਬਾ ਵੀ ਨਹੀਂ ਹੈ, ਪਹਾੜਾਂ ਵਿਚ ਸੈਰ ਕਰਨ ਦਾ ਤਜਰਬਾ ਵੀ ਨਹੀਂ ਹੈ ਅਤੇ ਭ੍ਰਿਸ਼ਟਾਚਾਰ ਕਰਨ ਦਾ ਤਜਰਬਾ ਵੀ ਨਹੀਂ ਹੈ, ਪਰ ਲੋਕਾਂ ਵਿਚ ਦਾਖ਼ਲ ਹੋਣ ਦਾ ਤਜਰਬਾ ਹੈ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਨਹੀਂ ਹਨ। ਸੂਬੇ ਵਿਚ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕਰਨ ਸਬੰਧੀ ਫ਼ੈਸਲਾ ਪਾਰਟੀ ਵੱਲੋਂ ਕੀਤਾ ਜਾਵੇਗਾ।

ਪਾਰਟੀ ਵੱਲੋਂ ਦਿੱਲੀ ਦੀ ਤਰਜ਼ ਉਤੇ 'ਪੰਜਾਬ ਡਾਇਲਾਗ' ਸ਼ੁਰੂ ਕੀਤਾ ਜਾਵੇਗਾ ਅਤੇ ਲੋਕਾਂ ਤੋਂ ਪੁੱਛ ਕੇ ਵਿਧਾਨ ਸਭਾ ਚੋਣਾਂ ਵਿਚ ਮੈਨੀਫੈਸਟੋ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਸਰਕਾਰ ਨੂੰ ਚੱਲਦਾ ਕਰਨ ਦਾ ਮਨ ਬਣਾਈ ਬੈਠੇ ਹਨ। ਰੈਲੀ ਦੌਰਾਨ 'ਆਪ' ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਬਹੁਤ ਮਾੜੇ ਹਨ ਅਤੇ ਹਾਕਮ ਧਿਰ ਦੇ ਆਗੂਆਂ ਨੇ ਪੰਜਾਬ ਦੇ ਕਾਰੋਬਾਰਾਂ 'ਤੇ ਕਬਜ਼ਾ ਕਰ ਲਿਆ ਹੈ। ਆਮ ਲੋਕ ਸਰਕਾਰ ਤੋਂ ਦੁਖੀ ਹਨ, ਇਸ ਲਈ ਇਸ ਸਰਕਾਰ ਨੂੰ ਚੱਲਦਾ ਕਰਨਾ ਜ਼ਰੂਰੀ ਹੈ।

# ਭਾਰਤ ਨੂੰ ਮੌਤ ਦੀ ਸਜ਼ਾ ਖ਼ਤਮ ਕਰਨ ਦੀ ਅਪੀਲ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਨੇ ਅਤਿਵਾਦ ਨਾਲ ਸਬੰਧਤ ਅਪਰਾਧਾਂ ਨੂੰ ਛੱਡ ਕੇ ਬਾਕੀ ਸਭ ਮਾਮਲਿਆਂ ਵਿਚ ਮੌਤ ਦੀ ਸਜ਼ਾ ਖ਼ਤਮ ਕਰਨ ਦੇ ਭਾਰਤੀ ਕਾਨੂੰਨ ਕਮਿਸ਼ਨ ਦੀ ਸਿਫਾਰਸ਼ ਦਾ ਸਵਾਗਤ ਕਰਦਿਆਂ ਭਾਰਤੀ ਅਧਿਕਾਰੀਆਂ ਨੂੰ ਮੌਤ ਦੀ ਸਜ਼ਾ ਬਿਲਕੁੱਲ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਸੰਯੁਕਤ ਰਾਸ਼ਟਰ ਵਿਚ ਮੌਤ ਦੀ ਸਜ਼ਾ ਦੇਣ ਦੇ ਨਿਆਇਕ ਮਾਮਲਿਆਂ ਦੇ ਵਿਸ਼ੇਸ਼ ਪ੍ਰਤੀਨਿਧੀ ਕ੍ਰਿਸਟੋਫ ਹੇਂਸ ਤੇ ਜੁਆਨ ਮੇਂਦੇਜ ਨੇ ਭਾਰਤੀ ਕਾਨੂੰਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਸਵਾਗਤ ਕੀਤਾ ਹੈ। ਭਾਰਤੀ ਕਾਨੂੰਨ ਕਮਿਸ਼ਨ ਨੇ 31 ਅਗਸਤ ਨੂੰ ਜਾਰੀ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਮੌਤ ਦੀ ਸਜ਼ਾ ਦੇਣ ਨਾਲ ਅਪਰਾਧ 'ਤੇ ਰੋਕ ਨਹੀਂ ਲੱਗਦੀ ਤੇ ਉਨ੍ਹਾਂ ਅਤਿਵਾਦ ਤੇ ਯੁੱਧ ਨਾਲ ਸਬੰਧਤ ਅਪਰਾਧਾਂ ਨੂੰ ਛੱਡ ਕੇ ਬਾਕੀ ਮਾਮਲਿਆਂ ਵਿਚ ਇਸ ਨੂੰ ਖ਼ਤਮ ਕਰਨ ਦੀ ਸਿਫਾਰਸ਼ ਕੀਤੀ ਹੈ।

# ਸਿੱਖਾਂ ਦੇ ਰੋਹ ਪਿੱਛੋਂ ਤਖਤ ਹਜ਼ੂਰ ਸਾਹਿਬ ਦੀ ਸੁਰੱਖਿਆ ਬਾਰੇ ਫੈਸਲਾ ਰੱਦ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵੱਲੋਂ ਗੁਰਦੁਆਰੇ ਦੀ ਸੁਰੱਖਿਆ ਲਈ ਇਕ ਨਿੱਜੀ ਕੰਪਨੀ ਨੂੰ ਠੇਕਾ ਦੇਣ ਤੇ ਗਿਆਨੀ ਪ੍ਰਤਾਪ ਸਿੰਘ ਨੂੰ ਮੁੜ ਹੈੱਡ ਗ੍ਰੰਥੀ ਨਿਯੁਕਤ ਕਰਨ ਦੇ ਫ਼ੈਸਲੇ ਖ਼ਿਲਾਫ਼ ਸਥਾਨਕ ਸਿੱਖਾਂ ਵੱਲੋਂ ਕੀਤੇ ਗਏ ਭਾਰੀ ਵਿਰੋਧ ਤੋਂ ਬਾਅਦ ਪੰਜ ਪਿਆਰਿਆਂ ਦੀ ਮੀਟਿੰਗ ਵਿਚ ਇਹ ਦੋਵੇਂ ਫ਼ੈਸਲੇ ਰੱਦ ਕਰ ਦਿੱਤੇ ਗਏ ਹਨ।

ਇਸ ਬਾਰੇ ਜਾਰੀ ਕੀਤੇ ਗੁਰਮਤੇ ਵਿਚ ਆਖਿਆ ਗਿਆ ਹੈ ਕਿ ਬੋਰਡ ਵੱਲੋਂ ਗੁਰਦੁਆਰੇ ਦੀ ਸੁਰੱਖਿਆ ਲਈ ਮੁੰਬਈ ਦੀ ਇਕ ਨਿੱਜੀ ਕੰਪਨੀ ਨੂੰ ਇਕ ਕਰੋੜ 56 ਲੱਖ ਰੁਪਏ ਵਿਚ ਠੇਕਾ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ 'ਤੇ ਨੰਦੇੜ ਦੇ ਸਿੱਖਾਂ ਵਿਚ ਭਾਰੀ ਰੋਸ ਹੈ ਤੇ ਉਨ੍ਹਾਂ ਦੀ ਦਲੀਲ ਹੈ ਕਿ ਕਿਸੇ ਨਿੱਜੀ ਕੰਪਨੀ ਨੂੰ ਠੇਕਾ ਦੇਣ ਦੀ ਥਾਂ ਗੁਰਦੁਆਰੇ ਦਾ ਸੁਰੱਖਿਆ ਵਿਭਾਗ ਕਾਇਮ ਕੀਤਾ ਜਾਵੇ ਤੇ ਉਸ ਵਿਚ ਕਿਸੇ ਸਾਬਕਾ ਫੌਜੀ ਅਧਿਕਾਰੀ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਤਾਇਨਾਤ ਕੀਤਾ ਜਾਵੇ। ਇਸ ਬਾਰੇ ਸਿੱਖ ਸੰਗਤ ਵੱਲੋਂ ਕੀਤੀ ਗਈ ਅਪੀਲ ਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਨੇ ਬੋਰਡ ਨੂੰ ਸਿਫਾਰਸ਼ ਕੀਤੀ ਹੈ ਕਿ ਗੁਰਦੁਆਰੇ ਦੀ ਸੁਰੱਖਿਆ ਦਾ ਜਿੰਮਾ ਸਥਾਨਕ ਸਿੱਖਾਂ ਹਵਾਲੇ ਕੀਤਾ ਜਾਵੇ ਕਿਉਂਕਿ ਕਈ ਸਾਲਾਂ ਤੋਂ ਸਥਾਨਕ ਸਿੱਖਾਂ ਵੱਲੋਂ ਹੀ ਸੁਰੱਖਿਆ ਕੀਤੀ ਜਾ ਰਹੀ ਹੈ।

ਇਸ ਲਈ ਸੁਰੱਖਿਆ ਵਿਭਾਗ ਵਿਚ ਸਥਾਨਕ ਸਿੱਖ ਨੌਜਵਾਨਾਂ ਦੀ ਭਰਤੀ ਕਰਕੇ ਸਿਖਲਾਈ ਦਿੱਤੀ ਜਾਵੇ। ਇਸੇ ਤਰ੍ਹਾਂ ਇਕ ਗੁਰਮਤੇ ਰਾਹੀਂ ਗਿਆਨੀ ਪ੍ਰਤਾਪ ਸਿੰਘ ਨੂੰ ਮੁੱਖ ਗ੍ਰੰਥੀ ਲਾਉਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਉਨ੍ਹਾਂ ਨੇ ਰਾਇ ਪ੍ਰਗਟਾਈ ਹੈ ਕਿ ਗਿਆਨੀ ਪ੍ਰਤਾਪ ਸਿੰਘ ਨੂੰ ਇਸ ਅਹੁਦੇ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।

ਇਸ ਫੈਸਲੇ ਕਾਰਨ ਸੰਗਤ ਵਿਚ ਰੋਸ ਹੈ। ਉਨ੍ਹਾਂ ਆਖਿਆ ਕਿ ਗਿਆਨੀ ਪ੍ਰਤਾਪ ਸਿੰਘ ਇਹ ਸੇਵਾ ਉਥੇ ਪਹਿਲਾਂ ਨਿਭਾਅ ਰਹੇ ਸਨ ਪਰ ਜਨਵਰੀ 2014 ਨੂੰ ਉਨ੍ਹਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਭੇਜਿਆ ਗਿਆ ਸੀ ਜਿਥੇ ਉਨ੍ਹਾਂ ਇਕ ਸਾਜ਼ਿਸ਼ ਤਹਿਤ ਜਥੇਦਾਰ ਦਾ ਅਹੁਦਾ ਸੰਭਾਲਣ ਲਈ ਦਸਤਾਰ ਲਈ ਸੀ। ਉਸੇ ਸਮਾਗਮ ਵਿਚ ਹਿੰਸਕ ਘਟਨਾ ਵਾਪਰੀ ਸੀ, ਜਿਸ ਵਿਚ ਕਈ ਵਿਅਕਤੀ ਜ਼ਖਮੀ ਹੋਏ ਤੇ ਪੁਲਿਸ ਨੇ ਕੇਸ ਵੀ ਦਰਜ ਕੀਤਾ ਸੀ।

# ਕਤਲ ਕੇਸ ਵਿਚ ਸੋਪੂ ਪ੍ਰਧਾਨ ਗੋਰਾ ਸੰਧੂ ਨੂੰ ਉਮਰ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਫੇਜ਼-5 ਸਥਿਤ ਪੀ.ਜੀ. ਵਿਚ ਰਹਿੰਦੀ ਫ਼ਿਰੋਜ਼ਪੁਰ ਦੀ ਅਮਨਦੀਪ ਕੌਰ ਦੇ ਕਤਲ ਕੇਸ ਵਿਚ ਜ਼ਿਲ੍ਹਾ ਫਿਰੋਜ਼ਪੁਰ ਦੇ ਸੋਪੂ ਦੇ ਪ੍ਰਧਾਨ ਗੁਰਮੀਤ ਸਿੰਘ ਸੰਧੂ ਉਰਫ਼ ਗੋਰਾ ਸੰਧੂ ਨੂੰ ਉਮਰ ਕੈਦ ਅਤੇ 1 ਲੱਖ ਰੁਪਏ ਜੁਰਮਾਨਾ ਕੀਤਾ ਹੈ।

ਇਸ ਕੇਸ ਵਿਚ ਨਾਮਜ਼ਦ ਦੋਸ਼ੀ ਦੀ ਭੂਆ ਦੇ ਪੁੱਤਰ ਅੰਗਰੇਜ਼ ਸਿੰਘ ਨੂੰ 3 ਸਾਲ ਦੀ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਅਮਨਦੀਪ ਕੌਰ ਦੀ ਸਹੇਲੀ ਨਵਨੀਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਫੇਜ਼-1 ਦੇ ਥਾਣੇ ਵਿਚ ਗੁਰਮੀਤ ਸਿੰਘ ਅਤੇ ਅੰਗਰੇਜ਼ ਸਿੰਘ ਖ਼ਿਲਾਫ਼ ਧਾਰਾ 302 ਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਕ ਹੋਰ ਸ਼ੱਕੀ ਮੁਲਜ਼ਮ ਜਗਰੂਪ ਸਿੰਘ ਨੂੰ ਪੁਲਿਸ ਨੇ ਮੁੱਢਲੀ ਜਾਂਚ ਦੌਰਾਨ ਹੀ ਕਲੀਨ ਚਿੱਟ ਦੇ ਦਿੱਤੀ ਸੀ।

ਕੇਸ ਅਨੁਸਾਰ ਅਮਨਦੀਪ ਕੌਰ 12 ਜਨਵਰੀ ਨੂੰ ਸ਼ਾਮੀ ਆਪਣੀਆਂ ਸਹੇਲੀਆਂ ਨਾਲ ਫੇਜ਼-5 ਦੀ ਮਾਰਕੀਟ ਵਿਚ ਖ਼ਰੀਦਾਰੀ ਕਰਨ ਆਈ ਸੀ ਜਦੋਂ ਉਹ ਵਾਪਸ ਜਾਣ ਲੱਗੀਆਂ ਤਾਂ ਉਥੇ ਉਸ ਦੇ ਸਕੂਲ ਸਮੇਂ ਦਾ ਦੋਸਤ ਗੁਰਮੀਤ ਸਿੰਘ ਵੀ ਪਹੁੰਚ ਗਿਆ। ਉਹ ਅਮਨਦੀਪ ਨਾਲ ਗੱਲਾਂ ਕਰਨ ਲੱਗ ਪਿਆ ਅਤੇ ਬਾਅਦ ਵਿਚ ਗੋਲੀਆਂ ਮਾਰ ਕੇ ਅਮਨਦੀਪ ਕੌਰ ਦਾ ਕਤਲ ਕਰ ਦਿੱਤਾ। ਦੱਸਿਆ ਗਿਆ ਹੈ ਕਿ ਗੁਰਮੀਤ ਸਿੰਘ ਲੜਕੀ ਨੂੰ ਇੱਕਤਰਫ਼ਾ ਪਿਆਰ ਕਰਦਾ ਸੀ ਅਤੇ ਅਮਨਦੀਪ 'ਤੇ ਵਿਆਹ ਕਰਵਾਉਣ ਲਈ ਜ਼ੋਰ ਪਾ ਰਿਹਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# 53 ਸਾਲਾ ਮੱਕੜ ਨਸਲੀ ਹਮਲੇ ਦਾ ਸ਼ਿਕਾਰ

**ਸ਼ਿਕਾਗੋ (ਬਿਊਰੋ):** ਇਥੋਂ ਦੀ ਇਕ ਸਬਰਬ ਡੇਰੀਅਨ ਵਿਚ ਪਿਛਲੇ ਮੰਗਲਵਾਰ ਕੁਝ ਵਿਅਕਤੀਆਂ ਵਲੋਂ ਨਸਲੀ ਹਮਲਾ ਕੀਤੇ ਜਾਣ 'ਤੇ ਜ਼ਖਮੀ ਹੋਣ ਪਿਛੋਂ ਹਸਪਤਾਲ ਵਿਚ ਭਰਤੀ ਕਰਵਾਏ ਗਏ ਸ. ਇੰਦਰਜੀਤ ਸਿੰਘ ਮੱਕੜ (53 ਸਾਲ) ਲੰਘੇ ਵੀਰਵਾਰ ਘਰ ਪਰਤ ਆਏ ਹਨ। ਹਮਲੇ ਵਿਚ ਸ. ਮੱਕੜ ਦੇ ਚਿਹਰੇ ਅਤੇ ਸਰੀਰ ਦੇ ਹੋਰ ਹਿੱਸਿਆਂ ਉਤੇ ਕਈ ਜ਼ਖਮ ਆਏ ਸਨ।


ਇੰਦਰਜੀਤ ਸਿੰਘ ਮੱਕੜ

ਪੁਲਿਸ ਨੂੰ ਇਕ 17 ਸਾਲਾ ਲੜਕੇ ਉਤੇ ਹਮਲਾਵਰ ਹੋਣ ਦਾ ਸ਼ੱਕ ਹੈ। ਇਸੇ ਦੌਰਾਨ ਡੂਪੇਜ਼ ਕਾਉਂਟੀ ਸਟੇਟ ਅਟਾਰਨੀ ਨੇ ਇਸ ਮਾਮਲੇ ਵਿਚ ਹੇਟ ਕਰਾਈਮ ਦਾ ਕੇਸ ਦਾਇਰ ਕਰਾ ਦਿਤਾ ਹੈ। ਇਸ ਤੋਂ ਪਹਿਲਾਂ ਅਟਾਰਨੀ ਆਫਿਸ ਨੇ ਕਿਹਾ ਸੀ ਕਿ ਹੇਟ ਕਰਾਈਮ ਦਾ ਕੇਸ ਦਾਇਰ ਨਹੀਂ ਕੀਤਾ ਜਾਵੇਗਾ।

ਇਸੇ ਦੌਰਾਨ ਸੈਲਡੈਫ ਦੇ ਉਦਮ ਨਾਲ ਸਿੱਖ ਭਾਈਚਾਰੇ ਵਲੋਂ ਸੋਮਵਾਰ ਨੂੰ ਕੀਤੀ ਗਈ ਇਕ ਰੈਲੀ ਵਿਚ ਸ਼ਿਕਾਗੋ ਦੇ ਇੰਟਰਫੇਥ ਆਗੂਆਂ ਤੋਂ ਇਲਾਵਾ ਵਡੀ ਗਿਣਤੀ ਵਿਚ ਆਮ ਜਨਤਾ ਵੀ ਸ਼ਾਮਲ ਹੋਈ। ਰੈਲੀ ਵਿਚ ਸ਼ਾਮਲ ਲੋਕਾਂ ਨੇ ਨਫਰਤੀ ਹਿੰਸਾ ਵਿਰੁਧ ਨਾਅਰਿਆਂ ਵਾਲੀਆਂ ਤਖਤੀਆਂ ਚੁਕੀਆਂ ਹੋਈਆਂ ਸਨ।

ਘਟਨਾ ਦੇ ਵੇਰਵੇ ਅਨੁਸਾਰ ਮੰਗਲਵਾਰ 8 ਸਤੰਬਰ ਨੂੰ ਸ਼ਾਮੀਂ ਕਰੀਬ 5:15 ਵਜੇ ਜਦੋਂ ਸ. ਮੱਕੜ ਆਪਣੀ ਕਾਰ ਵਿਚ ਸਾਊਥ ਕੈਸ ਐਵਨਿਊ 'ਤੇ ਗਰੌਸਰੀ ਸਟੋਰ ਜਾ ਰਹੇ ਸਨ ਤਾਂ ਇਕ ਹੋਰ ਡਰਾਈਵਰ ਨੇ ਗੱਡੀ ਬਰਾਬਰ ਲਿਆ ਕੇ ਉਸ ਨੂੰ ਚੀਕਾਂ ਮਾਰ ਕੇ ਕਹਿਣਾ ਸ਼ੁਰੂ ਕਰ ਦਿੱਤਾ, "ਆਪਣੇ ਦੇਸ਼ ਦਫਾ ਹੋ ਜਾਓ, ਦਹਿਸ਼ਤਪਸੰਦੋ, ਬਿਨ ਲਾਦਿਨ।" ਸਿੱਖ ਜਥੇਬੰਦੀ ਸਿੱਖ ਕੋਲੀਸ਼ਨ ਅਨੁਸਾਰ ਜਦੋਂ ਸ. ਮੱਕੜ ਨੇ ਕੈਸ ਅਤੇ 69ਵੀਂ ਸਟਰੀਟ 'ਤੇ ਦੂਜੀ ਗੱਡੀ ਨੂੰ ਲੰਘ ਜਾਣ ਲਈ ਰਾਹ ਦੇਣ ਵਾਸਤੇ ਆਪਣੀ ਕਾਰ ਰੋਕੀ ਤਾਂ ਦੂਜੀ ਗੱਡੀ ਐਨ ਉਸ ਦੇ ਅੱਗੇ ਆਣ ਰੁਕੀ ਅਤੇ ਡਰਾਈਵਰ ਨੇ ਸ. ਮੱਕੜ ਨੂੰ ਮੂੰਹ 'ਤੇ ਘਸੁੰਨਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਸ. ਮੱਕੜ ਬੇਹੋਸ਼ ਹੋ ਗਏ ਅਤੇ ਖੂਨ ਵਿਚ ਲਥਪਥ ਉਨ੍ਹਾਂ ਨੂੰ ਦਾਖਲ ਕਰਵਾਇਆ ਗਿਆ। ਸ. ਮੱਕੜ ਦੇ ਮੂੰਹ 'ਤੇ 6 ਟਾਂਕੇ ਲੱਗੇ।

ਲੰਘੇ ਵੀਰਵਾਰ ਭਾਰਤੀ ਜਥੇਬੰਦੀਆਂ ਵਲੋਂ ਲੋਮਬਾਰਡ ਵਿਚ ਕੀਤੀ ਗਈ ਇਕ ਕਾਨਫਰੰਸ ਦੌਰਾਨ ਸ. ਮੱਕੜ ਦੇ ਪਿਤਾ ਸ. ਸਾਧੂ ਸਿੰਘ ਰਿਖੀਰਾਜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੇ ਪੁੱਤਰ ਦਾ ਮੂੰਹ-ਸਿਰ ਸੁੱਜਿਆ ਹੋਇਆ ਹੈ ਅਤੇ ਉਸ ਦੀ ਹਾਲਤ ਖਰਾਬ ਹੈ। ਉਹ ਬਹੁਤ ਹੀ ਭਲਾਮਾਣਸ ਹੈ ਅਤੇ ਰੋਜ਼ੀ ਰੋਟੀ ਲਈ ਟੈਕਸੀ ਚਲਾਉਂਦਾ ਹੈ। ਉਸ ਦੇ ਦੋ ਬੱਚੇ ਹਨ।

ਪੁਲਿਸ ਨੇ ਸ. ਮੱਕੜ ਵਲੋਂ ਦੱਸੇ ਗਏ ਹੁਲੀਏ ਅਤੇ ਗੱਡੀ ਦੀ ਲਾਈਸੈਂਸ ਪਲੇਟ ਦੇ ਆਧਾਰ ਉਤੇ ਇਕ 17 ਸਾਲਾ ਸ਼ੱਕੀ ਮੁੰਡੇ ਦੀ ਪਛਾਣ ਕੀਤੀ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਇਸ ਮੁੰਡੇ ਦੀ ਸੰਖੇਪ ਜਿਹੀ ਤਫਤੀਸ਼ ਕੀਤੀ ਗਈ ਹੈ। ਘਟਨਾ ਦੇ ਕੁਝ ਸਮੇਂ ਬਾਅਦ ਇਹ ਮੁੰਡਾ ਹਸਪਤਾਲ ਰਿਹਾ ਪਰ ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕਿਉਂ?

ਇਸੇ ਦੌਰਾਨ ਸਿੱਖ ਕੋਲੀਸ਼ਨ ਨੇ ਕਿਹਾ ਹੈ ਕਿ ਅਮਰੀਕਾ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਨੂੰ ਅਜਿਹੇ ਨਸਲੀ ਹਮਲੇ ਦਾ ਸਾਹਮਣਾ ਕਰਨਾ ਪਵੇ, ਇਹ ਬਹੁਤ ਮਾੜੀ ਗੱਲ ਹੈ। ਜੇ ਇਸ ਘਟਨਾ ਦੀ ਇਕ ਹੇਟ ਕਰਾਈਮ ਜਾਂ ਨਸਲੀ ਹਮਲੇ ਵਜੋਂ ਜਾਂਚ ਨਹੀਂ ਕੀਤੀ ਜਾਂਦੀ ਤਾਂ ਅਸੀਂ ਭਵਿੱਖ ਵਿਚ ਸਿੱਖਾਂ ਸਮੇਤ ਹੋਰ ਘੱਟਗਿਣਤੀਆਂ ਵਿਰੁਧ ਅਜਿਹੇ ਹਮਲੇ ਹੋਣ ਦਾ ਜੋਖਮ ਉਠਾ ਰਹੇ ਹੋਵਾਂਗੇ। ਸ. ਮੱਕੜ ਦੀ ਵਕੀਲ ਹਰਸਿਮਰਨ ਕੌਰ ਨੇ ਕਿਹਾ ਹੈ ਕਿ ਸਿੱਖ ਕੋਲੀਸ਼ਨ ਕਥਿਤ ਦੋਸ਼ੀ ਵਿਰੁਧ ਹੇਟ ਕਰਾਈਮ ਦਾ ਦੋਸ਼ ਲਾਏ ਜਾਣ ਲਈ ਜੋਰ ਪਾ ਰਹੀ ਹੈ।

ਇਸੇ ਦੌਰਾਨ ਵੱਖ ਵੱਖ ਘੱਟਗਿਣਤੀ ਭਾਈਚਾਰਿਆਂ ਦੀਆਂ ਜਥੇਬੰਦੀਆਂ ਨੇ ਇਸ ਘਟਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।


ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices



*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available



Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
Commercial
or
Residential
Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773

**email:** samchahal@hotmail.com

*Serving all over California*



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਯਾਦਵ ਵੱਲੋਂ 'ਆਪ' ਦੇ ਬਾਗੀਆਂ ਨੂੰ ਇਕਜੁੱਟ ਕਰਨ ਦੀ ਮੁਹਿੰਮ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਸਮੀਕਰਨ ਛੇਤੀ ਹੀ ਬਦਲਣ ਵਾਲੇ ਹਨ। ਆਮ ਆਦਮੀ ਪਾਰਟੀ ਵਿਚੋਂ ਛੇਕੇ ਗਏ ਸੀਨੀਅਰ ਆਗੂ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ, ਡਾ. ਦਲਜੀਤ ਸਿੰਘ, ਸੰਸਦ ਮੈਂਬਰ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਨੇ ਛੇਤੀ ਹੀ ਨਵੀਂ ਪਾਰੀ ਦੀ ਸ਼ੁਰੂਆਤ ਕਰਨ ਦੀ ਤਿਆਰੀ ਕਰ ਲਈ ਹੈ। ਯਾਦਵ ਧੜੇ ਨੇ ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ ਤੇ ਡਾ. ਦਲਜੀਤ ਸਿੰਘ ਦੀ ਅਗਵਾਈ ਹੇਠ ਸੂਬੇ ਵਿਚ ਨਵਾਂ ਸਿਆਸੀ ਬਦਲ ਉਸਾਰਨ ਦਾ ਫੈਸਲਾ ਲਿਆ ਹੈ।ਇਸ ਫੈਸਲੇ ਨਾਲ ਪੰਜਾਬ ਵਿਚ ਤੀਸਰੀ ਧਿਰ ਵਜੋਂ ਉਭਰੀ 'ਆਪ' ਦੇ ਮੁਕਾਬਲੇ ਇਕ ਹੋਰ ਧਿਰ ਸਾਹਮਣੇ ਆਉਣ ਦੇ ਆਸਾਰ ਬਣ ਗਏ ਹਨ।

'ਆਪ' ਦੀ ਲੀਡਰਸ਼ਿਪ ਪਹਿਲਾਂ ਹੀ ਦੋਸ਼ ਲਾਉਂਦੀ ਆ ਰਹੀ ਹੈ ਕਿ ਡਾ. ਗਾਂਧੀ ਤੇ ਡਾ. ਦਲਜੀਤ ਸਿੰਘ ਸ੍ਰੀ ਯਾਦਵ ਦੇ ਇਸ਼ਾਰੇ 'ਤੇ ਹੀ ਬਾਗੀ ਸੁਰਾਂ ਅਲਾਪ ਰਹੇ ਹਨ। ਭਾਵੇਂ ਸਵਰਾਜ ਲਹਿਰ ਦੀ ਲੀਡਰਸ਼ਿਪ ਸਿੱਧੇ ਰੂਪ ਵਿਚ ਕੁਝ ਕਹਿਣ ਲਈ ਤਿਆਰ ਨਹੀਂ ਪਰ ਇਸ ਫੈਸਲੇ ਨੇ ਸਾਫ ਕਰ ਦਿੱਤਾ ਹੈ ਕਿ 'ਆਪ' ਤੋਂ ਟੁੱਟੀ ਲੀਡਰਸ਼ਿਪ ਹੁਣ ਪੰਜਾਬ ਵਿਚ ਸਿਆਸੀ ਪੈਰ ਪਸਾਰਨ ਲਈ ਸਾਹਮਣੇ ਆ ਰਹੀ ਹੈ। ਸਵਰਾਜ ਲਹਿਰ ਪੰਜਾਬ ਦੀ ਇਥੇ ਸੈਕਟਰ-36 ਸਥਿਤ ਪੀਪਲਜ਼ ਕਨਵੈਨਸ਼ਨਜ਼ ਹਾਲ ਵਿਖੇ ਹੋਈ ਸੂਬਾਈ ਮੀਟਿੰਗ ਤੋਂ ਬਾਅਦ ਯਾਦਵ ਨੇ ਡਾ. ਗਾਂਧੀ ਨਾਲ ਮੁਲਾਕਾਤ ਕੀਤੀ। ਸ੍ਰੀ ਯਾਦਵ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਸਿਆਸਤ ਵਿਚਲੀਆਂ ਜਿਹੜੀਆਂ ਬਿਮਾਰੀਆਂ ਨੂੰ ਖਤਮ ਕਰਨ ਆਈ ਸੀ ਹੁਣ ਉਹ ਖੁਦ ਹੀ ਉਨ੍ਹਾਂ ਦਾ ਸ਼ਿਕਾਰ ਹੋ ਚੁੱਕੀ ਹੈ। ਆਪ ਵੱਲੋਂ ਡਾ. ਦਲਜੀਤ ਸਿੰਘ ਸਮੇਤ ਸੰਸਦ ਮੈਂਬਰ ਡਾ. ਗਾਂਧੀ ਤੇ ਸ੍ਰੀ ਖਾਲਸਾ ਵਰਗੀਆਂ ਸ਼ਖ਼ਸੀਅਤਾਂ ਨੂੰ ਪਾਰਟੀ ਵਿਚੋਂ ਮੁਅੱਤਲ ਕਰਕੇ ਤਾਨਾਸ਼ਾਹੀ ਦਾ ਸਬੂਤ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੁਹੇਲ ਸਿੰਘ ਆਦਿ ਵਰਗੇ ਆਗੂ ਵੀ ਅਲੱਗ ਕੀਤੇ ਜਾ ਚੁੱਕੇ ਹਨ। ਅੱਜ ਪੰਜਾਬ ਦੇ ਲੋਕ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਨੂੰ ਲੀਡਰ ਵਜੋਂ ਦੇਖ ਰਹੇ ਹਨ। ਜਿਸ ਕਾਰਨ ਸਵਰਾਜ ਲਹਿਰ ਪੰਜਾਬ ਦੀ ਮੀਟਿੰਗ ਵਿਚ ਫੈਸਲਾ ਕੀਤਾ ਹੈ ਕਿ ਪੰਜਾਬ ਵਿਚ ਨਵਾਂ ਸਿਆਸੀ ਰਸਤਾ ਖੋਜਣ ਲਈ ਇਨ੍ਹਾਂ ਤਿੰਨਾਂ ਆਗੂਆਂ ਦੀ ਲੀਡਰਸ਼ਿਪ ਵਿਚ ਪੰਜਾਬ ਵਿਚ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ 'ਆਪ' ਨੇ ਸ੍ਰੀ ਖਾਲਸਾ ਤੇ ਡਾ. ਦਲਜੀਤ ਸਿੰਘ ਨੂੰ ਮੁਅੱਤਲ ਕੀਤਾ ਸੀ ਤਾਂ ਉਨ੍ਹਾਂ ਫੋਨ ਰਾਹੀਂ ਇਨ੍ਹਾਂ ਆਗੂਆਂ ਨੂੰ ਅਸੂਲਾਂ 'ਤੇ ਖੜ੍ਹੇ ਹੋਣ ਲਈ ਵਧਾਈਆਂ ਦਿੱਤੀਆਂ ਸਨ। ਭਾਵੇਂ ਸਵਰਾਜ ਅਭਿਆਨ ਕੋਈ ਸਿਆਸੀ ਪਾਰਟੀ ਨਹੀਂ ਹੈ ਪਰ ਉਨ੍ਹਾਂ ਦਾ ਮਕਸਦ ਦੇਸ਼ ਵਿਚ ਭ੍ਰਿਸ਼ਟ ਸਿਆਸਤ ਨੂੰ ਖਤਮ ਕਰਕੇ ਕੋਈ ਨਵਾਂ ਬਦਲ ਲੱਭਣਾ ਹੈ। ਉਨ੍ਹਾਂ ਕਿਹਾ ਕਿ ਡਾ. ਗਾਂਧੀ ਉਨ੍ਹਾਂ ਦੇ ਮਿੱਤਰ ਹਨ ਤੇ ਉਨ੍ਹਾਂ ਦੀ ਗੱਲਬਾਤ ਹੁੰਦੀ ਰਹਿੰਦੀ ਹੈ।

ਸ੍ਰੀ ਯਾਦਵ ਅਨੁਸਾਰ ਪੰਜਾਬ ਵਿਚ 'ਆਪ' ਉਪਰ ਹੋਰ ਪਾਰਟੀਆਂ ਵਾਂਗ ਦਿੱਲੀ ਦਰਬਾਰ ਥੋਪਣ ਕਾਰਨ ਇਸ ਵਿਚਲੇ ਆਗੂਆਂ ਤੇ ਵਲੰਟੀਅਰਾਂ ਵਿਚ ਬੇਚੈਨੀ ਹੈ। ਇਸ ਕਾਰਨ ਉਹ ਪੰਜਾਬ ਵਿਚ ਨਵਾਂ ਬਦਲ ਦੇਣ ਦਾ ਯਤਨ ਕਰਨਗੇ।



## ਸਵਰਾਜ ਲਹਿਰ ਦੀ ਪੇਸ਼ਕਸ਼ 'ਤੇ ਫੈਸਲਾ ਛੇਤੀ: ਖਾਲਸਾ

**ਫਤਿਹਗੜ੍ਹ ਸਾਹਿਬ:** ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਸਵਰਾਜ ਲਹਿਰ ਦੀ ਪੇਸ਼ਕਸ਼ ਉਪਰ ਉਹ ਡਾ. ਗਾਂਧੀ ਅਤੇ ਡਾ. ਦਲਜੀਤ ਸਿੰਘ ਨਾਲ ਸੰਜੀਦਗੀ ਨਾਲ ਵਿਚਾਰ ਕਰਕੇ ਛੇਤੀ ਹੀ ਕੋਈ ਵੱਡਾ ਫੈਸਲਾ ਕਰਨਗੇ। ਉਹ ਇਸ ਤੋਂ ਇਲਾਵਾ ਉਹ ਲੋਕ ਸਭਾ ਵਿਚੋਂ ਅਸਤੀਫਾ ਦੇਣ ਜਾਂ ਨਾ ਦੇਣ ਉਪਰ ਵੀ ਵਿਚਾਰ ਕਰਨਗੇ। ਉਹ ਆਪਣੀ ਵਿਚਾਰਧਾਰਾ ਵਾਲੇ ਸਾਥੀਆਂ ਨਾਲ ਵੀ ਚਰਚਾ ਕਰਨਗੇ ਤੇ ਛੇਤੀ ਹੀ ਪੰਜਾਬ ਵਿਚ ਨਵਾਂ ਬਦਲ ਲਿਆਉਣ ਦੇ ਰਾਹ ਪਿਆ ਜਾਵੇਗਾ।

## 'ਆਪ' ਵੱਲੋਂ ਮਿਸ਼ਨ 2017 ਫਤਿਹ ਕਰਨ ਦਾ ਦਾਅਵਾ

**ਗੁਰੂਹਰਸਹਾਏ:** ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਹੈ ਕਿ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲੋਕ 'ਆਪ' ਦੇ ਹੱਕ ਵਿਚ ਫਤਵਾ ਦੇਣਗੇ। ਪੰਜਾਬ ਜੋੜੋ ਮੁਹਿੰਮ ਤਹਿਤ ਹਲਕਾ ਗੁਰੂਹਰਸਹਾਏ ਦੀ ਦਾਣਾ ਮੰਡੀ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸਮੇਂ ਦੀ ਮੌਜੂਦਾ ਸਰਕਾਰ ਤੋਂ ਦੁਖੀ ਲੋਕਾਂ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾ ਲਿਆ ਹੈ।



ਭਗਵੰਤ ਮਾਨ ਨੇ ਕਿਹਾ ਕਿ ਉਹ ਰਾਜਨੀਤੀ ਵਿਚ ਪੈਸਾ ਕਮਾਉਣ ਜਾਂ ਮਸ਼ਹੂਰ ਹੋਣ ਲਈ ਨਹੀਂ ਆਇਆ, ਜਦਕਿ ਰਾਜਨੀਤੀ ਕਰਨ ਵਾਲਿਆਂ ਨੂੰ ਰਾਜਨੀਤੀ ਸਿਖਾਉਣ ਆਇਆ ਹੈ। ਅਕਾਲੀ ਦਲ ਦੇ 25 ਸਾਲ ਰਾਜ ਕਰਨ ਦੇ ਸੁਪਨੇ ਨੂੰ ਹੰਕਾਰੀ ਕਹਿੰਦਿਆਂ ਉਨ੍ਹਾਂ ਕਿਹਾ ਕਿ ਕੈਲੰਡਰ ਤਰੀਕ ਬਦਲ ਦਿੰਦਾ ਹੈ, ਪਰ ਸਾਲ ਬਾਅਦ ਇਕ ਦਿਨ ਅਜਿਹਾ ਵੀ ਆਉਂਦਾ ਹੈ, ਜਦ ਕੈਲੰਡਰ ਵੀ ਬਦਲ ਜਾਂਦਾ ਹੈ ਤੇ ਅਗਲੀਆਂ ਵਿਧਾਨ ਸਭਾ ਚੋਣਾਂ 2017 ਵਿਚ ਉਹ ਸਮਾਂ ਆ ਰਿਹਾ ਹੈ, ਜਦੋਂ ਤੁਸੀਂ ਕੈਲੰਡਰ ਹੀ ਬਦਲ ਦੇਣਾ ਹੈ। ਉਨ੍ਹਾਂ ਕਿਹਾ ਕਿ ਲੋਕ ਨਵਾਂ ਤਜਰਬਾ ਕਰਨ ਲਈ ਵੋਟਾਂ ਦੀ ਉਡੀਕ ਵਿਚ ਹਨ।

## ਨਵੀਂ ਪਾਰਟੀ ਬਾਰੇ ਕੋਈ ਵਿਚਾਰ ਨਹੀਂ: ਗਾਂਧੀ

**ਪਟਿਆਲਾ:** ਡਾ. ਧਰਮਵੀਰ ਗਾਂਧੀ ਦਾ ਕਹਿਣਾ ਹੈ ਕਿ ਉਹ ਕੋਈ ਨਵੀਂ ਪਾਰਟੀ ਨਹੀਂ ਬਣਾਉਣਗੇ ਤੇ ਨਾ ਹੀ 'ਆਪ' ਨੂੰ ਛੱਡਣਗੇ। ਸ੍ਰੀ ਗਾਂਧੀ ਨੇ ਦੋਸ਼ ਲਾਏ ਕਿ 'ਆਪ' ਦੀ ਲੀਡਰਸ਼ਿਪ ਪੰਜਾਬ ਵਿਚ ਉਹੀ ਕੰਮ ਕਰ ਰਹੀ ਹੈ, ਜੋ ਕੰਮ ਕਰਕੇ ਬਲਵੰਤ ਸਿੰਘ ਰਾਮੂਵਾਲੀਆ ਅਤੇ ਮਨਪ੍ਰੀਤ ਸਿੰਘ ਬਾਦਲ ਜਿਹੇ ਲੀਡਰ ਫੇਲ੍ਹ ਹੋਏ ਹਨ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜੋ ਸੰਗਠਨ ਬਣਾ ਰਹੀ ਹੈ ਉਹ ਅਸਲ ਵਿਚ ਪੀ.ਪੀ.ਪੀ. ਵਾਲੀ ਹੀ ਗ਼ਲਤੀ ਕਰ ਰਹੀ ਹੈ। ਇਸ ਨਾਲ ਪੰਜਾਬ ਵਿਚ 'ਆਪ' ਫੇਲ੍ਹ ਹੋ ਜਾਵੇਗੀ ਤੇ ਇਹੀ ਅਕਾਲੀ ਦਲ ਦੀ ਲੀਡਰਸ਼ਿਪ ਚਾਹੁੰਦੀ ਹੈ।

# ਰੋਜ਼ਾਨਾ 16 ਹਜ਼ਾਰ ਬੱਚੇ ਕਹਿ ਜਾਂਦੇ ਨੇ ਦੁਨੀਆਂ ਨੂੰ ਆਖਰੀ ਅਲਵਿਦਾ

**ਹਿਊਸਟਨ:** ਇਸ ਸਾਲ ਤਕਰੀਬਨ 59 ਲੱਖ ਬੱਚੇ ਆਪਣਾ ਪੰਜਵਾਂ ਜਨਮਦਿਨ ਮਨਾਉਣ ਤੋਂ ਪਹਿਲਾਂ ਹੀ ਦੁਨੀਆਂ ਨੂੰ ਅਲਵਿਦਾ ਆਖ ਦੇਣਗੇ। ਉਨ੍ਹਾਂ ਦੀ ਮੌਤ ਰੋਕੇ ਜਾਣ ਵਾਲੇ ਕਾਰਨਾਂ ਕਰਕੇ ਹੁੰਦੀ ਹੈ। ਉਂਜ ਬਾਲ ਮੌਤ ਦਰ ਵਿਚ 1990 ਤੋਂ ਲੈ ਕੇ 50 ਫ਼ੀਸਦੀ ਤੱਕ ਡਿੱਗੀ ਹੈ। ਵਿਸ਼ਵ ਸਿਹਤ ਸੰਗਠਨ ਤੇ ਸੰਯੁਕਤ ਰਾਸ਼ਟਰ ਦੀ ਬਾਲ ਏਜੰਸੀ ਯੂਨੀਸੈਫ਼ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜ ਸਾਲ ਤੋਂ ਘੱਟ ਉਮਰ ਦੇ 16 ਹਜ਼ਾਰ ਬੱਚੇ ਰੋਜ਼ ਮੌਤ ਦੇ ਮੂੰਹ ਜਾ ਪੈਂਦੇ ਹਨ। ਇਨ੍ਹਾਂ ਵਿਚੋਂ ਤਕਰੀਬਨ ਅੱਧੇ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੁੰਦੀ ਹੈ ਤੇ 45 ਫ਼ੀਸਦੀ ਬੱਚੇ ਤਾਂ ਸਿਰਫ਼ 28 ਦਿਨਾਂ ਦਾ ਜੀਵਨ ਭੋਗ ਕੇ ਹੀ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ।

ਯੂਨੀਸੈਫ਼ ਦੀ ਉਪ ਕਾਰਜਕਾਰੀ ਨਿਰਦੇਸ਼ਕ ਗੀਤਾ ਰਾਓ ਗੁਪਤਾ ਨੇ ਭਾਵੇਂ ਬਾਲ ਮ੍ਰਿਤੂ ਦਰ ਘਟਣ 'ਤੇ ਤਸੱਲੀ ਜ਼ਾਹਰ ਕੀਤੀ ਹੈ ਪਰ ਉਸ ਦਾ ਕਹਿਣਾ ਹੈ ਕਿ ਅਜੇ ਵੀ ਵੱਡੀਆਂ ਚੁਣੌਤੀਆਂ ਬਾਕੀ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ 2000 ਤੋਂ ਲੈ ਕੇ ਹੁਣ ਤੱਕ ਦੁਨੀਆਂ ਵਿਚ ਚਾਰ ਕਰੋੜ 80 ਲੱਖ ਬੱਚਿਆਂ ਦੀ ਜਾਨ ਬਚਾਈ ਗਈ ਹੈ। ਰਿਪੋਰਟ ਮੁਤਾਬਕ ਬੱਚੇ ਦੇ ਜਨਮ ਅਸਥਾਨ 'ਤੇ ਹੀ ਉਸ ਦੇ ਜਿਉਣ ਦੇ ਮੌਕੇ ਨਿਰਭਰ ਕਰਦੇ ਹਨ। ਅਫ਼ਰੀਕਾ ਵਿਚ ਬੱਚਿਆਂ ਦੀ ਮੌਤ ਦੀ ਦਰ ਕਿਤੇ ਵੱਧ ਹੈ। ਸੰਯੁਕਤ ਰਾਸ਼ਟਰ ਦੇ ਇਸ ਮਹੀਨੇ ਹੋਣ ਵਾਲੇ ਸਿਖਰ ਸੰਮੇਲਨ ਦੌਰਾਨ ਆਲਮੀ ਆਗੂਆਂ ਵੱਲੋਂ ਅਗਲੇ 15 ਸਾਲਾਂ ਲਈ ਨਵੇਂ ਨਿਸ਼ਾਨੇ ਮਿੱਥੇ ਜਾਣ ਦੀ ਸੰਭਾਵਨਾ ਹੈ।

ਡਬਲਿਊ.ਐਚ.ਓ. ਦੇ ਸਹਾਇਕ ਡਾਇਰੈਕਟਰ ਜਨਰਲ ਡਾਕਟਰ ਫਲਾਵੀਆ ਬਸਤਰਿਓ ਨੇ ਕਿਹਾ ਕਿ ਬੱਚਿਆਂ ਦੇ ਜਨਮ ਮੌਕੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਧਾਰਨ ਜਿਹੇ ਕਦਮ ਚੁੱਕ ਕੇ ਬੱਚਿਆਂ ਨੂੰ ਬਚਾਇਆ ਜਾ ਸਕਦਾ ਹੈ। ਬੱਚਿਆਂ ਨੂੰ ਮਾਂ ਦਾ ਦੁੱਧ ਪਿਲਾਉਣ, ਬਿਮਾਰ ਬੱਚਿਆਂ ਦੀ ਸੇਵਾ ਕਰਕੇ ਹਰੇਕ ਸਾਲ ਹਜ਼ਾਰਾਂ ਬੱਚਿਆਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।



## ਰੇਲ ਹਾਦਸੇ 'ਚ ਦੋ ਬਰਤਾਨਵੀ ਨਾਗਰਿਕਾਂ ਦੀ ਮੌਤ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਵਿਚ ਪਰਵਾਣੂ ਨੇੜੇ ਤਕਸਾਲ ਕੋਲ ਕਾਲਕਾ ਤੋਂ ਸ਼ਿਮਲਾ ਜਾ ਰਹੀ ਚਾਰਟਡ ਟਰੇਨ ਦੇ ਪਟੜੀ ਤੋਂ ਲਹਿ ਜਾਣ ਕਰਕੇ ਦੋ ਬ੍ਰਿਟਿਸ਼ ਸੈਲਾਨੀਆਂ ਦੀ ਮੌਤ ਹੋ ਗਈ ਤੇ 10 ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਬ੍ਰਿਟਿਸ਼ ਨਾਗਰਿਕ 53 ਸਾਲਾ ਲੋਰੇਨ ਟੂਨਰ, 58 ਸਾਲਾ ਹੈਲਨ ਕਲਡਰ ਵਜੋਂ ਹੋਈ ਹੈ। ਵਿਦੇਸ਼ੀ ਸੈਲਾਨੀਆਂ ਨੇ ਦੋਸ਼ ਲਾਇਆ ਹੈ ਕਿ ਹਾਦਸਾ ਤੇਜ਼ ਰਫ਼ਤਾਰ ਕਰਕੇ ਹੋਇਆ ਹੈ, ਜਦੋਂ ਕਿ ਗੱਡੀ ਦੇ ਡਰਾਈਵਰ ਦਾ ਕਹਿਣਾ ਹੈ ਕਿ ਗੱਡੀ ਦੀ ਰਫ਼ਤਾਰ ਸਿਰਫ 20 ਕਿਲੋਮੀਟਰ ਹੀ ਸੀ। ਇਸ ਗੱਡੀ ਦੀਆਂ ਚਾਰ ਬੋਗੀਆਂ ਨੂੰ 37 ਵਿਦੇਸ਼ੀ ਸੈਲਾਨੀਆਂ ਨੇ ਕਿਰਾਏ 'ਤੇ ਲਿਆ ਸੀ ਤੇ ਕਾਲਕਾ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਤਕਸਾਲ ਕੋਲ ਇਸ ਦੀਆਂ ਤਿੰਨ ਬੋਗੀਆਂ ਪਟੜੀ ਤੋਂ ਲਹਿ ਗਈਆਂ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਕਮੇਟੀ ਦਾ ਗਠਨ ਕਰ ਦਿੱਤਾ ਹੈ।

# ਅਮਰੀਕਾ ਵਿਚ ਹੋਵੇਗਾ ਤੀਜਾ ਕੌਮਾਂਤਰੀ ਹਿੰਦੀ ਸੰਮੇਲਨ

**ਵਾਸ਼ਿੰਗਟਨ:** ਹਿੰਦੀ ਭਾਸ਼ਾ ਉੱਤੇ ਅਗਲੇ ਸਾਲ ਚਾਰ ਤੋਂ ਛੇ ਮਾਰਚ ਤੱਕ ਅਮਰੀਕਾ ਦੇ ਸ਼ਹਿਰ ਨਿਊ ਜਰਸੀ ਵਿਚ ਕੌਮਾਂਤਰੀ ਸੰਮੇਲਨ ਹੋਣ ਜਾ ਰਿਹਾ ਹੈ। 2016 ਵਿਚ ਹੋਣ ਜਾ ਰਹੇ ਸੰਮੇਲਨ ਦਾ ਉਦੇਸ਼ ਹਿੰਦੀ ਭਾਸ਼ਾ ਦੇ ਵਿਸਥਾਰ ਤੇ ਪਰਵਾਸੀ ਭਾਈਚਾਰੇ ਵਿਚ ਹਿੰਦੀ ਦੀ ਵਰਤੋਂ ਨੂੰ ਵਧਾਉਣਾ ਹੈ।

ਤੀਜੇ ਕੌਮਾਂਤਰੀ ਹਿੰਦੀ ਸੰਮੇਲਨ ਦਾ ਪ੍ਰਬੰਧ ਅਮਰੀਕਾ ਦੀ ਹਿੰਦੀ ਸੰਗਮ ਫਾਊਡੇਸ਼ਨ ਵੱਲੋਂ ਕੀਤਾ ਜਾਵੇਗਾ। ਹਿੰਦੀ ਸੰਗਮ ਫਾਊਡੇਸ਼ਨ ਦੇ ਪ੍ਰਬੰਧਕ ਅਸ਼ੋਕ ਓਝਾ ਮੁਤਾਬਕ ਨਿਊ ਜਰਸੀ ਵਿਚ ਹੋਣ ਵਾਲੇ ਹਿੰਦੀ ਸੰਮੇਲਨ ਦਾ ਵਿਸ਼ਾ ਲੋਕਤੰਤਰਿਕ ਭਾਸ਼ਾ ਦੇ ਰੂਪ ਵਿਚ ਹਿੰਦੀ ਦਾ ਵਿਕਾਸ ਹੈ। ਹਿੰਦੀ ਸੰਮੇਲਨ ਵਿਚ ਪੂਰੀ ਦੁਨੀਆਂ ਵਿਚ ਰਹਿਣ ਵਾਲੇ ਹਿੰਦੀ ਭਾਸ਼ਾ ਦੇ ਵਿਦਵਾਨ ਹਿੱਸੇ ਲੈਣਗੇ। ਪਿਛਲੇ ਸਾਲ ਵੀ ਦੱਖਣੀ ਅਫਰੀਕਾ ਵਿਚ ਹਿੰਦੀ ਭਾਸ਼ਾ ਉਤੇ ਕੌਮਾਂਤਰੀ ਪੱਧਰ ਦਾ ਸੰਮੇਲਨ ਹੋਇਆ ਸੀ।



## ਕਸ਼ਮੀਰ ਮੈਰਾਥਨ 'ਚ ਹੰਗਾਮਾ

**ਸ੍ਰੀਨਗਰ:** ਕਸ਼ਮੀਰ ਯੂਨੀਵਰਸਿਟੀ ਵਿਚ ਹੋਈ ਮੈਰਾਥਨ ਦੌਰਾਨ ਨੌਜਵਾਨਾਂ ਤੇ ਸੁਰੱਖਿਆ ਬਲਾਂ ਵਿਚਾਲੇ ਹਿੰਸਕ ਝੜਪ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਨੌਜਵਾਨਾਂ ਨੇ ਪਾਕਿਸਤਾਨ ਦੇ ਝੰਡੇ ਲਹਿਰਾਏ ਤੇ ਭਾਰਤ ਵਿਰੋਧੀ ਨਾਅਰੇਬਾਜ਼ੀ ਕੀਤੀ। ਇਸ ਮੈਰਾਥਨ ਵਿਚ ਕੁਝ ਮੰਤਰੀ ਤੇ ਸਿਵਲ ਅਧਿਕਾਰੀ ਵੀ ਸ਼ਾਮਲ ਸਨ। ਭੜਕੇ ਨੌਜਵਾਨਾਂ ਨੇ ਮੰਚ ਤੋੜ ਦਿੱਤਾ ਤੇ ਪੁਲਿਸ ਦੇ ਵਾਹਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਵੀ ਕੀਤੀ।

ਨੌਜਵਾਨਾਂ ਨੇ ਯੂਨੀਵਰਸਿਟੀ ਕੈਂਪਸ ਵਿਚ ਸੁਰੱਖਿਆ ਬਲਾਂ 'ਤੇ ਜਮ ਕੇ ਪੱਥਰਬਾਜ਼ੀ ਵੀ ਕੀਤੀ। ਹਾਲਾਤਾਂ 'ਤੇ ਕਾਬੂ ਪਾਉਣ ਲਈ ਸੈਨਾ ਦੀਆਂ ਟੁਕੜੀਆਂ ਮੌਕੇ ਉਤੇ ਪਹੁੰਚੀਆਂ। ਪ੍ਰਬੰਧਕਾਂ ਨੇ ਇਸ ਪ੍ਰੋਗਰਾਮ ਨੂੰ ਸ੍ਰੀਨਗਰ ਦੇ ਪਹਿਲੇ ਕੌਮਾਂਤਰੀ ਮੈਰਾਥਨ ਦੇ ਰੂਪ ਵਿਚ ਪ੍ਰਚਾਰਤ ਕੀਤਾ ਸੀ। ਇਸ ਵਿਚ ਹਰ ਕਿਸੇ ਨੂੰ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ।

# ਕਤਲੇਆਮ 84: ਸੱਜਣ ਕੁਮਾਰ ਨੇ ਹੀ ਭੀੜ ਨੂੰ ਭੜਕਾਇਆ ਸੀ

## ਕਤਲੇਆਮ ਪੀੜਤ ਸ਼ੀਲਾ ਕੌਰ ਨੇ ਦਿੱਤੀ ਗਵਾਹੀ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਮੁੱਖ ਮੁਲਜ਼ਮ ਸੱਜਣ ਕੁਮਾਰ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਹੋਰ ਮਜ਼ਬੂਤ ਹੋ ਗਿਆ। ਸੁਲਤਾਨਪੁਰੀ ਵਿਖੇ ਕਤਲੇਆਮ ਦੌਰਾਨ ਜਾਨੀ ਤੇ ਮਾਲੀ ਨੁਕਸਾਨ ਸਹਿਣ ਵਾਲੀ ਬੀਬੀ ਸ਼ੀਲਾ ਕੌਰ ਨੇ ਦਿੱਲੀ ਦੀ ਕੜਕੜਡੂਮਾ ਅਦਾਲਤ ਵਿਚ ਸਾਰੀ ਘਟਨਾ ਲਈ ਸੱਜਣ ਕੁਮਾਰ ਦੀ ਨਿਸ਼ਾਨਦੇਹੀ ਕੀਤੀ। ਜੱਜ ਕਮਲੇਸ਼ ਕੁਮਾਰ ਦੀ ਅਦਾਲਤ ਵਿਚ ਉਸ ਨੇ ਗਵਾਹੀ ਦਿੰਦਿਆਂ ਸੱਜਣ ਕੁਮਾਰ ਉਤੇ ਸਿੱਖਾਂ ਨੂੰ ਮਾਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ੀ ਠਹਿਰਾਇਆ। ਆਪਣੇ ਵਕੀਲ ਗੁਰਬਖਸ਼ ਸਿੰਘ ਤੇ ਲਖਮੀ ਚੰਦ ਨਾਲ ਅਦਾਲਤ ਪੁੱਜੀ ਸ਼ੀਲਾ ਕੌਰ ਨੇ ਅਦਾਲਤ ਵਿਚ ਦੱਸਿਆ ਕਿ ਪਹਿਲੀ ਨਵੰਬਰ 1984 ਨੂੰ ਸੱਜਣ ਕੁਮਾਰ ਨੇ ਸਿੱਖਾਂ ਖ਼ਿਲਾਫ਼ ਦੂਸ਼ਣਬਾਜ਼ੀ ਕਰਦਿਆਂ ਸਿੱਖ ਕੌਮ ਨੂੰ ਖ਼ਤਮ ਕਰਨ ਲਈ ਆਖਿਆ ਸੀ. ਇਸ ਮੌਕੇ ਅਦਾਲਤ ਵਿਚ ਮੌਜੂਦ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਮੀਤ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਲਾਹਕਾਰ ਜਸਵਿੰਦਰ ਸਿੰਘ ਜੌਲੀ ਨੇ ਕਿਹਾ ਕਿ ਬੀਬੀ ਸ਼ੀਲਾ ਕੌਰ ਨੇ ਦਲੇਰੀ ਨਾਲ ਅਦਾਲਤ ਵਿਚ ਗਵਾਹੀ ਦਿੱਤੀ ਹੈ। ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੱਕ ਕਮੇਟੀ ਵੱਲੋਂ ਕਤਲੇਆਮ ਦੇ ਪੀੜਤਾਂ ਨੂੰ ਸਮਾਜਿਕ, ਵਿਦਿਅਕ, ਆਰਥਿਕ ਤੇ ਕਾਨੂੰਨੀ ਸਹਾਇਤਾ ਜਾਰੀ ਰੱਖੀ ਜਾਏਗੀ। ਉਨ੍ਹਾਂ ਪੀੜਤਾਂ ਨੂੰ ਅਪੀਲ ਕੀਤੀ ਕਿ ਵਿਸ਼ੇਸ਼ ਜਾਂਚ ਟੀਮ ਤੱਕ ਆਪਣੀ ਗੱਲ ਪੁਖ਼ਤਾ ਢੰਗ ਨਾਲ ਰੱਖਣ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕਤਲੇਆਮ ਪੀੜਤਾਂ ਦਾ ਸਰਕਾਰ ਖਿਲਾਫ ਰੋਹ ਤੇ ਰੋਸ

**ਲੁਧਿਆਣਾ:** 1984 ਦੇ ਸਿੱਖ ਕਤਲੇਆਮ ਪੀੜਤਾਂ ਨੇ ਸਰਕਾਰ 'ਤੇ ਵਾਅਦਾਖਿਲਾਫੀ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਜੇਕਰ ਇਨ੍ਹਾਂ 'ਤੇ ਗੌਰ ਨਾ ਕੀਤੀ ਗਈ ਤਾਂ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ। ਸਰਕਾਰ ਦੇ ਭਰੋਸੇ ਪਿੱਛੋਂ ਪੀੜਤਾਂ ਨੇ ਤਿੰਨ ਦਿਨਾਂ ਪਿੱਛੋਂ ਭਾਵੇਂ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ ਪਰ ਸੰਘਰਸ਼ ਜਾਰੀ ਰੱਖਣ ਦੀ ਐਲਾਨ ਕੀਤਾ ਹੈ। ਦੰਗਾ ਪੀੜਤ ਡੀ.ਸੀ. ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ। ਭੁੱਖ ਹੜਤਾਲ ਉਤੇ ਬੈਠੀਆਂ ਦੰਗਾ ਪੀੜਤ ਵਿਧਵਾਵਾਂ ਨੇ ਕਿਹਾ ਕਿ ਉਨ੍ਹਾਂ ਨੇ ਮੰਗਾਂ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖਤੀ ਰੂਪ ਵਿਚ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਛੇਤੀ ਉਨ੍ਹਾਂ ਨੂੰ ਇਨਸਾਫ਼ ਦੇਵੇ। ਉਨ੍ਹਾਂ ਕਿਹਾ ਕਿ ਸਰਕਾਰ ਵਾਰ-ਵਾਰ ਵਾਅਦੇ ਕਰ ਕੇ ਫਿਰ ਆਪ ਹੀ ਮੁੱਕਰ ਜਾਂਦੀ ਹੈ।



# ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦਾ ਪੁਨਰਗਠਨ

## ਜਸਪ੍ਰੀਤ ਸਿੰਘ ਅਟਾਰਨੀ ਉਚ ਤਾਕਤੀ ਕੋਰ ਕਮੇਟੀ ਦੇ ਚੇਅਰਮੈਨ ਅਤੇ ਮੁੱਖ ਕਾਨੂੰਨੀ ਸਲਾਹਕਾਰ ਬਣੇ

**ਚੰਡੀਗੜ੍ਹ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਜੱਥੇਬੰਦਕ ਢਾਂਚੇ ਦੇ ਪੁਨਰਗਠਨ ਦਾ ਐਲਾਨ ਕਰ ਦਿੱਤਾ ਹੈ।


ਇਥੇ ਜਾਰੀ ਇਕ ਬਿਆਨ ਅਨੁਸਾਰ ਪਾਰਟੀ ਪ੍ਰਧਾਨ ਨੇ ਜਸਪ੍ਰੀਤ ਸਿੰਘ ਅਟਾਰਨੀ ਨੂੰ ਉਚ ਤਾਕਤੀ ਕੋਰ ਕਮੇਟੀ ਦਾ ਚੇਅਰਮੈਨ ਅਤੇ ਮੁੱਖ ਕਾਨੂੰਨੀ ਸਲਾਹਕਾਰ ਬਣਾਇਆ ਗਿਆ ਹੈ। ਅਕਾਲੀ ਦਲ, ਅਮਰੀਕਾ ਦਾ ਸਾਰਾ ਕੰਮਕਾਰ ਇਹ ਕੋਰ ਕਮੇਟੀ ਸੰਭਾਲੇਗੀ। ਕੋਰ ਕਮੇਟੀ ਦੇ ਬਾਕੀ ਮੈਂਬਰਾਂ ਵਿਚ ਸਤਪਾਲ ਸਿੰਘ ਬਰਾੜ ਵਰਜੀਨੀਆ, ਰਘਬੀਰ ਸਿੰਘ ਸੁਭਾਨਪੁਰ ਨਿਊ ਯਾਰਕ, ਕੁਲਵੰਤ ਸਿੰਘ ਖਹਿਰਾ ਸੈਨ ਹੋਜ਼ੇ, ਸੁਰਜੀਤ ਸਿੰਘ ਬੇਕਰਜ਼ਫੀਲਡ, ਸੁਰਜੀਤ ਸਿੰਘ ਟੁੱਟ, ਚਰਨਜੀਤ ਸਿੰਘ ਬਾਠ, ਅਮਰੀਕ ਸਿੰਘ (ਅਮਰ ਕਾਰਪੈਟ) ਸ਼ਿਕਾਗੋ, ਮੋਹਨ ਸਿੰਘ ਖਟੜਾ ਨਿਊ ਯਾਰਕ, ਅਰਵਿੰਦਰ ਸਿੰਘ ਲਖਣ ਪੋਰਟਰਵਿਲ (ਕੈਲੀਫੋਰਨੀਆ), ਹਾਕਮਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਗਿੱਲ, ਹਰਕੇਸ਼ ਸਿੰਘ ਸਿੱਧੂ, ਮੁਖਤਿਆਰ ਸਿੰਘ ਹੀਰ, ਹਰਬੰਸ ਸਿੰਘ ਚਾਹਲ, ਹਰਬੰਸ ਸਿੰਘ ਢਿੱਲੋਂ, ਬਲਦੇਵ ਸਿੰਘ ਇੰਡਿਆਨਾ ਅਤੇ ਬਚਨ ਸਿੰਘ ਗਿੱਲ ਮਿਲਵਾਕੀ ਸ਼ਾਮਲ ਹਨ।

ਇਸ ਤੋਂ ਇਲਾਵਾ ਵੈਸਟ ਕੋਸਟ ਦੇ ਰਾਜਾਂ ਕੈਲੀਫੋਰਨੀਆ, ਨੇਵਾਡਾ, ਵਾਸ਼ਿੰਗਟਨ, ਐਰੀਜੋਨਾ, ਓਰੇਗਾਨ ਅਤੇ ਕਾਲੋਰਾਡੋ ਦਾ ਮੁੱਖ ਸਰਪ੍ਰਸਤ ਦੀਦਾਰ ਸਿੰਘ ਬੈਂਸ ਅਤੇ ਸਰਪ੍ਰਸਤ ਹਰਿੰਦਰ ਸਿੰਘ (ਹੈਰੀ) ਗਿੱਲ ਨੂੰ ਥਾਪਿਆ ਗਿਆ ਹੈ। ਹੋਰ ਨਿਯੁਕਤੀਆਂ ਅਨੁਸਾਰ ਕੁਲਵੰਤ ਸਿੰਘ ਖਹਿਰਾ ਸੈਨ ਹੋਜ਼ੇ ਨੂੰ ਪ੍ਰਧਾਨ, ਗੁਰਨਾਮ ਸਿੰਘ ਪੰਮਾ ਯੂਬਾ ਸਿਟੀ ਨੂੰ ਚੇਅਰਮੈਨ, ਸਰਬਜੋਤ ਸਿੰਘ ਸਵੱਦੀ ਨੂੰ ਸਕੱਤਰ ਜਨਰਲ, ਹਰਬੰਸ ਸਿੰਘ ਚਾਹਲ ਸੈਕਰਾਮੈਂਟੋ ਨੂੰ ਸੀਨੀਅਰ ਉਪ ਪ੍ਰਧਾਨ, ਨਰਿੰਦਰਪਾਲ ਸਿੰਘ ਹੁੰਦਲ ਸੈਕਰਾਮੈਂਟੋ ਨੂੰ ਉਪ ਪ੍ਰਧਾਨ ਅਤੇ ਪ੍ਰੀਤਮ ਸਿੰਘ ਗਰੇਵਾਲ ਸੈਨ ਹੋਜ਼ੇ, ਕੁਲਵੰਤ ਸਿੰਘ ਨਿੱਜਰ ਤੇ ਦਲਬੀਰ ਸਿੰਘ ਸੰਘੇੜਾ ਨੂੰ ਜਨਰਲ ਸਕੱਤਰ ਅਤੇ ਬੂਟਾ ਸਿੰਘ ਬਾਸੀ ਮਾਡੈਸਟੋ ਨੂੰ ਮੀਡੀਆ ਇੰਚਾਰਜ ਬਣਾਇਆ ਗਿਆ ਹੈ।


ਬਲਜੀਤ ਸਿੰਘ ਮਾਨ ਓਕਲੈਂਡ ਨੂੰ ਕੈਲੀਫੋਰਨੀਆ ਸਟੇਟ ਦਾ ਪ੍ਰਧਾਨ ਅਤੇ ਰੌਣਕ ਸਿੰਘ ਲਾਸ ਏਂਜਲਸ ਨੂੰ ਚੇਅਰਮੈਨ ਥਾਪਿਆ ਗਿਆ ਹੈ। ਹੋਰਨਾਂ ਮੈਂਬਰਾਂ ਵਿਚ ਸਰਬਜੋਤ ਸਿੰਘ ਸਵੱਦੀ ਨੂੰ ਸਕੱਤਰ ਜਨਰਲ, ਦਿਲਬਾਗ ਸਿੰਘ ਬੈਂਸ, ਸੁਰਜੀਤ ਸਿੰਘ ਮੱਲੀ ਲਾਸ ਏਂਜਲਸ, ਕਰਮਜੀਤ ਸਿੰਘ ਰਾਠੌੜ ਅਤੇ ਹਰਬੰਸ ਸਿੰਘ ਚਾਹਲ ਨੂੰ ਸੀਨੀਅਰ ਉਪ ਪ੍ਰਧਾਨ, ਨਰਦੇਵ ਸਿੰਘ ਰਾਣਾ ਬੇਕਰਜ਼ਫੀਲਡ, ਇੰਦਰਜੀਤ ਸਿੰਘ ਲੈਥਰੋਪ, ਪ੍ਰਿਤਪਾਲ ਸਿੰਘ ਬਾਲੂ ਮਾਡੈਸਟੋ, ਸਰਬਜੀਤ ਸਿੰਘ ਸਰਾਓ, ਕਰਨੈਲ ਸਿੰਘ ਗਿੱਲ ਅਤੇ ਅਮਨਪ੍ਰੀਤ ਸਿੰਘ ਮੁਲਤਾਨੀ ਟਿੱਕੂ ਨੂੰ ਉਪ ਪ੍ਰਧਾਨ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਬਾਲੂ ਸਿੰਘ ਤਦੇਸਤੋ, ਕਰਮਦੀਪ ਸਿੰਘ ਯੂਬਾ ਸਿਟੀ, ਗੁਰਪ੍ਰੀਤ ਸਿੰਘ ਫਰਿਜ਼ਨੋ, ਬਲਦੇਵ ਸਿੰਘ ਕੰਗ ਅਤੇ ਮਨਜਿੰਦਰ ਸਿੰਘ ਹੇਅਰ ਨੂੰ ਸਕੱਤਰ ਥਾਪਿਆ ਗਿਆ ਹੈ। ਜੋਬਨਜੀਤ ਸਿੰਘ ਕੰਗ, ਬੂਟਾ ਸਿੰਘ ਜੌਹਲ, ਸਰਬ ਥਿਆੜਾ, ਸੋਨੀ ਬਰਾੜ, ਸੇਵਾ ਸਿੰਘ ਸਿੱਧੂ, ਜੱਸ ਬੈਂਸ, ਜੀ.ਐਸ. ਭੁੱਲਰ, ਅੰਮ੍ਰਿਤਪਾਲ ਸਿੰਘ ਪਾਲਾ, ਸੁਖਦੇਵ ਸਿੰਘ ਅਤੇ ਭੁਪਿੰਦਰ ਸਿੰਘ ਭਿੰਡਾ ਨੂੰ ਵਰਕਿੰਗ ਕਮੇਟੀ ਵਿਚ ਲਿਆ ਗਿਆ ਹੈ।

ਜਗਤਾਰ ਸਿੰਘ ਜੌਹਲ ਨੂੰ ਨੇਵਾਡਾ ਸਟੇਟ ਦਾ ਪ੍ਰਧਾਨ ਜਦੋਂਕਿ ਸੁਖਦੇਵ ਸਿੰਘ ਹੁੰਦਲ ਨੂੰ ਚੇਅਰਮੈਨ, ਨਵਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਨੱਛਤਰ ਸਿਘ ਗੋਸਲ ਨੂੰ ਉਪ ਪ੍ਰਧਾਨ ਅਤੇ ਬਿਸ਼ਨ ਸਿੰਘ ਪਰਮਾਰ ਨੂੰ ਸਕੱਤਰ ਜਨਰਲ ਥਾਪਿਆ ਗਿਆ ਹੈ।

ਈਸਟ ਕੋਸਟ ਜੋਨ ਦੀਆਂ ਸਟੇਟਾਂ ਨਿਊ ਯਾਰਕ, ਨਿਊ ਜਰਸੀ, ਪੈਨਸਿਲਵੇਨੀਆ, ਵਰਜੀਨੀਆ, ਵਾਸ਼ਿੰਗਟਨ ਡੀ.ਸੀ, ਮੈਰੀਲੈਂਡ, ਜਾਰਜੀਆ ਅਤੇ ਮੈਸਾਚੂਸੈਟਸ ਲਈ ਨਿਯੁਕਤੀਆਂ ਇਸ ਤਰ੍ਹਾਂ ਕੀਤੀਆਂ ਗਈਆਂ ਹਨ: ਸਰਪ੍ਰਸਤ ਮਾਸਟਰ ਮੋਹਿੰਦਰ ਸਿੰਘ, ਪ੍ਰਧਾਨ ਮੋਹਨ ਸਿੰਘ ਖਟੜਾ ਨਿਊ ਯਾਰਕ, ਚੇਅਰਮੈਨ ਤੇ ਮੁੱਖ ਬੁਲਾਰਾ ਸੱਤਪਾਲ ਸਿੰਘ ਬਰਾੜ ਵਰਜੀਨੀਆ; ਸੀਨੀਅਰ ਉਪ ਪ੍ਰਧਾਨ-ਜਰਨੈਲ ਸਿੰਘ ਗਿੱਲਜੀਆਂ, ਪ੍ਰੀਤਮ ਸਿੰਘ ਗਿੱਲਜੀਆਂ, ਹਰਬੰਸ ਸਿੰਘ ਢਿਲੋਂ ਅਤੇ ਸੁਰਿੰਦਰ ਸਿੰਘ ਗਿੱਲ ਮੈਰੀਲੈਂਡ ਜਦੋਂਕਿ ਸਕੱਤਰ ਜਨਰਲ


ਅਟਾਰਨੀ ਜਸਪ੍ਰੀਤ ਸਿੰਘ


ਕੁਲਵੰਤ ਸਿੰਘ ਖਹਿਰਾ


ਪ੍ਰੀਤਮ ਸਿੰਘ ਗਰੇਵਾਲ

ਦਲਵਿੰਦਰ ਸਿੰਘ ਬਿੱਟੂ (ਬਿੱਟੂ ਸਿੱਧੂ) ਨਿਊ ਯਾਰਕ; ਮੀਤ ਪ੍ਰਧਾਨ-ਮਲਕੀਤ ਸਿੰਘ ਸਰੀਂਹ ਨਿਊ ਯਾਰਕ ਤੇ ਸੁਖਜਿੰਦਰ ਸਿੰਘ ਸੁਭਾਨਪੁਰ; ਜਨਰਲ ਸਕੱਤਰ-ਹਰਜੀਤ ਸਿੰਘ ਹੁੰਦਲ ਵਰਜੀਨੀਆ, ਅਮਰਜੀਤ ਸਿੰਘ ਸੰਧੂ ਐਮ.ਡੀ. ਤੇ ਬਲਵਿੰਦਰ ਸਿੰਘ ਮੁਰੱਬੀਆ (ਬੇਗੋਵਾਲੀਆ) ਅਤੇ ਸਕੱਤਰ ਜਰਨੈਲ ਸਿੰਘ ਗੋਰਾਲਾ। ਹਰਬਖਸ਼ ਸਿੰਘ ਤਾਹਿਲ ਨਿਊ ਯਾਰਕ ਤੇ ਡਾ. ਸੁਰਿੰਦਰ ਸਿੰਘ ਗਿੱਲ ਐਮ.ਡੀ. ਨੂੰ ਮੀਡੀਆ ਇੰਚਾਰਜ ਬਣਾਇਆ ਗਿਆ ਹੈ।

ਈਸਟ ਕੋਸਟ ਦੀਆਂ ਸਟੇਟਾਂ ਲਈ ਅਕਾਲੀ ਦਲ ਦੀਆਂ ਇਕਾਈਆਂ ਦਾ ਪੁਨਰਗਠਨ ਇਸ ਤਰ੍ਹਾਂ ਕੀਤਾ ਗਿਆ ਹੈ:

ਨਿਊ ਯਾਰਕ ਸਟੇਟ ਇਕਾਈ-ਪ੍ਰਧਾਨ ਹਰਬੰਸ ਸਿੰਘ ਢਿੱਲੋਂ, ਚੇਅਰਮੈਨ ਰਘਬੀਰ ਸਿੰਘ ਸੁਭਾਨਪੁਰ ਸੀਨੀਅਰ ਮੀਤ ਪ੍ਰਧਾਨ ਹਿੰਮਤ ਸਿੰਘ ਸਰਪੰਚ, ਭੁਪਿੰਦਰ ਸਿੰਘ ਸਨੌਰ ਨਿਊ ਯਾਰਕ, ਰਣਜੀਤ ਸਿੰਘ, ਹਰਮੀਤ ਪਾਲ ਸਿੰਘ ਨਿਊ ਯਾਰਕ, ਕਰਨੈਲ ਸਿੰਘ ਬਾਠ, ਜਨਰਲ ਸਕੱਤਰ ਪਿਆਰਾ ਸਿੰਘ ਬਰਨਾਲਾ, ਬਲਵਿੰਦਰ ਸਿੰਘ ਨਿਊ ਯਾਰਕ, ਹਾਕਮ ਸਿੰਘ ਗਰੇਵਾਲ; ਕਾਰਜਕਾਰੀ ਕਮੇਟੀ ਵਿਚ ਸੁਰਿੰਦਰ ਸਿੰਘ, ਚਰਨਜੀਤ ਸਿੰਘ ਅਤੇ ਸੰਤੋਖ ਸਿੰਘ ਸੋਹਲ ਨੂੰ ਲਿਆ ਗਿਆ ਹੈ।

**ਨਿਊ ਜਰਸੀ ਸਟੇਟ:** ਪ੍ਰਧਾਨ ਹਰਦੀਪ ਸਿੰਘ ਗੋਲਡੀ, ਚੇਅਰਮੈਨ ਜਸਵੰਤ ਸਿੰਘ ਚੀਮਾ, ਸਕੱਤਰ ਜਨਰਲ ਸਰਵਣ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਭੁੱਲਰ, ਜਸਕਰਨ ਸਿੰਘ ਧਾਲੀਵਾਲ।

**ਮੈਰੀਲੈਂਡ ਸਟੇਟ:** ਪ੍ਰਧਾਨ ਹਰਬੰਸ ਸਿੰਘ ਸੰਧੂ, ਚੇਅਰਮੈਨ ਅਜੀਤ ਸਿੰਘ ਸਾਹੀ, ਸਕੱਤਰ ਜਨਰਲ ਗੁਰਮੇਲ ਸਿੰਘ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਮੱਲ੍ਹੀ, ਮੀਤ ਪ੍ਰਧਾਨ ਪਰਮਜੀਤ ਸਿੰਘ।

**ਵਾਸ਼ਿੰਗਟਨ ਡੀ.ਸੀ.:** ਪ੍ਰਧਾਨ ਪ੍ਰਤਾਪ ਸਿੰਘ ਤਰਨ ਤਾਰਨ, ਚੇਅਰਮੈਨ ਲਖਬੀਰ ਸਿੰਘ ਤੱਖਰ, ਸਕੱਤਰ ਜਨਰਲ ਰਾਜਿੰਦਰ ਸਿੰਘ ਭੁੱਲਰ, ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਖਾਲਸਾ, ਮੀਤ ਪ੍ਰਧਾਨ ਹਾਕਮ ਸਿੰਘ ਸੋਂਧ।

**ਵਰਜੀਨੀਆ ਸਟੇਟ ਇਕਾਈ:** ਪ੍ਰਧਾਨ ਕੁਲਦੀਪ ਸਿੰਘ ਮਲਾਹ, ਚੇਅਰਮੈਨ ਬਾਬੂ ਸਿੰਘ ਬਾਘਾ ਪੁਰਾਣਾ, ਸਕੱਤਰ ਜਨਰਲ ਸਾਹਿਬ ਸਿੰਘ ਸਿੱਧੂ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਬਰਾੜ, ਮੀਤ ਪ੍ਰਧਾਨ ਗੁਰਚਰਨ ਸਿੰਘ ਲਾਲੀ, ਸਕੱਤਰ ਐਸ ਐਸ ਸੰਧੂ ਬਾਲਟੀਮੋਰ।

**ਜਾਰਜੀਆ ਸਟੇਟ:** ਪ੍ਰਧਾਨ ਸਰਦਾਰਾ ਸਿੰਘ ਕਿਸ਼ਨਪੁਰਾ, ਚੇਅਰਮੈਨ ਜੋਗਾ ਸਿੰਘ ਨਵਾਂ ਸ਼ਹਿਰ, ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਚੀਮਾ, ਮੀਤ ਪ੍ਰਧਾਨ ਕੁਲਵਿੰਦਰ ਸਿੰਘ, ਸਕੱਤਰ ਜਨਰਲ ਬਲਬੀਰ ਸਿੰਘ ਸਾਹਬਪੁਰ, ਜਨਰਲ ਸਕੱਤਰ ਹਰਨੇਕ ਸਿੰਘ, ਬਲਬੀਰ ਸਿੰਘ ਪਾਲਾ, ਪ੍ਰੇਮ ਸਿੰਘ ਰੰਧਾਵਾ, ਖਜਾਨਚੀ ਲਵਲੀ ਰੰਧਾਵਾ।

ਮਿਡਵੈਸਟ ਜੋਨ, ਜਿਸ ਵਿਚ ਇਲੀਨਾਏ, ਇੰਡਿਆਨਾ, ਓਹਾਇਓ, ਵਿਸਕਾਨਸਿਨ, ਮਿਸ਼ੀਗਨ ਅਤੇ ਕੈਨਟਕੀ ਸਟੇਟਾਂ ਸ਼ਾਮਲ ਹਨ, ਦਾ ਪ੍ਰਧਾਨ ਬਲਦੇਵ ਸਿੰਘ ਸੱਲ੍ਹਾਂ ਇੰਡਿਆਨਾ, ਚੇਅਰਮੈਨ ਬਚਨ ਸਿੰਘ ਗਿੱਲ, ਸਕੱਤਰ ਜਨਰਲ ਹਰਸ਼ਰਨ ਸਿੰਘ ਘੁਮਾਣ ਇੰਡਿਆਨਾ, ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਘੋਤੜਾ, ਮੀਤ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ, ਜਨਰਲ ਸਕੱਤਰ ਗੁਰਮੀਤ ਸਿੰਘ ਭੋਲਾ ਤੇ ਭੁਪਿੰਦਰ ਸਿੰਘ ਖਾਲਸਾ ਡਿਟਰਾਇਟ ਬਣਾਏ ਗਏ ਹਨ। ਸਟੇਟਾਂ ਦੇ ਹਿਸਾਬ ਨਿਯੁਕਤੀਆਂ ਇਸ ਤਰ੍ਹਾਂ ਕੀਤੀਆਂ ਗਈਆਂ ਹਨ:

**ਇਲੀਨਾਏ ਸਟੇਟ:** ਪ੍ਰਧਾਨ ਯਾਦਵਿੰਦਰ ਸਿੰਘ ਗਰੇਵਾਲ, ਚੇਅਰਮੈਨ ਮੁਖਤਿਆਰ ਸਿੰਘ ਹੀਰ ਅਤੇ ਸਕੱਤਰ ਜਨਰਲ ਲਖਵੰਤ ਸਿੰਘ ਕੋਮਲ।

**ਇੰਡਿਆਨਾ ਸਟੇਟ:** ਪ੍ਰਧਾਨ ਗੁਰਪ੍ਰੀਤ ਸਿੰਘ ਸੱਲ੍ਹਾਂ, ਚੇਅਰਮੈਨ ਸਰਬਜੀਤ ਸਿੰਘ।

## ਜਗਤਾਰ ਸਿੰਘ ਤਾਰਾ ਵੱਲੋਂ ਕੇਸ ਲੜਨ ਤੋਂ ਮੁੜ ਨਾਂਹ

**ਚੰਡੀਗੜ੍ਹ:** ਬੁੜੈਲ ਜੇਲ੍ਹ ਕੇਸ ਦੀ ਸੁਣਵਾਈ ਦੌਰਾਨ ਮੁਲਜ਼ਮ ਜਗਤਾਰ ਸਿੰਘ ਤਾਰਾ ਨੇ ਕੇਸ ਲੜਨ ਤੋਂ ਮੁੜ ਨਾਂਹ ਕਰ ਦਿੱਤੀ ਹੈ। ਉਸ ਨੇ ਕੇਸ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਚੱਲ ਰਹੀ ਸੁਣਵਾਈ ਦੌਰਾਨ ਅਦਾਲਤ ਨੂੰ ਇਹ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਉਹ ਆਪਣੇ ਵਕੀਲ ਸਿਮਰਜੀਤ ਸਿੰਘ ਕੋਲ ਵੀ ਅਜਿਹੀ ਇੱਛਾ ਪ੍ਰਗਟ ਕਰਦਾ ਰਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ 14 ਅਕਤੂਬਰ ਨੂੰ ਹੋਵੇਗੀ।

ਜਗਤਾਰ ਸਿੰਘ ਤਾਰਾ ਦਾ ਨਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਵੀ ਸ਼ਾਮਲ ਹੈ ਅਤੇ ਉਸ ਕੇਸ ਦੀ ਸੁਣਵਾਈ ਵੱਖਰੇ ਤੌਰ 'ਤੇ ਸ਼ੁਰੂ ਹੋਣੀ ਹੈ। ਉਹ ਜਨਵਰੀ 2004 ਵਿਚ ਬੇਅੰਤ ਸਿੰਘ ਕਤਲ ਕੇਸ ਦੇ ਤਿੰਨ ਮੁਲਜ਼ਮ ਸਾਥੀਆਂ ਸਮੇਤ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ। ਜੇਲ੍ਹ ਬਰੇਕ ਕੇਸ ਵਿਚ ਦੋ ਹੋਰ ਮੁਲਜ਼ਮ ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਸਿੰਘ ਭਿਊਰਾ ਨੂੰ ਸਜ਼ਾ ਹੋ ਚੁੱਕੀ ਹੈ। ਇਹ ਦੋਵੇਂ ਵੀ ਜੇਲ੍ਹ ਵਿਚੋਂ ਉਸ ਦੇ ਨਾਲ ਹੀ ਫਰਾਰ ਹੋਏ ਸਨ।

## ਭਗਤ ਸਿੰਘ ਸੇਖੋਂ ਦਾ ਦੇਹਾਂਤ

**ਬੇਕਰਜ਼ਫੀਲਡ (ਬਿਊਰੋ):** ਇਥੇ ਰਹਿੰਦੇ ਰਾਮ ਸਿੰਘ ਸੇਖੋਂ ਅਤੇ ਬਹਾਦਰ ਸਿੰਘ ਸੇਖੋਂ ਦੇ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਪਿਤਾ ਭਗਤ ਸਿੰਘ ਸੇਖੋਂ ਅਕਾਲ ਚਲਾਣਾ ਕਰ ਗਏ।



ਉਹ ਕਰੀਬ 82 ਸਾਲ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਮਾੜੀਕੇ (ਜਿਲ੍ਹਾ ਮੋਗਾ) ਹੈ। ਉਹ ਪਿਛਲੇ 21 ਸਾਲ ਤੋਂ ਬੇਕਰਜ਼ਫੀਲਡ ਵਿਚ ਰਹਿ ਰਹੇ ਸਨ। ਉਹ ਆਪਣੇ ਜੱਦੀ ਪਿੰਡ ਲਈ ਕੀਤੇ ਚੰਗੇ ਕਾਰਜਾਂ ਕਰਕੇ ਲੋਕਾਂ ਵਿਚ ਸਤਿਕਾਰਯੋਗ ਇਨਸਾਨ ਸਨ। ਉਹ ਆਪਣੇ ਪਰਿਵਾਰ ਵਿਚ ਦੋ ਬੇਟੇ ਇਕ ਬੇਟੀ ਅਤੇ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਭਗਤ ਸਿੰਘ ਦਾ ਅੰਤਿਮ ਸੰਸਕਾਰ ਗਰੀਨ ਲਾਨ ਫਿਊਨਰਲ ਹੋਮ (2739 ਪੈਨਮਾ ਲੇਨ, ਬੇਕਰਜ਼ਫੀਲਡ) ਵਿਚ 19 ਸਤੰਬਰ, ਸਨਿਚਰਵਾਰ ਨੂੰ ਸਵੇਰੇ 9 ਤੋਂ 11:30 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਸਟਾਈਨ ਰੋਡ, ਬੇਕਰਜ਼ਫੀਲਡ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 661-302-6930 ਰਾਹੀਂ ਕੀਤਾ ਜਾ ਸਕਦਾ ਹੈ।

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577




Gurdip Singh Sandhu
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਮੋਦੀ ਵੱਲੋਂ ਬਾਦਲ ਦੀਆਂ ਦਲੀਲਾਂ ਤੇ ਅਪੀਲਾਂ ਮੁੜ ਨਜ਼ਰਅੰਦਾਜ਼

**ਚੰਡੀਗੜ੍ਹ:** ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਪੰਜਾਬ ਨੂੰ ਮਾਲੋ-ਮਾਲ ਕਰਨ ਦੇ ਦਾਅਵੇ ਕਰਨ ਵਾਲੇ ਨਰੇਂਦਰ ਮੋਦੀ ਇਕ ਵਾਰ ਫਿਰ ਪੰਜਾਬ ਨੂੰ ਕੁਝ ਦਿੱਤੇ ਬਿਨਾਂ ਖ਼ਾਲੀ ਹੱਥ ਮੁੜ ਗਏ। ਚੰਡੀਗੜ੍ਹੀਆਂ ਵਾਂਗ ਪੰਜਾਬੀਆਂ ਨੂੰ ਵੀ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਵੱਡੀਆਂ ਉਮੀਦਾਂ ਸਨ। ਸੈਕਟਰ 25 ਵਿਚ ਹੋਈ ਰੈਲੀ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨੂੰ ਫ਼ੌਜੀ ਜਵਾਨਾਂ ਵਾਂਗ ਕਿਸਾਨਾਂ ਦੀ ਬਾਂਹ ਫੜਨ ਦੀ ਕੀਤੀ ਗਈ ਅਪੀਲ ਵੀ ਕੰਮ ਨਾ ਆਈ। ਹੋਰ ਤਾਂ ਹੋਰ, ਸਟੇਜ ਉਤੇ ਨਾਲੋ-ਨਾਲ ਬੈਠੇ ਸ੍ਰੀ ਮੋਦੀ ਤੇ ਸ. ਬਾਦਲ ਨੇ ਇਕ ਦੂਜੇ ਨਾਲ ਅੱਖ ਵੀ ਨਾ ਮਿਲਾਈ।

ਪ੍ਰਧਾਨ ਮੰਤਰੀ ਨੇ ਮੱਕੀ ਤੋਂ ਏਥਾਨੋਲ ਬਣਾਉਣ ਦੀ ਵਿਧੀ ਜਲਦੀ ਈਜਾਦ ਕਰਨ ਬਾਰੇ ਕਹਿ ਕੇ ਹੀ ਮੁੱਖ ਮੰਤਰੀ ਵੱਲੋਂ ਚੁੱਕੇ ਸਾਰੇ ਮੁੱਦਿਆਂ ਤੋਂ ਪੱਲਾ ਝਾੜ ਦਿੱਤਾ ਹਾਲਾਂਕਿ ਮੋਦੀ ਦੀ ਹਾਜ਼ਰੀ ਵਿਚ ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੇ ਭਾਸ਼ਣ ਵਿਚ ਜਿਥੇ ਸੂਬੇ ਦੀਆਂ ਕੁਝ ਮੰਗਾਂ ਦਾ ਜ਼ਿਕਰ ਕੀਤਾ, ਉਥੇ ਉਨ੍ਹਾਂ ਸ. ਬਾਦਲ ਨੂੰ ਵੱਡਾ ਭਰਾ ਦੱਸਦਿਆਂ ਦੋਹਾਂ ਸੂਬਿਆਂ ਦੇ ਸਾਂਝੇ ਮੁੱਦੇ ਹੱਲ ਕਰਨ ਦੀ ਗੱਲ ਕਹੀ। ਸ. ਬਾਦਲ ਨੇ ਮੋਦੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦਿਆਂ ਕਿਹਾ ਕਿ ਉਹ ਪੰਜਾਬ ਨਾਲ ਲੰਬਾ ਸਮਾਂ ਜੁੜੇ ਰਹੇ ਹਨ, ਇਸੇ ਦੀਆਂ ਸਮਾਜਿਕ, ਆਰਥਿਕ ਤੇ ਸਿਆਸੀ ਮੁਸ਼ਕਿਲਾਂ ਨੂੰ ਸਮਝਦੇ ਹਨ। ਕੇਂਦਰੀ ਟੈਕਸਾਂ ਵਿਚ 10 ਫ਼ੀਸਦੀ ਵਾਧਾ ਕਰਨ, ਯੋਜਨਾ ਕਮਿਸ਼ਨ ਦੀ ਥਾਂ ਨੀਤੀ ਆਯੋਗ ਬਣਾ ਕੇ ਸੂਬਿਆਂ ਦੀ ਵੱਧ ਭਾਗੀਦਾਰੀ ਕਰਨ ਤੇ ਸੰਘਵਾਦ ਲਾਗੂ ਕਰਨ ਲਈ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਮੋਦੀ ਨੇ ਪੰਜਾਬ ਨੂੰ ਬਿਨ ਮੰਗੇ ਹੀ ਬਹੁਤ ਕੁਝ ਦੇ ਦਿੱਤਾ ਹੈ ਜਦਕਿ ਪ੍ਰਧਾਨ ਮੰਤਰੀ ਨੇ ਕਿਸੇ ਵੀ ਮੰਗ ਪ੍ਰਤੀ ਹੁੰਗਾਰਾ ਨਾ ਭਰਿਆ। ਕੇਂਦਰ ਸਰਕਾਰ 'ਤੇ ਹੁਣ ਤੱਕ ਰਾਜ ਨਾਲ ਧੱਕਾ ਕਰਨ ਦੀਆਂ ਤੋਹਮਤਾਂ ਲਾਉਂਦੇ ਆ ਰਹੇ ਸ. ਬਾਦਲ ਆਪਣੇ ਪੁਰਾਣੇ ਮੁਹਾਵਰੇ ਨੂੰ ਵੀ ਜਾਰੀ ਨਹੀਂ ਰੱਖ ਪਾ ਰਹੇ ਤੇ ਕੁਝ ਨਾ ਮਿਲਣ ਦੀ ਤਕਲੀਫ਼ ਵੀ ਝੱਲ ਰਹੇ ਹਨ। ਮੁੱਖ ਮੰਤਰੀ ਨੂੰ ਇਕ ਸਾਲ ਬਾਅਦ 31 ਅਗਸਤ ਨੂੰ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਸਮਾਂ ਮਿਲਿਆ ਸੀ।

ਇਸ ਦੌਰਾਨ ਉਨ੍ਹਾਂ ਰਾਜ ਦੀਆਂ ਮੰਗਾਂ ਬਾਰੇ ਸ੍ਰੀ ਮੋਦੀ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਸੀ ਤੇ ਸੂਬੇ ਨੂੰ ਸੰਕਟ ਵਿਚੋਂ ਕੱਢਣ ਲਈ ਆਖਿਆ ਸੀ। ਸ. ਬਾਦਲ ਨੂੰ ਇਸ ਵਾਰ ਕੋਈ ਐਲਾਨ ਹੋਣ ਦੀ ਆਸ ਬੱਝੀ ਸੀ ਪਰ ਸ੍ਰੀ ਮੋਦੀ ਨੇ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਰਾਜ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਲਈ ਪ੍ਰਧਾਨ ਮੰਤਰੀ ਦੀ ਆਲੋਚਨਾ ਕੀਤੀ ਤੇ ਨਾਲ ਹੀ ਸ. ਬਾਦਲ ਉੱਤੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਹੈ।

### ਮੋਦੀ ਨੇ ਪੰਜਾਬ ਦੌਰੇ ਮੌਕੇ ਨਾ ਦਿੱਤੀ ਕੋਈ ਰਾਹਤ



### ਮੋਦੀ ਤੋਂ ਬਾਹਲੀਆਂ ਉਮੀਦਾਂ ਨਾ ਰੱਖੇ ਪੰਜਾਬ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਚੰਡੀਗੜ੍ਹ ਦੌਰੇ 'ਤੇ ਨਿਰਾਸ਼ਾ ਜਤਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਪੰਜਾਬ ਨੂੰ ਆਰਥਕ ਮੰਦੀ ਤੋਂ ਬਾਹਰ ਕੱਢਣ ਲਈ ਕਿਸੇ ਆਰਥਕ ਪੈਕੇਜ ਦੀ ਐਲਾਨ ਨਾ ਕਰਕੇ ਸੂਬੇ ਦੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਸ੍ਰੀ ਮੋਦੀ ਨੇ ਕਿਸਾਨਾਂ ਤੇ ਆਮ ਆਦਮੀ ਨਾਲ ਜੁੜੇ ਕਿਸੇ ਵੀ ਮੁੱਦੇ 'ਤੇ ਕੋਈ ਗੱਲ ਨਹੀਂ ਕੀਤੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਟੇਜ ਤੋਂ ਕਿਸਾਨਾਂ ਨੂੰ ਰਾਹਤ ਮੁਹੱਈਆ ਕਰਵਾਉਣ ਦੀ ਅਪੀਲ 'ਤੇ ਧਿਆਨ ਵੀ ਨਹੀਂ ਦਿੱਤਾ।


### ਰੈਲੀ ਵਿਚ ਨਾ ਚੱਲਿਆ ਮੋਦੀ ਦਾ ਜਾਦੂ

**ਚੰਡੀਗੜ੍ਹ:** ਹਵਾਈ ਅੱਡੇ ਦਾ ਉਦਘਾਟਨ ਕਰਨ ਮਗਰੋਂ ਚੰਡੀਗੜ੍ਹ ਵਿਖੇ ਕੀਤੀ ਰੈਲੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਾਦੂ ਨਹੀਂ ਚੱਲ ਸਕਿਆ ਤੇ ਰੈਲੀ ਵਿਚ ਲਾਈਆਂ ਬਹੁਤੀਆਂ ਕੁਰਸੀਆਂ ਖਾਲੀ ਹੀ ਰਹੀਆਂ। ਪੰਜਾਬ ਭਾਜਪਾ ਸਮੇਤ ਚੰਡੀਗੜ੍ਹ ਤੇ ਹਰਿਆਣਾ ਭਾਜਪਾ ਵੱਲੋਂ ਰੈਲੀ ਨੂੰ ਸਫਲ ਬਣਾਉਣ ਲਈ ਹਰ ਹੀਲਾ ਕੀਤਾ ਗਿਆ ਪਰ ਪ੍ਰਬੰਧਕ ਬਹੁਤਾ ਇਕੱਠ ਕਰਨ ਵਿਚ ਸਫਲ ਨਾ ਹੋ ਸਕੇ ਤੇ ਇਹ ਗੱਲ ਮੰਚ ਤੋਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਅਦ ਵੱਲੋਂ ਵੀ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਕਿਹਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸ਼ਾਨ ਅਨੁਸਾਰ ਇਥੇ ਬਹੁਤਾ ਇਕੱਠ ਨਾ ਹੋ ਸਕਿਆ ਤੇ ਜੇ ਮੁੜ ਕੋਈ ਮੌਕਾ ਮਿਲਿਆ ਤਾਂ ਬੇਮਿਸਾਲ ਇਕੱਠ ਕਰਕੇ ਦਿਖਾਵਾਂਗੇ।



# ਡੇਰਾ ਮੁਖੀ ਦੀ ਨਵੀਂ ਫਿਲਮ ਦੀ ਰਿਲੀਜ਼ ਲਈ ਸਿਆਸੀ ਮੁਹਿੰਮ

**ਬਠਿੰਡਾ:** ਡੇਰਾ ਸਿਰਸਾ ਦੇ ਮੁਖੀ ਦੀ ਨਵੀਂ ਫਿਲਮ ਐਮ.ਐਸ.ਜੀ ਟੂ ਪੰਜਾਬ ਵਿਚ ਰਿਲੀਜ਼ ਹੋਵੇਗੀ। ਡੇਰਾ ਸਿਰਸਾ ਵੱਲੋਂ ਪੰਜਾਬ ਵਿਚ ਨਵੀਂ ਫਿਲਮ ਰਿਲੀਜ਼ ਕਰਾਉਣ ਖਾਤਰ ਸਿਆਸੀ ਮੁਹਿੰਮ ਵਿੱਢ ਦਿੱਤੀ ਗਈ ਹੈ। ਸਿਆਸੀ ਦਬਾਓ ਬਣਾਉਣ ਲਈ ਹਰ ਅਸੈਂਬਲੀ ਹਲਕੇ ਦੀ ਡੇਰਾ ਸੰਗਤ ਆਪੋ ਆਪਣੇ ਹਲਕੇ ਦੇ ਵਿਧਾਇਕ ਨੂੰ ਮਿਲੇਗੀ।



ਬਠਿੰਡਾ ਜ਼ਿਲ੍ਹੇ ਵਿਚ ਹਲਕਾ ਤਲਵੰਡੀ ਸਾਬੋ ਤੇ ਬਠਿੰਡਾ (ਦਿਹਾਤੀ) ਦੀ ਡੇਰਾ ਸੰਗਤ ਨੇ ਹਲਕਾ ਵਿਧਾਇਕ ਤੇ ਹਲਕਾ ਇੰਚਾਰਜ ਨਾਲ ਮੁਲਾਕਾਤ ਕੀਤੀ। ਡੇਰਾ ਸਿਰਸਾ ਵੱਲੋਂ ਇਹ ਰਣਨੀਤੀ ਬਣਾਈ ਗਈ ਹੈ ਕਿ ਹਰ ਹਲਕੇ ਦੀ ਸੰਗਤ ਆਪਣੇ ਵਿਧਾਇਕ ਜਾਂ ਹਲਕਾ ਇੰਚਾਰਜ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦੇਵੇਗੀ। ਦੱਸਣਯੋਗ ਹੈ ਕਿ ਡੇਰਾ ਮੁਖੀ ਦੀ ਪਹਿਲੀ ਫਿਲਮ ਐਮ.ਐਸ.ਜੀ ਨੂੰ ਪੰਜਾਬ ਸਰਕਾਰ ਨੇ ਰਾਜ ਵਿਚ ਰਿਲੀਜ਼ ਕਰਨ ਦੀ ਪ੍ਰਵਾਨਗੀ ਨਹੀਂ ਸੀ ਦਿੱਤੀ। ਹੁਣ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਬਹੁਤੀ ਦੂਰੀ ਨਹੀਂ ਰਹੀ ਜਿਸ ਕਰਕੇ ਡੇਰਾ ਸਿਰਸਾ ਨੇ ਦੂਸਰੀ ਫਿਲਮ ਵਾਸਤੇ ਨਵਾਂ ਪੈਂਤੜਾ ਅਪਣਾਇਆ ਜਾ ਰਿਹਾ ਹੈ।

ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਸੀਨੀਅਰ ਮੈਂਬਰ ਬਲਰਾਜ ਸਿੰਘ ਦੀ ਅਗਵਾਈ ਵਿਚ ਹਲਕਾ ਤਲਵੰਡੀ ਸਾਬੋ ਤੇ ਹਲਕਾ ਬਠਿੰਡਾ (ਦਿਹਾਤੀ) ਦੀ ਡੇਰਾ ਸੰਗਤ ਨੇ ਹਾਕਮ ਧਿਰ ਦੇ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਤੇ ਹਲਕਾ ਇੰਚਾਰਜ ਬੀਬੀ ਪਰਮਜੀਤ ਕੌਰ ਗੁਲਸ਼ਨ ਨਾਲ ਮੁਲਾਕਾਤ ਕੀਤੀ ਤੇ ਮੰਗ ਉਠਾਈ ਕਿ ਡੇਰਾ ਮੁਖੀ ਦੀ ਫਿਲਮ ਨੂੰ ਪੰਜਾਬ ਵਿਚ ਚਲਾਉਣ ਲਈ ਪੰਜਾਬ ਸਰਕਾਰ ਨੂੰ ਪ੍ਰਵਾਨਗੀ ਲਈ ਆਖਿਆ ਜਾਵੇ। ਹਕੀਕਤ ਇੰਟਰਟੇਨਮੈਂਟ ਦੀ ਪੇਸ਼ਕਸ਼ ਤੇ ਡੇਰਾ ਸਿਰਸਾ ਦੇ ਮੁਖੀ ਦੀ ਇਹ ਨਵੀਂ ਫਿਲਮ 18 ਸਤੰਬਰ ਨੂੰ ਰਲੀਜ਼ ਹੋ ਰਹੀ ਹੈ।

# ਭਾਰਤੀ 'ਤੇ ਹਮਲੇ ਦੇ ਮੁਕੱਦਮੇ ਦਾ ਨਾ ਹੋਇਆ ਨਿਬੇੜਾ

**ਵਾਸ਼ਿੰਗਟਨ:** ਇਕ ਪੁਲਿਸ ਅਧਿਕਾਰੀ ਵੱਲੋਂ ਭਾਰਤੀ ਬਜ਼ੁਰਗ ਨੂੰ ਕਾਬੂ ਕਰਨ ਸਮੇਂ ਪਏ ਅਧਰੰਗ ਦੇ ਦੌਰੇ ਤੋਂ ਬਾਅਦ ਪੁਲਿਸ ਮੁਲਾਜ਼ਮ ਵਿਰੁੱਧ ਦਰਜ ਕੇਸ ਕਿਸੇ ਫੈਸਲੇ ਉੱਤੇ ਨਹੀਂ ਪੁੱਜ ਸਕਿਆ ਤੇ ਹੁਣ ਮੁੜ ਇਹ ਮੁਕੱਦਮਾ ਚੱਲੇਗਾ।

ਪੁਲਿਸ ਅਧਿਕਾਰੀ ਐਰਿਕ ਪਾਰਕਰ (26) ਵਿਰੁੱਧ ਦੋ ਸਤੰਬਰ ਨੂੰ ਹੰਟਸਵਿਲੈ ਦੀ ਫੈਡਰਲ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਈ ਸੀ। 12 ਮੈਂਬਰੀ ਜਿਊਰੀ ਕਿਸੇ ਵੀ ਨਿਰਣੇ ਉੱਤੇ ਨਹੀ ਪੁੱਜ ਸਕੀ। ਇਸ ਮਾਮਲੇ ਵਿਚ ਜੱਜਾਂ ਵਿਚ ਆਮ ਸਹਿਮਤੀ ਨਹੀਂ ਬਣ ਸਕੀ। ਜ਼ਿਲ੍ਹਾ ਜੱਜ ਮੈਡਲਾਈਨ ਹੱਗਜ਼ ਹੈਕਾਲਾ ਨੇ ਵਾਰ-ਵਾਰ ਜੱਜਾਂ ਨੂੰ ਸਹਿਮਤੀ ਬਣਾਉਣ ਦੀ ਅਪੀਲ ਕੀਤੀ ਪਰ ਜਿਊਰੀ ਕਿਸੇ ਵੀ ਨਿਰਣੇ ਉੱਤੇ ਨਹੀਂ ਪੁੱਜ ਸਕੀ।

ਜਦੋਂ ਤੀਜੀ ਵਾਰ ਜਿਊਰੀ ਕਿਸੇ ਫੈਸਲੇ ਉੱਤੇ ਨਾ ਪੁੱਜ ਸਕੀ ਤਾਂ ਹੈਕਾਲਾ ਨੇ ਮੁਕੱਦਮੇ ਦੀ ਸੁਣਵਾਈ ਮੁੜ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਸਰਕਾਰੀ ਵਕੀਲ ਰੌਬਰਟ ਪੋਜ਼ੇ ਨੇ ਕਿਹਾ ਕਿ ਇਨਸਾਫ਼ ਹਾਸਲ ਕਰਨ ਲਈ ਉਹ ਮੁੜ ਕੋਸ਼ਿਸ਼ ਕਰਨਗੇ। ਪਾਰਕਰ ਉੱਤੇ ਅਲਬਾਮਾ ਰਾਜ ਵਿਚ ਭਾਰਤੀ ਨਾਗਰਿਕ ਸੁਰੇਸ਼ ਭਾਈਪਟੇਲ ਦੇ ਸ਼ਹਿਰੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਪਟੇਲ ਉਹ ਆਪਣੇ ਪੁੱਤ ਦੇ ਘਰ ਦੇ ਬਾਹਰ ਆਪਣੇ ਸਤਾਰਾਂ ਮਹੀਨੇ ਦੇ ਪੋਤੇ ਨਾਲ ਟਹਿਲ ਰਿਹਾ ਸੀ ਜਦੋਂ ਪੁਲਿਸ ਅਧਿਕਾਰੀ ਨੇ ਉਸ ਉੱਤੇ ਹਿੰਸਕ ਹਮਲਾ ਕਰ ਦਿੱਤਾ। ਇਸ ਦੌਰਾਨ ਪੈਦਾ ਹੋਈ ਘਬਰਾਹਟ ਵਿੱਚ ਪਟੇਲ ਨੂੰ ਅਧਰੰਗ ਹੋ ਗਿਆ। ਪਟੇਲ ਨੂੰ ਅੰਗਰੇਜ਼ੀ ਭਾਸ਼ਾ ਦਾ ਗਿਆਨ ਨਹੀਂ ਸੀ। ਬਚਾਅ ਪੱਖ ਦੇ ਵਕੀਲ ਦਾ ਕਹਿਣਾ ਹੈ ਕਿ ਇਸ ਨਾਲ ਪੁਲਿਸ ਦੇ ਕੰਮ ਢੰਗ ਬਾਰੇ ਬੇਲੋੜਾ ਵਿਵਾਦ ਪੈਦਾ ਹੋਇਆ ਹੈ। ਅਮਰੀਕਾ ਦੀ ਸਰਕਾਰ ਨੇ ਵੀ ਪਟੇਲ ਪਰਿਵਾਰ ਤੋਂ ਮੁਆਫ਼ੀ ਮੰਗੀ ਸੀ ਪਰ ਸਰਕਾਰ ਨੇ ਇਸ ਮਸਲੇ ਨੂੰ ਨਿਪਟਾਉਣ ਲਈ ਸਫ਼ਾਰਤੀ ਪੱਧਰ ਉੱਤੇ ਕੋਈ ਯਤਨ ਨਹੀਂ ਕੀਤੇ।



ਇਸ ਘਟਨਾ ਤੋਂ ਸਿਰਫ ਇਕ ਦਿਨ ਪਹਿਲਾਂ ਹੀ ਅਮਰੀਕਾ ਆਇਆ ਸੀ।

# ਸੈਨ ਹੋਜ਼ੇ ਵਿਚ ਸਿੱਖ ਫਰੀਡਮ ਰੈਲੀ 27 ਨੂੰ

**ਸੈਨ ਹੋਜ਼ੇ (ਬਿਊਰੋ):** ਸਿੱਖਸ ਫਾਰ ਜਸਟਿਸ ਨਾਂ ਦੀ ਸਿੱਖ ਜਥੇਬੰਦੀ ਨੇ ਕਿਹਾ ਹੈ ਕਿ ਇਸ ਵਲੋਂ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਅਮਰੀਕਾ ਦੌਰੇ 'ਤੇ ਆ ਰਹੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹਰ ਸ਼ਹਿਰ ਵਿਚ ਵਿਰੋਧ ਕੀਤਾ ਜਾਵੇਗਾ।

ਜਥੇਬੰਦੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਸੇ ਸੰਦਰਭ ਵਿਚ ਸਮੂੰਚੀਆਂ ਸਿੱਖ ਜਥੇਬੰਦੀਆਂ, ਸਿੱਖ ਸੰਪਰਦਾਵਾਂ ਤੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਇਥੇ ਸੈਪ ਸੈਂਟਰ ਦੇ ਬਾਹਰ ਵਿਸ਼ਾਲ ਫਰੀਡਮ ਰੈਲੀ ਕੀਤੀ ਜਾਵੇਗੀ। ਸ੍ਰੀ ਮੋਦੀ ਵਲੋਂ ਇਸੇ ਜਗ੍ਹਾ ਇਕ ਸਮਾਗਮ ਵਿਚ ਸ਼ਾਮਿਲ ਹੋਣ ਦੀ ਸੰਭਾਵਨਾ ਹੈ।

ਜਥੇਬੰਦੀ ਨੇ ਦੋਸ਼ ਲਾਇਆ ਹੈ ਕਿ ਭਾਰਤ ਵਿਚ ਘੱਟ ਗਿਣਤੀਆਂ 'ਤੇ ਹਮੇਸ਼ਾ ਜ਼ੁਲਮ ਹੁੰਦੇ ਆਏ ਹਨ, ਭਾਵੇਂ ਉਹ ਇਸਾਈ ਹੋਣ, ਮੁਸਲਮਾਨ ਜਾਂ ਸਿੱਖ। ਪਹਿਲਾਂ ਉੜੀਸਾ ਵਿਚ ਇਸਾਈਆਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਗਿਆ ਫਿਰ 2002 ਵਿਚ ਗੁਜਰਾਤ ਵਿਚ ਨਰਿੰਦਰ ਮੋਦੀ ਦੀ ਸਰਕਾਰ ਵੇਲੇ ਵੱਡੀ ਗਿਣਤੀ ਵਿਚ ਮੁਸਲਮਾਨਾਂ ਦਾ ਘਾਣ ਹੋਇਆ। ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੌਰਾਨ ਅਤੇ ਫਿਰ ਨਵੰਬਰ ਮਹੀਨੇ ਦਿੱਲੀ ਸਮੇਤ ਭਾਰਤ ਦੇ 18 ਰਾਜਾਂ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਜੋ ਸਿੱਖਾਂ ਦੀ ਨਸਲਕੁਸ਼ੀ ਸੀ।

ਬਿਆਨ ਅਨੁਸਾਰ ਭਾਰਤੀ ਸਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਦਰਸਾਇਆ ਗਿਆ ਹੈ ਜਦ ਕਿ ਸਿੱਖਾਂ ਦੀ ਆਪਣੀ ਵਖਰੀ ਪਛਾਣ ਆਪਣਾ ਵਖਰਾ ਧਰਮ ਹੈ। ਇਸੇ ਲਈ ਪੰਜਾਬ ਨੂੰ ਭਾਰਤ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ 2020 ਵਿਚ ਸਿੱਖ ਰਿਫਰੈਂਡਮ ਕਰਵਾਇਆ ਜਾ ਰਿਹਾ ਹੈ।

# ਨਵਾਂਸ਼ਹਿਰ 'ਚ ਕਾਂਗਰਸ ਪੂਰੀ ਤਰ੍ਹਾਂ ਮਜ਼ਬੂਤ: ਅੰਗਦ ਸਿੰਘ

**ਸੈਨ ਹੋਜ਼ੇ (ਬਿਊਰੋ):** ਸਥਾਨਕ ਸਟ੍ਰਾਅ ਹੈਟ ਪੀਜ਼ਾ ਵਿਖੇ ਹਿੰਦੂ ਮੰਦਿਰ ਸਨੀਵੇਲ ਦੇ ਪ੍ਰਮੁੱਖ ਸੇਵਾਦਾਰ ਰਾਜ ਭਨੋਟ ਦੀ ਅਗਵਾਈ ਹੇਠ ਬੇ ਏਰੀਆ ਦੀਆ ਨਾਮੀ ਹਸਤੀਆਂ ਦੀ ਇਕ ਮੀਟਿੰਗ ਹੋਈ ਜਿਸ ਦਾ ਉਦੇਸ਼ ਜ਼ਿਲ੍ਹਾ ਨਵਾਂਸ਼ਹਿਰ ਦੇ ਯੂਥ ਆਗੂ ਅਤੇ ਮੌਜੂਦਾ ਵਿਧਾਇਕਾ ਸ੍ਰੀਮਤੀ ਗੁਰਇਕਬਾਲ ਕੌਰ ਬਬਲੀ ਦੇ ਪੁੱਤਰ ਅੰਗਦ ਸਿੰਘ ਨੂੰ ਜੀ ਆਇਆਂ ਆਖਣਾ ਅਤੇ ਉਸ ਦੇ ਵਿਚਾਰਾਂ ਨੂੰ ਜਾਣਨਾ ਸੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਜ ਭਨੋਟ ਅਤੇ ਉਘੇ ਬਿਜਨਸਮੈਨ ਬਿੱਲਾ ਸੰਘੇੜਾ ਨੇ ਕਿਹਾ ਕਿ ਪੰਜਾਬ ਨੂੰ ਇਸ ਵੇਲੇ ਰਾਜਨੀਤੀ ਤੋਂ ਉਪਰ ਉਠ ਕੇ ਪਹਿਲਾਂ ਵਾਲੀਆਂ ਲੀਹਾਂ 'ਤੇ ਲਿਆਉਣ ਲਈ ਯਤਨ ਕੀਤੇ ਜਾਣ ਦੀ ਲੋੜ ਹੈ। ਸ੍ਰੀ ਭਨੋਟ ਨੇ ਕਿਹਾ ਕਿ ਨਵਾਂਸ਼ਹਿਰ ਦੀ ਜਿੰਦ ਜਾਨ ਰਹੇ ਮਰਹੂਮ ਕਾਂਗਰਸੀ ਆਗੂ ਸ. ਦਿਲਬਾਗ ਸਿੰਘ ਨਵਾਂਸ਼ਹਿਰ ਦੇ ਖਾਨਦਾਨ ਨਾਲ ਸਬੰਧਿਤ ਅੰਗਦ ਸਿੰਘ ਇਕ ਨੌਜਵਾਨ ਆਗੂ ਵਜੋਂ ਭੂਮਿਕਾ ਨਿਭਾਉਂਦਿਆਂ ਹਰ ਉਸਾਰੂ ਕੰਮ ਵਿਚ ਮੋਹਰੀ ਹੁੰਦੇ ਹਨ।

ਸ੍ਰੀ ਅੰਗਦ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਆਪਣੀ ਸਰਗਰਮ ਕਾਰਜਸ਼ੈਲੀ ਬਾਰੇ ਦੱਸਿਆ ਅਤੇ ਕਿਹਾ ਕਿ ਉਹ ਉਨ੍ਹਾਂ ਦੇ ਅਸ਼ੀਰਵਾਦ ਨਾਲ ਹੀ ਨਵਾਂਸ਼ਹਿਰ ਨਗਰ ਕੌਂਸਲ ਵਿਚ ਅਕਾਲੀ ਸਰਕਾਰ ਦੇ ਹੁੰਦਿਆਂ ਵੀ ਉਥੇ ਕਾਂਗਰਸ ਨੂੰ ਬਹੁਮਤ ਦੁਆ ਕੇ ਆਪਣਾ ਪ੍ਰਧਾਨ ਬਣਾਉਣ ਵਿਚ ਸਫਲ ਹੋਏ ਹਨ। ਅੰਗਦ ਸਿੰਘ ਨੇ ਹੋਰ ਕਿਹਾ ਕਿ ਉਨ੍ਹਾਂ ਦਾ ਸਮੁੱਚਾ ਖਾਨਦਾਨ ਦਾਦਾ ਸ. ਦਿਲਬਾਗ ਸਿੰਘ, ਪਿਤਾ ਸ. ਪਰਕਾਸ਼ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਇਕਬਾਲ ਕੌਰ ਨਵਾਂਸ਼ਹਿਰ ਤੋਂ ਵਿਧਾਇਕ ਜਾਂ ਨੇਤਾ ਹੀ ਨਹੀਂ ਰਹੇ ਸਗੋਂ ਕਾਂਗਰਸ ਦੇ ਵਫ਼ਾਦਾਰ ਸਿਪਾਹੀ ਵੀ ਰਹੇ ਹਨ। ਉਨ੍ਹਾਂ ਨਵਾਂਸ਼ਹਿਰ ਨਾਲ ਸਬੰਧਿਤ ਐਨ ਆਰ ਆਈ ਵੀਰਾਂ ਭੈਣਾਂ ਨੂੰ ਬੇਨਤੀ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਦੇ ਹੱਲ ਲਈ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦਾਅਵਾ ਵੀ ਕੀਤਾ ਕਿ ਆਉਣ ਵਾਲਾ ਸਮਾਂ ਪੰਜਾਬ ਵਿਚ ਕਾਂਗਰਸ ਦਾ ਹੋਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਬਾਲ ਸਿੰਘ ਮਾਨ, ਸੁਖਵੰਤ ਸਿੰਘ, ਸੁਰਿੰਦਰ ਚੋਪੜਾ, ਵਿਨੋਦ ਸ਼ਰਮਾ, ਰਮੇਸ਼ ਚੰਦਰ, ਮਹਿੰਦਰ ਸੋਨੀ, ਟੌਮ ਵਾਲੀਆ, ਜਸਪਾਲ ਸਿੰਘ ਬੀਰੋਵਾਲ ਤੇ ਬੋਧ ਰਾਜ ਸੈਣੀ ਵੀ ਹਾਜ਼ਰ।



*ਯੂਥ ਕਾਂਗਰਸ ਆਗੂ ਅੰਗਦ ਸਿੰਘ ਸੈਨ ਹੋਜ਼ੇ ਵਿਚ ਨਾਮੀ ਸ਼ਖਸੀਅਤਾਂ ਨਾਲ*

# ਸੇਵਾ ਸਿੰਘ ਹੀਰਾ ਦਾ ਦੇਹਾਂਤ

**ਸੈਕਰਾਮੈਂਟੋ (ਬਿਊਰੋ):** ਅਖਬਾਰ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਸਹੁਰਾ ਸਾਹਿਬ ਸ. ਸੇਵਾ ਸਿੰਘ ਹੀਰਾ (78) ਦਾ ਲੰਘੇ ਦਿਨੀਂ ਦਿਹਾਂਤ ਹੋ ਗਿਆ। ਸ. ਹੀਰਾ ਦਾ ਮਹਾਰਾਸ਼ਟਰ ਵਿਚ ਹੋਟਲ ਦਾ ਬਿਜਨਸ ਸੀ। ਸਵਰਗੀ ਸੇਵਾ ਸਿੰਘ ਹੀਰਾ ਆਪਣੇ ਪਿੱਛੇ ਸੁਪਤਨੀ ਬੀਬੀ ਪ੍ਰਕਾਸ਼ ਕੌਰ ਹੀਰਾ, ਨੂੰਹ ਕਮਲਜੀਤ ਕੌਰ ਹੀਰਾ, ਦੋ ਪੋਤਰੇ ਅਤੇ ਦੋ ਲੜਕੀਆਂ ਸੁਰਿੰਦਰ ਕੌਰ ਭਾਟੀਆ (ਸੁਪਤਨੀ ਸੁਰਿੰਦਰ ਮੋਹਣ ਭਾਟੀਆ) ਜਲੰਧਰ ਅਤੇ ਨਰਿੰਦਰ ਕੌਰ ਚੁੰਬਰ (ਸੁਪਤਨੀ ਪ੍ਰੇਮ ਕੁਮਾਰ ਚੁੰਬਰ) ਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਸਵਰਗੀ ਸੇਵਾ ਸਿੰਘ ਹੀਰਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਿਮਰਨ ਕਰਨ ਵਾਲੇ ਗੁਰਸਿੱਖ ਅਤੇ ਔਖੇ ਵੇਲੇ ਭਾਈਚਾਰੇ ਦੀ ਮਦਦ ਕਰਨ ਵਾਲੇ ਸਨ। ਪ੍ਰੇਮ ਕੁਮਾਰ ਚੁੰਬਰ ਨਾਲ ਸੰਪਰਕ ਫੋਨ 916-947-8920 ਰਾਹੀਂ ਕੀਤਾ ਜਾ ਸਕਦਾ ਹੈ।

# ਬਾਬਾ ਵਡਭਾਗ ਸਿੰਘ ਦੇ ਸਿੱਖ ਹੋਣ ਬਾਰੇ ਮਾਮਲੇ ਦੀ ਹੋਵੇਗੀ ਘੋਖ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਉਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਬਾ ਵਡਭਾਗ ਸਿੰਘ ਮਾਮਲੇ ਦੀ ਘੋਖ ਕਰਨ ਲਈ ਕਿਹਾ ਗਿਆ ਹੈ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਭਵਿੱਖ ਵਿਚ ਕੋਈ ਵੀ ਮਾਮਲਾ ਅਕਾਲ ਤਖ਼ਤ ਉਤੇ ਵਿਚਾਰਨ ਲਈ ਸਿੱਧਾ ਨਾ ਭੇਜਿਆ ਜਾਵੇ ਤੇ ਧਰਮ ਪ੍ਰਚਾਰ ਕਮੇਟੀ ਰਾਹੀਂ ਹੀ ਪਹੁੰਚੇ। ਇਸ ਤੋਂ ਇਲਾਵਾ ਮੋਬਾਈਲ ਫੋਨ ਨੈੱਟਵਰਕ ਕੰਪਨੀਆਂ ਨੂੰ ਤਾੜਨਾ ਕੀਤੀ ਗਈ ਕਿ ਗੁਰਬਾਣੀ ਨੂੰ ਗੀਤ ਨਾ ਆਖਿਆ ਜਾਵੇ।

ਇਸ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਤੇ ਹੋਰ ਧਾਰਮਿਕ ਸ਼ਖਸੀਅਤਾਂ ਨੇ ਬਾਬਾ ਵਡਭਾਗ ਸਿੰਘ ਦੇ ਮਾਮਲੇ ਉਤੇ ਸਿੰਘ ਸਾਹਿਬਾਨ ਨਾਲ ਵਿਚਾਰ ਸਾਂਝੇ ਕੀਤੇ। ਵਧੇਰੇ ਸਿੱਖ ਆਗੂਆਂ ਨੇ ਕਿਹਾ ਕਿ ਇਸ ਬਾਰੇ ਕੋਈ ਠੋਸ ਸਬੂਤ ਨਹੀਂ ਹੈ ਕਿ ਵਡਭਾਗ ਸਿੰਘ ਅੰਮ੍ਰਿਤ ਛਕ ਕੇ ਪੰਥ ਵਿਚ ਸ਼ਾਮਲ ਹੋ ਗਿਆ ਸੀ। ਉਂਜ ਵੀ ਡੇਰਾ ਬਾਬਾ ਵਡਭਾਗ ਸਿੰਘ ਵਿਖੇ ਅੱਜ ਵੀ ਮਨਮਤ ਦੀਆਂ ਕਾਰਵਾਈਆਂ ਚੱਲ ਰਹੀਆਂ ਹਨ। ਇਸ ਲਈ ਸਿੱਖ ਰਹਿਤ ਮਰਿਆਦਾ ਅਨੁਸਾਰ ਹੀ ਚੱਲਿਆ ਜਾਵੇ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਬਾਬਾ ਵਡਭਾਗ ਸਿੰਘ ਦੇ ਅੰਮ੍ਰਿਤ ਛਕਣ ਤੇ ਇਸ ਬਾਰੇ ਹੋਰ ਪੱਖਾਂ ਦੀ ਘੋਖ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਗਿਆ ਹੈ। ਉਨ੍ਹਾਂ



ਆਖਿਆ ਕਿ ਜਦੋਂ ਤੱਕ ਸਮੂਹ ਸਿੱਖ ਵਿਦਵਾਨਾਂ ਦੀ ਇਸ ਬਾਰੇ ਇਕ ਰਾਇ ਨਹੀਂ ਬਣਦੀ, ਉਦੋਂ ਤੱਕ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਦਾ। ਬਾਬਾ ਵਡਭਾਗ ਸਿੰਘ ਦਾ ਜਨਮ ਦਿਨ ਮਨਾਉਣ ਦੀ ਸਹਿਮਤੀ ਦੇਣ ਬਾਰੇ ਉਨ੍ਹਾਂ ਆਖਿਆ ਕਿ ਇਸ ਮਾਮਲੇ ਨੂੰ ਮੀਡੀਆ ਵੱਲੋਂ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਉਨ੍ਹਾਂ ਨੇ ਅਜਿਹਾ ਕੁਝ ਵੀ ਨਹੀਂ ਸੀ ਆਖਿਆ।

ਉਨ੍ਹਾਂ ਕਿਹਾ ਕਿ ਦਿਵਯ ਜਯੋਤੀ ਜਾਗਰਣ ਸੰਸਥਾਨ ਵਿਖੇ ਕੀਰਤਨ ਕਰਨ ਵਾਲੇ ਰਾਗੀ ਬਲਬੀਰ ਸਿੰਘ ਦਾ ਮਾਮਲਾ ਵਿਚਾਰ ਅਧੀਨ ਹੈ ਤੇ ਫ਼ੈਸਲਾ ਹੋਣ ਤੱਕ ਬਲਬੀਰ ਸਿੰਘ ਉਤੇ ਕੀਰਤਨ ਕਰਨ ਤੇ ਸਟੇਜਾਂ ਤੋਂ ਬੋਲਣ ਉਤੇ ਰੋਕ ਲਾਈ ਗਈ ਹੈ। ਉਨ੍ਹਾਂ ਨੇ ਮੋਬਾਈਲ ਫੋਨ ਨੈੱਟਵਰਕ ਕੰਪਨੀਆਂ ਨੂੰ ਤਾੜਨਾ ਕੀਤੀ ਕਿ ਮੋਬਾਈਲ ਫੋਨ ਉਤੇ ਕਾਲਰ ਟਿਊਨ ਲਈ ਗੁਰਬਾਣੀ ਦੀ ਵਰਤੋਂ ਕਰਦੇ ਹੋਏ ਇਸ ਨੂੰ ਗੀਤ ਨਾ ਆਖਿਆ ਜਾਵੇ। ਗੱਲ ਨਾ ਮੰਨਣ ਉਤੇ ਕੰਪਨੀ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹੁਣ ਕੋਈ ਵੀ ਮਾਮਲਾ ਸਿੱਧੇ ਤੌਰ ਉਤੇ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਆਏਗਾ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੂੰ ਯੋਗ ਹੱਲ ਕੱਢਣ ਲਈ ਹਦਾਇਤ ਕੀਤੀ ਗਈ ਹੈ ਤੇ ਇਹ ਵੀ ਕਿਹਾ ਗਿਆ ਹੈ ਕਿ ਕਮੇਟੀ ਕੌਮੀ ਮਾਮਲਿਆਂ ਬਾਰੇ ਆਪਣੀ ਰਾਇ ਦੇ ਕੇ ਅਕਾਲ ਤਖ਼ਤ 'ਤੇ ਭੇਜੇ ਤੇ ਕਾਨੂੰਨ ਨਾਲ ਸਬੰਧਤ ਕੋਈ ਵੀ ਮਾਮਲਾ ਅਕਾਲ ਤਖ਼ਤ ਉਤੇ ਵਿਚਾਰ ਲਈ ਨਾ ਭੇਜਿਆ ਜਾਵੇ। ਇਸ ਦੌਰਾਨ ਮਰਹੂਮ ਬਾਬਾ ਸੁੱਚਾ ਸਿੰਘ ਨੂੰ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਪਾਏ ਯੋਗਦਾਨ ਲਈ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਦੀ ਉਪਾਧੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਸਬੰਧੀ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ ਨੁਮਾਇੰਦਿਆਂ ਦੇ ਨਾਂ ਭੇਜਣ ਲਈ ਕਿਹਾ ਸੀ ਪਰ ਕੋਈ ਨਾਂ ਨਹੀਂ ਆਇਆ, ਜਿਸ ਕਰਕੇ ਇਸ ਬਾਰੇ ਕਮੇਟੀ ਨਹੀਂ ਬਣੀ। ਦੇਸ ਵਿਦੇਸ ਵਿਚ ਕੋਈ ਵੀ ਨਵਾਂ ਗੁਰਦੁਆਰਾ ਅਕਾਲ ਤਖ਼ਤ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਉਸਾਰਿਆ ਜਾਵੇ।

### ਸ਼੍ਰੋਮਣੀ ਕਮੇਟੀ ਦੇ ਅਹਿਮ ਫੈਸਲੇ

- ਨਵਾਂ ਗੁਰਦੁਆਰਾ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਉਸਾਰਿਆ ਜਾਵੇ
- ਭਵਿੱਖ ਵਿਚ ਕੋਈ ਵੀ ਮਾਮਲਾ ਅਕਾਲ ਤਖ਼ਤ ਉਤੇ ਵਿਚਾਰਨ ਲਈ ਸਿੱਧਾ ਨਾ ਭੇਜਿਆ ਜਾਵੇ
- ਗੁਰਬਾਣੀ ਨੂੰ ਗੀਤ ਕਹਿਣ ਵਾਲੀਆਂ ਮੋਬਾਈਲ ਫੋਨ ਨੈੱਟਵਰਕ ਕੰਪਨੀਆਂ ਨੂੰ ਤਾੜਨਾ
- ਰਾਗੀ ਬਲਬੀਰ ਸਿੰਘ ਉਤੇ ਕੀਰਤਨ ਕਰਨ ਤੇ ਸਟੇਜਾਂ ਤੋਂ ਬੋਲਣ ਉਤੇ ਰੋਕ ਜਾਰੀ ਰਹੇਗੀ
- ਬਾਬਾ ਸੁੱਚਾ ਸਿੰਘ ਨੂੰ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਦੀ ਉਪਾਧੀ ਦੇਣ ਦਾ ਫ਼ੈਸਲਾ

# ਔਰਬਿਟ ਬੱਸ ਕਾਂਡ ਦੇ ਮੁਲਜ਼ਮਾਂ ਖਿਲਾਫ ਦੋਸ਼ ਆਇਦ

**ਮੋਗਾ:** ਅਦਾਲਤ ਨੇ ਪਹਿਲੀ ਪੇਸ਼ੀ ਦੌਰਾਨ ਹੀ ਔਰਬਿਟ ਬੱਸ ਕਾਂਡ ਦੇ ਚਾਰੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਤੈਅ ਕਰ ਦਿੱਤੇ ਹਨ ਤੇ ਤਿੰਨ ਨਵੰਬਰ ਨੂੰ ਗਵਾਹਾਂ ਨੂੰ ਹਾਜ਼ਰ ਹੋਣ ਲਈ ਨੋਟਿਸ ਜਾਰੀ ਕਰਨ ਦਾ ਹੁਕਮ ਦਿੱਤਾ ਹੈ। ਦੂਜੇ ਪਾਸੇ ਐਸ.ਸੀ. ਕਮਿਸ਼ਨ ਅੱਗੇ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਨਿੱਜੀ ਤੌਰ ਉਤੇ ਪੇਸ਼ ਹੋ ਕੇ ਇਸ ਮਾਮਲੇ ਦੀ ਹੁਣ ਤੱਕ ਦੀ ਕਾਰਵਾਈ ਤੇ ਪੀੜਤ ਪਰਿਵਾਰ ਨੂੰ ਦਿੱਤੇ ਮੁਆਵਜ਼ੇ ਤੇ ਹੋਰ ਸਹੂਲਤਾਂ ਬਾਰੇ ਰਿਪੋਰਟ ਪੇਸ਼ ਕਰ ਦਿੱਤੀ ਹੈ।



ਹੁਕਮਰਾਨ ਬਾਦਲਾਂ ਦੀ ਮਾਲਕੀ ਵਾਲੀ ਬੱਸ ਕੰਪਨੀ ਔਰਬਿਟ ਵਿਚ ਇਸ ਵਰ੍ਹੇ 29 ਅਪਰੈਲ ਨੂੰ ਛੇੜਛਾੜ ਤੋਂ ਬਾਅਦ ਚੱਲਦੀ ਬੱਸ ਵਿਚੋਂ ਸੁੱਟ ਕੇ ਮਾਰੀ ਗਈ ਨਾਬਾਲਗ ਲੜਕੀ ਅਰਸ਼ਦੀਪ ਕੌਰ ਦੇ ਮਾਮਲੇ ਵਿਚ ਬਾਘਾਪੁਰਾਣਾ ਪੁਲਿਸ ਨੇ ਤਫ਼ਤੀਸ਼ ਮੁਕੰਮਲ ਕਰਕੇ ਬੀਤੀ 24 ਜੁਲਾਈ ਨੂੰ ਇਲਾਕਾ ਜੁਡੀਸ਼ਲ ਮੈਜਿਸਟਰੇਟ (ਜੇ.ਐਮ.ਆਈ.ਸੀ.) ਬਾਘਾਪੁਰਾਣਾ ਅਮਿਤ ਕੁਮਾਰ ਗਰਗ ਦੀ ਅਦਾਲਤ ਵਿਚ ਧਾਰਾ 302, 307, 354, 120-ਬੀ, 34 ਤੇ ਜੁਰਮ ਐਸਸੀ/ਐਸਟੀ ਐਕਟ ਤਹਿਤ ਦੋਸ਼ ਪੱਤਰ ਦਾਇਰ ਕਰ ਦਿੱਤਾ ਸੀ। ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਇਸ ਕੇਸ ਦੀ ਸੁਣਵਾਈ ਦੇ ਅਧਿਕਾਰ ਨਾ ਹੋਣ ਕਾਰਨ ਉਨ੍ਹਾਂ ਇਹ ਕੇਸ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਭੇਜ ਦਿੱਤਾ ਸੀ।

ਇਸ ਕੇਸ ਦੀ ਇਥੇ ਪਹਿਲੀ ਪੇਸ਼ੀ ਮੌਕੇ ਹੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਜੰਟ ਸਿੰਘ ਦੀ ਅਦਾਲਤ ਨੇ ਚਾਰੇ ਮੁਲਜ਼ਮਾਂ ਰਣਜੀਤ ਸਿੰਘ, ਸੁਖਵਿੰਦਰ ਸਿੰਘ, ਗੁਰਦੀਪ ਸਿੰਘ ਉਰਫ਼ ਜਿੰਮੀ, ਅਮਰ ਰਾਜ ਨਦਾਨਾ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਇਸ ਕੇਸ ਦੀ ਸੁਣਵਾਈ ਲਈ ਤਿੰਨ ਨਵੰਬਰ ਤੈਅ ਕਰਕੇ ਗਵਾਹਾਂ ਨੂੰ ਤਲਬ ਕਰਨ ਦਾ ਨਿਰਦੇਸ਼ ਦਿੱਤਾ ਹੈ।

# ਮੱਕੜ ਨੂੰ ਅਕਾਲ ਤਖਤ ਵੱਲੋਂ 'ਸ਼੍ਰੋਮਣੀ ਸੇਵਕ' ਦੀ ਉਪਾਧੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਮਨੁੱਖਤਾ ਦੀ ਭਲਾਈ, ਸਿੱਖੀ ਦੇ ਪ੍ਰਚਾਰ ਤੇ ਪਸਾਰ ਤੇ ਹੋਰ ਕਾਰਜਾਂ ਲਈ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ 'ਸ਼੍ਰੋਮਣੀ ਸੇਵਕ' ਦੀ ਪਦਵੀ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖ਼ਤ ਹਜ਼ੂਰ ਸਾਹਿਬ ਦੇ ਨੁਮਾਇੰਦੇ ਗਿਆਨੀ ਰਾਮ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਦਿੱਤਾ ਗਿਆ।

ਇਸ ਸਨਮਾਨ ਤਹਿਤ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਤਸ਼ਤਰੀ, ਸਨਮਾਨ ਪੱਤਰ, ਸ੍ਰੀ ਸਾਹਿਬ ਤੇ ਸਿਰੋਪਾ ਭੇਟ ਕੀਤਾ ਗਿਆ। ਜਥੇਦਾਰ ਅਵਤਾਰ ਸਿੰਘ ਨੇ ਇਸ ਸਨਮਾਨ ਵਾਸਤੇ ਸਿੱਖ ਸੰਗਤ ਤੇ ਸਿੰਘ ਸਾਹਿਬਾਨ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਭਵਿੱਖ ਵਿਚ ਵੀ ਇਸੇ ਤਰ੍ਹਾਂ ਸੁਹਿਰਦਤਾ ਨਾਲ ਮਨੁੱਖੀ ਭਲਾਈ ਤੇ ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਸਰਗਰਮ ਰਹਿਣਗੇ।



### ਸਵੱਛ ਭਾਰਤ ਮੁਹਿੰਮ ਦੇ ਬਰਾਂਡ ਅੰਬੈਸਡਰ ਹੋਣਗੇ ਮੱਕੜ

**ਅੰਮ੍ਰਿਤਸਰ:** ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸਵੱਛ ਭਾਰਤ ਮੁਹਿੰਮ ਦਾ ਬਰਾਂਡ ਅੰਬੈਸਡਰ ਚੁਣਿਆ ਹੈ। ਅੰਮ੍ਰਿਤਸਰ ਜੋ ਸਫਾਈ ਦੇ ਪੱਖੋਂ ਦੇਸ਼ ਭਰ ਵਿਚੋਂ 430ਵੇਂ ਸਥਾਨ ਉਤੇ ਆਇਆ ਸੀ, ਦੀ ਸਫਾਈ ਮਾਮਲੇ ਵਿਚ ਕਾਫੀ ਹੱਤਕ ਹੋਈ ਸੀ, ਪਰ ਇਸ ਦੇ ਬਾਵਜੂਦ ਕੇਂਦਰ ਵੱਲੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਉਤੇ ਭਰੋਸਾ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਆਪਣੀ ਇਸ ਮੁਹਿੰਮ ਦਾ ਹਿੱਸਾ ਬਣਾਇਆ ਹੈ। ਕੇਂਦਰ ਸਰਕਾਰ ਵੱਲੋਂ ਜਿਥੇ ਸਿੱਖਾਂ ਦੀ ਇਸ ਸੰਸਥਾ 'ਤੇ ਭਰੋਸਾ ਪ੍ਰਗਟ ਕਰਦਿਆਂ ਇਕ ਅਹਿਮ ਜ਼ਿੰਮੇਵਾਰੀ ਉਸ ਦੇ ਮੋਢਿਆਂ 'ਤੇ ਪਾਈ ਹੈ, ਹੁਣ ਇਸ ਧਾਰਮਿਕ ਸੰਸਥਾ ਦਾ ਮੁੱਖ ਫਰਜ਼ ਹੈ ਕਿ ਉਹ ਕੈਲੰਡਰ ਤੇ ਡੇਰੇਵਾਦ ਵਿਚ ਉਲਝੇ ਕੌਮ ਆਗੂਆਂ ਤੇ ਆਮ ਸਿੱਖਾਂ ਨੂੰ ਗੁਰੂ ਨਗਰੀ ਦੀ ਸਫਾਈ ਲਈ ਜਾਗਰੂਕ ਕਰੇ।

# ਪੰਜਾਬੀ ਡਾਕਟਰ 'ਤੇ ਹਮਲੇ ਦੇ ਦੋਸ਼ ਵਿਚ ਗੋਰੇ ਨੂੰ ਉਮਰ ਕੈਦ

**ਲੰਡਨ:** ਵੇਲਜ਼ ਦੇ ਇਲਾਕੇ ਮੋਲਡ ਵਿਚ ਇਕ ਟੈਸਕੋ ਸਟੋਰ ਵਿਚ ਖ਼ਰੀਦੋ-ਫ਼ਰੋਖ਼ਤ ਕਰਨ ਵਾਲੇ ਪੰਜਾਬੀ ਡਾਕਟਰ ਸ਼ਰਨਦੇਵ ਸਿੰਘ ਭੰਵਰਾ (25) ਉਤੇ ਨਸਲੀ ਤੇ ਕਾਤਲਾਨਾ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰਨ ਵਾਲੇ ਗੋਰੇ ਜੈਕ ਡੇਵਿਸ (26) ਨੂੰ ਮੋਲਡ ਕਰਾਊਨ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਜੱਜ ਰੇਅਸ ਰੋਲੈਂਡਸ ਨੇ ਕਿਹਾ ਕਿ ਡੇਵਿਸ ਘੱਟੋ-ਘੱਟ 14 ਸਾਲ ਜੇਲ੍ਹ ਵਿਚ ਗੁਜ਼ਾਰਨ ਤੋਂ ਬਾਅਦ ਹੀ ਪੈਰੋਲ ਲਈ ਅਰਜ਼ੀ ਦੇ ਸਕਦਾ ਹੈ। ਅਦਾਲਤ ਦੇ ਬਾਹਰ ਸ਼ਰਨਦੇਵ ਸਿੰਘ ਭੰਵਰਾ ਨੇ ਕਿਹਾ ਕਿ ਡੇਵਿਸ ਨੇ ਹਥਿਆਰਾਂ ਨਾਲ ਉਸ ਦੀ ਪਿੱਠ 'ਤੇ ਵਾਰ ਕੀਤਾ ਸੀ। ਸਰਕਾਰੀ ਵਕੀਲ ਗਰੀਥ ਪਰੀਸਟਨ ਨੇ ਕਿਹਾ ਕਿ ਇਹ ਬਹੁਤ ਹੀ ਗਲਤ, ਨਸਲੀ ਹਮਲਾ ਸੀ, ਜਿਸ ਨੇ ਭੰਵਰਾ ਨੂੰ ਜ਼ਿੰਦਗੀ ਭਰ ਲਈ ਜਖ਼ਮ ਦਿੱਤਾ ਹੈ। 14 ਜਨਵਰੀ 2014 ਨੂੰ ਟੈਸਕੋ ਸਟੋਰ ਵਿਚ ਹੋਏ ਇਸ ਹਮਲੇ 'ਚ ਡਾ. ਭੰਵਰਾ ਦੀ ਬਾਂਹ ਵੱਢ ਦਿੱਤੀ ਸੀ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening

- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 19 ਸਤੰਬਰ 2015*

# ਸਿਆਸਤ: ਬਿਹਾਰ ਤੋਂ ਪੰਜਾਬ ਤੱਕ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹਰ ਫੇਰੀ ਅਸਾਧਾਰਨ ਹੁੰਦੀ ਹੈ, ਭਾਵੇਂ ਉਹ ਵਿਦੇਸ਼ ਜਾਵੇ ਤੇ ਭਾਵੇਂ ਮੁਲਕ ਦੇ ਕਿਸੇ ਹਿੱਸੇ ਵਿਚ। ਇਹ ਅਸਲ ਵਿਚ ਉਸ ਦੇ ਪ੍ਰਬੰਧਕਾਂ ਦਾ ਹੀ ਪ੍ਰਤਾਪ ਹੈ। ਹਾਲ ਹੀ ਵਿਚ ਉਸ ਦੀ ਚੰਡੀਗੜ੍ਹ ਫੇਰੀ ਵੀ ਅਸਾਧਾਰਨ ਹੀ ਸੀ। ਇਸ ਫੇਰੀ ਦੇ ਪਹਿਲੂ ਤਾਂ ਬਹੁਤ ਸਾਰੇ ਹਨ, ਪਰ ਚੰਡੀਗੜ੍ਹ ਦੀ ਅਫਸਰਸ਼ਾਹੀ ਦਾ ਜੋ ਵਿਹਾਰ ਸਾਹਮਣੇ ਆਇਆ, ਉਸ ਤੋਂ ਮੋਦੀ-ਮੰਤਰ ਦੇ ਮਾਅਨੇ ਜ਼ਰੂਰ ਸਮਝ ਪੈਣ ਲਗਦੇ ਹਨ। ਉਸ ਦਿਨ ਚੰਡੀਗੜ੍ਹ ਦੇ ਸਾਰੇ ਸਕੂਲਾਂ ਵਿਚ ਛੁੱਟੀ ਕਰ ਦਿੱਤੀ ਗਈ। ਪ੍ਰਸ਼ਾਸਨ ਨੇ ਮੁਰਦਾ ਫੂਕਣ ਲਈ ਲੋਕਾਂ ਨੂੰ ਸ਼ਮਸ਼ਾਨਘਾਟ ਤੱਕ ਨਹੀਂ ਜਾਣ ਦਿੱਤਾ ਅਤੇ ਇਹ ਕਾਰਜ ਨਿਭਾਉਣ ਲਈ ਲੋਕਾਂ ਨੂੰ ਮੁਹਾਲੀ ਜਾਂ ਮਨੀਮਾਜਰਾ ਜਾਣਾ ਪਿਆ। ਸਿਆਸੀ ਮਾਹਿਰ ਭਾਵੇਂ ਮੋਦੀ ਦੀ ਇਸ ਰੈਲੀ ਨੂੰ ਅਸਫਲ ਆਖ ਰਹੇ ਹਨ, ਪਰ ਮੋਦੀ ਨੇ ਪੰਜਾਬ ਦੇ ਸ਼ਾਸਕਾਂ- ਬਾਦਲਾਂ, ਨੂੰ ਇਸ ਵਾਰ ਵੀ ਨਹੀਂ ਗੌਲਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਹਰ ਭਾਸ਼ਣ ਵਿਚ ਕਾਂਗਰਸ ਨੂੰ ਕੋਸਦੇ ਹਨ ਕਿ ਇਸ ਪਾਰਟੀ ਨੇ ਪੰਜਾਬ ਅਤੇ ਸਿੱਖਾਂ ਨਾਲ ਸਦਾ ਅਨਿਆਂ ਕੀਤਾ, ਪਰ ਹੁਣ ਜਦੋਂ ਪੰਜਾਬ ਅਤੇ ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਤਾਂ ਵੀ ਪੰਜਾਬ ਨਾਲ ਵਿਤਕਰਾ ਬੰਦ ਨਹੀਂ ਹੋਇਆ ਹੈ। ਦਰਅਸਲ, ਮੁਲਕ ਵਿਚ ਭਾਵੇਂ ਸੰਘੀ ਢਾਂਚੇ ਦੀਆਂ ਅਕਸਰ ਟਾਹਰਾਂ ਲਾਈਆਂ ਜਾਂਦੀਆਂ ਹਨ, ਪਰ ਸੂਬਿਆਂ ਦੇ ਅਖਤਿਆਰਾਂ ਦਾ ਧਿਆਨ ਉਕਾ ਨਹੀਂ ਰੱਖਿਆ ਜਾਂਦਾ। ਕੇਂਦਰ ਵਿਚ ਸੱਤਾ ਉਤੇ ਕਾਬਜ਼ ਧਿਰ ਸਦਾ ਆਪਣੇ ਸੁਤ ਬੈਠਦੀ ਸਿਆਸਤ ਹੀ ਕਰਦੀ ਹੈ। ਇਸ ਮਾਮਲੇ ਵਿਚ ਮੋਦੀ ਜਾਂ ਉਸ ਦੀ ਜਥੇਬੰਦੀ ਭਾਰਤੀ ਜਨਤਾ ਪਾਰਟੀ ਵੀ ਕਾਂਗਰਸ ਜਮਾਤ ਤੋਂ ਕੋਈ ਵੱਖਰੀ ਨਹੀਂ; ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਦੇ ਮੱਦੇਨਜ਼ਰ ਹਾਲਾਤ ਵੱਖਰੇ ਹੋਣੇ ਚਾਹੀਦੇ ਸਨ। ਇਹ ਹਾਲਤ ਉਦੋਂ ਹੈ ਜਦੋਂ ਸ. ਬਾਦਲ ਨੇ ਇੰਨੇ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਅੱਗੇ ਪੂਰੀ ਤਰ੍ਹਾਂ ਸਮਰਪਣ ਕੀਤਾ ਹੋਇਆ ਹੈ। ਇਸ ਤੋਂ ਜ਼ਾਹਿਰ ਇਹੀ ਹੁੰਦਾ ਹੈ ਕਿ ਦੋਹਾਂ ਪਾਰਟੀਆਂ ਵਿਚਕਾਰ ਸਿਆਸੀ ਸਾਂਝ ਸਿਰਫ ਸੱਤਾ ਲਈ ਹੀ ਸੀ। ਹੁਣ ਜਦੋਂ ਪਹਿਲਾਂ ਕੇਂਦਰ ਅਤੇ ਫਿਰ ਕੁਝ ਸੂਬਿਆਂ ਵਿਚ ਮਿਸਾਲੀ ਜਿੱਤ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਲੱਗਣ ਲੱਗਾ ਹੈ ਕਿ ਪਾਰਟੀ ਪੰਜਾਬ ਵਿਚ ਵੀ ਇਹ ਇਸੇ ਲੀਹ ਉਤੇ ਚੱਲ ਕੇ ਕੁਝ ਵੱਡਾ ਕਾਰਨਾਮਾ ਅੰਜਾਮ ਦੇ ਸਕਦੀ ਹੈ ਤਾਂ ਇਸ ਨੇ ਆਪਣੀ ਡੱਫਲੀ ਵਜਾਉਣੀ ਸ਼ੁਰੂ ਕਰ ਦਿੱਤੀ। ਪੰਜਾਬ ਵਿਚ ਚੋਣਾਂ ਡੇਢ ਸਾਲ ਬਾਅਦ 2017 ਵਿਚ ਹੋਣੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਇਸ ਮਾਮਲੇ ਵਿਚ ਹਰ ਕਦਮ ਬੋਚ ਬੋਚ ਕੇ ਧਰ ਰਹੀ ਹੈ।

ਭਾਰਤੀ ਜਨਤਾ ਪਾਰਟੀ ਦੀ ਅੱਖ ਹੁਣ ਬਿਹਾਰ ਚੋਣਾਂ ਦੇ ਨਤੀਜਿਆਂ ਉਤੇ ਹੈ। ਬਿਹਾਰ ਵਿਚ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਨਵੰਬਰ ਦੇ ਪਹਿਲੇ ਹਫਤੇ ਨਤੀਜੇ ਆ ਜਾਣੇ ਹਨ। ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਬਾਰੇ ਕੋਈ ਵੀ ਅੰਤਿਮ ਫੈਸਲਾ ਇਨ੍ਹਾਂ ਚੋਣ ਨਤੀਜਿਆਂ ਤੱਕ ਰੋਕ ਲਿਆ ਹੈ। ਪਾਰਟੀ ਨੇ ਬਿਹਾਰ ਚੋਣਾਂ ਨੂੰ ਵੱਕਾਰ ਦਾ ਮਸਲਾ ਬਣਾਇਆ ਹੋਇਆ ਹੈ। ਉਥੇ ਮੁਕਾਬਲਾ ਵੀ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਸਿੱਧਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਚਕਾਰ ਦਰਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਲਈ ਉਥੇ ਨਿਤੀਸ਼ ਕੁਮਾਰ, ਲਾਲੂ ਪ੍ਰਸਾਦ ਯਾਦਵ ਅਤੇ ਕਾਂਗਰਸ ਇਕ ਮੰਚ ਉਤੇ ਆ ਗਏ ਹਨ। ਦੂਜੇ ਬੰਨੇ, ਭਾਰਤੀ ਜਨਤਾ ਪਾਰਟੀ ਨੇ ਰਾਮ ਵਿਲਾਸ ਪਾਸਵਾਨ, ਸਾਬਕਾ ਮੁੱਖ ਮੰਤਰੀ ਜੀਤਨ ਮਾਂਝੀ ਅਤੇ ਉਪੇਂਦਰ ਖੁਸ਼ਵਾਹਾ ਨਾਲ ਤਾਲਮੇਲ ਬਿਠਾ ਲਿਆ ਹੈ। ਤੀਜੀ ਧਿਰ ਕਮਿਊਨਿਸਟ ਪਾਰਟੀਆਂ ਨੇ ਬਣਾ ਲਈ ਹੈ। ਚਾਰ ਰਵਾਇਤੀ ਕਮਿਊਨਿਸਟ ਪਾਰਟੀਆਂ- ਸੀ.ਪੀ.ਆਈ., ਸੀ.ਪੀ.ਐਮ., ਆਰ.ਐਸ.ਪੀ. ਤੇ ਫਾਰਵਰਡ ਬਲਾਕ ਤੋਂ ਇਲਾਵਾ ਨਕਸਲੀ ਪਿਛੋਕੜ ਵਾਲੀਆਂ ਦੋ ਜਥੇਬੰਦੀਆਂ- ਸੀ.ਪੀ.ਆਈ.(ਐਮ.ਐਲ.)-ਲਿਬਰੇਸ਼ਨ ਤੇ ਐਸ.ਯੂ.ਸੀ.ਆਈ. ਵੀ ਖੱਬੇ ਮੋਰਚੇ ਵਿਚ ਸ਼ਾਮਲ ਹੋ ਗਈਆਂ ਹਨ। ਸੀ.ਪੀ.ਆਈ.(ਐਮ.ਐਲ.)-ਲਿਬਰੇਸ਼ਨ ਅਤੇ ਐਸ.ਯੂ.ਸੀ.ਆਈ. ਪਹਿਲਾਂ ਸੀ.ਪੀ.ਐਮ. ਦੀਆਂ ਕੱਟੜ ਵਿਰੋਧੀ ਰਹੀਆਂ ਹਨ। ਚੌਥਾ ਮੋਰਚਾ ਵੀ ਇਨ੍ਹਾਂ ਚੋਣਾਂ ਵਿਚ ਆਪਣੇ ਪਰ ਤੋਲ ਰਿਹਾ ਹੈ। ਇਸ ਵਿਚ ਮੁੱਖ ਰੂਪ ਵਿਚ ਸਮਾਜਵਾਦੀ ਪਾਰਟੀ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਸ਼ਾਮਲ ਹਨ। ਇਹ ਉਹ ਪਾਰਟੀਆਂ ਹਨ ਜਿਨ੍ਹਾਂ ਨੂੰ ਨਿਤੀਸ਼-ਲਾਲੂ ਗਠਜੋੜ ਵਿਚ ਗੌਲਿਆ ਨਹੀਂ ਗਿਆ ਅਤੇ ਇਨ੍ਹਾਂ ਦੋਹਾਂ ਪਾਰਟੀ ਦੇ ਆਗੂ ਰੁੱਸ ਕੇ ਵੱਖਰੇ ਤੌਰ 'ਤੇ ਚੋਣ ਮੈਦਾਨ ਵਿਚ ਉਤਰ ਰਹੇ ਹਨ। ਜ਼ਾਹਿਰ ਹੈ ਕਿ ਬਿਹਾਰ ਭਾਰਤ ਦੀ ਰੰਗ-ਬਰੰਗੀ ਸਿਆਸਤ ਦੀ ਇਕ ਵੱਖਰੀ ਹੀ ਝਲਕੀ ਪੇਸ਼ ਕਰ ਰਿਹਾ ਹੈ ਜਿਥੇ ਸਾਰੀਆਂ ਧਿਰਾਂ ਕਿਸੇ ਮਕਸਦ ਲਈ ਨਹੀਂ, ਬਲਕਿ ਨਿਰੋਲ ਸੱਤਾ ਦੀ ਲੜਾਈ ਲੜ ਰਹੀਆਂ ਹਨ। ਸੂਬੇ ਵਿਚ ਜਿੱਤ ਲਈ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ ਪਾਰਟੀ- ਆਰ.ਐਸ.ਐਸ., ਦਾ ਅੱਡੀ-ਚੋਟੀ ਦਾ ਜ਼ੋਰ ਲੱਗਿਆ ਹੋਇਆ ਹੈ। ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਨਿਤੀਸ਼ ਕੁਮਾਰ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ ਸੀ। ਕੁੱਲ 40 ਸੀਟਾਂ ਵਿਚੋਂ ਭਾਰਤੀ ਜਨਤਾ ਪਾਰਟੀ ਨੇ 21 ਅਤੇ ਇਸ ਦੇ ਭਾਈਵਾਲ ਪਾਸਵਾਨ ਦੀ ਪਾਰਟੀ ਨੇ 6 ਸੀਟਾਂ ਉਤੇ ਕਬਜ਼ਾ ਕਰ ਲਿਆ ਸੀ। ਨਿਤੀਸ਼ ਦੀ ਪਾਰਟੀ ਨੂੰ ਸਿਰਫ 2 ਅਤੇ ਲਾਲੂ ਦੀ ਪਾਰਟੀ ਨੂੰ 5 ਸੀਟਾਂ 'ਤੇ ਸਬਰ ਕਰਨਾ ਪਿਆ ਸੀ, ਪਰ ਉਸ ਤੋਂ ਬਾਅਦ ਬਿਹਾਰ ਵਿਚ ਹੋਈਆਂ ਉਪ ਚੋਣਾਂ ਦੌਰਾਨ ਨਿਤੀਸ਼-ਲਾਲੂ ਗਠਜੋੜ ਨੇ ਕੁੱਲ 10 ਵਿਚੋਂ 6 ਸੀਟਾਂ ਜਿੱਤ ਕੇ ਇਹ ਸੁਨੇਹਾ ਦਿੱਤਾ ਕਿ ਇਹ ਗਠਜੋੜ ਭਾਰਤੀ ਜਨਤਾ ਪਾਰਟੀ ਨੂੰ ਡੱਕ ਸਕਦਾ ਹੈ। ਇਸੇ ਕਰ ਕੇ ਹੁਣ ਭਾਰਤੀ ਜਨਤਾ ਪਾਰਟੀ ਹੀ ਨਹੀਂ, ਬਾਦਲਾਂ ਦੀ ਅੱਖ ਵੀ ਬਿਹਾਰ ਚੋਣਾਂ ਉਤੇ ਹੈ। ਜੇ ਉਥੇ ਨਿਤੀਸ਼-ਲਾਲੂ-ਕਾਂਗਰਸ ਗਠਜੋੜ ਜਿੱਤ ਜਾਂਦਾ ਹੈ ਤਾਂ ਸੰਭਵ ਤੌਰ 'ਤੇ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਵੱਖਰੇ ਹੋ ਕੇ ਚੋਣ ਲੜਨ ਬਾਰੇ ਫੈਸਲੇ 'ਤੇ ਪੁਨਰ-ਵਿਚਾਰ ਕਰ ਸਕਦੀ ਹੈ। ਜੇ ਉਥੇ ਮੋਦੀ ਮੰਤਰ ਚੱਲ ਗਿਆ ਤਾਂ ਭਾਰਤੀ ਜਨਤਾ ਪਾਰਟੀ ਇਹੀ ਇਤਿਹਾਸ ਪੰਜਾਬ ਵਿਚ ਦੁਹਰਾਉਣ ਲਈ ਆਪਣੀ ਸਿਆਸਤ ਕਰੇਗੀ। ਇਹ ਫੈਸਲਾ ਫਿਰ ਪੰਜਾਬ ਦੀ ਸਿਆਸਤ ਉਤੇ ਵੀ ਆਪਣਾ ਅਸਰ ਛੱਡ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਿਨ ਫੀਤੀਆਂ ਕੈਪਟਨ?*

ਵਰ੍ਹਾ ਦੂਰ 'ਸਤਾਰਾਂ' ਦਾ ਬਹੁਤ ਭਾਵੇਂ, ਸਿਆਸਤਦਾਨ ਸਭ ਬਾਹਾਂ ਉਲਾਰਦੇ ਜੀ।
ਦੇਖਣ ਤੇਲ ਤੇ ਤੇਲ ਦੀ ਧਾਰ 'ਹਾਕਮ', 'ਭਗਵੇਂ' ਪਤਾ ਨਹੀਂ ਕੀ ਵਿਚਾਰਦੇ ਜੀ।
'ਝਾੜੂ' ਬਿਖਰਦਾ ਦੇਖ ਕੇ 'ਆਪ' ਵਾਲਾ, 'ਪੰਜੇ' ਵਾਲੇ ਤਾਂ ਚਾਘੀਆਂ ਮਾਰਦੇ ਜੀ।
ਪੈਂਠ ਲੋਕਾਂ ਦੇ ਵਿਚ ਬਣਾਉਣ ਖਾਤਰ, ਘੂਰ 'ਤੱਕੜੀ' ਤਾਈਂ ਲਲਕਾਰਦੇ ਜੀ।
ਆਗੂ ਦਿੱਲੀ ਨੂੰ ਆਈ ਤੇ ਜਾਈ ਜਾਂਦੇ, ਐਪਰ ਚਿਹਰੇ 'ਤੇ ਲਾਲੀਆਂ ਦਗਦੀਆਂ ਨਾ।
'ਕੈਪਟਨ' ਕਹਿਣ ਪੰਜਾਬ ਦੇ ਲੋਕ ਕਿੱਦਾਂ? ਜਦ ਤੱਕ ਮੋਢੇ 'ਤੇ ਫੀਤੀਆਂ ਲਗਦੀਆਂ ਨਾ!

# ਪੰਜਾਬ ਅਤੇ ਪਾਣੀ

## ਸੰਕਟ ਦਾ ਚੁਫੇਰਿਉਂ ਹੱਲਾ

***ਪੰਜ ਪਾਣੀਆਂ ਦੇ ਦੇਸ ਵਜੋਂ ਜਾਣੀ ਜਾਂਦੀ ਪੰਜਾਬ ਦੀ ਧਰਤੀ ਅੱਜ ਪਾਣੀ ਕਰ ਕੇ ਉਦਾਸ ਹੈ। ਇਥੋਂ ਦੇ ਧਰਤੀ ਹੇਠਲੇ ਪਾਣੀ ਬਾਰੇ ਖ਼ਬਰਾਂ ਫਿਕਰ ਵਾਲੀਆਂ ਹਨ। ਇਥੇ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੋਰ ਡੂੰਘਾ ਜਾ ਰਿਹਾ ਹੈ। ਦੂਜੇ, ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਵਿਚ ਅਤਿ-ਘਾਤਕ ਯੂਰੇਨੀਅਮ ਵਰਗੇ ਤੱਤ ਰਲ ਗਏ ਹਨ ਜੋ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੇ ਹਨ। ਅਮਰੀਕਾ ਦੀ ਵਿਗਿਆਨ ਏਜੰਸੀ 'ਨਾਸਾ' ਵੱਲੋਂ ਦਿੱਤੀ ਚਿਤਾਵਨੀ ਵਿਚ ਇਹ ਕਿਹਾ ਗਿਆ ਹੈ ਕਿ ਪੰਜਾਬ ਹਰਿਆਣਾ ਦੀ ਧਰਤੀ ਬੜੀ ਤੇਜ਼ੀ ਨਾਲ ਪਾਣੀ ਦੇ ਖ਼ਾਤਮੇ ਵੱਲ ਵਧ ਰਹੀ ਹੈ। ਨਾਸਾ ਦੀ ਇਸ ਚਿਤਾਵਨੀ ਬਾਰੇ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਰਿਪੋਰਟ ਭੇਜੀ ਗਈ ਹੈ।***

ਪੰਜਾਬ ਦੀ ਧਰਤੀ ਕੇਵਲ ਪੰਜ ਦਰਿਆਵਾਂ ਦੀ ਹੀ ਧਰਤੀ ਨਹੀਂ ਸੀ, ਬਲਕਿ ਹੋਰ ਵੀ ਕਈ ਛੋਟੀਆਂ ਸਹਾਇਕ ਨਦੀਆਂ/ਨਹਿਰਾਂ ਇਸ ਧਰਤੀ 'ਤੇ ਵਹਿੰਦੀਆਂ ਰਹੀਆਂ ਹਨ। ਪੁਰਾਤਨ ਸਭਿਅਤਾਵਾਂ ਦੇ ਹੁਣ ਤੱਕ ਜੋ ਖੰਡਰਾਤ ਮਿਲੇ ਹਨ, ਉਨ੍ਹਾਂ ਮੁਤਾਬਕ ਇਨ੍ਹਾਂ ਨਦੀਆਂ ਦੇ ਕੰਢਿਆਂ 'ਤੇ ਹੀ ਪਿੰਡ ਸ਼ਹਿਰ ਵਸਾਏ ਗਏ। ਹੁਣ ਵੀ ਪੰਜਾਬ ਦੇ ਕੁਝ ਕੁ ਨਵੇਂ ਵਸੇ ਪਿੰਡਾਂ ਨੂੰ ਛੱਡ ਕੇ ਬਾਕੀ ਦੇ ਸ਼ਹਿਰਾਂ ਕਸਬਿਆਂ ਦੀ ਭੂਗੋਲਿਕ ਸਥਿਤੀ ਨੂੰ ਜੇ ਗਹੁ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਦੇ ਨਾਲ ਕਿਸੇ

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਸਮੇਂ ਵਗਦੀਆਂ ਰਹੀਆਂ ਨਦੀਆਂ ਦੀ ਨਿਸ਼ਾਨਦੇਹੀ ਸਪਸ਼ਟ ਨਜ਼ਰ ਆ ਜਾਂਦੀ ਹੈ। ਨਗਰਾਂ ਕਸਬਿਆਂ ਦੇ ਨਾਲ ਨਾਲ ਕਿਸੇ ਸਮੇਂ ਵਗਦੀਆਂ ਰਹੀਆਂ ਨਦੀਆਂ ਦੇ ਹੁਣ ਤੱਕ ਵੀ ਮਿਲਦੇ ਅਵਸ਼ੇਸ਼ ਇਹ ਦੱਸਦੇ ਹਨ ਕਿ ਕਦੇ ਇਨ੍ਹਾਂ ਵਿਚ ਸਾਰਾ ਸਾਰਾ ਸਾਲ ਪਾਣੀ ਵਹਿੰਦਾ ਰਹਿੰਦਾ ਸੀ। ਇਸ ਸਦਕਾ ਹੀ ਪੰਜਾਬ ਦੀ ਮਿੱਟੀ ਨੂੰ ਜਰਖੇਜ਼ ਮਿੱਟੀ ਹੋਣ ਦਾ ਮਾਣ ਪ੍ਰਾਪਤ ਹੋਇਆ।

ਪੰਜ ਪਾਣੀਆਂ ਦੇ ਦੇਸ ਵਜੋਂ ਜਾਣੀ ਜਾਂਦੀ ਪੰਜਾਬ ਦੀ ਧਰਤੀ ਅੱਜ ਪਾਣੀ ਕਰ ਕੇ ਉਦਾਸ ਹੈ। ਇਥੋਂ ਦੇ ਧਰਤੀ ਹੇਠਲੇ ਪਾਣੀ ਬਾਰੇ ਖ਼ਬਰਾਂ ਫਿਕਰ ਵਾਲੀਆਂ ਹਨ। ਇਥੇ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੋਰ ਡੂੰਘਾ ਜਾ ਰਿਹਾ ਹੈ। ਦੂਜੇ, ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਵਿਚ ਅਤਿ-ਘਾਤਕ ਯੂਰੇਨੀਅਮ ਵਰਗੇ ਤੱਤ ਰਲ ਗਏ ਹਨ ਜੋ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੇ ਹਨ। ਅਮਰੀਕਾ ਦੀ ਵਿਗਿਆਨ ਏਜੰਸੀ 'ਨਾਸਾ' ਵੱਲੋਂ ਦਿੱਤੀ ਚਿਤਾਵਨੀ ਵਿਚ ਇਹ ਕਿਹਾ ਗਿਆ ਹੈ ਕਿ ਪੰਜਾਬ ਹਰਿਆਣਾ ਦੀ ਧਰਤੀ ਬੜੀ ਤੇਜ਼ੀ ਨਾਲ ਪਾਣੀ ਦੇ ਖ਼ਾਤਮੇ ਵੱਲ ਵਧ ਰਹੀ ਹੈ। ਨਾਸਾ ਦੀ ਇਸ ਚਿਤਾਵਨੀ ਬਾਰੇ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਚੇਤਾ ਕਰਵਾਇਆ ਗਿਆ ਹੈ। ਸਰਕਾਰ ਦੇ ਜਲ ਸਰੋਤ ਸੈੱਲ ਵੱਲੋਂ ਜੂਨ 2015 ਵਿਚ ਪੇਸ਼ ਕੀਤੀ ਰਿਪੋਰਟ ਅਨੁਸਾਰ, ਮਾਰਚ 2014 ਤੋਂ ਮਾਰਚ 2015 ਦੇ ਅਰਸੇ ਦੌਰਾਨ ਬਰਨਾਲਾ ਵਿਚ ਔਸਤਨ 1.59 ਮੀਟਰ, ਬਠਿੰਡਾ ਵਿਚ 1.18 ਮੀਟਰ, ਲੁਧਿਆਣਾ ਵਿਚ 1.36, ਪਟਿਆਲਾ ਵਿਚ 1.31 ਮੀਟਰ ਅਤੇ ਸੰਗਰੂਰ ਵਿਚ 1.25 ਮੀਟਰ ਪਾਣੀ ਦਾ ਪੱਧਰ ਨੀਵਾਂ ਹੋਇਆ ਹੈ। ਇਸ ਤੋਂ ਇਲਾਵਾ ਫਿਰੋਜ਼ਪੁਰ, ਫਰੀਦਕੋਟ, ਮਾਨਸਾ ਆਦਿ ਜ਼ਿਲ੍ਹਿਆਂ ਵਿਚ ਵੀ ਹੇਠਾਂ ਜਾ ਰਿਹਾ ਪਾਣੀ ਦਾ ਪੱਧਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਜੇ ਪਾਣੀ ਨੂੰ ਰੀਚਾਰਜ ਕਰਨ ਦੇ ਜਲਦੀ ਕੋਈ ਢੁਕਵੇਂ ਉਪਰਾਲੇ ਨਾ ਕੀਤੇ ਗਏ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਲੋਕ ਪਾਣੀ ਦੀ ਬੂੰਦ ਬੂੰਦ ਲਈ ਤਰਸ ਜਾਣਗੇ। ਜੇ ਨਾਸਾ ਦੀ ਇਸ ਚਿਤਾਵਨੀ ਨੂੰ ਪਾਸੇ ਵੀ ਰੱਖ ਦੇਈਏ ਤਾਂ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਪਾਣੀ ਦੇ ਪੱਧਰ ਦੇ ਹੇਠਾਂ ਜਾਣ ਸਬੰਧੀ ਆਮ ਕਿਸਾਨ ਵੀ ਦੱਸ ਦੇਣਗੇ ਕਿ ਕਿਵੇਂ ਉਨ੍ਹਾਂ ਨੂੰ ਹਰ ਦੂਜੇ ਜਾਂ ਤੀਜੇ ਸਾਲ ਸਬਮਰਸੀਬਲ ਮੋਟਰਾਂ ਨੂੰ ਹੋਰ ਡੂੰਘਾ ਕਰਨਾ ਪੈਂਦਾ ਹੈ। ਇਸ ਪਾਸੇ ਫੌਰੀ ਢੁਕਵੇਂ ਠੋਸ ਕਦਮ ਚੁੱਕਣ ਦੀ ਲੋੜ ਹੈ, ਪਰ ਸਰਕਾਰਾਂ ਨੇ ਇਸ ਵਰਤਾਰੇ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ। ਇਸ ਤੋਂ ਉਲਟ ਰੁੱਖਾਂ ਦੀ ਕਟਾਈ ਤੇਜ਼ੀ ਨਾਲ ਹੋ ਰਹੀ ਹੈ, ਵਾਧੂ ਪਾਣੀ ਨੂੰ ਸੰਭਾਲਣ ਦੇ ਵੀ ਯੋਗ ਉਪਰਾਲੇ ਨਹੀਂ ਕੀਤੇ ਜਾ ਰਹੇ।

ਪੰਜਾਬ ਦੀਆਂ ਵੱਡੀਆਂ ਛੋਟੀਆਂ ਨਦੀਆਂ ਨੈਆਂ ਦੇ ਪਾਣੀਆਂ 'ਤੇ ਨਿਰਭਰ ਰਹਿਣ ਵਾਲੇ ਜੀਵਾਂ ਦਾ ਅਲੌਕਿਕ ਸੰਸਾਰ ਸੀ। ਅਖੌਤੀ ਵਿਕਾਸ ਨਾਂ ਦੇ ਜ਼ਲਜ਼ਲੇ ਨੇ ਇਸ ਧਰਤੀ ਤੋਂ ਇਨ੍ਹਾਂ ਜੀਵਾਂ ਦੀ ਦੁਨੀਆ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਇਥੇ ਮੱਛਲੀਆਂ, ਡੱਡੂ, ਕੱਛੂ, ਮੁਰਗਾਬੀਆਂ, ਝੀਂਗੇ, ਘੋਗੇ, ਸਿੱਪੀਆਂ ਅਤੇ ਹੋਰ ਕਈ ਤਰ੍ਹਾਂ ਦੇ ਜੀਵ ਸਨ ਜਿਨ੍ਹਾਂ ਦਾ ਧਰਤੀ ਦੇ ਇਸ ਖਿੱਤੇ ਤੋਂ ਸਫ਼ਾਇਆ ਕਰ ਦਿੱਤਾ ਗਿਆ। ਪਾਣੀਆਂ ਦੇ ਵਿਚ ਅਤੇ ਆਸ-ਪਾਸ ਉੱਗਣ ਵਾਲੀਆਂ ਕਈ ਤਰ੍ਹਾਂ ਦੀਆਂ ਬਨਸਪਤੀਆਂ ਤੋਂ ਇਲਾਵਾ ਕਾਹੀ, ਸੀਰੇਂ, ਦੱਭ, ਕਾਨੇ ਅਤੇ ਹੋਰ ਕਈ ਤਰ੍ਹਾਂ ਦੇ ਪੌਦੇ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਜਾਨਵਰਾਂ ਅਤੇ ਪੰਛੀਆਂ ਦੀਆਂ ਰਿਹਾਇਸ਼ਗਾਹਾਂ ਹੁੰਦੀਆਂ ਸਨ, ਦਾ ਸਫ਼ਾਇਆ ਹੋ ਗਿਆ। ਪੰਜਾਬ ਦੀ ਧਰਤੀ ਦੀ ਸ਼ਾਨ ਨਿੱਕਾ ਜਿਹਾ ਪੰਛੀ ਹੈ ਬਿਜੜਾ ਜਿਸ ਨੂੰ ਬੇਹੱਦ ਸਿਆਣਾ ਅਤੇ ਕਾਰੀਗਰ ਪੰਛੀ ਮੰਨਿਆ ਜਾਂਦਾ ਹੈ। ਹੁਣ ਉਸ ਦੇ ਘਰ ਬਣਾਉਣ ਦਾ ਸਾਮਾਨ ਹੀ ਨਹੀਂ ਰਿਹਾ ਜਿਸ ਕਰ ਕੇ ਬਿਜੜੇ ਦੀ ਨਸਲ ਦਾ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ 'ਚੋਂ ਖ਼ਾਤਮਾ ਹੋ ਗਿਆ ਹੈ। ਇਸੇ ਤਰ੍ਹਾਂ ਅੱਜ ਦੇ ਵਿਕਾਸ ਨੇ ਅਨੇਕਾਂ ਪੰਛੀਆਂ ਅਤੇ ਬਨਸਪਤੀ ਦੀ ਵੰਨ-ਸੁਵੰਨਤਾ ਦੇ ਅਲੌਕਿਕ ਸੰਸਾਰ ਤੋਂ ਵਾਂਝੇ ਕਰ ਦਿੱਤਾ ਹੈ। ਹੁਣ ਆਲਮ ਇਹ ਹੈ ਕਿ ਹਰ ਸਾਲ ਅਪਰੈਲ-ਮਈ ਦੌਰਾਨ ਪੰਜਾਬ ਦੀ ਧਰਤੀ ਇਕ ਤਰ੍ਹਾਂ ਨਾਲ ਖੁਸ਼ਕ ਮੈਦਾਨ ਦਾ ਰੂਪ ਧਾਰਨ ਕਰ ਲੈਂਦੀ ਹੈ। ਕਈ ਕਿਲੋਮੀਟਰਾਂ ਤੱਕ ਪਾਣੀ ਦੀ ਬੂੰਦ ਵੀ ਦਿਖਾਈ ਨਹੀਂ ਦਿੰਦੀ।




ਹਰਿਆਲੀ ਸੁੱਕ-ਸੜ ਜਾਂਦੀ ਹੈ। ਕਣਕ ਦੀ ਰਹਿੰਦ-ਖੂੰਹਦ ਨੂੰ ਲਾਈਆਂ ਅੱਗਾਂ ਨਾਲ ਰੁੱਖ ਵਣ ਝੁਲਸ ਜਾਂਦੇ ਹਨ। ਅਜਿਹੀ ਸਥਿਤੀ ਜਿੱਥੇ ਜੀਵ ਜੰਤੂਆਂ ਲਈ ਘਾਤਕ ਸਿੱਧ ਹੁੰਦੀ ਹੈ, ਉਥੇ ਮਨੁੱਖਾਂ ਦੀ ਸਿਹਤ 'ਤੇ ਵੀ ਇਸ ਦੇ ਬੁਰੇ ਪ੍ਰਭਾਵ ਪੈਂਦੇ ਹਨ। ਇਹ ਸਥਿਤੀ ਜੂਨ ਦੇ ਪਹਿਲੇ ਦੂਜੇ ਹਫ਼ਤੇ ਤੱਕ ਜਾਰੀ ਰਹਿੰਦੀ ਹੈ। ਫਿਰ ਇਸ ਅਤਿ ਦੀ ਗਰਮੀ ਅਤੇ ਤਪਸ਼ ਵਿਚ ਸ਼ੁਰੂ ਹੁੰਦੀ ਹੈ, ਝੋਨੇ ਦੀ ਲਵਾਈ। ਇਸ ਦੌਰਾਨ ਅਸੀਂ ਹਜ਼ਾਰਾਂ ਕਿਉਸਿਕ ਪਾਣੀ ਧਰਤੀ 'ਚੋਂ ਕੱਢ ਕੇ ਬਲਦੀ ਜ਼ਮੀਨ 'ਤੇ ਸੁੱਟ ਕੇ ਇਸ ਨੂੰ ਵਿਸ਼ਾਲ ਛੱਪੜ ਵਿਚ ਬਦਲ ਦਿੰਦੇ ਹਾਂ। ਹਰ ਸਾਲ ਇਹ ਪ੍ਰਕਿਰਿਆ ਦੁਹਰਾਈ ਜਾਂਦੀ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੜੀ ਤੇਜ਼ੀ ਨਾਲ ਬਰਬਾਦੀ ਹੁੰਦੀ ਹੈ। ਆਉਣ ਵਾਲੇ ਸਮੇਂ ਦੌਰਾਨ ਜਦੋਂ ਅਸੀਂ ਵੱਡੀ ਪੱਧਰ 'ਤੇ ਪਾਣੀ ਦੀ ਬਰਬਾਦੀ ਕਰ ਚੁੱਕੇ ਹੋਵਾਂਗੇ ਤਾਂ ਸਾਨੂੰ ਸਮਝ ਵਿਚ ਇਹ ਆ ਜਾਵੇਗਾ ਜਿਸ ਵਿਕਾਸ ਦੇ ਦਮਗਜੇ ਅਸੀਂ ਮਾਰਦੇ ਰਹੇ ਹਾਂ, ਉਹ ਵਿਕਾਸ ਨਹੀਂ, ਬਲਕਿ ਇਕ ਕਿਸਮ ਨਾਲ ਮਹਾਂ-ਵਿਨਾਸ਼ ਵੱਲ ਵਧਣ ਦਾ ਅਮਲ ਹੈ। ਨਿਸ਼ਚੇ ਹੀ ਆਉਣ ਵਾਲੀਆਂ ਪੀੜ੍ਹੀਆਂ ਸਾਡੀ ਸੋਚ 'ਤੇ ਅਫਸੋਸ ਜਾਹਿਰ ਕਰਨਗੀਆਂ। ਸ਼ਾਇਦ ਸਾਨੂੰ ਵੀ ਕਦੇ ਸਮਝ ਆਵੇਗੀ ਕਿ ਜ਼ਿੰਦਗੀ ਜਿਉਣ ਦਾ ਜ਼ਰੀਆ ਕੇਵਲ ਪੈਸਾ ਹੀ ਨਹੀਂ ਹੁੰਦਾ।

ਭਾਰਤ ਦੇ ਲੋਕਾਂ ਦੀ ਤਰਾਸਦੀ ਇਹ ਰਹੀ ਹੈ ਕਿ ਇਥੇ ਬਹੁਤ ਕੁਝ ਗਵਾ ਕੇ ਪਤਾ ਲਗਦਾ ਹੈ ਕਿ ਸਾਨੂੰ ਇੰਝ ਨਹੀਂ ਬਲਕਿ ਇੰਝ ਕਰਨਾ ਚਾਹੀਦਾ ਸੀ। ਸਰਕਾਰਾਂ ਸ਼ਾਇਦ ਅਜਿਹਾ ਕਰਨ ਵਿਚ ਸਭ ਤੋਂ ਵੱਧ ਜ਼ਿੰਮੇਵਾਰ ਹੁੰਦੀਆਂ ਹਨ। ਸਰਕਾਰਾਂ ਵੱਲੋਂ ਹੁਣ ਪੱਕੀਆਂ ਨਹਿਰਾਂ ਦੇ ਤਲ ਕੱਚੇ ਕਰਨ ਦੀ ਤਿਆਰੀ ਹੋ ਰਹੀ ਹੈ, ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਜਿਹਾ ਸਭ ਕੁਝ ਸਾਡੇ ਜ਼ਿਹਨ ਵਿਚ ਉਦੋਂ ਆਉਂਦਾ ਹੈ ਜਦੋਂ ਬਹੁਤ ਜ਼ਿਆਦਾ ਨੁਕਸਾਨ ਹੋ ਚੁੱਕਿਆ ਹੁੰਦਾ ਹੈ। ਹਰ ਸਾਲ ਮੌਨਸੂਨ ਦੌਰਾਨ ਜਦੋਂ ਡੈਮਾਂ ਦੇ ਫਲੱਡਗੇਟ ਚੁੱਕੇ ਜਾਂਦੇ ਹਨ, ਤਾਂ ਸਤਲੁਜ ਬਿਆਸ ਵਿਚ ਬਹੁਤ ਸਾਰਾ ਪਾਣੀ ਕੁਝ ਹੀ ਦਿਨਾਂ ਵਿਚ ਵਹਿ ਕੇ ਸਮੁੰਦਰ ਵਿਚ ਜਾ ਡਿਗਦਾ ਹੈ। ਇਸ ਦਾ ਨੁਕਸਾਨ ਦਰਿਆਵਾਂ ਦੇ ਕੰਢਿਆਂ ਦੇ ਦਰਗੁਜ਼ਰ ਕਰਨ ਵਾਲੇ ਗਰੀਬ ਕਿਰਸਾਨ ਭੁਗਤਦੇ ਹਨ। ਹੜ੍ਹਾਂ ਦਾ ਪਾਣੀ ਜਿਥੇ ਫਸਲਾਂ ਦੀ ਬਰਬਾਦੀ ਕਰਦਾ ਹੈ, ਉਥੇ ਵੱਡੀ ਪੱਧਰ 'ਤੇ ਇਸ ਨਾਲ ਮਾਲੀ ਨੁਕਸਾਨ ਵੀ ਹੁੰਦਾ ਹੈ। ਜਾਨੀ ਨੁਕਸਾਨ ਹੋਣ ਦੀਆਂ ਖ਼ਬਰਾਂ ਵੀ ਹਰ ਸਾਲ ਆਉਂਦੀਆਂ ਹਨ। ਅਜਿਹੇ ਮੌਕਿਆਂ 'ਤੇ ਸਰਕਾਰਾਂ ਬੰਨ੍ਹ ਪੱਕੇ ਕਰਨ, ਲੋਕਾਂ ਨੂੰ ਤੰਬੂ ਦੇਣ ਤੋਂ ਇਲਾਵਾ ਮੁਆਵਜ਼ੇ ਦੇਣ ਦੀਆਂ ਬਿਆਨਬਾਜ਼ੀਆਂ ਜਾਰੀ ਕਰਕੇ ਫਾਰਗ ਹੋ ਜਾਂਦੀਆਂ ਹਨ। ਹੜ੍ਹਾਂ ਦੀ ਸਥਿਤੀ ਜੇ ਭਿਆਨਕ ਰੂਪ ਅਖ਼ਤਿਆਰ ਕਰ ਲਵੇ ਤਾਂ ਹੋਰ ਪਿੰਡਾਂ ਦੇ ਆਮ ਲੋਕ ਪਾਣੀ ਨਾਲ ਉੱਜੜੇ ਲੋਕਾਂ ਲਈ ਲੰਗਰ ਪਾਣੀ ਦਾ ਪ੍ਰਬੰਧ ਕਰ ਦਿੰਦੇ ਹਨ। ਇਹ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਹੈ ਅਤੇ ਲਗਭਗ ਹਰ ਸਾਲ ਦੁਹਰਾਇਆ ਜਾਂਦਾ ਹੈ। ਲੋਕ ਹਰ ਸਾਲ ਬਰਬਾਦ ਹੁੰਦੇ ਹਨ, ਵਸਦੇ ਹਨ ਅਤੇ ਫਿਰ ਬਰਬਾਦ ਹੁੰਦੇ ਹਨ, ਪਰ ਸਰਕਾਰ ਵੱਲੋਂ ਅਜਿਹੇ ਹਾਲਾਤ ਨੂੰ ਰੋਕਣ ਲਈ ਕਦੇ ਵੀ ਢੁਕਵੇਂ ਕਦਮ ਨਹੀਂ ਚੁੱਕੇ ਜਾਂਦੇ। ਹੜ੍ਹਾਂ ਦੇ ਪਾਣੀਆਂ ਦਾ ਤੇਜ਼ੀ ਨਾਲ ਵਹਿ ਜਾਣਾ ਜਿਥੇ ਸੰਕਟ ਪੈਦਾ ਕਰਦਾ ਹੈ, ਉਥੇ ਇਹ ਪੰਜਾਬ ਦੀ ਧਰਤੀ ਲਈ ਨੁਕਸਾਨਦੇਹ ਸਾਬਤ ਹੋ ਰਿਹਾ ਹੈ। ਚਾਹੀਦਾ ਤਾਂ ਇਹ ਹੈ ਸੂਬੇ ਭਰ ਵਿਚ ਵਗਦੀਆਂ ਛੋਟੀਆਂ ਨਦੀਆਂ/ਨਹਿਰਾਂ ਨੂੰ ਸੁਰਜੀਤ ਕੀਤਾ ਜਾਵੇ ਅਤੇ ਹਰ ਸਾਲ ਹੜ੍ਹਾਂ ਦਾ ਵਾਧੂ ਪਾਣੀ ਇਨ੍ਹਾਂ ਨਹਿਰਾਂ ਵਿਚ ਛੱਡਿਆ ਜਾਵੇ। ਇਸ ਨਾਲ ਹਰ ਸਾਲ ਦਰਿਆਵਾਂ ਵਿਚ ਹੜ੍ਹਾਂ ਦੀ ਭਿਆਨਕ ਬਣਦੀ ਸਥਿਤੀ ਨੂੰ ਵੀ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਕੁਝ ਸਾਲਾਂ ਵਿਚ ਸੁਧਾਰਿਆ ਜਾ ਸਕਦਾ ਹੈ। ਇਸ ਨਾਲ ਪੰਜਾਬ ਦਾ ਧਰਤੀ ਹੇਠਲਾ ਪਾਣੀ ਜੋ ਤੇਜ਼ੀ ਨਾਲ ਦੂਸ਼ਿਤ ਹੋ ਰਿਹਾ ਹੈ ਅਤੇ ਬਿਮਾਰੀਆਂ ਪੈਦਾ ਕਰਨ ਦਾ ਜ਼ਰੀਆ ਬਣ ਰਿਹਾ ਹੈ, ਦੀ ਗੁਣਵੱਤਾ ਵਿਚ ਵੀ ਸੁਧਾਰ ਆਵੇਗਾ। ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਪੰਜਾਬ ਦੀ ਧਰਤੀ 'ਤੇ ਰੁੱਖਾਂ ਦੀ ਕਟਾਈ ਘਟਾਈ ਜਾਵੇ। ਜੇ ਕਿਸੇ ਜ਼ਰੂਰੀ ਪ੍ਰੋਜੈਕਟ ਲਈ ਰੁੱਖ ਕੱਟਣੇ ਵੀ ਪੈਂਦੇ ਹਨ ਤਾਂ ਉਨ੍ਹਾਂ ਦੇ ਬਦਲੇ ਦੋ ਗੁਣਾਂ ਵੱਧ ਰੁੱਖ ਲਾਏ ਜਾਣ; ਪਰ ਵੋਟ ਆਧਾਰਿਤ ਰਾਜਨੀਤੀ ਨੇ ਮੁਲਕ ਦੇ ਲੋਕਾਂ ਦੀਆਂ ਭਵਿੱਖਮੁਖੀ ਯੋਜਨਾਵਾਂ ਨੂੰ ਇਕ ਤਰ੍ਹਾਂ ਨਾਲ ਬਰੇਕ ਹੀ ਲਾ ਦਿੱਤੀ ਹੈ। ਲੋਕਾਂ ਨੂੰ ਵੋਟਾਂ ਵੇਲੇ ਕੁਝ ਰਾਹਤਾਂ ਦੇ ਕੇ ਪਤਿਆ ਲਿਆ ਜਾਂਦਾ ਹੈ ਤੇ ਫਿਰ ਪੰਜ ਸਾਲ ਲੋਕ ਵੱਖ ਵੱਖ ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਰਹਿੰਦੇ ਹਨ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਨ ਨੂੰ ਸਾਫ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਦੀ ਲੋੜ ਹੈ।

ਪੰਜਾਬ ਦੀ ਸਰਕਾਰ ਇਸ ਸਮੇਂ ਵੱਡੇ ਮਾਲੀ ਸੰਕਟ ਦੀ ਸ਼ਿਕਾਰ ਹੈ। ਨੇੜ ਭਵਿੱਖ ਵਿਚ ਪੰਜਾਬ ਦੇ ਅੰਬਰ ਤੋਂ ਮਾਲੀ ਸੰਕਟ ਦੇ ਸੰਘਣੇ ਬੱਦਲਾਂ ਦੇ ਛਟ ਜਾਣ ਦਾ ਕੋਈ ਅਨੁਮਾਨ ਨਹੀਂ ਹੈ। ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਬੇਰੁਖੀ ਵਾਲਾ ਰਵੱਈਆ ਲਗਾਤਾਰ ਜਾਰੀ ਹੈ। ਸਵਾਲ ਇਹ ਹੈ ਕਿ ਇਸ ਮੁੱਦੇ ਉਤੇ ਬਣਦੀ ਜ਼ਿੰਮੇਵਾਰੀ ਹੁਣ ਕੌਣ ਨਿਭਾਏਗਾ?

### ਸੀਰੀਆ ਦਾ ਸ਼ਰਨਾਰਥੀ ਸੰਕਟ

# ਕੌਮਾਂਤਰੀ ਹੁੰਗਾਰਾ ਤੇ ਚਿਰਕਾਲੀ ਪੱਖ

ਚਾਰ ਸਾਲ ਦੀ ਖ਼ਾਨਾਜੰਗੀ ਪਿਛੋਂ ਸੀਰੀਆ ਦੇ ਸ਼ਰਨਾਰਥੀਆਂ ਦਾ ਮਾਮਲਾ ਯੂਰਪੀ ਅਤੇ ਉਤਰੀ ਅਮਰੀਕਾ ਵਿਚ ਵੱਡਾ ਮਸਲਾ ਬਣ ਗਿਆ ਹੈ। ਰੂਮ ਸਾਗਰ ਵਿਚ ਡੁੱਬਦੀਆਂ ਕਿਸ਼ਤੀਆਂ ਅਤੇ ਕੰਢੇ ਲੱਗਦੀਆਂ ਲਾਸ਼ਾਂ ਦੀਆਂ ਖ਼ਬਰਾਂ ਆ ਰਹੀਆਂ ਹਨ। ਗਰੀਸ ਦੇ ਸਮੁੰਦਰ ਕੰਢੇ ਸੀਰੀਆ ਦੇ ਭੁਜੰਗੀ ਦੀ ਲਾਸ਼ ਮਿਲਣ ਦੀਆਂ ਤਸਵੀਰਾਂ ਨੇ ਧਿਆਨ ਖਿੱਚਿਆ ਤਾਂ ਉਸ ਦੇ ਪਰਿਵਾਰ ਦੀ ਹੋਣੀ ਦੇ ਹਵਾਲੇ ਨਾਲ ਸ਼ਰਨਾਰਥੀਆਂ ਦਾ ਮਾਮਲਾ ਕੈਨੇਡਾ ਦੀਆਂ ਚੋਣਾਂ ਉਤੇ ਅਸਰਅੰਦਾਜ਼ ਹੋਇਆ। ਯੂਰਪੀ ਮੁਲਕਾਂ ਨੇ ਇਸ ਸੰਕਟ ਦੇ ਹਵਾਲੇ ਨਾਲ ਯੂਰਪੀ ਯੂਨੀਅਨ ਦੇ ਸਮਝੌਤਿਆਂ 'ਤੇ ਮੁੜ ਵਿਚਾਰ ਸ਼ੁਰੂ ਕੀਤੀ ਹੈ। ਯੂਰਪੀ ਯੂਨੀਅਨ ਅੰਦਰਲੇ ਜ਼ਿਆਦਾਤਰ




**ਦਲਜੀਤ ਅਮੀ**
ਫੋਨ: +1(253) 455-8932

ਮੁਲਕ ਆਪਣੀਆਂ ਸਰਹੱਦਾਂ ਉਤੇ ਸ਼ਰਨਾਰਥੀਆਂ ਨੂੰ ਰੋਕਣ ਲਈ ਪੇਸ਼ਕਦਮੀਆਂ ਕਰ ਰਹੇ ਹਨ, ਨਾਲ ਹੀ ਐਲਾਨ ਕੀਤਾ ਹੈ ਕਿ ਉਹ ਕਿੰਨੇ ਸਮੇਂ ਅੰਦਰ ਕਿੰਨੇ ਸ਼ਰਨਾਰਥੀਆਂ ਨੂੰ ਪਨਾਹ ਦੇਣਗੇ। ਬੇਘਰ ਹੋਏ ਲੋਕਾਂ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ, ਪਰ ਇਨ੍ਹਾਂ ਲਈ ਘਰ ਦਾ ਇੰਤਜ਼ਾਮ ਕਰਨਾ ਪੇਚੀਦਾ ਸੁਆਲ ਹੈ।

ਇਹ ਲੋਕ ਕਿੱਥੇ ਜਾਣ? ਯੂਰਪੀ ਤੇ ਉਤਰੀ ਅਮਰੀਕੀ ਮੁਲਕ ਇਨ੍ਹਾਂ ਦੇ ਦਾਅਵਿਆਂ ਦੀ ਪੜਤਾਲ ਕਿਵੇਂ ਕਰਨ ਅਤੇ ਪਨਾਹ ਦੇਣ ਦਾ ਕੀ ਤਰੀਕਾ ਹੋਵੇ? ਅਮਰੀਕਾ ਨੇ ਦਸ ਹਜ਼ਾਰ ਤੇ ਕੈਨੇਡਾ ਨੇ ਪੱਚੀ ਹਜ਼ਾਰ ਨੂੰ ਸ਼ਰਨ ਦੇਣ ਦਾ ਵਾਅਦਾ ਕੀਤਾ ਹੈ। ਜਰਮਨ ਨੇ ਪੰਜ ਲੱਖ ਲੋਕਾਂ ਲਈ ਦਰਵਾਜ਼ੇ ਖੋਲ੍ਹੇ ਹਨ। ਰੂਮ ਸਾਗਰ ਨਾਲ ਲੱਗਦੇ ਯੂਰਪੀ ਮੁਲਕਾਂ ਦੀਆਂ ਸਰਕਾਰਾਂ ਇੱਕ ਪਾਸੇ ਮਨੁੱਖੀ ਹਮਦਰਦੀ ਵਾਲੇ ਬਿਆਨ ਦੇ ਰਹੀਆਂ ਹਨ, ਦੂਜੇ ਪਾਸੇ ਸਰਹੱਦਾਂ ਬੰਦ ਕਰਨ ਲਈ ਫ਼ੌਜ ਤੇ ਪੁਲਿਸ ਤਾਇਨਾਤ ਕਰ ਰਹੀਆਂ ਹਨ। ਚਾਰ ਸਾਲਾਂ ਵਿਚ ਸੀਰੀਆ ਤੋਂ ਚਾਲੀ ਲੱਖ ਸ਼ਰਨਾਰਥੀ ਜਾਰਡਨ, ਤੁਰਕੀ, ਲਿਬਨਾਨ, ਮਿਸਰ ਅਤੇ ਇਰਾਕ ਦੀਆਂ ਸਰਹੱਦਾਂ ਪਾਰ ਕੀਤੇ ਹਨ। ਜ਼ਿਆਦਾਤਰ ਅਰਬੀ ਮੁਲਕਾਂ ਨੇ ਇਨ੍ਹਾਂ ਨੂੰ ਆਰਜ਼ੀ ਪਨਾਹ ਦਿੱਤੀ ਹੈ ਪਰ ਪੱਕੇ ਇੰਤਜ਼ਾਮ ਤੋਂ ਇਨਕਾਰ ਕੀਤਾ ਹੈ। ਸ਼ਰਨਾਰਥੀਆਂ ਵਿਚ ਵੀ ਇਹ ਭਾਵਨਾ ਹੈ ਕਿ ਸੀਰੀਆ ਤੋਂ ਉਜੜ ਕੇ ਅਰਬ ਜਾਂ ਅਫ਼ਰੀਕਾ ਵਿਚ ਵਸਣਾ ਔਖਾ ਹੈ। ਸ਼ਰਨਾਰਥੀਆਂ ਵਾਂਗ ਸੀਰੀਆ ਦੀ ਖ਼ਾਨਾਜੰਗੀ ਵਾਲੇ ਸੰਸੇ ਇਨ੍ਹਾਂ ਮੁਲਕਾਂ ਦੀਆਂ ਸਰਹੱਦਾਂ ਕਦੇ ਵੀ ਪਾਰ ਕਰ ਸਕਦੇ ਹਨ। ਇੱਕ ਤੋਂ ਬਾਅਦ ਦੂਜੇ ਉਜਾੜੇ ਦੇ ਖ਼ਦਸ਼ਿਆਂ ਵਿਚ ਜਿਉਣ ਦੀ ਥਾਂ ਉਹ ਹਰ ਖ਼ਤਰਾ ਸਹੇੜ ਕੇ ਯੂਰਪ ਜਾਂ ਉਤਰੀ ਅਮਰੀਕਾ ਪੁੱਜਣਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਸੁਰੱਖਿਅਤ ਲੱਗਦਾ ਹੈ। ਇਹ ਵੀ ਆਪਣੇ ਸ਼ਹਿਰੀਆਂ ਦੀ ਸੁਰੱਖਿਆ ਦਾ ਸਭ ਤੋਂ ਜ਼ਿਆਦਾ ਦਾਅਵਾ ਕਰਦੇ ਹਨ ਅਤੇ ਸੁਰੱਖਿਆ ਦੇ ਨਾਮ ਉਤੇ ਹੀ ਘਰੇਲੂ ਤੇ ਵਿਦੇਸ਼ ਨੀਤੀਆਂ ਅੱਗੇ ਤੋਰਦੇ ਹਨ।

ਸੀਰੀਆ ਦੇ ਹਵਾਲੇ ਨਾਲ ਸੁਰੱਖਿਆ ਅਤੇ ਪਨਾਹਗੀਰੀ ਦੇ ਮਸਲੇ ਵਿਚਾਰਨੇ ਬਣਦੇ ਹਨ। ਇਹ ਸੁਆਲ ਬਣਦੇ ਹਨ ਕਿ ਮੌਜੂਦਾ ਤਰੀਕਿਆਂ ਨਾਲ ਪਨਾਹਗ਼ੀਰੀ ਦੇ ਸੰਕਟ ਦਾ ਹੱਲ ਹੋ ਸਕਦਾ ਹੈ ਜਾਂ ਨਹੀਂ? ਸੰਕਟ ਦਾ ਯੂਰਪੀ ਤੇ ਉਤਰੀ ਅਮਰੀਕੀ ਮੁਲਕਾਂ ਦੀ ਵਿਦੇਸ਼ ਨੀਤੀਆਂ ਨਾਲ ਕੀ ਰਿਸ਼ਤਾ ਹੈ? ਅਹਿਮ ਸੁਆਲ ਇਹ ਹੈ ਕਿ ਸੀਰੀਆ ਦੀ ਖ਼ਾਨਾਜੰਗੀ ਦਾ ਯੂਰਪੀ ਤੇ ਉਤਰੀ ਅਮਰੀਕੀ ਮੁਲਕਾਂ ਦੀ ਪਨਾਹਗ਼ੀਰੀ ਵਾਲੀਆਂ ਨੀਤੀਆਂ ਨਾਲ ਕੀ ਰਿਸ਼ਤਾ ਹੈ? ਇਨ੍ਹਾਂ ਸੁਆਲਾਂ ਨੂੰ ਮੁਖ਼ਾਤਬ ਹੋਏ ਬਿਨਾਂ ਫੌਰੀ ਰਾਹਤ ਵਾਲਾ ਪਾਸਾ ਤਾਂ ਸੁਲਝਾਇਆ ਜਾ ਸਕਦਾ ਹੈ, ਚਿਰਕਾਲੀ ਦੌਰ ਵਿਚ ਇਹ ਜਿਉਂ ਦਾ ਤਿਉਂ ਰਹੇਗਾ।

ਜੇ ਸੀਰੀਆ ਦੀ ਖ਼ਾਨਾਜੰਗੀ ਜਾਂ ਖ਼ਾਨਾਜੰਗੀ ਦੇ ਖ਼ਦਸ਼ਿਆਂ ਵਾਲੇ ਹਾਲਾਤ ਬਣੇ ਰਹਿੰਦੇ ਹਨ ਤਾਂ ਪਨਾਹਗ਼ੀਰਾਂ ਦੀ ਕਤਾਰ ਖ਼ਤਮ ਨਹੀਂ ਹੋ ਸਕਦੀ। ਇਹ ਹਾਲਾਤ ਹੋਰ ਮੁਲਕਾਂ ਵਿਚ ਵੀ ਹਨ। ਹਾਲ ਦੀ ਘੜੀ ਚਰਚਾ ਸੀਰੀਆ 'ਤੇ ਕੇਂਦਰਿਤ ਹੈ। ਇਨ੍ਹਾਂ ਹਾਲਾਤ ਲਈ ਯੂਰਪੀ ਤੇ ਉਤਰੀ ਅਮਰੀਕੀ ਮੁਲਕਾਂ ਦੀਆਂ ਵਿਦੇਸ਼ ਨੀਤੀਆਂ ਦਾ ਹਿੱਸਾ ਹੈ। ਇਨ੍ਹਾਂ ਨੇ ਜਮਹੂਰੀਅਤ ਅਤੇ ਮਨੁੱਖੀ ਹਕੂਕ ਦੇ ਨਾਂ 'ਤੇ ਦੂਜੇ ਮੁਲਕਾਂ ਵਿਚ ਦਖ਼ਲਅੰਦਾਜ਼ੀ ਕੀਤੀ, ਤੇ ਦਖ਼ਲਅੰਦਾਜ਼ੀ ਵਾਲੇ ਹਰ ਮੁਲਕ ਦੇ ਹਾਲਾਤ ਬਦ ਤੋਂ ਬਦਤਰ ਹੋਏ ਹਨ। ਯੂਰਪੀ ਤੇ ਉਤਰੀ ਅਮਰੀਕੀ ਮੁਲਕਾਂ ਦੀਆਂ ਪਨਾਹਗ਼ੀਰੀ ਵਾਲੀਆਂ ਨੀਤੀਆਂ ਦੇ ਘੇਰੇ ਵਿਚ ਖ਼ਾਨਾਜੰਗੀ ਦਾ ਸ਼ਿਕਾਰ ਜਾਂ ਨਿਜ਼ਾਮ ਨਾਲ ਟਕਰਾਅ ਵਿਚ ਸਭ ਤੋਂ ਯੋਗ ਬੰਦਾ ਆਇਆ ਹੈ। ਇਹ ਪੈਸੇ, ਸਿੱਖਿਆ, ਸਿਆਸੀ ਚੇਤਨਾ ਅਤੇ ਸਮਾਜਕ ਰੁਤਬੇ ਪੱਖੋਂ ਯੋਗ ਬੰਦਾ ਹੈ ਜੋ ਆਪਣੇ ਮੁਲਕ ਵਿਚ ਕੁਝ ਉਸਾਰੂ ਕਰ ਸਕਦਾ ਹੈ। ਇਸੇ ਬੰਦੇ ਨੂੰ ਉਜਾੜ ਕੇ ਯੂਰਪੀ ਅਤੇ ਉਤਰੀ ਅਮਰੀਕੀ ਮੁਲਕਾਂ ਵਿਚ ਪਨਾਹ ਦਿੱਤੀ ਜਾਂਦੀ ਹੈ। ਪਿਛੇ ਬਚ ਗਏ ਹਰ ਤਰ੍ਹਾਂ ਦੇ ਤਸ਼ੱਦਦ, ਦੁਸ਼ਵਾਰੀਆਂ ਅਤੇ ਥੁੜ੍ਹਾਂ ਦਾ ਸ਼ਿਕਾਰ ਹੁੰਦੇ ਹਨ। ਇਹ ਚੱਕਰ ਲਗਾਤਾਰ ਚੱਲਦਾ ਹੈ। 'ਅਮਨ' ਦੇ ਹਾਲਾਤ ਵਿਚ ਦੂਜੇ ਮੁਲਕਾਂ ਤੋਂ ਮੁਨਾਫ਼ਾ ਕਮਾਉਣ ਵਾਲਾ ਯੂਰਪ ਤੇ ਉਤਰੀ ਅਮਰੀਕਾ, ਖ਼ਾਨਾਜੰਗੀ ਦੌਰਾਨ ਬਿਹਤਰੀਨ ਮਨੁੱਖੀ ਵਸੀਲਾ ਲੁੱਟਦਾ ਹੈ। ਇਨ੍ਹਾਂ ਮੁਲਕਾਂ ਵਿਚ ਦੁਨੀਆਂ ਭਰ ਦਾ



ਯੋਗ ਬੰਦਾ ਪਹੁੰਚ ਰਿਹਾ ਹੈ। ਜੇ ਇਹ ਮੁਲਕ ਪਨਾਹ ਦਿੰਦੇ ਹਨ ਤਾਂ ਆਪਣੇ ਅਰਥਚਾਰੇ ਨੂੰ ਨਵੇਂ ਮਨੁੱਖੀ ਵਸੀਲੇ ਨਾਲ ਹੁਲਾਰਾ ਦਿੰਦੇ ਹਨ। ਦੂਜੇ ਮੁਲਕਾਂ ਵਿਚ ਖ਼ਾਨਾਜੰਗੀ ਦੇ ਹਾਲਾਤ ਕਾਇਮ ਰੱਖਦੇ ਹਨ। ਸੀਰੀਆ ਸਿਰਫ਼ ਇੱਕ ਮਿਸਾਲ ਹੈ। ਇਹ ਹਾਲਾਤ ਨਾਟੋ ਫ਼ੌਜਾਂ ਦੀਆਂ ਕਾਰਵਾਈਆਂ ਦਾ ਸ਼ਿਕਾਰ ਅਤੇ ਨਾਟੋ ਮੁਲਕਾਂ ਨਾਲ ਸਮਝੌਤੇ ਕਰ ਰਹੀਆਂ ਭ੍ਰਿਸ਼ਟ ਸਰਕਾਰਾਂ ਵਾਲੇ ਮੁਲਕਾਂ ਵਿਚ ਹਨ। ਨਾਟੋ ਮੁਲਕਾਂ ਨੇ ਆਪਣੇ ਸ਼ਹਿਰੀਆਂ ਨੂੰ ਜ਼ਿੰਦਗੀ ਦੀ ਕਦਰ ਕਰਨੀ ਸਿਖਾਈ ਹੈ, ਪਰ ਦੂਜੇ ਮੁਲਕਾਂ ਵਿਚ ਆਪਣੀਆਂ ਆਰਥਿਕ-ਫ਼ੌਜੀ ਮੁਹਿੰਮਾਂ ਨਾਲ ਤਬਾਹੀ ਮਚਾਈ ਹੈ।

ਸੀਰੀਆ ਦੀ ਖ਼ਾਨਾਜੰਗੀ ਦਾ ਇੱਕ ਸਿਰਾ ਇਸਲਾਮਿਕ ਸਟੇਟ ਨਾਲ ਜੁੜਦਾ ਹੈ ਜਿਸ ਵਿਚ ਯੂਰਪੀ ਤੇ ਉਤਰੀ ਅਮਰੀਕੀ ਮੁਲਕਾਂ ਵਿਚ ਜੰਮੇ-ਪਲੇ ਪਨਾਹਗੀਰਾਂ ਦੇ ਮੁੰਡੇ ਸ਼ਾਮਿਲ ਹਨ। ਜੇ ਇਹ ਮੁੰਡੇ ਹਥਿਆਰਬੰਦ ਲੜਾਈ ਵਿਚ ਸ਼ਾਮਿਲ ਨਹੀਂ, ਤਾਂ ਇਸ ਦੇ ਹਮਦਰਦ ਹਨ। ਇਸਲਾਮਿਕ ਸਟੇਟ ਦੀ ਭਰਤੀ ਦਾ ਦੂਜਾ ਸਿਰਾ, ਲੜਾਈ ਦਾ ਮੈਦਾਨ ਬਣੇ ਮੁਲਕਾਂ ਵਿਚ ਗ਼ੁਰਬਤ ਤੇ ਥੁੜ੍ਹਾਂ ਦਾ ਸ਼ਿਕਾਰ ਹੋਇਆ ਬੰਦਾ ਹੈ। ਇਨ੍ਹਾਂ ਦੋਵਾਂ ਬੰਦਿਆਂ ਦੀ ਬੇਚੈਨੀ ਦਾ ਹੱਲ ਸਰਕਾਰਾਂ ਕੋਲ ਨਹੀਂ ਅਤੇ ਨਾ ਹੀ ਇਸਲਾਮ ਕੋਲ ਹੈ। ਇਹ ਇਸਲਾਮ ਦੇ ਨਾਂ 'ਤੇ ਇੱਕ-ਦੂਜੇ ਨੂੰ ਭਰਾ ਮੰਨਦੇ ਹਨ। ਜੇ ਇੱਕ ਪਾਸੇ ਨਾਟੋ ਮੁਲਕਾਂ 'ਚ ਪੜ੍ਹੇ-ਲਿਖੇ ਪਨਾਹਗੀਰਾਂ ਦੀ ਪਛਾਣ ਦਾ ਸੰਕਟ ਹੈ, ਤਾਂ ਦੂਜੇ ਪਾਸੇ ਗ਼ੁਰਬਤ ਦੀ ਮਾਰ ਹੇਠ ਆਏ ਜੀਆਂ ਦੀ ਬੇਚੈਨੀ ਹੈ। ਇਸਲਾਮਿਕ ਸਟੇਟ ਇਨ੍ਹਾਂ ਦੋ ਬੰਦਿਆਂ ਦੀ ਜੋਟੀ ਦਾ ਖ਼ੂੰਖ਼ਾਰ ਰੂਪ ਹੈ। ਸੋ, ਇਸ ਦੀ ਭਰਤੀ ਦੀ ਤੰਦ ਨਾਟੋ ਮੁਲਕਾਂ ਦੀਆਂ ਵਿਦੇਸ਼ ਨੀਤੀ ਅਤੇ ਪਨਾਹਗ਼ੀਰੀ ਦੀ ਸਿਆਸਤ ਨਾਲ ਜੁੜਦੀ ਹੈ।

ਦੂਜੀ ਆਲਮੀ ਜੰਗ ਤੋਂ ਬਾਅਦ ਨਾਟੋ ਮੁਲਕਾਂ ਦੀ ਨੀਤੀ ਰਹੀ ਹੈ ਕਿ ਜੰਗ ਆਪਣੀ ਧਰਤੀ ਉਤੇ ਨਹੀਂ, ਦੂਜੇ ਮੁਲਕਾਂ ਦੀ ਧਰਤੀ ਉਤੇ ਲੜਨੀ ਹੈ। ਇਹ ਮੁਲਕ ਇਸ ਨੀਤੀ ਵਿਚ ਕਾਮਯਾਬ ਹਨ। ਇਸਲਾਮਿਕ ਸਟੇਟ ਵਿਚ ਸ਼ਾਮਿਲ, ਨਾਟੋ ਮੁਲਕਾਂ ਤੋਂ ਆਈ ਪਨਾਹਗ਼ੀਰਾਂ ਦੀ ਦੂਜੀ ਪੀੜ੍ਹੀ 'ਪਛਾਣ' ਜਾਂ 'ਮਜ਼ਹਬ' ਦੀ ਹਥਿਆਰਬੰਦ ਲੜਾਈ ਦੂਜੇ ਮੁਲਕਾਂ ਵਿਚ ਲੜ ਰਹੇ ਹਨ। ਨਾਟੋ ਮੁਲਕਾਂ ਲਈ ਆਪਣੇ ਸ਼ਹਿਰੀਆਂ ਨੂੰ ਇਸ ਲੜਾਈ ਵਿਚੋਂ ਬਾਹਰ ਕੱਢਣਾ ਅਹਿਮ ਹੈ। ਪਨਾਹਗੀਰੀ ਦੀਆਂ ਪਹਿਲਕਦਮੀਆਂ ਦਾ ਪਰਉਪਕਾਰ ਦਿਖਾ ਕੇ ਫ਼ੌਜੀ ਮੁਹਿੰਮਾਂ ਤੇਜ਼ ਕੀਤੀਆਂ ਜਾਂਦੀਆਂ ਰਹੀਆਂ ਹਨ, ਤੇ ਇਸ ਰੁਝਾਨ ਦੇ ਕਾਇਮ ਰਹਿਣ ਦੀ ਪੂਰੀ ਸੰਭਾਵਨਾ ਹੈ। ਇਨ੍ਹਾਂ ਮੁਲਕਾਂ ਨੇ ਫ਼ੌਜੀ ਮੁਹਿੰਮਾਂ ਨੂੰ ਡਰੋਨਾਂ ਤੇ ਸੈਟੇਲਾਇਟ ਦੇ ਹਵਾਲੇ ਕਰ ਕੇ ਆਪਣਾ ਜਾਨੀ ਨੁਕਸਾਨ ਘਟਾ ਲਿਆ ਹੈ। ਇਨ੍ਹਾਂ ਨੇ ਆਪਣੇ ਫ਼ੌਜੀਆਂ ਦੀ ਥਾਂ ਗ਼ਰੀਬ ਮੁਲਕਾਂ ਦੇ ਮੁੰਡਿਆਂ ਨੂੰ ਭਾੜੇ ਦੇ ਕਾਤਲ ਬਣਾ ਲਿਆ ਹੈ ਅਤੇ ਕਿਸੇ ਲਾਸ਼ ਲਈ ਨਾਟੋ ਦੀ ਜੁਆਬਦੇਹੀ ਨਹੀਂ ਹੁੰਦੀ। ਪਨਾਹਗ਼ੀਰੀ ਦੀਆਂ ਨੀਤੀਆਂ ਰਾਹੀਂ ਨਾਟੋ ਮੁਲਕਾਂ ਵਿਚ ਇਨ੍ਹਾਂ ਦੀਆਂ ਹਮਲਾਵਰ ਨੀਤੀਆਂ ਦਾ ਅਲੰਬਰਦਾਰ ਪੈਦਾ ਹੋਇਆ ਹੈ ਜੋ ਆਪਣੀ ਪਨਾਹ ਦੇ ਸ਼ੁਕਰਾਨੇ ਵਜੋਂ ਵਫ਼ਾਦਾਰੀ ਦਾ ਸਬੂਤ ਦੇ ਰਿਹਾ ਹੈ। ਪਹਿਲੀ ਪੀੜ੍ਹੀ ਤਾਂ ਸ਼ੁਕਰਾਨੇ ਵਜੋਂ ਅੱਖਾਂ ਮੀਚ ਕੇ ਵਫ਼ਾਦਾਰੀ ਨਿਭਾਅ ਸਕਦੀ ਹੈ, ਪਰ ਦੂਜੀ ਪੀੜ੍ਹੀ ਆਪਣੀ 'ਪਛਾਣ' ਦੇ ਸੰਕਟ ਅਤੇ ਬੇਚੈਨੀ ਜਾਂ ਬਿਗਾਨਗੀ ਨੂੰ ਕਿਵੇਂ ਮੁਖ਼ਾਤਬ ਹੋਵੇਗੀ? ਕੀ ਉਸ ਵੇਲੇ ਤੱਕ ਪਨਾਹਗ਼ੀਰਾਂ ਦੇ ਅਗਲੇ ਪੂਰ ਨਾਟੋ ਮੁਲਕਾਂ ਦੇ ਦਰਵਾਜ਼ੇ ਨਹੀਂ ਖੜਕਾ ਰਹੇ ਹੋਣਗੇ?

ਹਿਜਰਤ ਲਈ ਮਜਬੂਰ ਹੋਏ ਅਵਾਮ ਨੂੰ ਰਾਹਤ ਤਾਂ ਹਰ ਹਾਲਤ ਵਿਚ ਮਿਲਣੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਦੀ ਰਾਹਤ ਨਾਟੋ ਮੁਲਕਾਂ ਦਾ ਅਹਿਸਾਨ ਨਹੀਂ ਹੈ। ਇਹ ਸੰਕਟ ਇਨ੍ਹਾਂ ਨੇ ਪੈਦਾ ਕੀਤਾ ਹੈ ਅਤੇ ਪਨਾਹਗ਼ੀਰੀ ਦੀਆਂ ਨੀਤੀਆਂ ਇਨ੍ਹਾਂ ਦੀ ਗ਼ੈਰ-ਮਨੁੱਖੀ ਮੁਹਿੰਮਾਂ ਉਤੇ ਪਰਉਪਕਾਰ ਦਾ ਪਰਦਾ ਪਾਉਂਦੀਆਂ ਹਨ। ਇਸ ਪਰਦੇ ਹੇਠ ਗ਼ਰੀਬ ਮੁਲਕ ਹੋਰ ਗ਼ਰੀਬ ਹੁੰਦੇ ਹਨ ਅਤੇ ਅਮੀਰ ਮੁਲਕ ਹੋਰ ਅਮੀਰ। ਉਜਾੜੇ ਦਾ ਸ਼ਿਕਾਰ ਯੋਗ ਬੰਦਾ ਤਾਂ ਨਾਟੋ ਮੁਲਕਾਂ ਵਿਚ ਜਾ ਵਸੇਗਾ ਪਰ ਨਾਟੋ ਮੁਲਕਾਂ ਲਈ 'ਅਯੋਗ ਬੰਦਾ' ਕੀ ਕਰੇਗਾ? ਕੀ ਜਿਉਣ ਯੋਗ ਥਾਂ ਸਿਰਫ਼ ਨਾਟੋ ਮੁਲਕਾਂ ਤੱਕ ਮਹਿਦੂਦ ਹੋ ਜਾਵੇਗੀ ਅਤੇ ਬਾਕੀ ਮੁਲਕ ਕਤਲਗ਼ਾਹ ਬਣ ਕੇ ਰਹਿ ਜਾਣਗੇ? ਕੀ ਨਾਟੋ ਮੁਲਕਾਂ ਤੋਂ ਬਾਹਰਲੀ ਥਾਂ ਸਿਰਫ਼ ਇਨ੍ਹਾਂ ਦੇ ਹਥਿਆਰਾਂ, ਰਸਾਇਣਾਂ ਅਤੇ ਬੇਚੈਨ ਬੰਦੇ ਦਾ ਤਜਰਬਾ ਖੇਤਰ ਹੈ? ਮੌਜੂਦਾ ਦੌਰ ਵਿਚ ਲੜਾਈ ਇੱਕਪਾਸੜ ਚੱਲ ਰਹੀ ਹੈ ਅਤੇ 'ਮਰਨ ਯੋਗਿਆਂ' ਨੂੰ 'ਜਿਉਣ ਯੋਗੇ' ਹੋਣ ਲਈ ਆਪਣੇ ਬੇਕਸੂਰ ਹੋਣ ਦੀ ਕੀਮਤ ਤਾਰਨੀ ਪੈ ਰਹੀ ਹੈ।

# ਕੌਣ ਹੈ ਇਸ ਸੰਕਟ ਲਈ ਜ਼ਿੰਮੇਵਾਰ?

ਤੁਰਕੀ ਦੇ ਸਮੁੰਦਰੀ ਕੰਢੇ ਤੈਰਦੀਆਂ ਸੀਰੀਆ ਦੇ ਦੋ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਦੇ ਮੰਜ਼ਰ ਨੇ ਦੁਨੀਆਂ ਨੂੰ ਉਸ ਸੰਕਟ ਨੂੰ ਗੰਭੀਰਤਾ ਨਾਲ ਲੈਣ ਲਈ ਮਜਬੂਰ ਕਰ ਦਿੱਤਾ ਜਿਸ ਦਾ ਸੰਤਾਪ ਕਈ ਸਾਲਾਂ ਤੋਂ ਸੀਰੀਆ ਦੇ ਲੋਕ ਝੱਲ ਰਹੇ ਸਨ। ਜਿਹੜੇ ਪੱਛਮੀ ਲੋਕਾਂ ਦੇ ਦਿਲ ਯਮਨ, ਸੋਮਾਲੀਆ ਅਤੇ ਪਾਕਿਸਤਾਨ ਵਿਚ ਔਰਤਾਂ ਅਤੇ ਬੱਚਿਆਂ ਸਮੇਤ ਹਜ਼ਾਰਾਂ ਬੇਕਸੂਰ ਲੋਕਾਂ ਦੇ ਅਮਰੀਕੀ ਡਰੋਨ ਹਮਲਿਆਂ ਵਿਚ ਮਾਰੇ ਜਾਣ ਅਤੇ ਇਰਾਕ ਤੇ ਅਫ਼ਗਾਨਿਸਤਾਨ ਉਪਰ ਥੋਪੀ ਜੰਗ ਵਿਚ ਲੱਖਾਂ ਬੱਚਿਆਂ ਦੇ ਮਾਰੇ ਜਾਣ ਨਾਲ ਨਹੀਂ ਸਨ ਪਸੀਜੇ, ਉਹ ਇਨ੍ਹਾਂ ਸ਼ਰਨਾਰਥੀਆਂ ਦੀ ਹਾਲਤ ਨਾਲ ਝੰਜੋੜੇ ਗਏ। 2014 'ਚ ਰੂਮ ਸਾਗਰ ਪਾਰ ਕਰ ਕੇ ਯੂਰਪ ਅਤੇ ਕੈਨੇਡਾ ਜਾਣ ਦੇ ਯਤਨਾਂ 'ਚ



**ਬੂਟਾ ਸਿੰਘ**
ਫੋਨ: +91-94634-74342

3000 ਲੋਕ ਮਾਰੇ ਗਏ ਸਨ ਅਤੇ 2015 ਦੇ ਪਹਿਲੇ ਛੇ ਮਹੀਨਿਆਂ ਵਿਚ ਹੀ ਹੋਰ 2500 ਲੋਕ ਮਾਰੇ ਜਾ ਚੁੱਕੇ ਹਨ। ਸੀਰੀਆ ਦੀ ਖ਼ਾਨਾਜੰਗੀ ਦੇ ਸਿੱਟੇ ਵਜੋਂ 25000 ਤੋਂ ਵੱਧ ਸੀਰੀਆਈ ਲੋਕ ਜਾਨਾਂ ਗੁਆ ਚੁੱਕੇ ਹਨ, 76 ਲੱਖ ਬੇਘਰ ਹੋ ਚੁੱਕੇ ਹਨ ਅਤੇ 40 ਲੱਖ ਜਾਨ ਬਚਾ ਕੇ ਜਾਰਡਨ, ਲਿਬਨਾਨ ਤੇ ਤੁਰਕੀ ਚਲੇ ਗਏ ਹਨ। ਸਿਰਫ਼ ਇਸ ਸਾਲ ਹੀ ਅੰਦਾਜ਼ਨ ਦੋ ਲੱਖ ਸ਼ਰਨਾਰਥੀ (ਮੁੱਖ ਤੌਰ 'ਤੇ ਸੀਰੀਆ, ਇਰਾਕ ਅਤੇ ਅਫ਼ਗਾਨਿਸਤਾਨ ਤੋਂ) ਗਰੀਸ ਦੇ ਕੋਸ ਵਰਗੇ ਸਮੁੰਦਰੀ ਕੰਢਿਆਂ 'ਤੇ ਪਹੁੰਚੇ ਹਨ। ਪਨਾਹ ਲੈਣ ਵਾਲੇ ਇਕੱਲੇ ਸੀਰੀਆ ਦੇ ਹੀ ਲੋਕ ਨਹੀਂ, ਸਗੋਂ ਲਿਬੀਆ, ਅਫ਼ਗਾਨਿਸਤਾਨ, ਇਰਾਕ ਆਦਿ ਮੁਲਕਾਂ ਦੇ ਲੋਕ ਵੀ ਵੱਡੀ ਤਾਦਾਦ 'ਚ ਹਨ। ਸੀਰੀਆ ਦੇ ਸ਼ਰਨਾਰਥੀਆਂ ਦੇ ਗੁਆਂਢੀ ਮੁਲਕਾਂ ਵਿਚ ਪਰਵਾਸ ਦੀ ਤਾਦਾਦ ਤੋਂ ਸੰਕਟ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਲਿਬਨਾਨ ਜਿਸ ਦੀ ਆਪਣੀ ਵਸੋਂ ਸਿਰਫ਼ 50 ਲੱਖ ਹੈ, ਉਥੇ 18 ਲੱਖ ਸੀਰੀਆਈ ਸ਼ਰਨਾਰਥੀ ਹਨ। ਜਾਰਡਨ ਵਿਚ ਪੰਜ ਲੱਖ ਤੋਂ ਵੱਧ ਅਤੇ ਇਰਾਕ ਵਿਚ ਢਾਈ ਲੱਖ ਦੇ ਕਰੀਬ ਸੀਰੀਆਈ ਸ਼ਰਨਾਰਥੀ ਹਨ। ਗਰੀਸ, ਇਟਲੀ, ਤੁਰਕੀ ਆਦਿ ਮੁਲਕਾਂ ਵਿਚ ਸ਼ਰਨਾਰਥੀ ਇਨ੍ਹਾਂ ਤੋਂ ਵੱਖਰੇ ਹਨ।

ਇਹ ਬੇਵੱਸ ਲੋਕ ਪ੍ਰਤੀ ਜੀਅ ਹਜ਼ਾਰਾਂ ਯੂਰੋ ਦੇ ਹਿਸਾਬ ਆਰਜ਼ੀ ਕਿਸ਼ਤੀਆਂ ਦਾ ਕਿਰਾਇਆ ਭਰ ਕੇ ਅਤੇ ਆਪਣੀਆਂ ਜਾਨਾਂ ਜੋਖ਼ਮ 'ਚ ਪਾ ਕੇ ਸਮੁੰਦਰ ਪਾਰ ਕਰ ਰਹੇ ਹਨ। ਦੂਜੇ ਪਾਸੇ, ਯੂਰਪੀ ਮੁਲਕਾਂ ਦੀ ਪੁਲਿਸ ਸ਼ਰਨਾਰਥੀਆਂ ਦੀ ਆਮਦ ਰੋਕਣ ਲਈ ਸਖ਼ਤੀ ਨਾਲ ਪੇਸ਼ ਆ ਰਹੀ ਹੈ। ਗਰੀਸ ਦੇ ਕੋਸ ਟਾਪੂ ਤੇ ਹੋਰ ਥਾਈਂ ਸ਼ਰਨਾਰਥੀਆਂ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝੀ ਮੰਦੀ ਹਾਲਤ ਦੇ ਵੇਰਵੇ ਦਿਲ ਦਹਿਲਾਉਣ ਵਾਲੇ ਹਨ।

ਪੱਛਮੀ ਮੁਲਕਾਂ ਦੇ ਆਮ ਲੋਕ ਹੁਣ ਸੰਕਟ ਦੀ ਇਸ ਘੜੀ ਵਿਚ ਸ਼ਰਨਾਰਥੀਆਂ ਦੀ ਸਹਾਇਤਾ ਲਈ ਨਾ ਸਿਰਫ਼ ਅੱਗੇ ਆ ਰਹੇ ਹਨ, ਸਗੋਂ ਹਕੂਮਤਾਂ ਉਪਰ ਸ਼ਰਨਾਰਥੀਆਂ ਲਈ ਦਰਵਾਜ਼ੇ ਖੋਲ੍ਹਣ ਲਈ ਵੀ ਦਬਾਅ ਪਾ ਰਹੇ ਹਨ। ਜਿਥੇ ਅਵਾਮ ਦਾ ਭਾਵੁਕ ਪ੍ਰਤੀਕਰਮ ਦਿਲੋਂ ਹੈ, ਉਥੇ ਅਮਰੀਕਾ ਅਤੇ ਉਸ ਦੇ ਜੋਟੀਦਾਰ ਪੱਛਮੀ ਹੁਕਮਰਾਨ ਸ਼ਰਨਾਰਥੀਆਂ ਨਾਲ ਲਗਾਓ ਦਾ ਵਿਖਾਵਾ ਕਰ ਰਹੇ ਹਨ; ਕਿਉਂਕਿ ਇਹ ਹਕੂਮਤਾਂ ਹੀ ਤਾਂ ਉਸ ਸੰਕਟ ਦੀਆਂ ਮੁੱਖ ਜ਼ਿੰਮੇਵਾਰ ਹਨ ਜੋ ਸੀਰੀਆ ਵਿਚ ਹੀ ਨਹੀਂ, ਸਗੋਂ ਅਫ਼ਗਾਨਿਸਤਾਨ, ਇਰਾਕ, ਲਿਬੀਆ, ਸੋਮਾਲੀਆ ਸਮੇਤ ਬਹੁਤ ਸਾਰੇ ਮੁਲਕਾਂ ਦੀ ਤ੍ਰਾਸਦਿਕ ਤਕਦੀਰ ਬਣ ਚੁੱਕਾ ਹੈ।

ਯੂਰਪ, ਕੈਨੇਡਾ ਅਤੇ ਅਮਰੀਕਾ ਦੀਆਂ ਹਕੂਮਤਾਂ ਅਤੇ ਜ਼ਿਆਦਾਤਰ ਮੀਡੀਆ ਵਲੋਂ ਇਹ ਹਊਆ ਖੜ੍ਹਾ ਕੀਤਾ ਗਿਆ ਕਿ ਸੀਰੀਆ ਅਤੇ ਹੋਰ ਮੁਲਕਾਂ ਦੇ ਮੁਸਲਿਮ ਸ਼ਰਨਾਰਥੀਆਂ ਦੇ ਵਹੀਰ ਉਨ੍ਹਾਂ ਲਈ ਖ਼ਤਰਾ ਬਣ ਗਏ ਹਨ। ਇਸ ਰਵੱਈਏ ਵਿਚ ਮੁਸਲਿਮ ਵਿਰੋਧੀ ਨਫ਼ਰਤ ਅਤੇ ਨਸਲਵਾਦ ਵੀ ਨਜ਼ਰ ਆਉਂਦਾ ਹੈ। ਕੈਨੇਡਾ ਦੇ ਅਖ਼ਬਾਰ 'ਗਲੋਬ ਐਂਡ ਮੇਲ' ਨੇ ਖ਼ੁਲਾਸਾ ਕੀਤਾ ਕਿ ਇਹ ਪ੍ਰਚਾਰ ਕਿੰਨਾ ਗ਼ਲਤ ਅਤੇ ਗੁੰਮਰਾਹਕੁਨ ਹੈ। 2015 ਦੇ ਪਹਿਲੇ ਛੇ ਮਹੀਨਿਆਂ ਵਿਚ ਯੂਰਪ ਵਿਚ 3 ਲੱਖ ਤੋਂ ਥੋੜ੍ਹਾ ਵੱਧ ਪਰਵਾਸੀ ਆਏ ਜੋ ਯੂਰਪ ਦੀ ਵਸੋਂ ਦਾ ਮਹਿਜ਼ 0.1% ਹਨ। ਕੈਨੇਡਾ ਸਰਕਾਰ ਹਰ ਸਾਲ ਆਪਣੀ ਵਸੋਂ ਦੇ ਇਕ % ਦੇ ਬਰਾਬਰ ਪਰਵਾਸੀ ਅਤੇ ਸ਼ਰਨਾਰਥੀ ਲੈਂਦੀ ਹੈ। ਸੋ, ਸੰਕਟ ਵਾਲੀ ਕੋਈ ਗੱਲ ਹੀ ਨਹੀਂ ਹੈ।

ਪਹਿਲੀ ਨਜ਼ਰੇ ਜਾਪਦਾ ਹੈ ਕਿ ਅਮਰੀਕਾ ਅਤੇ ਯੂਰਪ ਦੀਆਂ ਹਕੂਮਤਾਂ ਨੂੰ ਸੀਰੀਆ ਦੇ ਸੰਕਟ ਦਾ ਅੰਦਾਜ਼ਾ ਨਹੀਂ ਸੀ। ਹੁਣ ਜਦੋਂ ਉਨ੍ਹਾਂ ਨੂੰ ਹਾਲਾਤ ਦੀ ਨਜ਼ਾਕਤ ਮਾਲੂਮ ਹੋਈ ਤਾਂ ਉਹ ਸ਼ਰਨਾਰਥੀਆਂ ਦੀ ਵਧੇਰੇ ਤਾਦਾਦ ਨੂੰ ਸਵੀਕਾਰ ਕਰਨ ਲਈ ਸਹਿਮਤੀ ਦੇ ਰਹੇ ਹਨ। ਹਕੀਕਤ ਇਸ ਤੋਂ ਐਨ ਉਲਟ ਹੈ। ਜਰਮਨੀ ਸਾਲ ਵਿਚ ਸਿਰਫ਼ ਪੰਜ ਤੋਂ ਲੈ ਕੇ ਅੱਠ ਲੱਖ ਪਰਵਾਸੀਆਂ ਨੂੰ ਆਉਣ ਦੀ ਇਜਾਜ਼ਤ ਦੇਣਾ ਮੰਨਿਆ ਹੈ (ਦਿਲਚਸਪ ਗੱਲ ਇਹ ਹੈ ਕਿ ਇਹ ਗਿਣਤੀ ਉਸ ਗਿਣਤੀ ਦੇ ਬਰਾਬਰ ਹੈ ਜਿੰਨੇ ਕਾਮੇ ਜਰਮਨੀ ਨੂੰ ਆਪਣੀ ਸੁੰਗੜ ਰਹੀ ਕਾਮਾ-ਸ਼ਕਤੀ ਨੂੰ ਪੂਰੀ ਕਰਨ ਲਈ ਉਂਜ ਹੀ ਲੋੜੀਂਦੇ ਹਨ)। ਬਰਤਾਨੀਆ ਨੇ 2014 ਤੋਂ ਮਹਿਜ਼ 300 ਸੀਰੀਆਈ ਟੱਬਰਾਂ ਨੂੰ ਪਨਾਹ ਦਿੱਤੀ ਤੇ ਹੁਣ ਅਗਲੇ ਚਾਰ ਸਾਲਾਂ ਵਿਚ ਮਹਿਜ਼ 20 ਹਜ਼ਾਰ ਸ਼ਰਨਾਰਥੀ ਲੈਣਾ ਮੰਨਿਆ ਹੈ। ਫਰਾਂਸ 24000 ਨਵੇਂ ਪਰਵਾਸੀ ਲਵੇਗਾ।

ਸੌੜੇ ਸਵਾਰਥਾਂ ਲਈ ਸੀਰੀਆ ਵਿਚ ਖ਼ਾਨਾਜੰਗੀ ਭੜਕਾ ਕੇ ਤਬਾਹੀ ਅਤੇ ਬਰਬਾਦੀ ਦਾ ਮੁੱਢ ਬੰਨ੍ਹਣ ਵਾਲੀਆਂ ਵੀ ਇਹੀ ਹਕੂਮਤਾਂ ਹਨ। ਜਿਹੜਾ ਵੀ ਹੁਕਮਰਾਨ ਅਮਰੀਕਾ ਅਤੇ ਇਸ ਦੇ ਜੋਟੀਦਾਰ ਮੁਲਕਾਂ ਨੂੰ ਨਾਪਸੰਦ ਹੁੰਦਾ ਹੈ, ਉਸ ਨੂੰ ਸੱਤਾ ਤੋਂ ਲਾਹੁਣ ਲਈ ਇਹ ਕੁਝ ਵੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਪਹਿਲਾਂ ਹਥਿਆਰ ਤੇ ਧਨ ਦੇ ਕੇ ਗਰੁੱਪ ਖੜ੍ਹੇ ਕੀਤੇ ਜਾਂਦੇ ਹਨ, ਫਿਰ ਉਨ੍ਹਾਂ ਨਾਲ ਲੜਨ ਦੇ ਬਹਾਨੇ ਹਿੱਟ ਲਿਸਟ ਵਿਚ ਸ਼ਾਮਲ ਮੁਲਕਾਂ 'ਤੇ ਹਮਲਾ ਕੀਤਾ ਜਾਂਦਾ ਹੈ। ਸੀਰੀਆਈ ਰਾਸ਼ਟਰਪਤੀ ਬਸ਼ਰ ਅਲ-ਅਸਦ ਵਿਰੁੱਧ 2011 ਦੀ ਤਹਿਰੀਕ ਵਿਚ ਸ਼ਾਮਲ ਅਸਦ-ਵਿਰੋਧੀ ਧੜਿਆਂ ਵਿਚ ਘੁਸਪੈਠ ਕਰ ਕੇ ਅਮਰੀਕਾ ਅਤੇ ਬਰਤਾਨੀਆ ਨੇ ਇਨ੍ਹਾਂ ਨੂੰ ਫੰਡ ਅਤੇ ਹਥਿਆਰ ਦਿੱਤੇ। ਮੂਲ ਰੂਪ 'ਚ ਖ਼ੁਦ ਅਮਰੀਕਾ ਦਾ ਪੈਦਾ ਕੀਤਾ ਆਈ.ਐਸ.ਆਈ.ਐਸ. ਦੈਂਤ ਹੁਣ ਸੀਰੀਆ ਅਤੇ ਇਰਾਕ ਦੇ ਲੋਕਾਂ ਦੀ ਵਸੀਹ ਪੈਮਾਨੇ 'ਤੇ ਨਸਲਕੁਸ਼ੀ ਕਰ ਰਿਹਾ ਹੈ।

ਦਰਅਸਲ, ਅਸਦ ਨੇ 2009 'ਚ ਕਤਰ ਨਾਲ ਇਕ ਤਜਵੀਜ਼ਸ਼ੁਦਾ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ ਸੀ ਜਿਸ ਤਹਿਤ ਕਤਰ ਦੇ ਉਤਰੀ ਤੇਲ ਖੇਤਰ ਤੋਂ ਪਾਈਪ ਲਾਈਨ ਸਾਊਦੀ ਅਰਬ, ਜਾਰਡਨ, ਸੀਰੀਆ 'ਚੋਂ ਹੁੰਦੀ ਹੋਈ ਤੁਰਕੀ ਤਕ ਜਾਣੀ ਸੀ, ਇਸ ਜ਼ਰੀਏ ਰੂਸ ਨਾਲ ਸਿੱਧੇ ਮੁਕਾਬਲੇ ਵਿਚ ਯੂਰਪੀ ਮੁਲਕਾਂ ਨੂੰ ਤੇਲ/ਗੈਸ ਸਪਲਾਈ ਹੋਣੇ ਸਨ। ਰੂਸ ਦੇ ਜੋਟੀਦਾਰ ਅਸਦ ਨੇ ਸਮਝੌਤੇ 'ਤੇ ਸਹੀ ਪਾਉਣ ਦੀ ਥਾਂ ਇਰਾਨ ਨਾਲ 10 ਅਰਬ ਡਾਲਰ ਦੀ ਪਾਈਪ ਲਾਈਨ ਯੋਜਨਾ ਦੀ ਗੱਲਬਾਤ ਜਾਰੀ ਰੱਖੀ ਜੋ ਇਰਾਕ ਵਿਚੋਂ ਲੰਘ ਕੇ ਸੀਰੀਆ ਜਾਣੀ ਸੀ ਜਿਸ ਨਾਲ ਇਰਾਨ ਵੀ ਯੂਰਪ ਨੂੰ ਗੈਸ ਸਪਲਾਈ ਕਰ ਸਕਦਾ ਸੀ। ਇਹ ਯੋਜਨਾ ਅਮਰੀਕਾ ਅਤੇ ਜੋਟੀਦਾਰਾਂ ਦੇ ਹਿੱਤਾਂ ਦੇ ਉਲਟ ਸੀ। ਫਿਰ ਅਸਦ ਭਲਾ ਕਿਵੇਂ ਬਚ ਸਕਦਾ ਸੀ!

ਜਦੋਂ ਸੀਰੀਆਈ ਬੱਚਿਆਂ ਦੀ ਮੌਤ ਦੇ ਪ੍ਰਸੰਗ 'ਚ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਵਲੋਂ 'ਇਖ਼ਲਾਕੀ ਜ਼ਿੰਮੇਵਾਰੀਆਂ' ਨਿਭਾਉਣ ਦੇ ਐਲਾਨ ਕੀਤੇ ਜਾ ਰਹੇ ਸਨ, ਤਾਂ ਫਰਾਂਸ ਦੇ ਸਾਬਕਾ ਵਿਦੇਸ਼ ਮੰਤਰੀ ਰੋਨਾਲਡ ਡੂਮਾ ਨੇ ਖ਼ੁਲਾਸਾ ਕੀਤਾ ਕਿ 2009 ਵਿਚ ਸੀਰੀਆ 'ਚ ਕੀਤੀ ਜਾਣ ਵਾਲੀ ਗੁਪਤ ਕਾਰਵਾਈ ਦੀ ਯੋਜਨਾ ਬਣ ਚੁੱਕੀ ਸੀ: "ਸੀਰੀਆ ਵਿਚ ਹਿੰਸਾ ਸ਼ੁਰੂ ਹੋਣ ਤੋਂ ਦੋ ਵਰ੍ਹੇ ਪਹਿਲਾਂ ਮੈਂ ਕਿਸੇ ਕੰਮ ਸਬੰਧੀ ਇੰਗਲੈਂਡ ਸੀ। ਮੈਂ ਜਿਨ੍ਹਾਂ ਬਰਤਾਨਵੀ ਅਫਸਰਾਂ ਨੂੰ ਮਿਲਿਆ, ਉਨ੍ਹਾਂ ਕੋਲ ਮੰਨਿਆ ਕਿ ਉਹ ਸੀਰੀਆ 'ਚ ਕੁਝ ਕਰਨ ਦੀ ਤਿਆਰੀ ਕਰ ਰਹੇ ਹਨ।" ਇਸੇ ਤਰ੍ਹਾਂ 2013 ਵਿਚ 'ਦਿ ਗਾਰਡੀਅਨ' ਨੇ ਲੇਖ ਛਾਪਿਆ। ਇਸ ਵਿਚ ਪੈਂਟਾਗਾਨ ਅਧਿਕਾਰੀਆਂ ਨਾਲ ਮੀਟਿੰਗ ਦੇ ਵੇਰਵਿਆਂ ਅਤੇ ਪ੍ਰਾਈਵੇਟ ਇੰਟੈਲੀਜੈਂਸ ਫਰਮ 'ਸਟ੍ਰੈਟਫੋਰ' ਦੀਆਂ ਲੀਕ ਹੋਈਆਂ ਈ-ਮੇਲ ਦੇ ਆਧਾਰ 'ਤੇ ਦੱਸਿਆ ਗਿਆ ਕਿ 2011 ਤੋਂ ਹੀ ਸੀਰੀਆ ਦੇ ਸਰਕਾਰ ਵਿਰੋਧੀ ਗਰੁੱਪਾਂ ਨੂੰ ਅਮਰੀਕਾ-ਬਰਤਾਨੀਆ ਵਲੋਂ ਸਿਖਲਾਈ ਦੇਣ ਦਾ ਸਿਲਸਿਲਾ ਚੱਲ ਰਿਹਾ ਸੀ। ਨਾਟੋ ਦੇ ਸਾਬਕਾ ਜਨਰਲ ਸਕੱਤਰ ਵੈਸਲੇ ਕਲਾਰਕ ਅਨੁਸਾਰ, ਅਮਰੀਕਾ ਦੇ ਰੱਖਿਆ ਮੰਤਰੀ ਦੇ ਦਫ਼ਤਰ ਦੇ ਇਕ ਮੈਮੋ ਵਿਚ 9/11 ਦੇ ਕੁਝ ਹਫ਼ਤੇ ਬਾਅਦ ਹੀ 'ਪੰਜ ਸਾਲਾਂ ਵਿਚ ਸੱਤ ਮੁਲਕਾਂ ਉਪਰ ਹਮਲੇ ਅਤੇ ਸਰਕਾਰਾਂ ਖ਼ਤਮ ਕਰਨ' ਦੀਆਂ ਯੋਜਨਾਵਾਂ ਦਾ ਵੇਰਵਾ ਸੀ। ਇਨ੍ਹਾਂ ਵਿਚ ਇਰਾਕ ਤੋਂ ਸ਼ੁਰੂ ਕਰ ਕੇ ਸੀਰੀਆ, ਲਿਬਨਾਨ, ਲਿਬੀਆ, ਸੋਮਾਲੀਆ, ਸੂਡਾਨ ਤੇ ਇਰਾਨ ਨੂੰ ਨਿਸ਼ਾਨਾ ਬਣਾਉਣਾ ਸੀ। ਇਹ ਯੁੱਧਨੀਤੀ ਖਿੱਤੇ ਦੇ ਤੇਲ ਤੇ ਗੈਸ ਦੇ ਵਸੀਹ ਵਸੀਲਿਆਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸੀ।

ਅਫ਼ਗਾਨਿਸਤਾਨ, ਇਰਾਕ, ਲਿਬੀਆ ਜਾਂ ਸੀਰੀਆ, ਇਹ ਮੁਲਕ ਅਮਰੀਕਾ ਅਤੇ ਜੋਟੀਦਾਰਾਂ ਦੇ ਸਿੱਧੇ ਹਮਲਿਆਂ ਤੇ ਸਾਜ਼ਿਸ਼ਾਂ ਨਾਲ ਅੱਜ ਵਾਲੀ ਨੌਬਤ ਤਕ ਪਹੁੰਚੇ ਹਨ। ਅਮਰੀਕਾ ਅਤੇ ਪੱਛਮ ਦੀ ਪੈਦਾ ਕੀਤੀ ਇਸ ਵਿਆਪਕ ਸਿਆਸੀ ਅਸਥਿਰਤਾ ਤੇ ਖ਼ਾਨਾਜੰਗੀ ਦੇ ਆਲਮ ਵਿਚ ਮੁਕਾਮੀ ਹਥਿਆਰਬੰਦ ਧੜੇ ਇਕ-ਦੂਜੇ ਨੂੰ ਦਬਾ ਕੇ ਹਾਵੀ ਹੋਣਾ ਚਾਹੁੰਦੇ ਹਨ। ਇਹ ਮੁਲਕ ਇਸ ਕਦਰ ਤਬਾਹ ਹੋ ਗਏ ਹਨ ਕਿ ਲੋਕ ਜਾਨਾਂ ਬਚਾਉਣ ਤੇ ਮਹਿਫ਼ੂਜ਼ ਭਵਿੱਖ ਲਈ ਘਰ-ਬਾਰ ਛੱਡ ਕੇ ਵਹੀਰਾਂ ਘੱਤੀ ਹੋਰ ਮੁਲਕਾਂ ਵਿਚ ਪਨਾਹ ਲੈ ਰਹੇ ਹਨ।

# ਘਾਟੇ ਵਾਲਾ ਸੌਦਾ

*'ਘਾਟੇ ਵਾਲਾ ਸੌਦਾ' ਦੀ ਕਹਾਣੀ ਡਾਲਰ ਕਮਾਉਣ ਪਰਦੇਸਾਂ ਵਿਚ ਚਿਣੀਆਂ ਗਈਆਂ ਜ਼ਿੰਦੜੀਆਂ ਦਾ ਸੱਚ ਹੈ। ਇਹ ਘਾਟਾ ਆਮ ਨਾਲੋਂ ਰਤਾ ਵੱਧ ਹੀ ਰੜਕਦਾ ਹੈ, ਕਿਉਂਕਿ ਗਿਣਤੀਆਂ-ਮਿਣਤੀਆਂ ਹੀ ਬੰਦੇ ਨੂੰ ਸਾਹ ਨਹੀਂ ਲੈਣ ਦਿੰਦੀਆਂ। ਕੈਨੇਡਾ ਵੱਸਦਾ ਹਰਪ੍ਰੀਤ ਸੇਖਾ ਬੁਨਿਆਦੀ ਤੌਰ 'ਤੇ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਊੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਨੂੰ ਫੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਭਰਵੀਂ ਝਾਤੀ ਮਾਰੀ ਹੈ। -ਸੰਪਾਦਕ*



## ਟੈਕਸੀਨਾਮਾ 4

**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

ਹੈ ਕੋਈ ਕਿੱਤਾ ਇਹੋ ਜਿਹਾ ਜਿਸ ਵਿਚ ਪੱਲਿਓਂ ਪੈਸੇ ਦੇ ਕੇ ਮੁੜਨਾ ਪਵੇ? ਟੈਕਸੀ ਚਲਾਉਂਦਿਆਂ ਹੁੰਦਾ ਹੈ ਇੰਦਾਂ ਕਦੇ ਕਦੇ। ਮੇਰੇ ਨਾਲ ਵੀ ਹੋਇਆ ਸੀ ਇਸ ਤਰ੍ਹਾਂ। ਪਹਿਲੀ ਵਾਰ ਤਾਂ ਟੈਕਸੀ ਚਲਾਉਣ ਦੇ ਪਹਿਲੇ ਦਿਨ ਹੀ ਹੋਇਆ। ਪਹਿਲੇ ਦਿਨ ਤਾਂ ਕਈਆਂ ਨਾਲ ਹੁੰਦਾ ਹੋਵੇਗਾ। ਉਨ੍ਹਾਂ ਵੇਲਿਆਂ 'ਚ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਡਿਸਪੈਚਰ ਬਹੁਤ ਤੇਜ਼ੀ ਨਾਲ ਬੋਲਦਾ। ਨਵੇਂ ਬੰਦੇ ਨੂੰ ਘੱਟ ਸਮਝ ਲੱਗਦੀ। ਨਵਾਂ ਬੰਦਾ ਵਾਰ ਵਾਰ ਕੋਡ ਆਰ (ਰਪੀਟ) ਪੁੱਛਦਾ। ਡਿਸਪੈਚਰ ਇਕ ਵਾਰ ਤਾਂ ਦੁਬਾਰਾ ਦੱਸ ਦਿੰਦਾ, ਦੂਜੀ ਵਾਰ ਪੁੱਛਣ 'ਤੇ ਟ੍ਰਿੱਪ ਅਗਾਂਹ ਵਾਲੀ ਟੈਕਸੀ ਨੂੰ ਡਿਸਪੈਚ ਕਰ ਦਿੰਦਾ। ਨਵੇਂ ਡਰਾਈਵਰ ਨੂੰ ਵਾਰ ਵਾਰ ਇਸ ਤਰ੍ਹਾਂ ਪੁੱਛਦਿਆਂ ਸੁਣ ਕੇ ਪੁਰਾਣੇ ਪਾਪੀ ਸਮਝ ਜਾਂਦੇ ਕਿ 'ਪੰਛੀ' ਨਵਾਂ ਹੈ। ਉਹ ਨਵੇਂ ਡਰਾਈਵਰ ਦੇ ਲੱਭਦਿਆਂ-ਕਰਦਿਆਂ ਪਹਿਲਾਂ ਹੀ ਟ੍ਰਿੱਪ ਚੁੱਕ ਕੇ ਹਵਾ ਨੂੰ ਗੰਢਾਂ ਦੇ ਜਾਂਦੇ।

ਡਿਸਪੈਚਰ ਮੈਨੂੰ ਬਾਰਕਰ ਸਟਰੀਟ ਦਾ ਪਤਾ ਦੱਸਦਾ ਤੇ ਮੈਂ ਪਾਰਕਰ ਸਟਰੀਟ 'ਤੇ ਲੱਭਦਾ ਫਿਰਦਾ। ਜਦੋਂ ਪਤਾ ਨਾ ਲੱਭਦਾ ਤਾਂ ਖੱਜਲ-ਖੁਆਰ ਹੋ ਕੇ ਡਿਸਪੈਚਰ ਨੂੰ ਟ੍ਰਿੱਪ ਅਗਾਂਹ ਪਾਸ ਕਰਨ ਨੂੰ ਆਖ ਦਿੰਦਾ। ਅੱਗਿਉਂ ਡਰਾਈਵਰ ਆਖਦਾ ਕਿ ਉਹ ਤਾਂ ਕਦੋਂ ਦਾ ਕਿਸੇ ਨੇ ਪਾਸ ਕਰ ਦਿੱਤਾ ਹੋਊ। ਖਿੱਚ-ਧੂਹ ਕੇ ਬਾਰਾਂ ਘੰਟਿਆਂ ਵਿਚ ਪੰਜਾਹ ਡਾਲਰ ਬਣਾਏ। ਪੰਜਾਹ ਡਾਲਰ ਟੈਕਸੀ ਦੀ ਲੀਜ਼ ਸੀ। ਟੈਕਸੀ ਵਿਚ ਮੈਂ ਗੈਸ ਆਪਣੇ ਪੱਲਿਓਂ ਪੁਆ ਕੇ ਆਇਆ। ਹਰ ਵਾਰ ਤਾਂ ਇਸ ਤਰ੍ਹਾਂ ਨਹੀਂ ਨਾ ਕਰ ਸਕਦਾ ਸੀ। ਮੈਂ ਛੋਟੀ ਜਿਹੀ ਟੇਪ ਰਿਕਾਰਡਰ ਲੈ ਲਈ। ਜਦੋਂ ਡਿਸਪੈਚਰ ਪਤਾ ਬੋਲਦਾ, ਮੈਂ ਰਿਕਾਰਡ ਕਰ ਲੈਂਦਾ। ਫਿਰ ਵਾਰ ਵਾਰ ਸੁਣ ਕੇ ਪਤਾ ਲਿਖ ਲੈਂਦਾ ਤੇ ਨਕਸ਼ਾ ਦੇਖ ਕੇ ਪਹੁੰਚ ਜਾਂਦਾ।

ਟੇਪ ਲੈਣ ਨਾਲ ਕਿਤੇ ਮੈਂ ਪੱਲਿਓਂ ਨਾ ਦੇ ਕੇ ਮੁੜਨ ਲਈ ਥੋੜ੍ਹਾ ਸੁਰੱਖਿਅਤ ਹੋ ਗਿਆ ਸੀ। ਉਸ ਦਿਨ ਮੈਂ ਆਖਰੀ ਟ੍ਰਿੱਪ ਲਾ ਕੇ ਟੈਕਸੀ ਲਾਟ (ਟੈਕਸੀ ਕੰਪਨੀ ਦੀ ਟੈਕਸੀ ਪਾਰਕਿੰਗ ਵਾਲੀ ਥਾਂ) ਵੱਲ ਮੁੜ ਰਿਹਾ ਸੀ। ਮੇਰੇ ਹਿਸਾਬ ਨਾਲ ਉਸ ਦਿਨ ਦਿਹਾੜੀ ਠੀਕ ਬਣ ਗਈ ਸੀ। ਟੈਕਸੀ ਵਿਚ ਗੈਸ ਪਵਾ ਕੇ (ਉਨ੍ਹਾਂ ਦਿਨਾਂ ਵਿਚ ਬਾਰਾਂ ਘੰਟਿਆਂ ਦੀ ਸ਼ਿਫ਼ਟ ਤੋਂ ਬਾਅਦ ਦਸ-ਬਾਰਾਂ ਡਾਲਰ ਦੀ ਪਰੋਪੇਨ ਗੈਸ ਪੈਂਦੀ ਸੀ) ਅਤੇ ਲੀਜ਼ ਦੇ ਪੰਜਾਹ ਡਾਲਰ ਦੇ ਕੇ ਮੈਨੂੰ ਸੌ ਕੁ ਡਾਲਰ ਬਚਣ ਦੀ ਉਮੀਦ ਸੀ ਜਿਹੜੀ ਉਨ੍ਹਾਂ ਦਿਨਾਂ ਵਿਚ ਔਸਤ ਸੀ। ਮੈਂ ਟੈਕਸੀ ਰਾਤ ਦੀ ਸ਼ਿਫ਼ਟ ਵਾਲੇ ਦੇ ਹਵਾਲੇ ਚਾਰ ਵਜੇ ਕਰਨੀ ਸੀ। ਹਾਲੇ ਗੈਸ ਪਵਾਉਣੀ ਸੀ। ਮੈਨੂੰ ਲਗਦਾ ਸੀ ਕਿ ਮੈਂ ਪੰਜ-ਦਸ ਮਿੰਟ ਲੇਟ ਹੋ ਜਾਵਾਂਗਾ। ਟੈਕਸੀ ਲੇਟ ਦੇਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ। ਜੇ ਲੇਟ ਹੋ ਜਾਵਾਂ ਤਾਂ ਰਾਤ ਵਾਲੇ ਡਰਾਈਵਰ ਨੂੰ ਲੇਟ ਦੇ ਹਿਸਾਬ ਨਾਲ ਪੰਜ-ਦਸ



ਡਾਲਰ ਦੇਣੇ ਪੈਂਦੇ ਸਨ। ਬਹੁਤੀ ਵਾਰ ਅਗਲਾ ਲੈਂਦਾ ਨਹੀਂ ਸੀ। ਕਦੇ ਬੰਦਾ ਆਪ ਵੀ ਤਾਂ ਲੇਟ ਹੋ ਹੀ ਸਕਦਾ ਸੀ। ਖਾਸ ਕਰ ਕੇ ਪੰਜਾਬੀ ਬੰਦੇ ਮੂੰਹ-ਮੁਲਾਹਜੇ ਕਰ ਕੇ ਇਹ ਲੇਟ ਚਾਰਜ ਘੱਟ ਹੀ ਕਰਦੇ। ਸ਼ਰਮਿੰਦੇ ਹੋਣ ਨਾਲੋਂ ਵੇਲੇ ਸਿਰ ਪਹੁੰਚਣ ਨੂੰ ਮੈਂ ਤਰਜੀਹ ਦਿੰਦਾ। ਉਸ ਦਿਨ ਲੇਟ ਹੁੰਦਾ ਦੇਖ ਮੈਂ ਸਪੀਡ ਵਧਾ ਦਿੱਤੀ। ਅੱਗਿਉਂ ਪੁਲਿਸ ਵਾਲਾ ਸਪੀਡ ਚੈਕ ਕਰਨ ਵਾਲਾ ਰੇਡਾਰ ਫਿੱਟ ਕਰੀ ਬੈਠਾ ਸੀ। ਉਸ ਨੇ ਮੈਨੂੰ ਇਕ ਸੌ ਵੀਹ ਡਾਲਰ ਜੁਰਮਾਨਾ ਕਰ ਦਿੱਤਾ। ਤੇ ਮੇਰੀ ਦਿਹਾੜੀ ਘਾਟੇ ਵਿਚ ਚਲੀ ਗਈ।

***

ਇਸੇ ਤਰ੍ਹਾਂ ਘਾਟੇ ਵਾਲਾ ਇਕ ਹੋਰ ਦਿਨ ਚੇਤੇ ਆਉਂਦਾ ਹੈ। ਉਦੋਂ ਵੀ ਮੈਂ ਬਰਨਬੀ ਵਿਚ ਪੰਜਾਹ ਡਾਲਰ ਦਿਹਾੜੀ ਦੀ ਲੀਜ਼ 'ਤੇ ਟੈਕਸੀ ਚਲਾਉਂਦਾ ਸੀ। ਸਵੇਰ ਦੇ ਚਾਰ ਵਜੇ ਕੰਮ ਸ਼ੁਰੂ ਕੀਤਾ ਸੀ ਤੇ ਛੇਤੀ ਹੀ ਟ੍ਰਿੱਪ ਮਿਲ ਗਿਆ। ਟ੍ਰਿੱਪ ਵੀ ਲੰਮਾ ਸੀ। ਸਵਾਰੀ ਨੇ ਸਰੀ ਜਾਣਾ ਸੀ। ਉਸ ਨੇ ਪਤਾ ਦੱਸ ਕੇ ਪਿੱਛੇ ਵੱਲ ਸਿਰ ਸੁੱਟ ਲਿਆ ਅਤੇ ਅੱਖਾਂ ਮੀਚ ਲਈਆਂ। 'ਸੌਣਾ ਚਾਹੁੰਦਾ ਹੋਵੇਗਾ', ਸੋਚ ਕੇ ਮੈਂ ਕੋਈ ਗੱਲ ਨਾ ਕੀਤੀ। ਟੈਕਸੀ ਪਟੂਲੋ ਬਰਿੱਜ ਦੇ ਅੱਧ-ਵਿਚਕਾਰ ਸੀ ਜਦੋਂ ਮੈਨੂੰ ਉਵੱਤਣ ਦੀ ਆਵਾਜ਼ ਸੁਣੀ। ਉਹ ਪਿਛਲੇ ਦਰਵਾਜ਼ੇ ਦਾ ਸ਼ੀਸ਼ਾ ਹੇਠ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ। "ਕੁਝ ਸਕਿੰਟ ਰੋਕ ਲਾ ਆਪਣੇ ਆਪ ਨੂੰ ਪਲੀਅਅਅਜ਼", ਮੈਂ ਕਿਹਾ; ਪਰ ਉਹ ਆਪਣੇ-ਆਪ ਨੂੰ ਨਹੀਂ ਰੋਕ ਸਕਿਆ ਹੋਵੇਗਾ। ਤੇ ਨਾ ਹੀ ਉਸ ਕੋਲੋਂ ਪੂਰੀ ਤਰ੍ਹਾਂ ਸ਼ੀਸ਼ਾ ਥੱਲੇ ਹੋਇਆ। ਉਸ ਨੇ ਉਥੇ ਹੀ ਉਲਟੀ ਕਰ ਦਿੱਤੀ। ਟੈਕਸੀ ਸੜ੍ਹਿਆਂਧ ਨਾਲ ਭਰ ਗਈ। ਟੈਕਸੀ ਪੁਲ ਦੇ ਵਿਚਕਾਰ ਮੈਂ ਕਿੱਥੇ ਰੋਕਦਾ। ਜਦੋਂ ਪੁਲ ਪਾਰ ਕਰ ਕੇ ਟੈਕਸੀ ਰੋਕੀ ਉਹ ਕਹਿੰਦਾ ਕਿ ਉਹ ਠੀਕ ਸੀ। 'ਸੌਰੀ ਮੈਨ, ਸੌਰੀ ਮੈਨ' ਆਖਦੇ ਨੇ ਉਸ ਫਿਰ ਅੱਖਾਂ ਮੀਚ ਲਈਆਂ। ਮੈਂ ਘੁੱਟ-ਵੱਟ ਕੇ ਟੈਕਸੀ ਚਲਾਈ ਗਿਆ।

ਇੱਕ ਵਾਰ ਉਹ ਫਿਰ ਉਵੱਤਿਆ ਤੇ ਉਸ ਨੇ ਸੀਟ ਵਾਲੇ ਪਾਸੇ ਢੇਰੀ ਲਾ ਦਿੱਤੀ। ਉਸ ਦਾ ਟਿਕਾਣਾ ਬਿਲਕੁਲ ਨੇੜੇ ਹੀ ਸੀ। ਮੈਂ ਸਪੀਡ ਵਧਾ ਕੇ ਟੈਕਸੀ ਉਥੇ ਲਾ ਦਿੱਤੀ। ਉਸ ਨੇ ਵੀਹ ਡਾਲਰ ਦਾ ਨੋਟ ਫੜਾਉਂਦਿਆਂ ਫਿਰ 'ਸੌਰੀ' ਕਿਹਾ। ਮੈਂ ਉਸ ਨੂੰ ਕਿਹਾ ਵੀ ਕਿ ਟੈਕਸੀ ਸੈਂਪੂ ਕਰਵਾਉਣੀ ਪਵੇਗੀ, ਇਸ ਲਈ ਹੋਰ ਪੈਸੇ ਦੇਵੇ, ਪਰ ਉਹ "ਸੌਰੀ ਹੋਰ ਨਹੀਂ ਹਨ", ਆਖ ਕੇ ਤੁਰਦਾ ਬਣਿਆ। ਮੈਂ ਨੇੜੇ ਦੇ ਗੈਸ ਸਟੇਸ਼ਨ 'ਤੇ ਜਾ ਕੇ ਖਿਝਦੇ-ਕ੍ਰਿਝਦੇ ਨੇ ਟਾਵਲ ਪੇਪਰਾਂ ਨਾਲ ਪਿਛਲੀ ਸੀਟ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਪੇਪਰ ਨਾਲ ਗੰਦ ਤਾਂ ਚੁੱਕਿਆ ਗਿਆ ਸੀ ਪਰ ਸੀਟ ਸਾਫ਼ ਨਹੀਂ ਸੀ ਹੋਈ। ਕਾਰ ਦੇ ਟਰੰਕ ਵਿਚ ਰੈਗ ਪਿਆ ਸੀ। ਉਸ ਨੂੰ ਭਿਓਂ ਕੇ ਮੈਂ ਸੀਟ 'ਤੇ ਰਗੜਦਾ ਤੇ ਫਿਰ ਪੇਪਰ ਨਾਲ ਪਾਣੀ ਸੋਖਦਾ। ਪਿਛਲੀ ਸੀਟ ਭਿੱਜੀ ਪਈ ਸੀ। ਇਸ ਨੇ ਛੇਤੀ ਸੁੱਕਣਾ ਵੀ ਨਹੀਂ ਸੀ। ਇੱਕ ਵਿਚਾਰ ਇਹ ਵੀ ਆਇਆ ਕਿ ਘਰੋਂ ਹੇਅਰ ਡਰਾਇਰ ਲਿਆ ਕੇ ਸੀਟ ਸੁਕਾ ਕੇ ਇਸੇ ਤਰ੍ਹਾਂ ਦਿਹਾੜੀ ਲਾ ਦੇਵਾਂ, ਪਰ ਟੈਕਸੀ ਵਿਚੋਂ ਮੁਸ਼ਕ ਆ ਰਿਹਾ ਸੀ। ਜੇ ਗਰਮੀਆਂ ਦੀ ਰੁੱਤ ਹੁੰਦੀ ਤਾਂ ਸ਼ਾਇਦ ਸ਼ੀਸ਼ੇ ਥੱਲੇ ਲਾਹ ਕੇ ਸਰ ਜਾਂਦਾ, ਪਰ ਰੁੱਤ ਵੀ ਸਰਦੀਆਂ ਦੀ ਸੀ। 'ਹੋ'ਗੀ ਦਿਹਾੜੀ ਗੁੱਲ ਸੋਚ ਕੇ', ਮੈਂ ਟੈਕਸੀ ਮਾਲਕ ਦੇ ਘਰ ਵਲ ਟੈਕਸੀ ਦਾ ਰੁਖ ਕਰ ਦਿੱਤਾ। ਹਾਲੇ ਬਹੁਤ ਸਵੱਖਤਾ ਸੀ।

ਮਾਲਕ ਨੂੰ ਜਗਾਉਣਾ ਮੁਨਾਸਿਬ ਨਹੀਂ ਸੀ। ਵੀਹਾਂ ਦਾ ਨੋਟ ਜਿਹੜਾ ਅੱਜ ਕਮਾਇਆ ਸੀ, ਉਹ ਮੈਂ ਮਾਲਕ ਦੇ ਘਰ ਮੂਹਰੇ ਲੱਗੇ ਚਿੱਠੀਆਂ ਵਾਲੇ ਡੱਬੇ ਵਿਚ ਰੱਖ ਆਇਆ। ਸੋਚਿਆ ਕਿ ਥੋੜ੍ਹਾ ਦਿਨ ਚੜ੍ਹੇ ਤੋਂ ਟੈਕਸੀ ਮਾਲਕ ਨੂੰ ਫੋਨ ਕਰ ਕੇ ਦੱਸ ਦੇਵਾਂਗਾ, ਪਰ ਉਸ ਦਾ ਆਪਣਾ ਹੀ ਅੱਠ ਕੁ ਵਜੇ ਫੋਨ ਆ ਗਿਆ। ਮੈਂ ਉਸ ਨੂੰ ਸਾਰੀ ਹੋਈ-ਬੀਤੀ ਦੱਸ ਦਿੱਤੀ। ਸੁਣ ਕੇ ਉਹ ਬੋਲਿਆ, "ਵੀਰਿਆ, ਇਹਦੇ 'ਚ ਮੇਰਾ ਤਾਂ ਕਸੂਰ ਨ੍ਹੀਂ ਨਾ। ਮੇਰਾ ਤਾਂ ਸਗੋਂ ਖਰਚਾ ਵਧ ਗਿਆ। ਹੁਣ ਸ਼ੈਂਪੂ ਕਰਾਏ ਬਿਨਾਂ ਮੁਸ਼ਕ ਨ੍ਹੀਂ ਜਾਣਾ। ਲੀਜ਼ ਤਾਂ ਪੂਰੀ ਪਾ ਜਾਂਦਾ।" ਮੈਂ ਸੋਚਿਆ ਵੀ ਨਹੀਂ ਸੀ ਕਿ ਮਾਲਕ ਪੂਰੀ ਲੀਜ਼ ਮੰਗੇਗਾ। ਮੈਨੂੰ ਲਗਦਾ ਸੀ ਕਿ ਉਹ ਹਾਲਾਤ ਨੂੰ ਸਮਝ ਲਵੇਗਾ। ਮੈਂ ਆਖਣਾ ਚਾਹੁੰਦਾ ਸੀ, 'ਵੀਰਿਆ, ਮੇਰਾ ਦੱਸ ਕੀ ਕਸੂਰ ਸੀ?' ਪਰ ਆਖ ਨਾ ਸਕਿਆ। ਉਸ ਦੀ ਮੰਗ ਸੁਣ ਕੇ ਮੈਂ ਨਮੋਸ਼ੀ ਮੰਨ ਗਿਆ ਤੇ ਉਸ ਨੂੰ ਆਖ ਦਿੱਤਾ ਕਿ ਬਾਕੀ ਤੀਹ ਡਾਲਰ ਫਿਰ ਦੇ ਦਿਆਂਗਾ।

(ਚਲਦਾ)

## ਸਾਡਾ ਵਿਰਸਾ

# ਸਾਂਝੀ ਦਾ ਤਿਉਹਾਰ

'ਸਾਂਝੀ ਮਾਈ' ਜਾਂ 'ਸਾਂਝੀ ਦੇਵੀ' ਕੁੜੀਆਂ ਦਾ ਦੁਸਹਿਰੇ ਦੇ ਦਿਨਾਂ ਦਾ ਤਿਉਹਾਰ ਹੈ। ਇਹ ਅੱਸੂ ਦੇ ਪਹਿਲੇ ਨਰਾਤੇ ਤੋਂ ਸ਼ੁਰੂ ਹੋ ਕੇ ਦੁਸਹਿਰੇ ਦੇ ਦਿਨ ਤੱਕ ਮਨਾਇਆ ਜਾਂਦਾ ਹੈ। ਕਹਿੰਦੇ ਹਨ, "ਸਾਂਝੀ ਮਾਈ" ਇਕ ਕੁਆਰੀ ਦੇਵੀ ਹੈ। ਜੋ ਕੁਆਰੀਆਂ ਕੁੜੀਆਂ ਪੂਜਣ ਤਾਂ ਉਨ੍ਹਾਂ ਨੂੰ ਸੁਸ਼ੀਲ ਤੇ ਸੁੱਖੇ ਵਰ ਮਿਲਦੇ ਹਨ। ਕੁੜੀਆਂ ਸਾਂਝੀ ਮਾਈ ਪਾਸੋਂ ਕਈ ਸੁੱਖਾਂ ਮੰਗਦੀਆਂ ਹਨ-ਕੋਈ ਵਰ ਮੰਗਦੀ ਹੈ, ਕੋਈ ਭਾਬੋ ਤੇ ਕੋਈ ਭਤੀਜਾ।

ਪਹਿਲੇ ਨਰਾਤੇ ਤੋਂ ਇਕ ਦੋ ਦਿਨ ਪਹਿਲਾਂ ਗਲੀ ਗੁਆਂਢ ਦੀਆਂ ਨਿੱਕੀਆਂ ਵੱਡੀਆਂ ਕੁੜੀਆਂ ਇੱਕਠੀਆਂ ਹੋ ਕੇ ਚੀਕਣੀ ਮਿੱਟੀ ਦੇ ਸੈਂਕੜੇ ਚੰਦਉਏ ਜਾਂ ਤਾਰੇ ਬਣਾ ਕੇ ਧੁੱਪ ਵਿਚ ਸੁਕਾ ਲੈਂਦੀਆਂ ਹਨ। ਫਿਰ ਇਨ੍ਹਾਂ ਨੂੰ ਵੱਖੋ-ਵੱਖਰੇ ਰੰਗਾਂ 'ਚ ਰੰਗਦੀਆਂ ਨੇ। ਤਾਰੇ ਅਰਥਾਤ ਟਿੱਕੀਆਂ ਤੋਂ ਬਿਨਾਂ ਕਈ ਸਿਆਣੀਆਂ ਕੁੜੀਆਂ ਸਾਂਝੀ ਮਾਈ ਲਈ ਗਹਿਣੇ, ਨੱਥ, ਮੱਛਲੀ, ਚੂੜਾ, ਸੱਗੀ ਫੁੱਲ,

**ਸੁਖਦੇਵ ਮਾਦਪੁਰੀ**
ਫੋਨ: 91-94630-34472

ਬਾਂਕਾ ਤੇ ਚੌਂਕ ਆਦਿ ਮਿੱਟੀ ਦੇ ਹੀ ਬਣਾਉਂਦੀਆਂ ਹਨ। ਮਿੱਟੀ ਦੇ ਹੀ ਭਾਂਡੇ ਚੱਕਲਾ-ਵੇਲਣਾ, ਤਵਾ, ਪਰਾਤ ਵੀ ਬਣਾਉਂਦੀਆਂ ਨੇ। ਕੋਈ ਚੰਦ-ਸੂਰਜ ਤੇ ਤਾਰੇ ਆਦਿ ਬਣਾਉਂਦੀ ਹੈ, ਕੋਈ ਮੋਧਨ ਦੀ ਮੂਰਤੀ ਤੇ ਕੋਈ ਬਾਹਮਣੀ ਦੀ ਮੂਰਤ, ਕੋਈ ਹੁੱਕਾ ਪੀਂਦੇ ਮਰਾਸੀ ਦੀ। ਇਨ੍ਹਾਂ ਮੂਰਤੀਆਂ ਵਿਚ ਪੇਂਡੂ ਕੁੜੀਆਂ ਦੀ ਲੋਕ ਕਲਾ ਰੂਪਮਾਨ ਹੋ ਉਠਦੀ ਹੈ।

ਪਹਿਲੇ ਨਰਾਤੇ ਨੂੰ ਸਵੇਰੇ-ਸਵੇਰੇ ਕੁੜੀਆਂ ਨਹਾ ਧੋ ਕੇ ਗੋਹੇ ਨਾਲ ਲਿੰਪੀ ਕੰਧ ਉਤੇ ਗੋਹੇ ਨਾਲ ਸਾਂਝੀ ਮਾਈ ਦੀ ਮੂਰਤੀ ਚਿਪਕਾਉਂਦੀਆਂ ਹਨ। ਮੂਰਤੀ ਨੂੰ ਸਜਾਉਣ ਵਿਚ ਕੁੜੀਆਂ ਆਪਣੀ ਲੋਕ ਪ੍ਰਤਿਭਾ ਦਾ ਚਮਤਕਾਰ ਵਿਖਾਉਂਦੀਆਂ ਹਨ। ਇਸ ਨੂੰ ਮਿੱਟੀ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਪਿਛੋਕਤ ਵਿਚ ਚੜ੍ਹ ਰਹੇ ਚੰਦ ਤੇ ਛਿਪ ਰਹੇ ਸੂਰਜ ਨੂੰ ਵੀ ਮੂਰਤੀਮਾਨ ਕੀਤਾ ਜਾਂਦਾ ਹੈ। ਕੁੜੀਆਂ ਆਪੋ-ਆਪਣੇ ਘਰਾਂ ਵਿਚ ਸਾਂਝੀ ਮਾਈ ਦੀਆਂ ਮੂਰਤੀਆਂ ਬਣਾਉਂਦੀਆਂ ਹਨ। ਹਰ ਕੁੜੀ ਚਾਹੁੰਦੀ ਹੈ ਕਿ ਉਹਦੀ ਸਾਂਝੀ ਦੂਜੀ ਕੁੜੀ ਨਾਲੋਂ ਸੋਹਣੀ ਹੋਵੇ। ਇਹ ਜ਼ਰੂਰੀ ਨਹੀਂ ਕਿ ਇਹ ਸਾਂਝੀ ਇਕ ਪ੍ਰਕਾਰ ਦੀ ਹੀ ਹੋਵੇ। ਕੁੜੀਆਂ ਆਪੋ ਆਪਣੀ ਸੂਝ ਤੇ ਕਲਪਨਾ ਨਾਲ ਮੂਰਤੀ ਬਣਾਉਂਦੀਆਂ ਹਨ। ਸਾਂਝੀ ਮਾਈ ਦੀਆਂ ਮੂਰਤੀਆਂ ਪੇਂਡੂ ਲੋਕ ਕਲਾਂ ਦਾ ਦਿਲਚਸਪ ਨਮੂਨਾ ਹੁੰਦੀਆਂ ਹਨ।

ਸਾਂਝੀ ਮਾਈ ਦੀ ਮੂਰਤੀ ਬਣਾਉਣ ਮਗਰੋਂ ਘਰਾਂ ਦੀਆਂ ਸੁਆਣੀਆਂ ਸਾਂਝੀ ਮਾਈ ਦਾ ਪ੍ਰਸ਼ਾਦ ਬਣਾਉਂਦੀਆਂ ਹਨ। ਇਹ ਪ੍ਰਸ਼ਾਦਿ ਆਮ ਤੌਰ 'ਤੇ ਆਟੇ ਨੂੰ ਭੁੰਨ ਕੇ ਵਿਚ ਗੁੜ ਸ਼ੱਕਰ ਰਲਾ ਕੇ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਸੁੱਕੀ ਪੰਜੀਰੀ ਆਖਦੇ ਹਨ। ਕੋਈ ਪੰਜੀਰੀ ਦੀ ਥਾਂ ਗੁੜ ਜਾਂ ਸ਼ੱਕਰ ਹੀ ਵੰਡ ਕੇ ਕੰਮ ਸਾਰ ਲੈਂਦੀਆਂ ਹਨ। ਸਰਦੇ ਪੁੱਜਦੇ ਘਰਾਂ 'ਚ ਘਿਓ ਵਾਲੀ ਵਧੀਆ ਪੰਜੀਰੀ ਤਿਆਰ ਕੀਤੀ ਜਾਂਦੀ ਹੈ।

ਸਾਂਝੀ ਮਾਈ ਦੀ ਪੂਜਾ ਬੜੇ ਦਿਲ ਖਿਚਵੇਂ ਢੰਗ ਨਾਲ ਕੀਤੀ ਜਾਂਦੀ ਹੈ। ਘਰ-ਘਰ ਸਾਂਝੀ ਮਾਈ ਲੱਗੀ ਹੁੰਦੀ ਹੈ। ਕੁੜੀਆਂ ਤੇ ਛੋਟੇ ਬੱਚੇ ਇਕੱਠੇ ਹੋ ਕੇ ਹਰ ਘਰ ਜਾਂਦੇ ਹਨ ਤੇ ਸਾਂਝੀ ਦੇ ਗੀਤ ਗਾਉਂਦੇ ਹੋਏ ਸਾਂਝੀ ਦੀ ਪੂਜਾ ਕਰਦੇ ਹਨ।

ਪਹਿਲੇ ਨਰਾਤੇ ਦੀ ਆਥਣ ਤੋਂ ਸਾਂਝੀ ਮਾਈ ਦੀ ਪੂਜਾ ਸ਼ੁਰੂ ਹੋ ਜਾਂਦੀ ਹੈ। ਘਿਓ ਦਾ ਚਮੁਖੀਆ ਦੀਵਾ ਬਾਲ ਕੇ ਕੁੜੀਆਂ ਸਾਂਝੀ ਦੇ ਮੰਤਰ ਵਜੋਂ ਇਹ ਗੀਤ ਅਰੰਭਦੀਆਂ ਹਨ:

ਉਠ ਮੇਰੀ ਸਾਂਝੀ ਪਟਣੇ ਖੋਲ੍ਹ
ਕੁੜੀਆਂ ਆਈਆਂ ਤੇਰੇ ਕੋਲ।

ਇਸ ਮਗਰੋਂ ਉਹ ਸਾਂਝੀ ਨੂੰ ਖ਼ੁਸ਼ ਕਰਨ ਲਈ ਸਾਂਝੀ ਦੇ ਗੀਤ ਗਾਉਂਦੀਆਂ ਹਨ:

ਸਾਂਝੀ ਕੁੜੀਏ ਪਹਾੜ ਵਸਦੀ
ਰਾਜੇ ਰਾਮ ਦੀ ਪੋਤੀ।
ਲੈਣ ਕਿਉਂ ਨੀ ਜਾਂਦਾ
ਭਾਈ ਮੋਧਨਾ ਵੇ
ਤੇਰੀ ਲੰਮੀ ਲੰਮੀ ਬੋਦੀ।
ਬੋਦੀ ਨੂੰ ਲਗਣੇ ਫੁੰਦੇ
ਤੇਰੀ ਮਲਮਲ ਦੀ ਟੋਪੀ।
ਜਾਂਗੀਆ ਸਮਾਦੇ ਰੇਸ਼ਮੀ
ਵਿਚ ਸੁਚਣੇ ਮੋਤੀ।
ਸਾਂਝੀ ਦੇ ਆਲੇ ਦੁਆਲੇ
ਦੋ ਚਰਖੀਰੇ।
ਜਗ ਜਿਉਣ ਨੀ ਭੈਣ ਤੇਰੇ ਵੀਰੇ।
ਸਾਂਝੀ ਦੇ ਆਲੇ ਦੁਆਲੇ
ਦੋ ਕਾਨੇ।
ਜਗ ਜਿਉਣ ਭੈਣ ਤੇਰੇ ਮਾਮੇ।

ਸਾਂਝੀ ਮਾਈ ਨੇ ਭੈਣ ਨੂੰ ਭਾਬੋ ਦੇ ਦਿੱਤੀ, ਭਤੀਜਾ ਦੇ ਦਿੱਤਾ, ਉਹ ਕੰਮ ਭਲਾ ਕਿਵੇਂ ਕਰੇ-ਭਤੀਜੇ ਦਾ ਚਾਅ ਹੀ ਝੱਲਿਆ ਨਹੀਂ ਜਾਂਦਾ:

ਨੀ ਸੁਣ ਸਾਂਝੜੀਏ
ਰੋਟੀ ਵੇਲਾ ਹੋਇਆ
ਨੀ ਸੁਣ ਸਾਂਝੜੀਏ
ਕੌਣ ਪਕਾਵੇ ਰੋਟੀ
ਨੀ ਸੁਣ ਸਾਂਝੜੀਏ
ਭਾਬੋ ਪਕਾਵੇ ਰੋਟੀ
ਨੀ ਸੁਣ ਸਾਂਝੜੀਏ
ਭਾਬੋ ਗੋਦੀ ਗੀਗਾ



ਨੀ ਸੁਣ ਸਾਂਝੜੀਏ
ਗੀਗਾ ਮੇਰਾ ਭਤੀਜਾ
ਨੀ ਸੁਣ ਸਾਂਝੜੀਏ।

ਵੀਰੇ ਲਈ ਭੈਣ ਸਦਾ ਸੁੱਖਾਂ ਸੁਖਦੀ ਹੋਈ ਉਹਦੇ ਪਰਿਵਾਰ ਨੂੰ ਵੱਧਦਾ-ਫੁਲਦਾ ਅਤੇ ਆਰਥਿਕ ਪੱਖੋਂ ਉਨਤੀ ਕਰਦਾ ਦੇਖਣਾ ਲੋਚਦੀ ਹੈ। ਉਹ ਕਾਮਨਾ ਕਰਦੀ ਹੈ:

ਉਠਣ ਬੈਠਣ ਝੋਟੜੀਆਂ
ਵੀਰ ਮੇਰੇ ਦੇ ਬਾੜੇ ਮਾਂ।
ਗੋਹਾ ਚੁੱਗਣ ਤੇਰੀਆਂ ਭੈਣੜੀਆਂ
ਭਾਈਆਂ ਦੇ ਲਿਸ਼ਕਾਰੇ ਮਾਂ।
ਧਾਰਾਂ ਕੱਢਣ ਤੇਰੀਆਂ ਮਾਈਆਂ ਵੇ
ਪੁੱਤਾਂ ਦੇ ਲਲਕਾਰੇ ਮਾਂ।
ਦੁੱਧ ਰਿੜਕਣ ਤੇਰੀਆਂ ਵਹੁਟੜੀਆਂ
ਚੂੜੇ ਦੇ ਛਣਕਾਟੇ ਮਾਂ।

ਇਸ ਪ੍ਰਕਾਰ ਗੀਤ ਗਾਉਣ ਮਗਰੋਂ ਸਾਂਝੀ ਦੀ ਆਰਤੀ ਉਤਾਰੀ ਜਾਂਦੀ ਹੈ। ਥਾਲ ਵਿਚ ਜਗਦਾ ਦੀਵਾ ਰੱਖ ਕੇ ਸਾਂਝੀ ਮਾਈ ਦੀ ਮੂਰਤੀ ਦੇ ਆਲੇ-ਦੁਆਲੇ ਥਾਲ ਘੁਮਾਉਂਦੇ ਹੋਏ ਗਾਉਂਦੀਆਂ ਹਨ:

ਪਹਿਲੀ ਆਰਤੀ ਕਰਾਂ ਕਰਾਵਾਂ
ਜੀਵੇ ਮੇਰਾ ਵੀਰ ਪਰਾਹੁਣਾ ਅੜੀਓ
ਮੈਂ ਸ਼ਿਵ ਦੁਆਲੇ ਖੜੀਓ
ਮੈਂ ਹਰ ਕਾ ਦਰਸਣ ਪਾਇਆ
ਮੇਰਾ ਵੀਰ ਪਰਾਹੁਣਾ ਆਇਆ
ਖੋਲ੍ਹ ਨਰੈਣ ਅਟੜੀ
ਮੈਂ ਪੂਜਾਂ ਤੇਰੀ ਪਟੜੀ
ਮੈਂ ਪੂਜਾਂ ਹਰ ਕੇ ਪੈਰ।

ਉਪਰੋਕਤ ਆਰਤੀ ਗਾਉਣ ਮਗਰੋਂ ਸੁੱਕੀ ਪੰਜੀਰੀ ਜਾਂ ਤਿਲ-ਚੌਲੀ ਦਾ ਪ੍ਰਸਾਦ ਸਾਂਝੀ ਨੂੰ ਭੋਗ ਲੁਆਉਣ ਮਗਰੋਂ ਸਾਰੇ ਬੱਚਿਆਂ ਨੂੰ ਵੰਡਿਆ ਜਾਂਦਾ ਹੈ। ਇਸ ਮਗਰੋਂ ਕੁੜੀਆਂ ਅਗਲੀ ਕੁੜੀ ਦੇ ਘਰ ਜਾ ਕੇ ਪਹਿਲੀ ਰੀਤੀ ਅਨੁਸਾਰ ਮੁੱਢੋਂ-ਸੁੱਢੋਂ ਸਾਂਝੀ ਮਾਈ ਦੀ ਪੂਜਾ ਕਰਦੀਆਂ ਹਨ। ਇਸ ਪ੍ਰਕਾਰ ਇਕ ਦਿਨ ਦਾ ਪ੍ਰੋਗਰਾਮ ਖਤਮ ਹੋ ਜਾਂਦਾ ਹੈ। ਇਹ ਪ੍ਰੋਗਰਾਮ ਨੌਂ ਦਿਨ ਚੱਲਦਾ ਰਹਿੰਦਾ ਹੈ।

ਦੁਸਹਿਰੇ ਵਾਲੇ ਦਿਨ ਸਾਰੇ ਮੁਹੱਲੇ ਦੀਆਂ ਕੁੜੀਆਂ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਇਹ ਗੀਤ ਗਾਉਂਦੀਆਂ ਲਾਹ ਲੈਂਦੀਆਂ ਹਨ:

ਗੁੱਸੇ ਨਾ ਹੋਈਂ ਸਾਂਝੜੀਏ
ਪਰ ਨੂੰ ਫੇਰ ਮੰਗਾਵਾਂਗੇ।

ਸਾਂਝੀ ਦੀਆਂ ਸਾਰੀਆਂ ਮੂਰਤੀਆਂ ਨੂੰ ਇੱਕ ਸੁੱਚੀ ਟੋਕਰੀ ਵਿਚ ਪਾ ਕੇ ਕੁੜੀਆਂ ਇਨ੍ਹਾਂ ਨੂੰ ਪਿੰਡ ਦੇ ਲਾਗਲੇ ਕਿਸੇ ਟੋਭੇ ਜਾਂ ਸੂਏ ਵਿਚ ਜਲ ਪ੍ਰਵਾਹ ਕਰਨ ਲਈ ਤੁਰ ਪੈਂਦੀਆਂ ਹਨ। ਉਹ ਜਾਂਦੀਆਂ ਹੋਈਆਂ ਰਾਹ ਵਿਚ ਗੀਤ ਗਾਉਂਦੀਆਂ ਜਾਂਦੀਆਂ ਹਨ:

ਕਿੱਥੇ ਜੰਮੀ ਤੁਲਸਾਂ
ਕਿੱਥੇ ਜੰਮਿਆ ਰਾਮ
ਕਿੱਥੇ ਜੰਮਿਆ ਨੀ ਸਖੀਓ
ਮੇਰਾ ਸ੍ਰੀ ਭਗਵਾਨ
ਗੰਗਾ ਜੰਮੀ ਤੁਲਸਾਂ
ਪਹੋਏ ਜੰਮਿਆ ਰਾਮ
ਮਹਿਲੀਂ ਜੰਮਿਆ ਨੀ ਸਖੀਓ
ਮੇਰਾ ਸ੍ਰੀ ਭਗਵਾਨ।

ਉਪਰੋਕਤ ਗੀਤ ਗਾਉਂਦੀਆਂ ਕੁੜੀਆਂ ਕਿਸੇ ਟੋਭੇ ਜਾਂ ਸੂਏ 'ਤੇ ਪੁੱਜ ਜਾਂਦੀਆਂ ਹਨ। ਉਹ ਉਥੇ ਜਾ ਕੇ ਕੀੜਿਆਂ ਦੇ ਭੌਣ ਉਤੇ ਤਿਲ ਚੌਲੀ ਪਾਉਂਦੀਆਂ ਗਾਉਂਦੀਆਂ ਹਨ:

ਕੀੜਿਓ ਮਕੌੜਿਓ
ਅੰਨ ਦਿਓ
ਧੰਨ ਦਿਓ
ਭਾਈ ਦਿਓ
ਭਤੀਜਾ ਦਿਓ
ਕੱਢਣ ਨੂੰ ਕਸੀਦਾ ਦਿਓ
ਹੋਰ ਨਾ ਕੁਝ ਲੋੜੀਏ।

ਇਸ ਮਗਰੋਂ ਕੁੜੀਆਂ ਸਾਂਝੀ ਨੂੰ ਜਲ ਪ੍ਰਵਾਹ ਕਰਨ ਲੱਗੀਆਂ ਗੀਤ ਗਾਉਂਦੀਆਂ ਹਨ:

ਨ੍ਹਾਈਂ ਸਾਂਝੀ
ਧੋਈਂ ਸਾਂਝੀ
ਰੋਈਂ ਨਾ
ਵਰ੍ਹੇ ਦਿਨਾਂ ਨੂੰ ਫੇਰ ਲਿਆਵਾਂਗੇ।

ਸਾਂਝੀ ਨੂੰ ਜਲ ਪ੍ਰਵਾਹ ਕਰਨ ਮਗਰੋਂ ਉਹ ਸਾਂਝੀ ਮਾਈ ਦੇ ਗੀਤ ਗਾਉਂਦੀਆਂ ਘਰਾਂ ਨੂੰ ਪਰਤ ਪੈਂਦੀਆਂ ਹਨ। ਗੀਤ ਗਾ ਰਹੀਆਂ ਨਿੱਕੀਆਂ ਬੱਚੀਆਂ ਝੂਮ-ਝੂਮ ਜਾਂਦੀਆਂ ਹਨ। ਦੁਸਹਿਰੇ ਦਾ ਮੇਲਾ ਦੇਖਣ ਦਾ ਚਾਅ ਉਨ੍ਹਾਂ ਦੀਆਂ ਅੱਖਾਂ ਵਿਚ ਲਿਸ਼ਕਣ ਲੱਗ ਪੈਂਦਾ ਹੈ।

# ਮੋਦੀ-ਨਿਤੀਸ਼ ਭੇੜ: ਖੱਬੇ ਪੱਖੀ ਧਿਰਾਂ ਦੇ ਉਭਾਰ ਦੀ ਆਸ ਬੱਝੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਭਾਰਤ ਇਸ ਵਕਤ ਇਕ ਬਹੁਤ ਅਹਿਮ ਚੋਣ ਜੰਗ ਦੇ ਅਖਾੜੇ ਨੂੰ ਭਖਦਾ ਵੇਖ ਰਿਹਾ ਹੈ। ਬਿਹਾਰ ਦੀ ਇਹ ਲੋਕਤੰਤਰੀ ਜੰਗ ਉਸ ਪ੍ਰਧਾਨ ਮੰਤਰੀ ਦੇ ਲਈ ਵੱਕਾਰ ਦਾ ਮੁੱਦਾ ਹੈ, ਜਿਹੜਾ ਹਿੱਕ ਥਾਪੜ ਕੇ ਇਹ ਕਹਿੰਦਾ ਹੈ ਕਿ ਸੰਸਾਰ ਭਰ ਵਿਚ ਮੇਰਾ ਡੰਕਾ ਵੱਜ ਰਿਹਾ ਹੈ। ਜਿਸ ਵੀ ਦੇਸ਼ ਵਿਚ ਭਾਰਤ ਦਾ ਪ੍ਰਧਾਨ ਮੰਤਰੀ ਜਾਵੇ, ਓਥੇ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਨੂੰ ਹਰ ਪ੍ਰਧਾਨ ਮੰਤਰੀ ਦਾ ਸਵਾਗਤ ਕਰ ਕੇ ਖੁਸ਼ੀ ਹੁੰਦੀ ਹੈ ਤੇ ਇਹ ਹੁਣ ਵੀ ਹੁੰਦੀ ਹੈ। ਇਹ ਪ੍ਰਧਾਨ ਮੰਤਰੀ ਇਸ ਖੁਸ਼ੀ ਨੂੰ ਵਰਤ ਕੇ ਭਾਰਤੀ ਲੋਕਾਂ ਦੇ ਵੱਡੇ ਇਕੱਠ ਕਰ ਕੇ, ਇੱਕ ਤਰ੍ਹਾਂ ਮਜਮੇਬਾਜ਼ੀ ਕਰਨ ਲੱਗ ਜਾਂਦਾ ਹੈ। ਉਨ੍ਹਾਂ ਇਕੱਠਾਂ ਵਿਚ ਉਨ੍ਹਾਂ ਦੇਸ਼ਾਂ ਦੇ ਆਮ ਲੋਕ ਨਹੀਂ ਹੁੰਦੇ, ਸਿਰਫ ਭਾਰਤੀਆਂ ਦੇ ਇਕੱਠ ਹੀ ਡੰਕੇ ਵੱਜਦੇ ਦੱਸਣ ਲਈ ਵਰਤੇ ਜਾਂਦੇ ਹਨ। ਚੁਣ-ਚੁਣ ਕੇ ਉਹ ਇਹੋ ਜਿਹੇ ਦੇਸ਼ਾਂ ਵਿਚ ਜਾਂਦਾ ਹੈ, ਜਿੱਥੇ ਪਿਛਲੇ ਕਾਫੀ ਸਮੇਂ ਤੋਂ ਭਾਰਤ ਦਾ ਕੋਈ ਪ੍ਰਧਾਨ ਮੰਤਰੀ ਗਿਆ ਨਾ ਹੋਵੇ। ਹੁਣ ਆਇਰਲੈਂਡ ਜਾਣ ਵਾਸਤੇ ਤਿਆਰ ਹੈ, ਜਿੱਥੇ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਕੋਈ ਨਹੀਂ ਸੀ ਗਿਆ। ਇਹ ਵੀ ਇੱਕ ਕਲਾ ਹੈ। ਹਰ ਵਾਰੀ ਇਸ ਤਰ੍ਹਾਂ ਦਾ ਦੇਸ਼ ਚੁਣੋ, ਜਿੱਥੇ ਜਾਣ ਦੇ ਬਾਅਦ ਇਹ ਖਬਰ ਬਣਾਈ ਜਾ ਸਕੇ ਕਿ ਐਨੇ ਸਾਲਾਂ ਤੱਕ ਜਿਥੇ ਭਾਰਤ ਦਾ ਕੋਈ ਪ੍ਰਧਾਨ ਮੰਤਰੀ ਨਹੀਂ ਸੀ ਗਿਆ, ਨਰਿੰਦਰ ਮੋਦੀ ਓਥੇ ਜਾ ਆਇਆ ਹੈ। ਕਿਸੇ ਦਿਨ ਅੰਟਾਰਕਟਿਕਾ ਵੀ ਗੇੜਾ ਲਾ ਸਕਦਾ ਹੈ।

ਖਾਲੀ ਪੀਪੇ ਖੜਕਾਉਣ ਵਾਂਗ ਡੰਕੇ ਵਜਾਊ ਪ੍ਰਧਾਨ ਮੰਤਰੀ ਨਾਲ ਭਿੜਨ ਲਈ ਬਿਹਾਰ ਵਿਚ ਇਕ ਰਾਜਸੀ ਗੱਠਜੋੜ ਜਦੋਂ ਬਣਨ ਲੱਗਾ, ਬਹੁਤੇ ਲੋਕਾਂ ਨੇ ਉਸ ਦਾ ਸਵਾਗਤ ਕੀਤਾ ਸੀ। ਹੁਣ ਵੀ ਉਸ ਗੱਠਜੋੜ ਦਾ ਸਵਾਗਤ ਹੈ। ਮੁਲਾਇਮ ਸਿੰਘ ਤੇ ਕੁਝ ਹੋਰ ਧਿਰਾਂ ਮੂੰਹੋਂ ਮੰਗੀਆਂ ਸੀਟਾਂ ਨਾ ਮਿਲਣ ਕਾਰਨ ਵੱਖ ਹੋ ਗਈਆਂ। ਨਾਲ ਰਹੀ ਜਾਂਦੇ ਤਾਂ ਚੰਗਾ ਹੋਣਾ ਸੀ, ਪਰ ਇਸ ਗੱਠਜੋੜ ਦੇ ਅਗਵਾਨੂੰ ਨਿਤੀਸ਼ ਕੁਮਾਰ ਅਤੇ ਲਾਲੂ ਪ੍ਰਸਾਦ ਆਪਣੀ ਪੁਰਾਣੀ ਆਦਤ ਨਹੀਂ ਛੱਡ ਸਕਦੇ। ਇਸੇ ਦਾ ਇੱਕ ਸਬੂਤ ਇਹ ਹੈ ਕਿ ਜਦੋਂ ਜਤਿਨ ਰਾਮ ਮਾਂਝੀ ਨੂੰ ਭਾਜਪਾ ਨੇ ਆਪਣੇ ਵੱਲ ਆਉਣ ਲਈ ਰਾਜ਼ੀ ਕਰ ਲਿਆ ਸੀ, ਉਸ ਵੇਲੇ ਵਿਧਾਨ ਸਭਾ ਵਿਚ ਨਿਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਨੂੰ ਇਕੱਠੇ ਹੋਣ ਪਿੱਛੋਂ ਵੀ ਇੱਕ-ਇੱਕ ਵੋਟ ਲਈ ਦੂਸਰਿਆਂ ਦਲਾਂ ਦਾ ਤਰਲਾ ਮਾਰਨਾ ਪੈ ਰਿਹਾ ਸੀ। ਆਪਣੀ ਤਾਕਤ ਵਿਖਾਉਣ ਲਈ ਹਰ ਪ੍ਰੈਸ ਨੋਟ ਵਿਚ ਉਹ ਸੀ ਪੀ ਆਈ ਦੇ ਇੱਕ ਵਿਧਾਇਕ ਦਾ ਨਾਂ ਉਚੇਚ ਨਾਲ ਲਿਖਦੇ ਸਨ ਤੇ ਲੋਕਾਂ ਮੂਹਰੇ ਵੀ ਉਸ ਨੂੰ ਨਾਲ ਲੈ ਕੇ ਪੇਸ਼ ਹੁੰਦੇ ਰਹੇ ਸਨ।

ਅਗਲੀ ਚੋਣ ਲਈ ਸੀਟਾਂ ਦੀ ਵੰਡ ਵੇਲੇ ਇਕ ਵਾਰ ਫਿਰ ਉਨ੍ਹਾਂ ਨੇ ਕਿਸੇ ਵੀ ਕਮਿਊਨਿਸਟ ਧਿਰ ਨੂੰ ਨੇੜੇ ਲਾਉਣ ਦੀ ਲੋੜ ਨਹੀਂ ਸਮਝੀ ਤੇ ਇਸ ਦਾ ਕਾਰਨ ਇਹ ਨਹੀਂ ਕਿ ਓਥੇ ਕਮਿਊਨਿਸਟਾਂ ਦੇ ਪੱਲੇ ਵੋਟਾਂ ਬਹੁਤੀਆਂ ਨਹੀਂ, ਸਗੋਂ ਇਹ ਹੈ ਕਿ ਜਿਹੜੀ ਰਣਬੀਰ ਸੈਨਾ ਤੇ ਹੋਰ ਲੱਠ-ਮਾਰ ਫੌਜਾਂ ਦਾ ਆਸਰਾ ਇਹ ਲੋਕ ਲੈਂਦੇ ਹਨ, ਕਮਿਊਨਿਸਟਾਂ ਨੂੰ ਨਾਲ ਲੈਣ ਨਾਲ ਉਨ੍ਹਾਂ ਰੁੱਸ ਜਾਣਾ ਸੀ। ਕਦੇ ਇਕ ਉਘੇ ਕਮਿਊਨਿਸਟ ਆਗੂ ਦਾ ਕਤਲ ਕਰਨ ਦੇ ਦੋਸ਼ ਵਿਚ ਅਦਾਲਤ ਵਲੋਂ ਦੋਸ਼ੀ ਕਰਾਰ ਦਿਤਾ ਜਾ ਚੁੱਕਾ ਇਕ ਬਦਮਾਸ਼ ਲੀਡਰ ਵੀ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਵੱਲੋਂ ਪਾਰਲੀਮੈਂਟ ਮੈਂਬਰ ਬਣ ਗਿਆ ਸੀ। ਕਮਿਊਨਿਸਟਾਂ ਨੂੰ ਉਦੋਂ ਸੋਚਣਾ ਬਣਦਾ ਸੀ ਕਿ ਉਨ੍ਹਾਂ ਦੀ ਜਗ੍ਹਾ ਲੋਕਾਂ ਵਿਚ ਹੋਣੀ ਚਾਹੀਦੀ ਹੈ, ਸਿਰਫ ਰਾਜਸੀ ਜੋੜ-ਤੋੜਾਂ ਦੇ ਆਸਰੇ ਉਨ੍ਹਾਂ ਦੀ ਲਹਿਰ ਅੱਗੇ ਨੂੰ ਨਹੀਂ ਵਧ ਸਕਦੀ।

ਅੱਜ ਦੇ ਬਿਹਾਰ ਵਿਚ ਕੋਈ ਵੀ ਇਹ ਸੁਣ ਕੇ ਹੱਸ ਸਕਦਾ ਹੈ ਕਿ 243 ਮੈਂਬਰਾਂ ਦੀ ਵਿਧਾਨ ਸਭਾ ਅੰਦਰ ਸੀ ਪੀ ਆਈ ਦਾ ਪਿਛਲੇ ਪੰਜ ਸਾਲ ਸਿਰਫ ਇਕ ਵਿਧਾਇਕ ਰਿਹਾ ਹੈ। ਕਦੇ ਏਸੇ ਵਿਧਾਨ ਸਭਾ ਵਿਚ, ਝਾਰਖੰਡ ਦੇ ਬਣਨ ਤੋਂ ਪਹਿਲਾਂ, ਜਦੋਂ ਅਸੈਂਬਲੀ 324 ਮੈਂਬਰਾਂ ਦੀ ਹੁੰਦੀ ਸੀ, ਉਦੋਂ ਸੀ ਪੀ ਆਈ ਦੇ ਛੱਬੀ ਤੇ ਦੂਸਰੀ ਕਮਿਊਨਿਸਟ ਧਿਰ ਸੀ ਪੀ ਆਈ (ਐਮ) ਦੇ ਛੇ ਵਿਧਾਇਕ ਸਨ, ਹੁਣ ਸੀ ਪੀ ਆਈ ਦਾ ਇਕ ਅਤੇ ਸੀ ਪੀ ਆਈ ਐਮ ਦਾ ਕੋਈ ਵੀ ਨਹੀਂ ਹੈ। ਖੋਰਾ ਇਸ ਕਾਰਨ ਲੱਗ ਗਿਆ ਕਿ ਕਮਿਊਨਿਸਟਾਂ ਨੇ ਲੋਕਾਂ ਵਿਚ ਜਾਣਾ ਛੱਡ ਦਿੱਤਾ ਤੇ ਪਾਰਲੀਮੈਂਟ ਦੇ ਸੈਂਟਰਲ ਹਾਲ ਵਿਚ ਬਣਾਏ ਜਾਂਦੇ ਗੱਠਜੋੜਾਂ ਵਿਚ ਰੁਚੀ ਲੈਣ ਵੱਲ ਵੱਧ ਸਮਾਂ ਦੇਣ ਲੱਗ ਪਏ। ਪੰਜਾਬ ਵਿਚ ਵੀ ਇਹੋ ਹੋਇਆ ਸੀ। ਹੁਣ ਪੰਜਾਬ ਵਿਧਾਨ ਸਭਾ ਵਿਚ ਇਕ ਵੀ ਕਮਿਊਨਿਸਟ ਮੈਂਬਰ ਨਹੀਂ, ਪਰ ਕਦੇ ਉਹ ਵਿਧਾਨ ਸਭਾ ਦੀ ਮੁੱਖ ਵਿਰੋਧੀ ਧਿਰ ਹੋਇਆ ਕਰਦੇ ਸਨ ਅਤੇ ਅਕਾਲੀ ਤੇ ਕਾਂਗਰਸੀ ਦੋਵੇਂ ਮਿਲ ਕੇ ਇਨ੍ਹਾਂ ਨਾਲ ਆਢਾ ਲੈਂਦੇ। ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲੀ ਚੋਣ ਉਸ ਦੌਰ ਵਿਚ ਕਾਂਗਰਸ ਦੀ ਮਦਦ ਨਾਲ ਕਮਿਊਨਿਸਟ ਉਮੀਦਵਾਰ ਦੇ ਮੁਕਾਬਲੇ ਮਸਾਂ ਜਿੱਤੇ ਸਨ ਅਤੇ ਜੇ ਕਾਂਗਰਸ ਨੇ ਉਨ੍ਹਾਂ ਦੀ ਮਦਦ ਨਾ ਕੀਤੀ ਹੁੰਦੀ ਤਾਂ ਜਿੱਤਣੇ ਨਹੀਂ ਸਨ। ਅਕਾਲੀਆਂ ਨੇ ਉਦੋਂ ਆਪਣਾ ਚੋਣ ਨਿਸ਼ਾਨ 'ਪੰਜਾ' ਛੱਡ ਕੇ ਕਾਂਗਰਸ ਦੇ ਚੋਣ ਨਿਸ਼ਾਨ 'ਦੋ ਬਲਦਾਂ ਦੀ ਜੋੜੀ' ਉਤੇ ਚੋਣ ਲੜੀ ਸੀ ਇਹ ਰਿਕਾਰਡ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੀ ਚੋਣ ਕਾਂਗਰਸ ਦੇ ਨਿਸ਼ਾਨ ਉਤੇ ਜਿੱਤੀ ਸੀ।

ਬਾਅਦ ਦੇ ਦੌਰ ਵਿਚ ਚੀਨ ਨਾਲ ਜੰਗ ਦਾ ਇੱਕ ਬਹਾਨਾ ਬਣ ਗਿਆ। ਅਸਲ ਵਿਚ ਕਮਿਊਨਿਸਟਾਂ ਅੰਦਰ ਆਪੋ ਵਿਚ ਮੱਤਭੇਦ ਸਿਧਾਂਤਕ ਤੋਂ ਜਥੇਬੰਦਕ ਵੱਧ ਹੋ ਗਏ ਸਨ। ਸਿਧਾਂਤਕ ਪੱਖ ਹੀ ਲਿਆ ਜਾਂਦਾ ਤਾਂ ਪੰਜਾਬ ਦੇ ਸੱਤਪਾਲ ਡਾਂਗ ਤੋਂ ਪੱਛਮੀ ਬੰਗਾਲ ਵਿਚ ਬੈਠੇ ਭੁਪੇਸ਼ ਗੁਪਤਾ ਤੱਕ ਕਈ ਆਗੂ ਓਸੇ ਸੋਚ ਵਾਲੇ ਸਨ, ਜਿਹੜੀ ਸੋਚ ਵਾਲੇ ਲੋਕਾਂ ਨੇ ਵੱਖਰੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਬਣਾਈ ਸੀ। ਇਹ ਸਾਰੇ ਲੋਕ ਓਸੇ ਸੋਚ ਵਾਲੇ ਹੋਣ ਦੇ ਬਾਵਜੂਦ ਪਾਰਟੀ ਅਤੇ ਲਹਿਰ ਨੂੰ ਪਾੜਨ ਲਈ ਰਾਜ਼ੀ ਨਹੀਂ ਸਨ। ਜਦੋਂ ਪਾਰਟੀਆਂ ਦੋ ਹੋ ਗਈਆਂ, ਫਿਰ ਇਹ ਰਾਏ ਬਣੀ ਕਿ ਮਜ਼ਦੂਰ ਜਥੇਬੰਦੀ ਏਟਕ ਨੂੰ ਸਾਂਝੀ ਰੱਖ ਲਿਆ ਜਾਵੇ ਤੇ ਇਸ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਵਿਚੋਂ ਦੋਵੇਂ ਧਿਰਾਂ ਇਕ-ਇਕ ਵੰਡ ਲੈਣ। ਬਦਕਿਸਮਤੀ ਨਾਲ ਇਹ ਸੋਚ ਵੀ ਸਿਰੇ ਨਾ ਚੜ੍ਹ ਸਕੀ। ਜਦੋਂ ਸੀ ਪੀ ਐਮ ਨੇ ਵੱਖਰੀ ਜਥੇਬੰਦੀ ਸੀਟੂ ਖੜੀ ਕਰ ਲਈ ਤਾਂ ਸਾਂਝੀ ਜਥੇਬੰਦੀ ਏਟਕ ਦੇ ਸਾਂਝੇ ਪ੍ਰਧਾਨ ਕਾਮਰੇਡ ਮਿਰਾਜ਼ਕਰ ਨੇ ਵੱਖਰੀ ਜਥੇਬੰਦੀ ਦੀ ਥਾਂ ਏਟਕ ਨਾਲ ਰਹਿਣ ਦਾ ਐਲਾਨ ਕਰ ਦਿੱਤਾ ਸੀ। ਇਸ ਗੱਲੋਂ ਸੀ ਪੀ ਆਈ (ਐਮ) ਵਿਚੋਂ ਉਸ ਨੂੰ ਕੱਢ ਦਿੱਤਾ ਗਿਆ, ਪਰ ਬਾਕੀ ਸਮਾਂ ਉਹ ਕਦੇ ਸੀ ਪੀ ਆਈ ਮੈਂਬਰ ਨਹੀਂ ਸੀ ਬਣਿਆ, ਏਟਕ ਨਾਲ ਸਾਰੀ ਉਮਰ ਜੁੜਿਆ ਰਿਹਾ ਸੀ। ਏਦਾਂ ਦੀਆਂ ਕਈ ਹੋਰ ਮਿਸਾਲਾਂ ਵੀ ਮੌਜੂਦ ਹਨ।



ਨਿਤੀਸ਼ ਕੁਮਾਰ ਨਰੇਂਦਰ ਮੋਦੀ

ਮੁਹਾਵਰਾ ਤਾਂ ਇਹ ਹੈ ਕਿ ਜਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ, ਉਹ ਹੁਣ ਮੁੜ ਨਹੀਂ ਆਉਣਾ, ਪਰ ਅਸੀਂ ਬਦਲ ਕੇ ਇਹ ਕਹਿ ਸਕਦੇ ਹਾਂ ਕਿ ਜਿੰਨਾ ਨੁਕਸਾਨ ਹੋ ਚੁੱਕਾ ਹੈ, ਉਹ ਹੁਣ ਪੂਰਾ ਨਹੀਂ ਹੋਣਾ। ਇਸ ਲਈ ਹੁਣ ਉਸ ਵੇਲੇ ਹੋਈ ਕਿਸੇ ਭੁੱਲ ਦੀ ਨਵੇਂ ਸਿਰੇ ਤੋਂ ਚਰਚਾ ਨਹੀਂ ਛੇੜ ਸਕਦੇ ਕਿ ਇਸ ਵਿਚ ਫਲਾਣੇ ਦੀ ਗਲਤੀ ਵੱਧ ਤੇ ਫਲਾਣੇ ਦੀ ਘੱਟ ਸੀ। ਗਲਤੀ ਹੋਈ ਤੇ ਉਸ ਦਾ ਖਮਿਆਜ਼ਾ ਇਸ ਦੇਸ਼ ਦੀ ਮਿਹਨਤਕਸ਼ ਜਮਾਤ ਨੂੰ ਭੁਗਤਣਾ ਪਿਆ। ਕਿਸਾਨ ਤੇ ਮਜ਼ਦੂਰ ਉਸ ਤੋਂ ਬਾਅਦ ਵੀ ਖੱਬੇ ਪੱਖੀਆਂ ਦੀ ਕਦਰ ਕਰਨ ਤੋਂ ਨਹੀਂ ਹਟੇ। ਅੱਜ ਤੱਕ ਜਦੋਂ ਕਦੇ ਕਿਸੇ ਥਾਂ ਲੋਕਾਂ ਦੇ ਦੁੱਖਾਂ ਤੇ ਭੁੱਖਾਂ ਦੀ ਚਰਚਾ ਚਲਦੀ ਹੈ, ਜਦੋਂ ਉਹ ਚਰਚਾ ਅੱਗੋਂ ਸੰਘਰਸ਼ ਤੱਕ ਜਾਂਦੀ ਹੈ ਤਾਂ ਜਿਹੜਾ ਵੀ ਆਗੂ ਅੱਗੇ ਲੱਗਦਾ ਹੈ, ਭਾਵੇਂ ਉਹ ਕਦੇ ਕਿਸੇ ਕਮਿਊਨਿਸਟ ਪਾਰਟੀ ਦੇ ਦਫਤਰ ਵੀ ਨਾ ਗਿਆ ਹੋਵੇ, ਲੋਕ-ਬੋਲੀ ਵਿਚ ਉਸ ਨੂੰ ਕਾਮਰੇਡ ਕਿਹਾ ਜਾਣ ਲੱਗਦਾ ਹੈ। ਅਸੀਂ ਇਹੋ ਜਿਹੇ ਕਈ ਕਾਂਗਰਸੀ ਤੇ ਇਥੋਂ ਤੱਕ ਕਿ ਮਜ਼ਦੂਰ ਜਥੇਬੰਦੀ ਵਾਲੇ ਭਾਜਪਾ ਆਗੂਆਂ ਨੂੰ ਜਾਣਦੇ ਹਾਂ, ਜਿਨ੍ਹਾਂ ਦਾ ਖੱਬੇ ਪੱਖ ਨਾਲ ਕੋਈ ਰਿਸ਼ਤਾ ਨਹੀਂ, ਪਰ ਆਪਣੇ ਦਫਤਰਾਂ ਤੇ ਰੈਲੀਆਂ ਵਿਚ ਉਨ੍ਹਾਂ ਨੂੰ ਕਾਮਰੇਡ ਕਿਹਾ ਜਾਂਦਾ ਹੈ। ਭੁੱਖ ਦੇ ਖਿਲਾਫ ਹਰ ਲੜਾਈ ਦਾ ਆਗੂ ਆਖਰ ਅਜੇ ਤੱਕ ਕਾਮਰੇਡ ਕਿਉਂ ਸਮਝਿਆ ਜਾਣ ਲੱਗਦਾ ਹੈ? ਇਹ ਸੋਚਣ ਦੀ ਗੱਲ ਹੈ। ਸਾਫ ਹੈ ਕਿ ਜਦੋਂ ਕਮਿਊਨਿਸਟ ਆਗੂ ਜਨਤਕ ਸੰਘਰਸ਼ਾਂ ਦੀ ਸਰਗਰਮੀ ਲਗਭਗ ਛੱਡੀ ਬੈਠੇ ਜਾਪਦੇ ਸਨ, ਉਦੋਂ ਵੀ ਆਮ ਲੋਕਾਂ ਨੂੰ ਹਰ ਜਨਤਕ ਸੰਘਰਸ਼ ਦੇ ਮੌਕੇ ਉਨ੍ਹਾਂ ਦੀ ਘਾਟ ਰੜਕਦੀ ਸੀ ਅਤੇ ਆਸ ਦੀ ਕਿਰਨ ਅਜੇ ਵੀ ਉਨ੍ਹਾਂ ਤੋਂ ਜਾਪਦੀ ਸੀ।

ਪਿਛਲੇ ਦਿਨਾਂ ਵਿਚ ਹਾਲਾਤ ਨੇ ਇੱਕ ਵਾਰੀ ਫਿਰ ਮੋੜਾ ਕੱਟਿਆ ਹੈ। ਉਹ ਕਈ ਮੌਕਿਆਂ ਉਤੇ ਆਪੋ ਵਿਚ ਇੱਕ-ਦੂਜੇ ਦੀ ਬਾਂਹ ਫੜ ਕੇ ਲੋਕਾਂ ਸਾਹਮਣੇ ਪੇਸ਼ ਹੋਣ ਲਈ ਰਾਜ਼ੀ ਹੋਏ ਹਨ। ਇਹ ਪ੍ਰਭਾਵ ਸਿਰਫ ਸਾਡੇ ਖਿੱਤੇ ਵਿਚ ਨਹੀਂ, ਸਾਰੇ ਦੇਸ਼ ਦੇ ਰਾਜਾਂ ਵਿਚ ਮਹਿਸੂਸ ਕੀਤਾ ਜਾ ਰਿਹਾ ਹੈ। ਹੁਣ ਜਦੋਂ ਇੱਕ ਪਾਸੇ ਬਿਹਾਰ ਵਿਚ ਡੰਕੇ ਵੱਜਦੇ ਦੱਸਣ ਵਾਲਾ ਪ੍ਰਧਾਨ ਮੰਤਰੀ ਮੋਦੀ ਆਪਣੇ ਨਿੱਜੀ ਵੱਕਾਰ ਦੀ ਲੜਾਈ ਲੜ ਰਿਹਾ ਹੈ ਤੇ ਦੂਸਰੇ ਪਾਸੇ ਨਿਤੀਸ਼ ਕੁਮਾਰ ਭਾਜਪਾ ਵਿਰੁਧ ਸਾਰਾ ਤਾਣ ਲਾਈ ਜਾਂਦਾ ਹੈ, ਉਦੋਂ ਵੀ ਇੱਕ ਵਿਧਾਇਕ ਵਾਲੀ ਜਿਸ ਕਮਿਊਨਿਸਟ ਪਾਰਟੀ ਦੇ ਆਗੂਆਂ ਨੂੰ ਫੜ-ਫੜ ਅੱਗੇ ਕਰਦਾ ਰਿਹਾ ਸੀ, ਉਨ੍ਹਾਂ ਦੇ ਨਾਲ ਚੋਣਾਂ ਵਿਚ ਸਾਂਝ ਇਸ ਲਈ ਪਾਉਣ ਨੂੰ ਤਿਆਰ ਨਹੀਂ ਕਿ ਰਣਬੀਰ ਸੈਨਾ ਰੁੱਸ ਜਾਵੇਗੀ। ਕਮਿਊਨਿਸਟਾਂ ਲਈ ਇਹ ਇਕ ਹੋਰ ਝਟਕਾ ਹੈ, ਪਰ ਇਸ ਨਾਲ ਖਾਸ ਫਰਕ ਨਹੀਂ ਪੈਣਾ। ਇੱਕ ਗੱਲ ਇਸ ਝਟਕੇ ਨਾਲ ਚੰਗੀ ਹੋਈ ਕਿ ਹੁਣ ਭੱਜੀਆਂ ਬਾਂਹੀਂ ਗਲ਼ ਨੂੰ ਆ ਗਈਆਂ ਹਨ। ਬਿਹਾਰ ਵਿਚ ਖੱਬੇ ਪੱਖੀ ਧਿਰਾਂ ਦਾ ਚਿਰਾਂ ਪਿੱਛੋਂ ਆਪਣਾ ਗੱਠਜੋੜ ਬਣਿਆ ਹੈ। ਇਸ ਮੋਰਚੇ ਵੱਲੋਂ 91 ਸੀਟਾਂ ਸੀ ਪੀ ਆਈ ਲੜੇਗੀ, 78 ਸੀਟਾਂ ਸੀ ਪੀ ਆਈ ਐਮ ਐਲ ਅਤੇ 38 ਸੀਟਾਂ ਸੀ ਪੀ ਐਮ ਦੇ ਜ਼ਿੰਮੇ ਪਾਈਆਂ ਗਈਆਂ ਹਨ। ਫਾਰਵਰਡ ਬਲਾਕ ਪੰਜ ਸੀਟਾਂ ਅਤੇ ਆਰ ਐਸ ਪੀ ਤਿੰਨ ਸੀਟਾਂ ਉਤੇ ਚੋਣ ਲੜੇਗੀ।

ਸਾਨੂੰ ਪਤਾ ਹੈ ਕਿ ਉਸ ਰਾਜ ਵਿਚ ਜਦੋਂ ਕਦੇ ਖੱਬੇ ਪੱਖੀ ਇਕੱਲੇ ਚੋਣ ਲੜਨ ਨਿਕਲੇ ਹਨ, ਝੋਲੀ ਖਾਲੀ ਕਦੀ ਨਹੀਂ ਰਹੀ। ਫਿਰ ਵੀ ਕਾਮਰੇਡ ਦਾਅਵੇ ਕੀ ਕਰਦੇ ਹਨ, ਇਸ ਵਿਚ ਅਸੀਂ ਇਸ ਮੌਕੇ ਨਹੀਂ ਜਾਣਾ ਚਾਹੁੰਦੇ। ਸਾਡੇ ਲਈ ਬਹੁਤੀ ਵੱਡੀ ਖਬਰ ਇਹੋ ਹੈ ਕਿ ਭੱਜੀਆਂ ਬਾਹੀਂ ਗਲ਼ ਨੂੰ ਆਈਆਂ ਹਨ। ਬਾਕੀ ਪਾਰਟੀਆਂ ਸਿਰਫ ਸੱਤਾ ਦੀ ਰਾਜਨੀਤੀ ਕਰਦੀਆਂ ਹਨ ਤੇ ਇਹ ਧਿਰ ਇਹੋ ਜਿਹੀ ਹੈ, ਜਿਸ ਦੇ ਸਾਹਮਣੇ ਸੱਤਾ ਤੋਂ ਵੱਧ ਮੁੜ੍ਹਕਾ ਵਗਾਉਣ ਵਾਲੀ ਜਮਾਤ ਦੇ ਹੱਕਾਂ ਦੀ ਰਾਖੀ ਦਾ ਜ਼ਿੰਮਾ ਹੈ। ਪ੍ਰੋਫੈਸਰ ਮੋਹਣ ਸਿੰਘ ਦੇ 'ਪਾਟੀ ਕਿਰਤ ਗੁਲਾਮੀ ਕਰਦੀ' ਵਾਲੇ ਲਫਜ਼ ਸਾਨੂੰ ਵਾਰ-ਵਾਰ ਯਾਦ ਆਉਂਦੇ ਹਨ। ਪਾਟਕ ਪੈਣ ਦੇ ਬਾਅਦ ਕਿਰਤੀਆਂ ਨੇ ਹੀ ਗੁਲਾਮੀ ਨਹੀਂ ਭੁਗਤੀ, ਕਿਰਤ ਦੀ ਬੰਦ-ਖਲਾਸੀ ਦਾ ਨਾਅਰਾ ਲਾਉਣ ਵਾਲੇ ਵੀ ਇੱਕ ਜਾਂ ਦੂਸਰੀ ਰਾਜਸੀ ਧਿਰ ਦੇ ਪਿੱਛਲੱਗ ਬਣ ਜਾਂਦੇ ਰਹੇ ਸਨ। ਇਹ ਰਾਜਨੀਤੀ ਬੇਅਣਖੀ ਜਿਹੀ ਜਾਪਦੀ ਸੀ। ਹੁਣ ਸੀਟ ਕੋਈ ਆਵੇ ਜਾਂ ਨਾ, ਇੱਕ ਵਾਰ ਲੋਕਾਂ ਵਿਚ ਆਪਣੇ ਸਿਰ ਜਾਣ ਨਾਲ ਸਿਰ ਉਚਾ ਰੱਖਣ ਜੋਗੇ ਹੋ ਜਾਣਗੇ। ਇਹ ਭਵਿੱਖ ਵਿਚ ਅੱਗੇ ਵੱਲ ਜਾਂਦੀ ਸੜਕ ਦਾ ਪਹਿਲਾ ਪੜਾਅ ਹੋ ਸਕਦਾ ਹੈ। ਆਗਾਜ਼ ਦੇ ਅੱਛਾ ਹੋਣ ਨਾਲ ਅੱਗੇ ਦਾ ਪੈਂਡਾ ਆਸ ਵਾਲਾ ਹੋ ਸਕਦਾ ਹੈ। ਨਰਿੰਦਰ ਮੋਦੀ ਤੇ ਨਿਤੀਸ਼ ਕੁਮਾਰ ਦੀ ਬਿਹਾਰ ਦੀ ਲੜਾਈ ਵਿਚੋਂ ਏਨਾ ਵੀ ਹਾਸਲ ਹੋ ਜਾਵੇ ਤਾਂ ਸੌਦਾ ਘਾਟੇ ਦਾ ਨਹੀਂ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625



# ਗਰਮੀ ਦੇ ਬਾਵਜੂਦ ਚੰਗਾ ਰਿਹਾ ਸ਼ੇਰੇ ਪੰਜਾਬ ਕਲੱਬ ਦਾ ਖੇਡ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਸਥਾਨਕ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਆਪਣਾ ਸਾਲਾਨਾ ਕਬੱਡੀ ਕੱਪ ਟੂਰਨਾਮੈਂਟ ਅਤੇ ਸਭਿਆਚਾਰਕ ਮੇਲਾ ਹਮੇਸ਼ਾਂ ਵਾਂਗ ਲੇਬਰ ਡੇਅ ਵੀਕ ਐਂਡ 'ਤੇ ਲੰਘੀ 6 ਸਤੰਬਰ ਨੂੰ ਇਥੇ ਐਲਕ ਗਰੂਵ ਦੇ ਫਾਰੈਸਟ ਪ੍ਰਿਜ਼ਰਵ ਵਿਚ ਕਰਵਾਇਆ ਗਿਆ। ਗਰਮੀ ਦੇ ਬਾਵਜੂਦ ਸ਼ਿਕਾਗੋ ਤੋਂ ਇਲਾਵਾ ਮਿਡਵੈਸਟ ਦੀਆਂ ਸਟੇਟਾਂ ਵਿਸਕਾਨਸਿਨ, ਮਿਸ਼ੀਗਨ, ਇੰਡੀਆਨਾ ਅਤੇ ਓਹਾਇਓ ਤੋਂ ਦਰਸ਼ਕ ਮੇਲਾ ਵੇਖਣ ਲਈ ਪਹੁੰਚੇ।




*ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਲੋਂ 6 ਸਤੰਬਰ ਨੂੰ ਸ਼ਿਕਾਗੋ ਵਿਚ ਕਰਵਾਏ ਗਏ ਖੇਡ ਮੇਲੇ ਵਿਚ ਇਕ ਧਾਵੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦਾ ਜਾਫੀ।*

ਖੇਡ ਮੇਲੇ ਦਾ ਅਰੰਭ ਗੁਰਦੁਆਰਾ ਪੈਲਾਟਾਈਨ ਦੇ ਰਾਗੀ ਜਥੇ ਦੇ ਭਾਈ ਅਮਰੀਕ ਸਿੰਘ ਵਲੋਂ ਚੜ੍ਹਦੀ ਕਲਾ ਦੀ ਅਰਦਾਸ ਨਾਲ ਹੋਇਆ। ਕਬੱਡੀ ਕੱਪ ਮੁਕਾਬਲੇ ਵਿਚ ਕੁਲ ਚਾਰ ਟੀਮਾਂ-ਸਿਆਟਲ, ਮਿਲਵਾਕੀ, ਸ਼ਿਕਾਗੋ ਤੇ ਇੰਡੀਆਨਾ ਨਿਤਰੀਆਂ, ਜਿਨ੍ਹਾਂ ਵਿਚ ਕਈ ਕੌਮਾਂਤਰੀ ਪੱਧਰ ਦੇ ਨਾਮੀ ਖਿਡਾਰੀ ਸ਼ਾਮਲ ਸਨ। ਇੰਡੀਆਨਾ ਦੀ ਟੀਮ ਕੁਝ ਮਹੀਨੇ ਪਹਿਲਾਂ ਇਸ ਜਹਾਨੋਂ ਕੂਚ ਕਰ ਗਏ ਕਬੱਡੀ ਪ੍ਰੇਮੀ ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ) ਦੇ ਨਾਂ 'ਤੇ ਕੁਲਵਿੰਦਰ ਮਾਨ, ਸੁੱਖੀ ਮਾਨ ਅਤੇ ਜੇ ਪੀ ਖਹਿਰਾ ਵਲੋਂ ਤਿਆਰ ਕਰਕੇ ਖਿਡਾਈ ਗਈ।

ਮੈਚ ਬਹੁਤ ਫਸਵੇਂ ਰਹੇ ਅਤੇ ਕਈ ਮੈਚਾਂ ਦਾ ਫੈਸਲਾ ਤਾਂ ਸਿਰਫ਼ ਅੱਧੇ ਅੰਕ ਨਾਲ ਹੀ ਹੋਇਆ। ਹਰ ਕਬੱਡੀ ਮੁਕਾਬਲੇ ਵਾਂਗ ਦਰਸ਼ਕ ਜਦੋਂ ਵੀ ਕਦੇ ਕੋਈ ਜਾਫੀ ਵਧੀਆ ਜੱਫਾ ਲਾਉਂਦਾ ਜਾਂ ਰੇਡਰ ਵਧੀਆ ਪੁਆਇੰਟ ਲੈਂਦਾ ਤਾਂ ਡਾਲਰਾਂ ਦਾ ਮੀਂਹ ਵਰ੍ਹਾ ਕੇ ਉਸ ਦੀ ਹੌਸਲਾ ਅਫਜਾਈ ਕਰਦੇ। ਕਈ ਕਬੱਡੀ ਪ੍ਰੇਮੀ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਪਹਿਲਾਂ ਹੀ ਐਲਾਨ ਕਰ ਦੇਂਦੇ ਕਿ ਜੇ ਫਲਾਣੇ ਰੇਡਰ ਨੂੰ ਕਿਸੇ ਜਾਫੀ ਨੇ ਜੱਫਾ ਲਾ ਲਿਆ ਤਾਂ ਐਨੇ ਡਾਲਰ ਇਨਾਮ ਦਿਤੇ ਜਾਣਗੇ।

ਪਹਿਲਾ ਮੈਚ ਇੰਡੀਆਨਾ ਤੇ ਸਿਆਟਲ ਵਿਚਾਲੇ ਹੋਇਆ ਜਿਸ ਵਿਚ ਸਿਆਟਲ ਦੀ ਟੀਮ ਜੇਤੂ ਰਹੀ। ਇੰਡੀਆਨਾ ਦੀ ਟੀਮ ਨੇ 24½ ਅੰਕ ਬਣਾਏ ਜਦੋਂਕਿ ਜੇਤੂ ਸਿਆਟਲ ਦੀ ਟੀਮ ਦੇ 34 ਅੰਕ ਸਨ। ਦੂਜਾ ਮੈਚ ਸ਼ਿਕਾਗੋ ਤੇ ਮਿਲਵਾਕੀ ਦੀਆਂ ਟੀਮਾਂ ਦਰਮਿਆਨ ਸੀ ਜੋ ਬਹੁਤ ਹੀ ਫਸਵਾਂ ਰਿਹਾ ਅਤੇ ਮਿਲਵਾਕੀ ਨੇ ਸ਼ਿਕਾਗੋ ਦੇ 34½ ਦੇ ਮੁਕਾਬਲੇ 35 ਅੰਕਾਂ ਨਾਲ ਜਿੱਤ ਪ੍ਰਾਪਤ ਕੀਤੀ। ਤੀਜਾ ਮੈਚ ਇੰਡੀਆਨਾ ਤੇ ਮਿਲਵਾਕੀ ਦੀਆਂ ਟੀਮਾਂ ਵਿਚਾਲੇ ਵੀ ਬਹੁਤ ਫਸਵਾਂ ਰਿਹਾ, ਜੋ ਮਿਲਵਾਕੀ ਨੇ ਇੰਡੀਆਨਾ ਨੂੰ ਅੱਧੇ ਅੰਕ ਦੇ ਫਰਕ ਨਾਲ ਹਰਾ ਕੇ ਜਿੱਤ ਲਿਆ। ਮਿਲਵਾਕੀ ਦੇ 19½ ਤੇ ਇੰਡੀਆਨਾ ਦੇ 19 ਅੰਕ ਸਨ।

ਅਗਲਾ ਚੌਥਾ ਮੈਚ ਸਿਆਟਲ ਤੇ ਸ਼ਿਕਾਗੋ ਵਿਚਾਲੇ ਸੀ। ਇਹ ਮੈਚ ਸ਼ਿਕਾਗੋ ਸਿਆਟਲ ਨੂੰ 31 ਦੇ ਮੁਕਾਬਲੇ 34 ਅੰਕ ਬਣਾ ਕੇ ਜਿੱਤਣ ਵਿਚ ਕਾਮਯਾਬ ਰਿਹਾ ਅਤੇ ਇੰਜ ਫਾਈਨਲ ਵਿਚ ਦਾਖਲ ਹੋ ਗਿਆ ਤੇ ਮਿਲਵਾਕੀ ਨਾਲ ਜਾ ਲੋਹਾ ਲਿਆ।

ਮਿਲਵਾਕੀ ਦੀ ਟੀਮ ਨੇ ਸ਼ਿਕਾਗੋ ਦੀ ਟੀਮ ਨੂੰ 15½ ਦੇ ਮੁਕਾਬਲੇ 24 ਅੰਕਾਂ ਨਾਲ ਹਰਾ ਕੇ ਕਬੱਡੀ ਕੱਪ ਆਪਣੇ ਨਾਂ ਕਰ ਲਿਆ। ਪਹਿਲੇ ਇਨਾਮ ਅਤੇ ਕਬੱਡੀ ਕੱਪ ਦੇ ਸਪਾਂਸਰ ਅੰਮ੍ਰਿਤਪਾਲ ਗਿੱਲ ਸਨ ਜਦੋਂਕਿ ਦੂਜੇ ਇਨਾਮ ਦੇ ਸਪਾਂਸਰ ਗੁਰਦੇਵ ਸਿੰਘ ਜੌੜਾ ਸਨ।

ਮਿਲਵਾਕੀ ਵਲੋਂ ਜਾਫੀਆਂ ਇਕਬਾਲ ਰੂਬੀ ਤੇ ਮੰਗੀ, ਅਤੇ ਧਾਵੀਆਂ ਹੈਪੀ ਤੇ ਭੁਪਿੰਦਰ ਸੇਠੀ ਨੇ ਵਧੀਆ ਖੇਡ ਦਿਖਾਈ। ਪੰਜਾਬ ਸਪੋਰਟਸ ਕੱਲਬ ਮਿਲਵਾਕੀ ਦੇ ਭੁਪਿੰਦਰ ਸੇਠੀ ਬੈਸਟ ਰੇਡਰ ਤੇ ਇਸੇ ਕਲੱਬ ਦੇ ਇਕਬਾਲ ਰੂਬੀ ਬੈਸਟ ਸਟਾਪਰ ਚੁਣੇ ਗਏ। ਵਰਣਨਯੋਗ ਹੈ ਕਿ ਭੁਪਿੰਦਰ ਸੇਠੀ ਤੇ ਇਕਬਾਲ ਰੂਬੀ ਦੋਵੇਂ ਸਕੇ ਭਰਾ ਹਨ।

ਕਬੱਡੀ ਅੰਡਰ-21 ਦਾ ਇਕ ਸ਼ੋਅ ਮੈਚ ਕੈਨੇਡਾ ਤੇ ਯੂ.ਐਸ.ਏ. ਦੀਆਂ ਟੀਮਾਂ ਵਿਚਾਲੇ ਹੋਇਆ ਅਤੇ ਯੂ.ਐਸ.ਏ. ਦੀ ਟੀਮ ਕੈਨੇਡਾ ਨੂੰ 19 ਦੇ ਮੁਕਾਬਲੇ 25 ਅੰਕ ਬਣਾ ਕੇ ਹਰਾਉਣ ਵਿਚ ਕਾਮਯਾਬ ਰਹੀ।

ਕਈ ਮੈਚਾਂ ਦੀ ਜਿੱਤ ਹਾਰ ਦਾ ਫੈਸਲਾ ਅੱਧੇ ਪੁਆਇੰਟ ਨਾਲ ਹੋਇਆ ਜਿਸ ਕਰਕੇ ਖਿਡਾਰੀਆਂ ਵਿਚ ਬਹਿਸਬਾਜੀ ਤੇ ਬੋਲ ਬੁਲਾਰਾ ਵੀ ਹੋਇਆ।

ਕਬੱਡੀ ਮੁਕਾਬਲਿਆਂ ਦੀ ਕੁਮੈਂਟਰੀ ਸਰੀ (ਕੈਨੇਡਾ) ਤੋਂ ਆਏ ਕੁਮੈਂਟੇਟਰ ਇਕਬਾਲ ਗਾਲਿਬ ਨੇ ਕਬੱਡੀ ਖਿਡਾਰੀਆਂ ਬਾਰੇ ਦਿਲਚਸਪ ਜਾਣਕਾਰੀ ਅਤੇ ਸ਼ੇਅਰਾਂ ਤੇ ਹਾਸਰਸੀ ਜੁਮਲਿਆਂ ਨਾਲ ਓਤ-ਪੋਤ ਕਰਕੇ ਆਪਣੇ ਨਿਵੇਕਲੇ ਅੰਦਾਜ਼ ਵਿਚ ਕੀਤੀ। ਮੈਚ ਦੇ ਰੈਫਰੀ ਰਾਣਾ ਭੰਡਾਲ ਤੇ ਰਾਜਾ ਤੱਲ੍ਹਣ ਸਨ। ਅੰਕ ਲਿਖਣ ਦੀ ਸੇਵਾ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ। ਗਲੋਬਲ ਟੀ ਵੀ ਵਾਲਿਆਂ ਨੇ ਮੇਲੇ ਦਾ ਪ੍ਰਸਾਰਣ ਨਾਲੋ ਨਾਲ ਕੀਤਾ।



*ਗਾਇਕ ਤੇਜੀ ਰਣਜੀਤ ਅਤੇ ਜਸਪਿੰਦਰ ਰੈਣਾ*



*ਕੁਲਵਿੰਦਰ ਸਿੰਘ ਗਿੱਲ (ਐਨ ਖੱਬੇ) ਸ. ਬਲਬੀਰ ਸਿੰਘ ਪਾਸੋਂ ਸਨਮਾਨ ਚਿੰਨ੍ਹ ਹਾਸਲ ਕਰਦੇ ਹੋਏ*

ਵਾਲੀਬਾਲ ਮੁਕਾਬਲਿਆਂ ਵਿਚ ਕੁਲ 6 ਟੀਮਾਂ ਭਿੜੀਆਂ। ਫਾਈਨਲ ਮੈਚ ਮੈਡੀਸਨ ਵਾਲੀਬਾਲ ਕਲੱਬ ਅਤੇ ਸ਼ਿਕਾਗੋ ਵਾਲੀਬਾਲ ਕਲੱਬ ਵਿਚਾਲੇ ਹੋਇਆ ਜਿਸ ਵਿਚ ਮੈਡੀਸਨ ਕਲੱਬ ਜੇਤੂ ਰਿਹਾ। ਇਨ੍ਹਾਂ ਮੁਕਾਬਲਿਆਂ ਦੇ ਇਨਾਮ ਅਮਰਜੀਤ ਸਿੰਘ ਢੀਂਡਸਾ ਨੇ ਆਪਣੇ ਪਿਤਾ ਮੇਹਰ ਸਿੰਘ ਢੀਂਡਸਾ ਦੀ ਯਾਦ ਵਿਚ ਸਪਾਂਸਰ ਕੀਤੇ।

ਹਾਕੀ ਓਲੰਪੀਅਨ 92 ਸਾਲਾ ਸ. ਬਲਬੀਰ ਸਿੰਘ ਮੇਲੇ ਦੇ ਵਿਸ਼ੇਸ਼ ਮਹਿਮਾਨ ਸਨ, ਜਿਨ੍ਹਾਂ ਦਾ ਕਲੱਬ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਮਾਪਿਆਂ ਨੂੰ ਤਾਕੀਦ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਵਾਲੇ ਪਾਸੇ ਲਾਉਣ ਤਾਂ ਜੋ ਉਨ੍ਹਾਂ ਵਿਚ ਉਸਾਰੂ ਰੁਚੀਆਂ ਪੈਦਾ ਹੋਣ ਅਤੇ ਉਹ ਸਿਹਤਮੰਦ ਵੀ ਹੋਣ। ਸਨਮਾਨ ਉਪਰੰਤ ਜਦੋਂ ਉਹ ਦਰਸ਼ਕਾਂ ਦੇ ਖੇਮੇ ਵਿਚ ਗਏ ਤਾਂ ਉਨ੍ਹਾਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਫੋਟੋ ਖਿਚਾਉਣ ਦਾ ਦਰਸ਼ਕਾਂ ਦਾ ਉਤਸ਼ਾਹ ਦੇਖਿਆਂ ਹੀ ਬਣਦਾ ਸੀ। ਕੁਝ ਬੱਚੇ ਬੜੇ ਉਤਸ਼ਾਹ ਨਾਲ ਬਲਬੀਰ ਸਿੰਘ ਕੋਲੋਂ ਆਟੋਗ੍ਰਾਫ ਲੈ ਰਹੇ ਸਨ।

ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸ. ਬਲਬੀਰ ਸਿੰਘ ਨੇ ਅਤੇ ਮੇਲੇ ਦੇ ਮੁਖ ਮਹਿਮਾਨ ਕੁਲਵਿੰਦਰ ਸਿੰਘ ਗਿੱਲ ਨੇ ਕੀਤੀ। ਮਾਈਕ ਉਤੇ ਬਹੁਤਾ ਚਿਰ ਕਲੱਬ ਦਾ ਸਾਬਕਾ ਪ੍ਰਧਾਨ ਪਰਮਿੰਦਰ ਵਾਲੀਆ ਰਿਹਾ। ਉਂਜ ਜਿੰਦਰ ਬੈਣੀਵਾਲ ਅਤੇ ਦੀਪਾ ਬੰਦੇਸ਼ਾ ਨੇ ਵੀ ਉਸ ਨਾਲ ਹੱਥ ਵਟਾਇਆ। ਵਿਚ ਦੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਮਾਈਕ ਲੈ ਕੇ ਸ. ਬਲਬੀਰ ਸਿੰਘ ਦੀਆਂ ਹਾਕੀ ਦੀ ਖੇਡ ਵਿਚ ਪ੍ਰਾਪਤੀਆਂ ਬਾਰੇ ਦਰਸ਼ਕਾਂ ਨੂੰ ਦੱਸਿਆ।

ਸ. ਬਲਬੀਰ ਸਿੰਘ ਨਾਲ ਆਪਣੇ ਜ਼ਮਾਨੇ ਦੇ ਉਘੇ ਕਬੱਡੀ ਖਿਡਾਰੀ ਟੋਰਾਂਟੋ ਤੋਂ ਅਬਨਾਸ਼ ਸਿੰਘ ਨਿੱਜਰ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਮੇਲੇ ਦੇ ਅਖੀਰ 'ਤੇ ਲੋਕ ਗਾਇਕਾਂ ਜਸਪਿੰਦਰ ਰੈਣਾ ਅਤੇ ਤੇਜੀ ਰਣਜੀਤ ਨੇ ਗਾਇਕੀ ਦਾ ਅਖਾੜਾ ਬੰਨਿਆ। ਸ਼ੁਰੂਆਤ ਜਸਪਿੰਦਰ ਰੈਣਾ ਨੇ 'ਹੋਰ ਕੀ ਮੰਗਣਾ ਰੱਬ ਕੋਲੋਂ' ਗੀਤ ਨਾਲ ਕੀਤੀ। ਫਿਰ 'ਅੱਲਾ ਕਰੇ ਦਿਨ ਨਾ ਚੜ੍ਹੇ' ਤੇ 'ਜੁਗਨੀ' ਗਾ ਕੇ ਦਰਸਕਾਂ ਦਾ ਮਨੋਰੰਜਨ ਕੀਤਾ। ਉਪਰੰਤ ਤੇਜੀ ਰਣਜੀਤ ਨੇ ਗੀਤ 'ਪਿਆਰ ਨੂੰ ਤੂੰ ਸਮਝੇ ਕੰਨਾਂ ਦੀਆਂ ਵਾਲੀਆਂ' ਪੇਸ਼ ਕੀਤਾ। ਤੇਜੀ ਤੇ ਜਸਪਿੰਦਰ ਨੇ ਕੁਝ ਡਿਊਟ ਗੀਤ ਵੀ ਪੇਸ਼ ਕੀਤੇ। ਉਨ੍ਹਾਂ ਉਂਜ ਉਚੀ ਹੇਕ ਵਾਲੇ ਲੋਕ ਗੀਤਾਂ 'ਤੇ ਜ਼ੋਰ ਦਿੱਤਾ। ਰਹਿੰਦੀ ਕਸਰ ਉਨ੍ਹਾਂ ਮਲਕੀਅਤ ਸਿੰਘ ਦੇ ਗੀਤ 'ਤੂਤਕ ਤੂਤਕ ਤੂਤੀਆਂ' ਤੇ ਦਲੇਰ ਮਹਿੰਦੀ ਦੇ ਗੀਤਾਂ 'ਤਾਰਾ ਰੂ ਤਾਰਾ ਰੂ' ਤੇ 'ਰੱਬ ਰੱਬ ਕਰਦੀ' ਅਤੇ ਕੁਝ ਬੋਲੀਆਂ ਪਾ ਕੇ ਪੂਰੀ

(ਅਗਲੇ ਸਫੇ 'ਤੇ ਜਾਰੀ)

# ਬਲਬੀਰ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ

**ਪ੍ਰਿੰ. ਸਰਵਣ ਸਿੰਘ**

**ਸ਼ਿਕਾਗੋ:** ਹਾਕੀ ਦੇ ਯੁਗ ਪੁਰਸ਼ ਬਲਬੀਰ ਸਿੰਘ ਸੀਨੀਅਰ ਦਾ ਇਥੇ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਕਰਵਾਏ ਗਏ ਕਬੱਡੀ ਕੱਪ ਮੁਕਾਬਲੇ ਵਿਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਉਹ ਇਸ ਕਬੱਡੀ ਮੇਲੇ ਵਿਚ ਵਿਸ਼ੇਸ਼ ਮਹਿਮਾਨ ਵਜੋਂ ਇਥੇ ਪਹੁੰਚੇ ਸਨ। ਇੰਜ ਸ਼ਿਕਾਗੋ ਦੇ ਪੰਜਾਬੀਆਂ ਨੂੰ ਲੀਜੈਂਡਰੀ ਖਿਡਾਰੀ ਨਾਲ ਮਿਲਣ ਦਾ ਤੇ ਯਾਦਗਾਰੀ ਫੋਟੋ ਖਿਚਾਉਣ ਦਾ ਮੌਕਾ ਮਿਲ ਗਿਆ।

ਓਲੰਪਿਕ ਹਾਕੀ ਵਿਚ ਤਿੰਨ ਗੋਲਡ ਮੈਡਲ ਹਾਸਲ ਕਰਨ ਵਾਲਾ ਓਲੰਪਿਕ ਰਤਨ ਬਲਬੀਰ ਸਿੰਘ 92 ਸਾਲਾਂ ਦਾ ਹੋਣ ਦੇ ਬਾਵਜੂਦ ਖੇਡਾਂ ਨਾਲ ਜੁੜਿਆ ਹੋਇਐ। ਉਸ ਨੂੰ ਸ਼ਿਕਾਗੋ ਲਿਆਉਣ ਵਿਚ ਹਾਕੀ ਦੇ ਵੈਟਰਨ ਖਿਡਾਰੀ ਅਬਨਾਸ਼ ਸਿੰਘ ਨਿੱਜਰ ਤੇ ਪਗੜੀਧਾਰੀ ਸਿੱਖ ਪਛਾਣ ਦੇ ਅਲੰਬਰਦਾਰ ਸ਼ਿਕਾਗੋ ਦੇ ਸਰਵਣ ਸਿੰਘ ਰਾਜੂ ਸਹਿਯੋਗੀ ਬਣੇ। ਮੈਂ ਤੇ ਅਬਨਾਸ਼ ਸਿੰਘ ਟੋਰਾਂਟੋ ਤੋਂ ਅਤੇ ਬਲਬੀਰ ਸਿੰਘ ਤੇ ਉਹਦਾ ਦੋਹਤਾ ਕਬੀਰ ਸਿੰਘ ਚੰਡੀਗੜ੍ਹ ਤੋਂ ਸ਼ਿਕਾਗੋ ਪੁੱਜੇ।

ਇਸ ਮੌਕੇ ਮੇਰੀ ਲਿਖੀ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲੋਕ ਅਰਪਨ ਕੀਤੀ ਗਈ। ਸ਼ਿਕਾਗੋ ਦਾ ਕਬੱਡੀ ਕੱਪ ਬਲਬੀਰ ਸਿੰਘ ਨੂੰ ਤੇ ਸਾਨੂੰ ਸਦਾ ਯਾਦ ਰਹੇਗਾ।

ਕਦੇ ਸ਼ਿਕਾਗੋ ਵਿਚ ਕਿਰਤੀਆਂ ਦੀ ਪਹਿਲੀ ਹੜਤਾਲ ਹੋਈ ਸੀ ਤੇ ਗੋਲੀਆਂ ਨਾਲ ਵਿੰਨ੍ਹੇ ਮਜ਼ਦੂਰ ਦੇ ਲਹੂ ਨਾਲ ਲਾਲ ਝੰਡੇ ਦਾ ਜਨਮ ਹੋਇਆ ਸੀ। ਸੰਤੋਖ ਸਿੰਘ ਧੀਰ ਦੀ ਕਵਿਤਾ 'ਮਈ ਦਿਵਸ' ਮੈਨੂੰ ਮੁੜ ਮੁੜ ਯਾਦ ਆ ਜਾਂਦੀ ਹੈ।

ਮੈਂ ਪਾਰਕ ਵਿਚ ਗੇੜਾ ਕੱਢ ਕੇ ਵੇਖਿਆ ਤਾਂ ਸਾਰੇ ਪਾਸੀਂ ਪਿਕਨਿਕ ਵਰਗਾ ਮਾਹੌਲ ਸੀ। ਬੱਚੇ ਅਤੇ ਔਰਤਾਂ ਵੱਡੀ ਗਿਣਤੀ ਵਿਚ ਮੌਜੂਦ ਸਨ। ਮੈਂ ਕਈਆਂ ਮੁਲਕਾਂ ਵਿਚ ਕਬੱਡੀ ਦੇ ਮੇਲੇ ਵੇਖੇ ਹਨ ਜਿਥੇ ਕੇਵਲ ਮਰਦ ਹੀ ਕਬੱਡੀ ਵੇਖਣ ਆਉਂਦੇ ਹਨ। ਸ਼ਿਕਾਗੋ ਵਿਚ ਪੂਰੇ ਦੇ ਪੂਰੇ ਪਰਿਵਾਰ ਕਬੱਡੀ ਵੇਖਣ ਆਏ ਸਨ। ਖਾਣ ਪੀਣ ਦੀ ਕੋਈ ਪਾਬੰਦੀ ਨਾ ਹੋਣ ਦੇ ਬਾਵਜੂਦ ਕਿਤੇ ਵੀ ਕਿਸੇ ਤਰ੍ਹਾਂ ਦੀ ਕੋਈ ਬਦਮਜ਼ਗੀ ਵਾਲੀ ਗੱਲ ਨਹੀਂ ਹੋਈ। ਟੋਰਾਂਟੋ, ਵੈਨਕੂਵਰ ਤੇ ਇੰਗਲੈਂਡ ਦੇ ਦਰਸ਼ਕਾਂ ਨੂੰ ਵੀ ਸ਼ਿਕਾਗੋ ਦੇ ਦਰਸ਼ਕਾਂ ਵਰਗਾ ਜ਼ਾਬਤਾ ਰੱਖਣਾ ਬਣਦਾ ਹੈ। ਜਿਥੇ ਸਮੁੱਚੇ ਪਰਿਵਾਰ ਹਾਜ਼ਰ ਹੋਣ, ਉਥੇ ਆਪਣੇ ਆਪ ਹੀ ਅਨੁਸਾਸ਼ਨ ਦਾ ਵਾਤਾਵਰਨ ਬਣ ਜਾਂਦਾ ਹੈ।



*ਸ. ਬਲਬੀਰ ਸਿੰਘ ਲਾਲੀ ਧਾਲੀਵਾਲ (ਸੱਜੇ) ਤੋਂ ਗੋਲਡ ਮੈਡਲ ਹਾਸਲ ਕਰਨ ਪਿਛੋਂ*

ਬਲਬੀਰ ਸਿੰਘ ਤੇ ਉਹਦਾ ਦੋਹਤਾ ਕਬੀਰ ਚੰਡੀਗੜ੍ਹ ਤੋਂ ਜਹਾਜ਼ ਚੜ੍ਹੇ ਸਨ ਅਤੇ ਮੈਂ ਤੇ ਅਬਨਾਸ਼ ਨਿੱਜਰ ਟੋਰਾਂਟੋ ਤੋਂ। ਅਸੀਂ ਇਕੋ ਸਮੇਂ ਸ਼ਿਕਾਗੋ ਦੇ ਹਵਾਈ ਅੱਡੇ 'ਤੇ ਉਤਰੇ।

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਜਸਵਿੰਦਰ ਸਿੰਘ ਗਿੱਲ, ਸਾਬਕਾ ਪ੍ਰਧਾਨ ਪ੍ਰਮਿੰਦਰ ਸਿੰਘ ਵਾਲੀਆ, ਅਮਰਦੇਵ ਸਿੰਘ ਬਦੇਸ਼ਾ, ਸਰਵਣ ਸਿੰਘ ਰਾਜੂ ਤੇ ਕੁਝ ਹੋਰ ਸੱਜਣ ਲਿਮੋਜੀਨ ਲੈ ਕੇ ਪਹਿਲਾਂ ਹੀ ਆਏ ਖੜ੍ਹੇ ਸਨ। ਉਥੋਂ ਅਸੀਂ ਸਰਵਣ ਸਿੰਘ ਦੇ ਘਰ ਆ ਗਏ ਜਿਥੇ ਚਾਰ ਦਿਨ ਰਹੇ। ਚਾਰੇ ਦਿਨ ਸਾਨੂੰ ਸ਼ਿਕਾਗੋ ਦੀਆਂ ਵੇਖਣਯੋਗ ਥਾਂਵਾਂ ਵਿਖਾਉਂਦੇ ਰਹੇ। ਇਸ ਦੌਰਾਨ ਡਾ. ਰਛਪਾਲ ਸਿੰਘ, ਡਾ. ਮੁਖਤਿਆਰ ਸਿੰਘ ਨੰਦੜਾ ਤੇ ਡਾ. ਗਿੱਲ ਹੋਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਸਰਵਣ ਸਿੰਘ ਰਾਜੂ ਵਿਸ਼ਵ ਜੰਗਾਂ ਵਿਚ ਪਗੜੀਧਾਰੀ ਸਿੱਖ ਫੌਜੀਆਂ ਦੀਆਂ ਕੁਰਬਾਨੀਆਂ ਦੇ ਨਾਯਾਬ ਫੋਟੋ ਪੋਸਟਰ ਬਣਾ ਕੇ ਵੰਡ ਰਹੇ ਹਨ। ਬਲਬੀਰ ਸਿੰਘ ਦੀ ਉਮਰ ਤੇ ਸਿਹਤ ਦਾ ਖਿਆਲ ਰੱਖਦਿਆਂ ਰਾਜੂ ਪਰਿਵਾਰ ਨੇ ਸਾਡੀ ਬੜੀ ਸੇਵਾ ਕੀਤੀ। ਇੰਜ ਲੱਗਾ ਜਿਵੇਂ ਅਸੀਂ ਆਪਣੇ ਹੀ ਘਰ ਵਿਚ ਹੋਈਏ।

ਇਕ ਦਿਨ ਅਸੀਂ ਪੰਜਾਬ ਟਾਈਮਜ਼ ਦੇ ਸਿਰੜੀ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਹਾਲ-ਚਾਲ ਪੁੱਛਣ ਗਏ। ਉਹ ਪਰਿਵਾਰ ਸਮੇਤ ਘਰ ਦੇ ਵਿਹੜੇ ਵਿਚ ਰੁੱਖਾਂ ਦੀ ਛਾਵੇਂ ਬੈਠੇ ਸਨ। ਉਹ ਚੜ੍ਹਦੀ ਕਲਾ ਵਿਚ ਮਿਲੇ ਜਿਸ ਨਾਲ ਤਸੱਲੀ ਹੋਈ ਕਿ ਪੰਜਾਬ ਟਾਈਮਜ਼ ਚੜ੍ਹਦੀਆਂ ਕਲਾਂ ਵਿਚ ਹੀ ਰਹੇਗਾ। ਇਸ ਅਖ਼ਬਾਰ ਨੇ ਪੰਜਾਬੀ ਜਗਤ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਪੰਜਾਬੀ ਦੇ ਮੰਨੇ-ਦੰਨੇ ਲੇਖਕ ਇਸ ਵਿਚ ਛਪਣਾ ਆਪਣਾ ਮਾਣ ਸਮਝਦੇ ਹਨ। ਬਲਬੀਰ ਸਿੰਘ ਨੇ ਆਪਣੀ ਜੀਵਨੀ 'ਗੋਲਡਨ ਗੋਲ' ਦੀ ਇਕ ਕਾਪੀ ਦਸਤਖ਼ਤ ਕਰ ਕੇ ਅਮੋਲਕ ਸਿੰਘ ਨੂੰ ਭੇਟ ਕੀਤੀ।

ਸਵੇਰੇ ਅਸੀਂ ਗੁਰਦੁਆਰਾ ਪੈਲਾਟਾਈਨ ਸ਼ਿਕਾਗੋ ਵਿਚ ਮੱਥਾ ਟੇਕਿਆ ਜਿਥੇ ਬਲਬੀਰ ਸਿੰਘ ਤੇ ਮੈਨੂੰ ਸਿਰੋਪੇ ਦੀ ਬਖਸ਼ਿਸ਼ ਹੋਈ। ਉਥੋਂ ਅਸੀਂ ਐਲਕ ਗਰੂਵ ਵਿਲੇਜ ਵਿਚ ਹੋ ਰਹੇ ਖੇਡ ਮੇਲੇ ਵੱਲ ਆਏ। ਕਬੱਡੀ ਕੱਪ ਦੇ ਪ੍ਰਬੰਧਕਾਂ ਨੇ ਬਲਬੀਰ ਸਿੰਘ ਦਾ ਗੁਲਦਸਤਿਆਂ ਨਾਲ ਸਵਾਗਤ ਕੀਤਾ। ਮੈਂ ਮਾਈਕ 'ਤੇ ਬਲਬੀਰ ਸਿੰਘ ਦੀ ਖੇਡ ਭੂਮਿਕਾ ਬਾਰੇ ਦੱਸਿਆ ਕਿ ਬਲਬੀਰ ਸਿੰਘ ਦਾ ਨਾਂ ਵਿਸ਼ਵ ਦੇ 16 ਆਈਕੋਨਿਕ ਓਲੰਪੀਅਨਾਂ ਵਿਚ ਬੋਲਦੈ। ਇਹ ਮਾਣ ਸਾਰੇ ਹਿੰਦ ਮਹਾਂਦੀਪ ਵਿਚ ਕੇਵਲ ਬਲਬੀਰ ਸਿੰਘ ਨੂੰ ਹੀ ਮਿਲਿਆ ਹੈ।

ਪਾਰਕ ਵਿਚ ਮੇਲੀਆਂ ਦੀਆਂ ਲਹਿਰਾਂ ਬਹਿਰਾਂ ਲੱਗ ਗਈਆਂ। ਕਈਆਂ ਦੇ ਸਿਰ ਘਰੜ ਮੁੰਨੇ ਹੋਏ ਸਨ ਤੇ ਗੰਜੇ ਸਿਰਾਂ ਉਤੇ ਲਿਸ਼ਕਾਂ ਮਾਰਦਾ ਸੂਰਜ ਜਗਦੇ ਬੱਲਬਾਂ ਦਾ ਭੁਲੇਖਾ ਪਾਉਂਦਾ ਸੀ। ਵਿਚੇ ਰੰਗ ਬਰੰਗੀਆਂ ਪੱਗਾਂ ਤੇ ਝੂਲਦੀਆਂ ਦਾੜ੍ਹੀਆਂ ਵਾਲੇ ਬਾਬੇ ਸਨ, ਵਿਚੇ ਜੂੜਿਆਂ ਤੇ ਘੋਨੇ ਸਿਰਾਂ ਵਾਲੇ ਨਿਆਣੇ ਤੇ ਵਿਚੇ ਚੁੰਨੀਆਂ ਦੁਪੱਟਿਆਂ ਵਾਲੀਆਂ ਮਾਈਆਂ ਬੀਬੀਆਂ।

ਕਬੱਡੀ ਦੇ ਫਾਈਨਲ ਮੈਚ ਤੋਂ ਪਹਿਲਾਂ ਕਬੱਡੀ ਦੇ ਦਾਇਰੇ ਅੰਦਰ ਮੇਰੀ ਲਿਖੀ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਰਿਲੀਜ਼ ਕੀਤੀ ਗਈ। ਕਿਤਾਬਾਂ ਦਾ ਇਕ ਬੰਡਲ ਮੋਹਤਬਰ ਸੱਜਣਾਂ ਵਿਚ ਵੰਡਿਆ ਗਿਆ। ਇਸ ਪੁਸਤਕ ਦੇ ਤਸਵੀਰਾਂ ਸਮੇਤ 272 ਸਫ਼ੇ ਹਨ ਤੇ 44 ਕਾਂਡ। ਇਸ ਵਿਚ ਬਲਬੀਰ ਸਿੰਘ ਦੇ ਵੱਡ ਵਡੇਰਿਆਂ ਤੋਂ ਲੈ ਕੇ ਉਸ ਦੇ ਬਚਪਨ, ਹਾਕੀ ਦੀ ਜਾਗ ਲੱਗਣ, ਜੁਆਨੀ ਚੜ੍ਹਨ, ਕਾਲਜਾਂ ਵਿਚ ਪੜ੍ਹਨ ਤੇ ਖੇਡਣ, ਮੰਗਣੀਆਂ ਕਿਤੇ ਤੇ ਵਿਆਹ ਕਿਤੇ ਹੋਰ ਹੋਣ, ਹੱਥਕੜੀ ਲਾ ਕੇ ਠਾਣੇਦਾਰ ਭਰਤੀ ਕਰਨ, ਓਲੰਪਿਕ ਖੇਡਾਂ ਦਾ ਗੋਲਡਨ ਹੈਟ ਟ੍ਰਿਕ ਮਾਰਨ, ਗੋਲਾਂ ਦਾ ਓਲੰਪਿਕ ਰਿਕਾਰਡ ਰੱਖਣ ਤੇ ਬੁਢਾਪੇ ਵਿਚ ਜੁਆਨ ਬਲਬੀਰ ਸਿੰਘ ਦੇ ਜੀਵਨ ਦਾ ਰੌਚਕ ਵੇਰਵਾ ਹੈ। ਨਵੀਂ ਪੀੜ੍ਹੀ ਬਲਬੀਰ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਦੀ ਹੈ। ਬਲਬੀਰ ਸਿੰਘ ਦਾ ਕਹਿਣਾ ਹੈ, ਜੇ ਮੈਂ ਸਾਧਾਰਨ ਪਰਿਵਾਰ ਤੇ ਛੋਟੇ ਜਿਹੇ ਪਿੰਡ ਵਿਚ ਜੰਮ-ਪਲ ਕੇ ਹਾਕੀ ਦੀ ਬੁਲੰਦੀ ਉਤੇ ਪੁੱਜ ਸਕਿਆ ਹਾਂ ਤਾਂ ਹੋਰ ਬੱਚੇ ਕਿਉਂ ਨਹੀਂ ਪੁੱਜ ਸਕਦੇ?

ਕੀ ਪਤਾ ਹੁਣ ਭਾਰਤ ਸਰਕਾਰ ਨੂੰ ਵੀ ਚੇਤਾ ਆ ਜਾਵੇ ਕਿ ਕੌਮਾਂਤਰੀ ਜਿੱਤ-ਮੰਚਾਂ ਉਤੇ ਅਨੇਕਾਂ ਵਾਰ ਤਿਰੰਗਾ ਲਹਿਰਾਉਣ ਵਾਲੇ ਬਲਬੀਰ ਸਿੰਘ ਦਾ ਕਿਵੇਂ ਸਨਮਾਨ ਕਰਨਾ ਹੈ?

## ਸ਼ੇਰੇ ਪੰਜਾਬ ਕਲੱਬ ਦਾ ਖੇਡ ਮੇਲਾ

*(ਪਿਛਲੇ ਸਫੇ ਦੀ ਬਾਕੀ)*

ਕਰ ਦਿੱਤੀ।

ਮੇਲੇ ਨੂੰ ਕਾਮਯਾਬ ਬਣਾਉਣ ਲਈ ਸੰਸਥਾ ਦੇ ਪੁਰਾਣੇ-ਨਵੇਂ ਅਹੁਦੇਦਾਰਾਂ ਨੇ ਪ੍ਰਧਾਨ ਜਸਵਿੰਦਰ (ਜੱਸੀ) ਗਿੱਲ ਦੀ ਅਗਵਾਈ ਵਿਚ ਪੂਰੇ ਤਾਲ-ਮੇਲ ਨਾਲ ਕੰਮ ਕੀਤਾ। ਬੋਰਡ ਮੈਂਬਰਾਂ ਖਾਸ ਕਰ ਅਮਰਦੇਵ ਸਿੰਘ ਬੰਦੇਸ਼ਾ, ਦੀਪਾ ਬੰਦੇਸ਼ਾ, ਜਿੰਦੀ ਖੰਗੂੜਾ, ਜਿੰਦਰ ਬੈਣੀਪਾਲ, ਪਰਮਿੰਦਰ ਵਾਲੀਆ, ਬਿੱਲੂ ਗਿੱਲ, ਬਲਜੀਤ ਮੰਗੀ ਅਤੇ ਬਲਵਿੰਦਰ ਚੱਠਾ ਨੇ ਮੇਲੇ ਨੂੰ ਕਾਮਯਾਬ ਕਰਨ ਲਈ ਸਖਤ ਮਿਹਨਤ ਕੀਤੀ।








# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

**Medicare & Most Private Insurances Accepted**



*Contact:* **Dr. Baljit Jammu**

*Doctor of Chiropractic*

**Ph: 510-940-8236**

1090 La Playa Dr., Hayward CA 94545



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ॥

ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ॥ ਚਿਰ ਭਇਓ ਦਰਸਨੁ ਦੇਖੇ॥੨॥੧॥

## ਗੁਰੂ ਘਰ ਦੀ ਸਥਾਪਨਾ ਦੀ 23ਵੀਂ ਵਰ੍ਹੇਗੰਢ ਦੀ ਸਭ ਸੰਗਤਾਂ ਨੂੰ ਵਧਾਈ ਹੋਵੇ



ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਸਥਾਪਨਾ ਦੀ 23ਵੀਂ ਵਰ੍ਹੇਗੰਢ 27 ਸਤੰਬਰ 2015 ਨੂੰ ਇਕ ਸਮਾਗਮ ਦੇ ਰੂਪ ਵਿਚ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

ਅਖੰਡ ਪਾਠ ਦੀ ਸੇਵਾ: ਸੁਭਾਸ਼ ਬੰਗਾ, ਜੱਸੀ ਬੰਗਾ ਤੇ ਪਰਿਵਾਰ ਅਤੇ ਅਵਤਾਰ ਸਿੰਘ ਜੱਸਲ ਤੇ ਪਰਿਵਾਰ ਵਲੋਂ
ਨਿਸ਼ਾਨ ਸਾਹਿਬ ਦੀ ਸੇਵਾ: ਭਾਈ ਜਸਵਿੰਦਰ ਸਿੰਘ ਤੇ ਪਰਿਵਾਰ ਵਲੋਂ

**ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ**
**ਫੋਨ: 916-992-1710**

### ਪ੍ਰੋਗਰਾਮਾਂ ਦਾ ਵੇਰਵਾ

**ਸ਼ੁੱਕਰਵਾਰ 25 ਸਤੰਬਰ 2015**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**ਸਨਿਚਰਵਾਰ 26 ਸਤੰਬਰ 2015**
ਨਿਸ਼ਾਨ ਸਾਹਿਬ ਦੀ ਸੇਵਾ: ਬਾਅਦ ਦੁਪਹਿਰ 3 ਵਜੇ

**ਐਤਵਾਰ 27 ਸਤੰਬਰ 2015**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ
ਉਪਰੰਤ ਸ਼ਬਦ ਕੀਰਤਨ: ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਕਾਰ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਨਿਹਾਲ ਕਰਨਗੇ। ਵਿਸ਼ੇਸ਼ ਤੌਰ 'ਤੇ ਭਾਈ ਅਮਰੀਕ ਸਿੰਘ ਅਤੇ ਜਥਾ (ਚੰਡੀਗੜ੍ਹ ਵਾਲੇ) ਪਹੁੰਚ ਰਹੇ ਹਨ।

**ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)**

# ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ



## ਸ਼ਹੀਦ ਊਧਮ ਸਿੰਘ ਦੇ 75ਵੇਂ ਸ਼ਹੀਦੀ ਦਿਵਸ ਮੌਕੇ ਗਦਰ ਮੈਮੋਰੀਅਲ ਹਾਲ ਸੈਨ ਫਰਾਂਸਿਸਕੋ ਵਿਚ ਕਰਵਾਏ ਸਮਾਗਮ ਦੀਆਂ ਕੁਝ ਯਾਦਗਾਰੀ ਤਸਵੀਰਾਂ























ਤਸਵੀਰਾਂ: ਗੁਰਿੰਦਰ ਪੁਰੇਵਾਲ

Sponsored Page

# ਸਰਬਜੋਤ ਸਿੰਘ ਸਵੱਦੀ ਵਲੋਂ ਸਕੱਤਰ ਜਨਰਲ ਵਜੋਂ ਨਿਯੁਕਤੀ ਲਈ ਧੰਨਵਾਦ

**ਸੈਨ ਹੋਜ਼ੇ:** ਸਥਾਨਕ ਸਿੱਖ ਆਗੂ ਸਰਬਜੋਤ ਸਿੰਘ ਸਵੱਦੀ ਨੇ ਅਕਾਲੀ ਦਲ, ਅਮਰੀਕਾ ਦੇ ਵੈਸਟ ਜੋਨ ਦਾ ਸਕੱਤਰ ਜਨਰਲ ਨਿਯੁਕਤ ਕੀਤੇ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ



*ਸਰਬਜੋਤ ਸਿੰਘ ਸਵੱਦੀ*

ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਹੈ।

ਆਪਣੀ ਇਸ ਨਿਯੁਕਤੀ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਤੋਤਾ ਸਿੰਘ, ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਰਾਜਿੰਦਰ ਸਿੰਘ ਮਹਿਤਾ ਦਾ ਧੰਨਵਾਦ ਕਰਦਿਆਂ ਸ. ਸਵੱਦੀ ਨੇ ਕਿਹਾ ਹੈ ਕਿ ਇਸ ਨਿਯੁਕਤੀ ਪਿਛੋਂ ਮੇਰਾ ਇਹ ਫਰਜ਼ ਹੈ ਕਿ ਮੈਂ ਲੋਕਾਂ ਦੇ ਕੰਮਾਂ ਵੱਲ ਧਿਆਨ ਦੇਵਾਂ ਕਿਉਂਕਿ ਮੈਨੂੰ ਨਿਜੀ ਤੌਰ 'ਤੇ ਪਤਾ ਹੈ ਕਿ ਪੰਜਾਬ ਵਿਚ ਪਰਵਾਸੀ ਪੰਜਾਬੀਆਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਹ ਵੀ ਪਤਾ ਹੈ ਕਿ ਬਾਹਰੋਂ ਗਏ ਵਿਅਕਤੀ ਨੇ ਪੰਜਾਬ ਵਿਚ ਵੱਧ ਤੋਂ ਵੱਧ ਦੋ ਮਹੀਨੇ ਰਹਿਣਾ ਹੁੰਦਾ ਹੈ ਅਤੇ ਦੋ ਮਹੀਨੇ ਉਸ ਦੇ ਕੋਰਟ ਕਚਹਿਰੀਆਂ ਵਿਚ ਹੀ ਖਰਾਬ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਕੰਮਾਂ ਲਈ ਮੈਂ ਸੁਖਬੀਰ ਸਿੰਘ ਬਾਦਲ ਨਾਲ ਸੰਜੀਦਾ ਗੱਲਬਾਤ ਕਰਾਂਗਾ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਪੇਸ਼ ਆਉਂਦੀਆਂ ਪਾਸਪੋਰਟ, ਵੀਜ਼ਾ, ਮੁਖਤਿਆਰਨਾਮਾ ਅਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਯਤਨ ਕਰਾਂਗਾ। ਸ. ਸਵੱਦੀ ਨੇ ਇਹ ਵੀ ਕਿਹਾ ਕਿ ਉਹ ਅਮਰੀਕਾ 'ਚ ਲੋਕ ਹਿੱਤਾਂ ਲਈ ਕੰਮ ਕਰਨ ਵਾਲੀਆਂ ਸਭ ਜਥੇਬੰਦੀਆਂ ਨਾਲ ਤਾਲਮੇਲ ਬਣਾ ਕੇ ਰੱਖਣਗੇ।

ਸ. ਸਵੱਦੀ ਜੋ ਹਾਲ ਹੀ ਵਿਚ ਹੋਈਆਂ ਗੁਰਦੁਆਰਾ ਸੈਨ ਹੋਜ਼ੇ ਚੋਣਾਂ ਵਿਚ 3139 ਵੋਟਾਂ ਲੈ ਕੇ ਵੱਡੇ ਮਾਰਜਨ 'ਤੇ ਜਿੱਤੇ ਹਨ, ਨੇ ਆਪਣੀ ਇਸ ਜਿੱਤ ਲਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਗੁਰੂ ਘਰ ਦੀ ਬਿਹਤਰੀ ਲਈ ਪੂਰੇ ਮਨ ਨਾਲ ਕੰਮ ਕਰਨਗੇ। ਉਨ੍ਹਾਂ ਸੈਨ ਹੋਜ਼ੇ ਦੇ ਹੀ ਵਾਸੀ ਸ. ਕੁਲਵੰਤ ਸਿੰਘ ਖਹਿਰਾ ਨੂੰ ਵੈਸਟ ਕੋਸਟ, ਅਮਰੀਕਾ ਦਾ ਪ੍ਰਧਾਨ ਅਤੇ ਹਾਲ ਹੀ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਲਈ ਸ. ਸਵੱਦੀ ਨਾਲ ਹੀ ਚੁਣੇ ਗਏ ਸ. ਪ੍ਰੀਤਮ ਸਿੰਘ ਗਰੇਵਾਲ ਨੂੰ ਜਨਰਲ ਸਕੱਤਰ ਬਣਾਉਣ 'ਤੇ ਵਧਾਈ ਦਿੱਤੀ ਹੈ।




***ਸੂਫੀ ਗਾਇਕੀ ਤੇ ਕੱਵਾਲੀ ਨੂੰ ਨਵਾਂ ਰੂਪ ਦੇਣ ਵਾਲੀਆਂ 'ਨੂਰਾਂ ਭੈਣਾਂ' ਅਮਰੀਕਾ ਪੁੱਜ ਗਈਆਂ ਹਨ। ਜੱਸੀ ਬੰਗਾ ਅਤੇ ਸੋਨੂੰ ਚੱਠਾ ਦੀ ਅਗਵਾਈ ਹੇਠ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਉਨ੍ਹਾਂ ਦੇ ਸ਼ੋਅ ਹੋਣਗੇ। ਗਲੋਬਲ ਪੰਜਾਬ ਟੀ.ਵੀ. ਵਲੋਂ ਜਗਦੇਵ ਭੰਡਾਲ ਦੇ ਨਿਰਦੇਸ਼ਨ ਹੇਠ ਨੂਰਾਂ ਭੈਣਾਂ ਨਾਲ ਇਕ ਵਿਸ਼ੇਸ਼ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਸੈਕਰਾਮੈਂਟੋ (ਕੈਲੀਫੋਰਨੀਆ) ਸਟੂਡੀਓ ਤੋਂ 16 ਸਤੰਬਰ, ਬੁੱਧਵਾਰ ਨੂੰ ਸ਼ਾਮ 7 ਵਜੇ ਕੀਤਾ ਜਾਵੇਗਾ। ਪ੍ਰੋਗਰਾਮ ਦਾ ਸੰਚਾਲਨ ਸ੍ਰੀ ਐਸ. ਅਸ਼ੋਕ ਭੌਰਾ ਕਰਨਗੇ ਜੋ ਗਲੋਬਲ ਪੰਜਾਬ ਟੀ.ਵੀ. ਤੇ ਡਿਸ਼ ਵਰਲਡ ਚੈਨਲ 739, ਕੈਨੇਡਾ ਵਿਚ ਚੈਨਲ ਪੰਜਾਬੀ ਅਤੇ ਦੁਨੀਆਂ ਭਰ ਵਿਚ www.globalpunjabtv.com 'ਤੇ ਵੇਖਿਆ ਜਾ ਸਕਦਾ ਹੈ। ਤਸਵੀਰ ਵਿਚ ਅਸ਼ੋਕ ਭੌਰਾ ਅਤੇ ਨੂਰਾਂ ਭੈਣਾਂ।***

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਖ਼ੂਬ ਰੌਣਕ ਲੱਗੀ ਯੂਬਾ ਸਿਟੀ ਦੇ ਤੀਆਂ ਦੇ ਮੇਲੇ 'ਚ

**ਯੂਬਾ ਸਿਟੀ (ਜਸਵੰਤ ਸਿੰਘ ਸ਼ਾਦ):** ਯੂ. ਐਸ. ਏ. ਪੰਜਾਬੀ ਵੂਮੈਨ ਕਲਚਰਲ ਐਸੋਸੀਏਸ਼ਨ, ਯੂਬਾ ਸਿਟੀ ਵਲੋਂ ਤੀਆਂ ਦਾ ਮੇਲਾ 'ਸ਼ੌਂਕਣ ਮੇਲੇ ਦੀ' ਨਾਂ ਹੇਠ ਲੰਘੀ 30 ਅਗਸਤ ਨੂੰ ਮਨਾਇਆ ਗਿਆ। ਯੂਬਾ ਸਿਟੀ, ਲਾਈਵ ਓਕ, ਸੈਕਰਾਮੈਂਟੋ, ਨਟੋਮਸ, ਸਟਾਕਟਨ, ਰੋਜ਼ਵਿਲ ਤੇ ਹੇਵਰਡ ਤੋਂ ਭਾਰੀ ਗਿਣਤੀ ਵਿਚ ਪਹੁੰਚੀਆਂ ਬੀਬੀਆਂ ਨੇ ਜਿੱਥੇ ਮੇਲੇ ਦੀ ਰੌਣਕ ਨੂੰ ਵਧਾਇਆ ਉਥੇ ਨਾਲ ਹੀ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਕਲਾ ਦੇ ਜੌਹਰ ਵੀ ਵਿਖਾਏ।

ਮੇਲੇ ਦੀ ਸ਼ੁਰੂਆਤ 'ਦੇਸੀ ਲੁੱਕ' ਗਰੁਪ ਦੇ ਡਾਂਸ ਨਾਲ ਹੋਈ। ਇਸ ਪਿਛੋਂ 'ਟੌਹਰ ਮੁਟਿਆਰਾਂ ਦੀ' (ਜੂਨੀਅਰ) ਗਰੁਪ ਨੇ ਗਿੱਧਾ ਪੇਸ਼ ਕੀਤਾ। ਹਰਮਨਜੋਤ ਅਤੇ ਗਰੁਪ (ਸਟਾਕਟਨ); ਕੁਲਦੀਪ, ਜੋਤੀ ਤੇ ਪਿੰਦਰ (ਰੋਜ਼ਵਿਲ) ਅਤੇ ਚੰਨੀ ਸੰਧੂ ਨੇ ਡਿਊਟ ਆਈਟਮਾਂ ਪੇਸ਼ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ। 'ਟੌਹਰ ਮੁਟਿਆਰਾਂ ਦੀ' (ਸੀਨੀਅਰ) ਗਰੁਪ ਨੇ ਧਮਾਕੇਦਾਰ ਪੇਸ਼ਕਾਰੀ ਕਰਕੇ ਖੂਬ ਤਾੜੀਆਂ ਬਟੋਰੀਆਂ।





ਮੇਲੇ ਦੀ ਖਾਸ ਆਈਟਮ 'ਯੂਬਾ ਸਿਟੀ ਦੇ ਅਮਲੀ' ਵਿਚ ਹਰਜੀਤ ਉਪਲ, ਹਰਜੀਤ ਥਿਆੜਾ ਤੇ ਬਲਜੀਤ ਕੌਰ ਨੇ ਹਸਾ ਹਸਾ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਬੇਅ ਏਰੀਏ ਤੋਂ ਗਿੰਨੀ ਬੇਦੀ ਦੇ ਸੰਮੀ ਡਾਂਸ ਨੇ ਆਪਣੀ ਅਲੱਗ ਪਹਿਚਾਣ ਬਣਾਈ। ਰਾਣੀ ਕੁਲੈਕਸ਼ਨ ਯੂਬਾ ਸਿਟੀ ਦੀ ਪੇਸ਼ਕਸ਼ 'ਫੈਸ਼ਨ ਸ਼ੋਅ' ਵਿਚ ਖੂਬਸੂਰਤ ਪਹਿਰਾਵਿਆਂ ਵਿਚ ਸਜੀਆਂ ਮੁਟਿਆਰਾਂ ਨੇ ਦਰਸ਼ਕਾਂ ਦੇ ਮਨ ਮੋਹ ਲਏ। ਪ੍ਰਬੰਧਕ ਬੀਬੀਆਂ ਵਲੋਂ 'ਫੈਸਟੀਵਲ ਆਫ਼ ਗਲੋਬ' ਵਿਚੋਂ ਬੈਸਟ ਫਿਲਮ ਦਾ ਐਵਾਰਡ ਜਿੱਤਣ ਵਾਲੀ ਫਿਲਮ 'ਧੀਆਂ ਮਰਜਾਣੀਆਂ' ਦੀਆਂ ਸਾਰੀਆਂ ਮਹਿਲਾ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ।

ਗਿੱਧਾ ਟੀਮ 'ਸ਼ੌਕਣਾਂ ਗਿੱਧੇ ਦੀਆਂ' ਅਤੇ ਬੇਅ ਏਰੀਆ ਦੀ ਟੀਮ 'ਬੇਅ ਏਰੀਆ ਧਮਕ' ਨੇ ਲਾਈਵ ਬੋਲੀਆਂ ਤੇ ਗਿੱਧਾ ਪਾ ਕੇ ਧੂੜਾਂ ਪੱਟ ਦਿੱਤੀਆਂ। ਹਰਜੀਤ ਉਪਲ ਵਲੋਂ ਤਿਆਰ ਕਰਵਾਈ ਗਈ ਸਪੈਸ਼ਲ ਆਈਟਮ 'ਮੇਰਾ ਵਿਹੜਾ' ਕਾਬਿਲੇ ਤਾਰੀਫ਼ ਸੀ। ਮੇਲੇ ਵਿਚ ਲੱਗੇ ਕੱਪੜੇ ਤੇ ਗਹਿਣਿਆਂ ਦੇ ਸਟਾਲਾਂ ਉਤੇ ਬੀਬੀਆਂ ਦੀ ਭੀੜ ਰਹੀ। ਉਪਰੰਤ ਪੰਜਾਬ ਇੰਸ਼ੋਰੈਂਸ ਵਲੋਂ ਡਾਇਮੰਡ ਰਿੰਗ ਰੈਫਲ ਕੀਤੀ ਗਈ। ਮੰਚ ਸੰਚਾਲਨ ਹਰਜੀਤ ਉਪਲ ਨੇ ਕੀਤਾ।

ਅੰਤ ਵਿਚ ਪ੍ਰਬੰਧਕ ਬੀਬੀਆਂ ਸੁਖਵਿੰਦਰ ਤੱਖਰ, ਭੁਪਿੰਦਰ ਤੱਖਰ, ਸੁਖਵਿੰਦਰ ਤੱਖਰ, ਅਵਿਨਾਸ਼ ਬੈਂਸ, ਸੁਰਜੀਤ ਤੱਖਰ, ਹਰਜੀਤ ਉਪਲ ਤੇ ਚਰਨਜੀਤ ਮੰਡ ਨੇ ਕਲਾਕਾਰਾਂ ਨੂੰ ਇਨਾਮ ਵੰਡੇ ਤੇ ਆਏ ਮਹਿਮਾਨਾ ਦਾ ਧੰਨਵਾਦ ਕੀਤਾ।

Northwest Truck Driving School
3241 Industrial Drive, Yuba City, CA 95993
ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ
- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ
Northwest Freightway ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737

ਕਲਾ ਪਰਿਕਰਮਾ

# ਮਾਜਿਦ ਮਜੀਦੀ ਦਾ ਮੁਹੰਮਦ



ਫਿਲਮ 'ਮੁਹੰਮਦ: ਦਿ ਮੈਸੰਜਰ ਆਫ ਗੌਡ' ਦੀ ਝਲਕ।

***ਇਰਾਨੀ ਫਿਲਮਸਾਜ਼ ਮਾਜਿਦ ਮਜੀਦੀ ਇਕ ਵਾਰ ਫਿਰ ਚਰਚਾ ਵਿਚ ਹੈ। ਸੱਤ ਸਾਲ ਦੀ ਤਪੱਸਿਆ ਤੋਂ ਬਾਅਦ ਉਸ ਵੱਲੋਂ ਬਣਾਈ ਫਿਲਮ 'ਮੁਹੰਮਦ: ਦਿ ਮੈਸੰਜਰ ਆਫ ਗੌਡ' ਉਤੇ ਮੁਲਾਣਿਆਂ ਨੇ ਇਤਰਾਜ਼ ਲਾ ਦਿੱਤਾ ਹੈ। ਇਨ੍ਹਾਂ ਸੁੰਨੀ ਮੁਲਾਣਿਆਂ ਨੇ ਮਾਜਿਦ ਮਜੀਦੀ ਅਤੇ ਫਿਲਮ ਦੇ ਸੰਗੀਤਕਾਰ ਏ.ਆਰ. ਰਹਿਮਾਨ ਖਿਲਾਫ ਫਤਵਾ ਜਾਰੀ ਕਰਦਿਆਂ ਫਿਲਮ ਦੇ ਬਾਈਕਾਟ ਦਾ ਸੱਦਾ ਹੈ। ਦੋਸ਼ ਲਾਇਆ ਹੈ ਕਿ ਫਿਲਮ ਵਿਚ ਹਜ਼ਰਤ ਮੁਹੰਮਦ ਬਾਰੇ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਹਨ।***

ਮਾਜਿਦ ਮਜੀਦੀ ਇਰਾਨ ਦਾ ਮਸ਼ਹੂਰ ਫਿਲਮਸਾਜ਼ ਹੈ। 1998 ਵਿਚ ਬਣਾਈ ਫਿਲਮ 'ਚਿਲਡਰਨ ਆਫ ਹੈਵਨ' ਨਾਲ ਉਸ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ ਸੀ। ਇਹ ਫਿਲਮ ਆਸਕਰ ਇਨਾਮ ਦੇ ਵਿਦੇਸ਼ੀ ਭਾਸ਼ਾ ਵਾਲੇ ਵਰਗ ਲਈ ਨਾਮਜ਼ਦ ਹੋਈ ਸੀ। ਫਿਲਮ ਨੂੰ ਇਨਾਮ ਤਾਂ ਭਾਵੇਂ ਨਹੀਂ ਮਿਲ ਸਕਿਆ, ਪਰ ਇਸ ਫਿਲਮ ਨੇ ਮਾਜਿਦ ਮਜੀਦੀ ਅਤੇ ਇਰਾਨੀ ਸਿਨਮਾ ਦੀ 'ਬਹਿ ਜਾ ਬਹਿ ਜਾ' ਕਰਵਾ

**ਰਸੂਲ ਅਲ-ਹਮਜ਼ਾ**

ਦਿੱਤੀ। 'ਚਿਲਡਰਨ ਆਫ ਹੈਵਨ' ਤੋਂ ਇਲਾਵਾ ਮਜੀਦੀ ਨੇ 'ਰੰਗ-ਏ-ਖੁਦਾ' (ਕਲਰਜ਼ ਆਫ ਪੈਰਾਡਾਈਸ), 'ਮੀਂਹ', ਦਿ ਵਿਲੋਅ ਟ੍ਰੀ', 'ਦਿ ਸੌਂਗ ਆਫ ਸਪੇਰੋ' ਵਰਗੀਆਂ ਫਿਲਮਾਂ ਨਾਲ ਸੰਸਾਰ ਸਿਨਮਾ ਵਿਚ ਆਪਣੀ ਪੈਂਠ ਬਣਾਈ। ਉਸ ਨੂੰ ਇਨ੍ਹਾਂ ਕਿਰਤਾਂ ਬਦਲੇ ਕਈ ਇਨਾਮ ਵੀ ਮਿਲੇ। ਫਿਲਮਾਂ ਦੀ ਸ਼ੁਰੂਆਤ ਉਹਨੇ 1981 ਵਿਚ 'ਐਕਸਪਲੋਜ਼ਨ' ਨਾਲ ਕੀਤੀ ਸੀ ਅਤੇ ਅੱਜ ਕੱਲ੍ਹ ਉਹ 'ਕਸ਼ਮੀਰ ਅਫਲੋਟ' ਨਾਂ ਦੀ ਫਿਲਮ ਬਣਾਉਣ ਵਿਚ ਰੁੱਝਾ ਹੋਇਆ ਹੈ।

ਸਾਲ 1959 ਦੇ ਅਪਰੈਲ ਮਹੀਨੇ ਦੀ 17 ਤਰੀਕ ਨੂੰ ਜਨਮੇ ਮਾਜਿਦ ਮਜੀਦੀ ਦਾ ਪਾਲਣ-ਪੋਸ਼ਣ ਮੱਧ ਵਰਗੀ ਪਰਿਵਾਰ ਵਿਚ ਹੋਇਆ। ਉਹਦਾ ਪਰਿਵਾਰ ਤਹਿਰਾਨ ਵਿਚ ਰਹਿੰਦਾ ਸੀ ਅਤੇ ਇਸ ਨੇ ਉਸ ਦੀ ਜ਼ਿੰਦਗੀ ਦੇ ਕਈ ਪੱਖਾਂ ਉਤੇ ਬੜਾ ਡੂੰਘਾ ਅਸਰ ਪਾਇਆ। ਉਹ ਛੇਤੀ ਹੀ ਉਡਾਰ ਹੋ ਗਿਆ। 14 ਸਾਲ ਦੀ ਉਮਰ ਵਿਚ ਉਹ ਵੱਡੇ ਨਾਟਕ ਗਰੁੱਪਾਂ ਵਿਚ ਕੰਮ ਕਰਨ ਲੱਗ ਪਿਆ ਸੀ। 1979 ਵਾਲੇ ਇਨਕਲਾਬ ਵੇਲੇ ਉਸ ਦੀ ਉਮਰ 20 ਸਾਲਾਂ ਦੀ ਸੀ ਅਤੇ ਉਦੋਂ ਹੀ ਉਸ ਨੇ ਸਿਨਮਾ ਵਿਚ ਵਧੇਰੇ ਦਿਲਚਸਪੀ ਲੈਣੀ ਸ਼ੁਰੂ ਕੀਤੀ।

ਫਿਲਮ 'ਮੁਹੰਮਦ: ਇ ਮੈਸੰਜਰ ਆਫ ਗੌਡ' ਮਾਜਿਦ ਮਜੀਦੀ ਨੇ ਸੱਤ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਫਿਲਮ ਹਜ਼ਰਤ ਮੁਹੰਮਦ ਦੇ ਜਨਮ ਵੇਲੇ ਛੇਵੀਂ ਸਦੀ ਦਾ ਨਕਸ਼ਾ ਖਿੱਚਦੀ ਹੈ। ਫਿਲਮ ਬਣਾਉਣ ਲਈ ਇਰਾਨ ਦੀ ਰਾਜਧਾਨੀ ਤਹਿਰਾਨ ਨੇੜਲੇ ਸ਼ਹਿਰ ਕੋਮ ਵਿਖੇ ਵਿਸ਼ਾਲ ਸੈੱਟ ਲਾਏ ਗਏ। ਤਕਰੀਬਨ ਸਾਰੀ ਫਿਲਮ ਇਸੇ ਥਾਂ ਸ਼ੂਟ ਕੀਤੀ ਗਈ। ਇਸ ਦਾ ਕੁਝ ਹਿੱਸਾ ਹੀ ਦੱਖਣੀ ਅਫਰੀਕਾ ਵਿਚ ਬੇਲਾ-ਬੇਲਾ ਵਿਖੇ ਫਿਲਮਾਇਆ ਗਿਆ। ਫਿਲਮ 2014 ਦੇ ਅਖੀਰ ਤੱਕ ਬਣ ਕੇ ਤਿਆਰ ਹੋ ਗਈ ਸੀ ਅਤੇ ਪਹਿਲੀ ਫਰਵਰੀ ਨੂੰ 'ਫਜਰ ਕੌਮਾਤਰੀ ਫਿਲਮ ਮੇਲੇ' ਵਿਚ ਦਿਖਾਈ ਜਾਣੀ ਸੀ, ਪਰ ਕੁਝ ਤਕਨੀਕੀ ਕਾਰਨਾਂ ਕਰ ਕੇ ਦਿਖਾਈ ਨਹੀਂ ਜਾ ਸਕੀ। ਮਗਰੋਂ 12 ਫਰਵਰੀ 2015 ਨੂੰ ਇਹ ਫਿਲਮ ਆਲੋਚਕਾਂ, ਪੱਤਰਕਾਰਾਂ ਅਤੇ ਅਹਿਮ ਸ਼ਖਸੀਅਤਾਂ ਨੂੰ ਦਿਖਾ ਦਿੱਤੀ ਗਈ। ਇਰਾਨ ਵਿਚ ਇਹ ਫਿਲਮ 27 ਅਗਸਤ 2015 ਨੂੰ ਰਿਲੀਜ਼ ਕੀਤੀ ਗਈ। ਇਸੇ ਦਿਨ ਇਹ ਫਿਲਮ 'ਮਾਂਟਰੀਅਲ ਸੰਸਾਰ ਫਿਲਮ ਮੇਲੇ' ਵਿਚ ਦਿਖਾਈ ਗਈ। ਸਭ ਨੇ ਇਸ ਫਿਲਮ ਦੀ ਪ੍ਰਸ਼ੰਸਾ ਕੀਤੀ, ਪਰ ਸੁੰਨੀ ਅਰਬ ਮੁਲਕਾਂ ਨੇ ਫਿਲਮ ਦੀ ਬੜੀ ਤਿੱਖੀ ਨੁਕਤਾਚੀਨੀ ਕੀਤੀ ਅਤੇ ਸ਼ੀਆ ਮੁਲਕ ਇਰਾਨ ਨੂੰ ਇਸ ਉਤੇ ਪਾਬੰਦੀ ਲਾਉਣ ਲਈ ਕਿਹਾ।

ਇਸ ਫਿਲਮ ਦਾ ਸੰਗੀਤ ਏ.ਆਰ. ਰਹਿਮਾਨ ਨੇ ਤਿਆਰ ਕੀਤਾ ਹੈ। ਸੰਗੀਤ ਉਤੇ ਕੀਤੀ ਮਿਹਨਤ ਦਾ ਅੰਦਾਜ਼ਾ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਮਾਜਿਦ ਮਜੀਦੀ ਨਾਲ ਛੇ ਮਹੀਨੇ ਕੰਮ ਕਰਨ ਤੋਂ ਬਾਅਦ ਹੀ ਰਹਿਮਾਨ ਨੂੰ ਪੂਰੀ ਸਮਝ ਪਈ ਕਿ ਮਾਜਿਦ ਉਸ ਤੋਂ ਕਿਸ ਤਰ੍ਹਾਂ ਦੀ ਕੰਪੋਜ਼ੀਸ਼ਨ ਦੀ ਮੰਗ ਕਰ ਰਿਹਾ ਸੀ। ਇਨ੍ਹਾਂ ਛੇ ਮਹੀਨਿਆਂ ਤੋਂ ਬਾਅਦ ਉਸ ਨੇ ਫਿਲਮ ਦੇ ਸੰਗੀਤ ਉਤੇ ਪੂਰਾ ਡੇਢ ਸਾਲ ਹੋਰ ਲਾਇਆ, ਤਾਂ ਕਿਤੇ ਜਾ ਕੇ ਉਹ ਗਾਇਕ ਸਾਮੀ ਯੂਸਫ ਦੀ ਆਵਾਜ਼ ਵਿਚ ਗੀਤ ਰਿਕਾਰਡ ਕਰਨ ਜੋਗੇ ਹੋਏ। ਰਹਿਮਾਨ ਅਤੇ ਉਸ ਨਾਲ ਜੁੜੇ 200 ਸੰਗੀਤਕਾਰਾਂ ਨੇ ਪੰਜ ਮੁਲਕਾਂ- ਭਾਰਤ, ਇਰਾਨ, ਜਰਮਨੀ, ਫਰਾਂਸ ਤੇ ਮਿਸਰ, ਵਿਚ ਸੰਗੀਤ ਦੀ ਰਿਕਾਰਡਿੰਗ ਕੀਤੀ।

ਫਿਲਮ 'ਮੁਹੰਮਦ: ਦਿ ਮੈਸੰਜਰ ਆਫ ਗੌਡ' ਦੇ ਦੋ ਹੋਰ ਸੀਕੁਇਲ ਤਿਆਰ ਕੀਤੇ ਜਾਣੇ ਹਨ। ਇਸ ਪਹਿਲੇ ਭਾਗ 'ਮੁਹੰਮਦ: ਦਿ ਮੈਸੰਜਰ ਆਫ ਗੌਡ' ਵਿਚ ਮੁਹੰਮਦ ਦਾ ਬਾਲ ਜੀਵਨ ਦਰਸਾਇਆ ਗਿਆ ਹੈ। ਦੂਜੇ ਭਾਗ ਵਿਚ ਅੱਲੜ ਉਮਰ ਤੋਂ 40 ਸਾਲ ਤੱਕ ਦੀ ਉਮਰ ਵਾਲ ਸਮਾਂ ਦਿਖਾਇਆ ਜਾਵੇਗਾ। ਤੀਜੇ ਭਾਗ ਵਿਚ 40 ਸਾਲ ਤੋਂ ਲੈ ਕੇ ਹਜ਼ਰਤ ਮੁਹੰਮਦ ਬਣਨ ਤੱਕ ਦਾ ਸਫਰ ਪੇਸ਼ ਕੀਤਾ ਜਾਣਾ ਹੈ।



*ਆਪਣੇ ਕੈਮਰੇ ਨਾਲ ਫਿਲਮ 'ਮੁਹੰਮਦ: ਦਿ ਮੈਸੰਜਰ ਆਫ ਗੌਡ' ਦਾ ਕਰਤਾ ਇਰਾਨੀ ਫਿਲਮਸਾਜ਼ ਮਾਜਿਦ ਮਜੀਦੀ।*



ਮਾਜਿਦ ਮਜੀਦੀ

## ਕੱਟੜਪੰਥੀਆਂ ਦਾ ਫ਼ਤਵਾ

*ਭਾਰਤੀ ਮੁਲਾਣਿਆਂ ਨਾਲ ਸਬੰਧਤ ਰਜ਼ਾ ਅਕਾਦਮੀ ਵੱਲੋਂ ਫਿਲਮਸਾਜ਼ ਮਾਜਿਦ ਮਜੀਦੀ ਅਤੇ ਸੰਗੀਤਕਾਰ ਏ.ਆਰ. ਰਹਿਮਾਨ ਖਿਲਾਫ ਜਾਰੀ ਕੀਤੇ ਫਤਵੇ ਨੇ ਸਭ ਨੂੰ ਹੈਰਾਨ ਕਰ ਦਿੱਤਾ। ਅਕਾਦਮੀ ਦਾ ਇਤਰਾਜ਼ ਸੀ ਕਿ ਫਿਲਮ ਵਿਚ ਹਜ਼ਰਤ ਮੁਹੰਮਦ ਬਾਰੇ ਤੱਥਾਂ ਵਿਚ ਤੋੜ-ਮਰੋੜ ਕੀਤੀ ਗਈ ਹੈ। ਹੋਰ ਤਾਂ ਹੋਰ ਸਬੰਧਤ ਅਦਾਕਾਰ ਉਤੇ ਪੈਸੇ ਲੈ ਕੇ ਫਿਲਮ ਵਿਚ ਕੰਮ ਕਰਨ ਦਾ ਇਤਰਾਜ਼ ਵੀ ਲਾਇਆ ਗਿਆ ਹੈ। ਅਕਾਦਮੀ ਨੇ ਇਸ ਫਿਲਮ ਉਤੇ ਭਾਰਤ ਵਿਚ ਪਾਬੰਦੀ ਦੀ ਮੰਗ ਵੀ ਕੀਤੀ ਹੈ।*



ਏ.ਆਰ. ਰਹਿਮਾਨ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਸਤੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-187



*ਟੈਂਪੂ ਉਤੋਂ ਉਤਰ ਕੇ ਆਏ ਭਜਨਾ ਤੇ ਕਰਤਾਰੀ।*
*ਭੁੱਲ ਗਿਆ ਚੇਤਾ ਨਿਕਲੀ ਹੱਥ 'ਚੋਂ ਦੋਹਾਂ ਦੀ ਸਰਦਾਰੀ।*
*ਹਫਿਆ ਪਿਆ ਸਰੀਰ ਦੇਖ ਲਓ ਹੱਥ ਸੋਟੀ, ਸਿਰ ਸਾਫਾ।*
*ਪਿਆਰ-ਮੁਹੱਬਤ ਨਾਲ ਫੇਰ ਵੀ ਫੜਿਆ ਹੱਥੀਂ ਲਿਫਾਫਾ।*

## ਕੈਪਸ਼ਨ ਮੁਕਾਬਲਾ-185



ਕੱਲਾ ਨਹੀਂ ਤੂੰ, ਨਾਲ ਹਾਂ ਤੇਰੇ
ਭੋਰਾ ਵੀ ਨਾ ਤੂੰ ਘਬਰਾ।
ਨੱਕ ਨੂੰ ਸਿੱਧੀਆਂ ਪਾਈਏ ਵੱਟਾਂ
ਜਿੰਦਰੇ ਨੂੰ ਜਰਾ ਸਿੱਧਾ ਲਾ।
ਲੰਘਣ ਵਾਲਾ ਖੜ੍ਹ ਕੇ ਦੇਖੇ
ਐਸੀ ਤੂੰ ਕੋਈ ਬਣਤ ਬਣਾ।
ਸਹਿੰਦਾ ਸਹਿੰਦਾ ਦੱਬੀਂ ਬਾਪੂ
ਦੇਈਂ ਨਾ ਮੇਰੀ ਬੱਸ ਕਰਾ।
***-ਜਗਮੀਤ ਸਿੰਘ ਪੰਧੇਰ***

---

ਉਠ ਸੁਵੱਖਤੇ ਨਾਲ ਬਾਪੂ ਦੇ
ਬੈਠ ਰੇਹੜੀ 'ਤੇ ਖੇਤ ਨੂੰ ਜਾਣਾ।
ਬੀਜੀ ਫਸਲ ਤੇ ਫੁੱਲਾਂ ਉਪਰੋਂ
ਫੜਨ ਤਿੱਤਲੀਆ ਭੱਜਦੇ ਜਾਣਾ।
ਬਾਪੂ ਨੇ ਵੀ ਚਾਰਾ ਵੱਢ ਕੇ
ਜਿੰਦਾ ਵੱਟਾ ਲਈ ਚੱਕ ਲਿਆਉਣਾ।
ਵਿੰਗੀਆਂ ਸਿੱਧੀਆਂ ਗੱਟਿਆਂ ਦੇ ਸੰਗ
ਜ਼ੋਰ ਜ਼ੋਰ ਨਾਲ ਖਿੱਚਦੇ ਜਾਣਾ।
ਅਸੀਂ ਛੋਟੇ ਸੀ ਤੇ ਰੱਸੀ ਵੱਡੀ
ਕੰਮ ਬਾਪੂ ਦੀ ਹੱਲਾਸ਼ੇਰੀ ਨੇ ਆਉਣਾ।
ਨੱਕਾ ਮੋੜਨ ਲਈ ਲੱਭਦੇ ਮੋਟਰਸਾਇਕਲ
ਜਿੰਦਾ ਕਿੱਥੋਂ ਅੱਜ ਮੋਢੇ ਚੁੱਕ ਲਿਆਉਣਾ।

ਬੱਚੇ ਖੇਡਣ ਫਾਰਮਵਿਲ ਨੈਟ 'ਤੇ
ਇਹ ਖੇਤਾਂ ਨੂੰ ਨਾ ਮੰਨਦੇ ਜਾਣਾ।
***-ਸਤਵਿੰਦਰ ਥਾਂਦੀ ਦੌਲਤਪੁਰੀ***

---

ਬਾਬਾ ਪੋਤੇ ਨੂੰ 'ਵਾਜਾਂ ਮਾਰੇ
ਆ ਜਾ ਪਾ ਲਈਏ ਹੁਣ ਕਿਆਰੇ।
ਮੀਂਹ ਕਣੀ ਦਾ ਪਤਾ ਨਹੀਂ ਕੋਈ
ਕੁਦਰਤ ਦੇ ਰੰਗ ਨਿਆਰੇ।
ਸਾਡਾ ਕੰਮ ਹੈ ਮਿਹਨਤ ਕਰਨੀ
ਰਲ ਮਿਲ ਕਰੀ ਹਾਂ ਜਾਨੇ।
ਰੱਬ ਦੇ ਘਰ ਦਾ ਭੇਤ ਨਾ ਕੋਈ
ਉਸ ਦੀਆਂ ਉਹ ਹੀ ਜਾਣੇ।
***-ਰਾਮ ਕੁਮਾਰ ਐਸ਼ ਜਾਜਾ***

---

ਮਿਹਨਤ ਜ਼ਿਆਦਾ ਤੇ ਫਸਲ ਸੀ ਥੋੜ੍ਹੀ
ਗੁਜ਼ਰ ਗਏ ਉਹ ਜ਼ਮਾਨੇ।
ਆ ਗਏ ਟਰੈਕਟਰ, ਨਵੀਆਂ ਕਾਢਾਂ
ਕੰਮ ਮੁਕਾਵਣ ਛੇਤੀ, ਲੱਗਣ ਨਾ ਮਹੀਨੇ।
ਜਿੰਦੇ ਨਾਲ ਸੀ ਪਾਉਂਦੇ ਵੱਟਾਂ
ਰਲ ਕੇ ਸੀ ਦੋ ਜਾਣੇ।
ਸਾਲ, ਛਿਮਾਹੀ ਫਿਰ ਆ ਜਾਂਦੇ ਸੀ
ਘਰੇ ਖਾਣ ਨੂੰ ਦਾਣੇ।
ਇਕ ਸੀ ਦੱਬਦਾ, ਦੂਜਾ ਖਿੱਚਦਾ
ਵੱਟਾਂ ਪਾਵੇ ਜਿੰਦਾ।
ਸੀਰੀ ਲੱਗਦਾ ਆਇਆ ਨਹੀਂ
ਤਾਂ ਹੀ ਪਿਓ ਨਾਲ ਲਿਆ ਪੁੱਤ ਕਿੰਦਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

## ਕੈਪਸ਼ਨ ਮੁਕਾਬਲਾ-184

ਤੋੜੀ ਵਿਚ ਰਿੱਝੇ ਜਦੋਂ ਸਾਗ
ਮੁਹੱਲੇ ਵਿਚ ਮਹਿਕਾਂ ਉਡਾਉਂਦਾ ਏ।
ਨਾਲ ਹੋਵੇ ਲੱਸੀ ਤੇ ਰੋਟੀ ਮੱਕੀ ਦੀ
ਪੇੜਾ ਮੱਖਣ ਦਾ ਚਾਰ ਚੰਨ ਲਾਉਂਦਾ ਏ।
ਮਿਲੇ ਭਾਵੇਂ ਹਰ ਢਾਬੇ ਤੇ ਦੁਕਾਨ
ਸੁਆਦ ਤਾਂ ਘਰੇ ਬਣੇ ਦਾ ਆਉਂਦਾ ਏ।
***-ਸਤਵਿੰਦਰ ਥਾਂਦੀ ਦੌਲਤਪੁਰੀ***




9/26 - Open Booking
9/27 - Sacramento Crest Theater
10/2 Open
10/3 - Sunnyvale (Bay Area)
10/4 - Open Booking
10/9 Open Bowoking
10/10 - New Jersey

10/11 New York
Romi Surya 718-347-7770
Bittu Speedo 646-235-2461
Jogno 917-440-2292
10/16 - 10/17 - 10/18 Mid West
Happy Heer 630-398-7052
10/24 - Dallas
Sonu Dhillon 832-955-5555
10/25 - Houston TX Open Booking

# ਮੌਤ ਦੇ ਮੂੰਹ ਪਾ ਰਹੀ ਹੈ ਸ਼ਰਨਾਰਥੀਆਂ ਨੂੰ ਚੰਗੇ ਭਵਿੱਖ ਦੀ ਆਸ

**ਏਥਨਜ਼:** ਸੀਰੀਆ ਸੰਕਟ ਕਾਰਨ ਲੋਕਾਂ ਦੀ ਯੂਰਪੀ ਦੇਸ਼ਾਂ ਵੱਲ ਭੱਜ-ਨੱਠ ਜਾਰੀ ਹੈ। ਸੈਂਕੜੇ ਲੋਕ ਸਮੁੰਦਰ ਵਿਚ ਹਾਦਸੇ ਦਾ ਸ਼ਿਕਾਰ ਹੋ ਰਹੇ ਹਨ। ਤਾਜ਼ਾ ਹਾਦਸੇ ਵਿਚ ਕਿਸ਼ਤੀ ਪਲਟਣ ਕਾਰਨ 28 ਵਿਅਕਤੀਆਂ ਦੀ ਮੌਤ ਹੋ ਗਈ। ਇਹ ਸਾਰੇ ਸੁਨਹਿਰੇ ਭਵਿੱਖ ਦੀ ਆਸ ਲੈ ਕੇ ਤੁਰਕੀ ਤੋਂ ਗਰੀਸ ਵੱਲ ਜਾ ਰਹੇ ਸਨ।

ਤੁਰਕੀ ਤੋਂ ਲੱਕੜੀ ਦੀ ਕਿਸ਼ਤੀ ਵਿਚ ਸਵਾਰ ਹੋ ਕੇ 125 ਵਿਅਕਤੀ ਗਰੀਸ ਲਈ ਰਵਾਨਾ ਹੋਏ ਸਨ ਪਰ ਇਹ ਕਿਸ਼ਤੀ ਫਾਰਮਾਕੋਨਿਸੀ ਨੇੜੇ ਸਮੁੰਦਰ ਵਿਚ ਪਲਟ ਗਈ ਤੇ ਇਸ ਵਿਚ ਸਵਾਰ ਲੋਕਾਂ ਵਿਚੋਂ 28 ਡੁੱਬ ਗਏ, ਇਨ੍ਹਾਂ ਵਿਚ ਚਾਰ ਨਵਜਨਮੇ ਬੱਚੇ ਤੇ 10 ਛੋਟੇ ਬੱਚੇ ਸ਼ਾਮਲ ਹਨ। ਅਜੇ ਪਿਛਲੇ ਹਫਤੇ ਕਿਸ਼ਤੀ ਪਲਟਣ ਕਾਰਨ ਚਾਰ ਬੱਚਿਆਂ ਤੇ 20 ਸਾਲ ਦੇ ਇਕ ਨੌਜਵਾਨ ਦੀ ਮੌਤ ਹੋ ਗਈ ਸੀ।

ਜ਼ਿਕਰਯੋਗ ਹੈ ਕਿ ਤੁਰਕੀ ਦੇ ਸਮੁੰਦਰ ਤੱਟ ਉਤੇ ਮ੍ਰਿਤਕ ਤਿੰਨ ਸਾਲਾ ਬੱਚੇ ਆਲਿਅਨ ਕੁਰਦੀ ਦੀਆਂ ਤਸਵੀਰਾਂ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਨ੍ਹਾਂ ਤਸਵੀਰਾਂ ਨੇ ਯੂਰਪ ਨੂੰ ਸ਼ਰਨਾਰਥੀਆਂ ਬਾਰੇ ਨੀਤੀ 'ਤੇ ਨਜ਼ਰਸਾਨੀ ਕਰਨ ਲਈ ਮਜਬੂਰ ਕਰ ਦਿੱਤਾ। ਸੀਰੀਆ ਵਿਚ ਹਾਲਾਤ ਖਰਾਬ ਹੋਣ ਕਾਰਨ 20 ਲੱਖ ਦੇ ਕਰੀਬ ਸ਼ਰਨਾਰਥੀ



ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਕੈਨੇਡਾ ਹੁਣ ਤੱਕ 22,000 ਇਰਾਕੀ ਤੇ 2,300 ਸੀਰੀਆ ਦੇ ਲੋਕਾਂ ਨੂੰ ਸ਼ਰਨ ਦੇ ਚੁੱਕਾ ਹੈ। ਉਧਰ, ਆਸਟਰੇਲੀਆ ਨੇ ਸੀਰੀਆ ਦੇ 12 ਹਜ਼ਾਰ ਸ਼ਰਨਾਰਥੀਆਂ ਨੂੰ ਪੱਕੇ ਤੌਰ ਉਤੇ ਪਨਾਹ ਦੇਣ ਦਾ ਫ਼ੈਸਲਾ ਕੀਤਾ ਹੈ। ਸੰਘੀ ਸਰਕਾਰ ਦੇ ਪ੍ਰਧਾਨ ਮੰਤਰੀ ਟੋਨੀ ਐਬਟ ਨੇ ਕਿਹਾ ਹੈ ਕਿ ਮਨੁੱਖਤਾ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਆਸਟਰੇਲੀਆ ਪੀੜਤ ਲੋਕਾਂ ਨਾਲ ਖੜ੍ਹਾ ਹੈ। ਸਰਕਾਰ ਮਨੁੱਖਤਾ ਦੇ ਆਧਾਰ 'ਤੇ ਪੀੜਤ ਲੋਕਾਂ ਨੂੰ ਪੱਕੇ ਤੌਰ 'ਤੇ ਪਨਾਹ ਦਿੰਦੀ ਹੈ। ਇਸ ਸਾਲ ਆਸਟਰੇਲੀਆ 13 ਹਜ਼ਾਰ 750 ਸ਼ਰਨਾਰਥੀਆਂ ਨੂੰ ਪਨਾਹ ਦੇਵੇਗਾ। ਮਨੁੱਖੀ ਆਧਾਰ 'ਤੇ ਤਿੰਨ ਸਾਲਾਂ ਦੌਰਾਨ ਇਸ ਵਿਚ ਵਾਧਾ ਕਰਕੇ 18 ਹਜ਼ਾਰ 750 ਕੀਤਾ ਜਾ ਰਿਹਾ ਹੈ, ਪਰ ਸੀਰੀਆ ਤੇ ਇਰਾਕ ਦੇ ਪ੍ਰਭਾਵਿਤ ਲੋਕਾਂ ਦਾ 12 ਹਜ਼ਾਰ ਦਾ ਅੰਕੜਾ ਵੱਖਰਾ ਹੈ। ਆਸਟਰੇਲੀਆਈ ਸਰਕਾਰ ਪ੍ਰਭਾਵਿਤ ਔਰਤਾਂ, ਬੱਚਿਆਂ ਤੇ ਪਰਿਵਾਰਾਂ ਦਾ ਮੁੜ ਵਸੇਬਾ ਕਰੇਗੀ। ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਬਕਾਇਦਾ ਇਸ ਬਾਰੇ ਫ਼ੈਸਲਾ ਲਿਆ ਗਿਆ ਹੈ। ਇਰਾਕ ਤੇ ਸੀਰੀਆ ਦੇ ਨੇੜਲੇ ਦੇਸ਼ਾਂ ਦੇ ਦੋ ਲੱਖ 40 ਹਜ਼ਾਰ ਬੇਘਰੇ ਲੋਕਾਂ ਦੇ ਸਹਿਯੋਗ ਲਈ 4.40 ਕਰੋੜ ਡਾਲਰ ਮੁਹੱਈਆ ਕਰੇਗਾ। ਇਹ ਰਾਸ਼ੀ ਆਸਟਰੇਲੀਆ ਵੱਲੋਂ ਸੰਯੁਕਤ ਰਾਸ਼ਟਰ ਦੀ ਏਜੰਸੀ ਨੂੰ ਦਿੱਤੀ ਜਾਵੇਗੀ।

ਸੁਰੱਖਿਆ ਬਲਾਂ ਦੇ ਮੁਖੀ ਮਾਰਕ ਬਿੰਸਕਿਨ ਨੇ ਕਿਹਾ ਕਿ ਇਸੇ ਹਫ਼ਤੇ ਮੁਲਕ ਦੇ ਲੜਾਕੂ ਜਹਾਜ਼ ਇਰਾਕ ਸਮੇਤ ਸੀਰੀਆ ਵਿਚ ਇਸਲਾਮਿਕ ਸਟੇਟ ਦੇ ਠਿਕਾਣੇ ਨੂੰ ਮੁੱਖ ਨਿਸ਼ਾਨਾ ਬਣਾਉਣਗੇ। ਰਫ਼ਿਊਜੀ ਕੌਂਸਲ ਆਫ਼ ਆਸਟਰੇਲੀਆ ਦੇ ਪ੍ਰਧਾਨ ਫ਼ਿਲ ਗਲਿਨਡੈਨਿੰਗ ਨੇ ਕਿਹਾ ਕਿ ਇਹ ਪਹਿਲਾ ਮਹੱਤਵਪੂਰਨ ਕਦਮ ਹੈ ਅਤੇ ਸੰਸਾਰ ਵਿਚ ਆਸਟਰੇਲੀਆ ਉਨ੍ਹਾਂ ਦੀ ਸਹਾਇਤਾ ਕਰਨ ਜਾ ਰਿਹਾ ਜਿਨ੍ਹਾਂ ਨੂੰ ਇਸ ਦੀ ਬਹੁਤ ਲੋੜ ਹੈ।

## ਯੂਰਪੀ ਮੁਲਕਾਂ ਨੇ ਮੁੜ ਪਾਸਾ ਵੱਟਿਆ

**ਬਰਲਿਨ:** ਸੀਰੀਆ ਤੇ ਹੋਰ ਦੇਸ਼ਾਂ ਵੱਲੋਂ ਆ ਰਹੇ ਸ਼ਰਨਾਰਥੀਆਂ ਨੂੰ ਰਾਹਤ ਦੇਣ ਦੇ ਮਾਮਲੇ ਵਿਚ ਯੂਰਪੀ ਦੇਸ਼ਾਂ ਨੇ ਮੁੜ ਹੱਥ ਘੁੱਟ ਗਿਆ ਹੈ। ਡੈਨਮਾਰਕ ਨੇ ਜਰਮਨੀ ਵੱਲ ਆਉਣ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਡੈਨਮਾਰਕ ਨੇ ਸੈਂਕੜੇ ਸ਼ਰਨਾਰਥੀਆਂ ਨੂੰ ਸਰਹੱਦ 'ਤੇ ਰੋਕਣ ਤੋਂ ਬਾਅਦ ਜਰਮਨੀ ਨਾਲ ਸਾਰੇ ਰੇਲ ਸੰਪਰਕ ਮੁਅੱਤਲ ਕਰ ਦਿੱਤੇ। ਡੈਨਮਾਰਕ ਪੁਲਿਸ ਨੇ ਦੋਵਾਂ ਦੇਸ਼ਾਂ ਨੂੰ ਜੋੜਨ ਵਾਲੇ ਹਾਈਵੇਅ ਨੂੰ ਵੀ ਉਸ ਵੇਲੇ ਬੰਦ ਕਰ ਦਿੱਤਾ ਜਦੋਂ ਸ਼ਰਨਾਰਥੀਆਂ ਨੇ ਟਰੇਨ ਵਿਚ ਸਵਾਰ ਹੋਣ ਤੋਂ ਰੋਕੇ ਜਾਣ 'ਤੇ ਪੈਦਲ ਹੀ ਚੱਲਣਾ ਸ਼ੁਰੂ ਕਰ ਦਿੱਤਾ। ਸ਼ਰਨਾਰਥੀਆਂ ਦਾ ਕਹਿਣਾ ਹੈ ਕਿ ਉਹ ਸਵੀਡਨ ਜਾਣਾ ਚਾਹੁੰਦੇ ਹਨ। ਜਦੋਂ ਤੋਂ ਸਵੀਡਨ ਨੇ ਸੀਰੀਆ ਤੋਂ ਆ ਰਹੇ ਸ਼ਰਨਾਰਥੀਆਂ ਨੂੰ ਸਵੀਕਾਰ ਕਰ ਦਸਤਾਵੇਜ਼ ਦੇਣ ਦਾ ਵਾਅਦਾ ਕੀਤਾ ਹੈ, ਉਦੋਂ ਤੋਂ ਸ਼ਰਨਾਰਥੀਆਂ ਦੀ ਪਹਿਲੀ ਪਸੰਦ ਸਵੀਡਨ ਬਣ ਗਿਆ ਹੈ।

# ਭਾਰਤ-ਪਾਕਿ ਨੇ 24 ਘੰਟਿਆਂ ਪਿੱਛੋਂ ਹੀ ਵਾਅਦਾ ਤੋੜਿਆ

**ਜੰਮੂ:** ਸਰਹੱਦ ਉਪਰ ਇਕ ਦੂਜੇ ਦੇ ਜਵਾਨਾਂ ਉਤੇ ਮੋਰਟਰ ਗੋਲੇ ਨਾ ਦਾਗ਼ਣ 'ਤੇ ਬਣੀ ਸਹਿਮਤੀ ਨੂੰ ਅਜੇ 24 ਘੰਟੇ ਹੀ ਹੋਏ ਸਨ ਕਿ ਰਾਜੌਰੀ ਵਿਚ ਕੰਟਰੋਲ ਰੇਖਾ 'ਤੇ ਪਾਕਿਸਤਾਨ ਵੱਲੋਂ ਦਾਗ਼ੇ ਗਏ ਮੋਰਟਰ ਗੋਲਿਆਂ ਕਾਰਨ ਬੀ.ਐਸ.ਐਫ਼. ਦਾ ਏ.ਐਸ.ਆਈ. ਹਲਾਕ ਹੋ ਗਿਆ।

ਭਾਰਤੀ ਜਵਾਨਾਂ ਨੇ ਵੀ ਮੋੜਵਾਂ ਜਵਾਬ ਦਿੱਤਾ ਹੈ। ਦੱਸਣਯੋਗ ਹੈ ਕਿ ਇਸੇ ਹਫਤੇ ਭਾਰਤ ਤੇ ਪਾਕਿਸਤਾਨ ਤਿੰਨ ਰੋਜ਼ਾ ਡੀ.ਜੀ. ਪੱਧਰ ਦੀ ਗੱਲਬਾਤ ਦੌਰਾਨ ਦੋਵੇਂ ਦੇਸ਼ ਸਰਹੱਦ 'ਤੇ ਜੰਗਬੰਦੀ ਦੀ ਸਥਿਤੀ ਨੂੰ ਬਹਾਲ ਕਰਨ ਬਾਰੇ ਸਹਿਮਤ ਹੋਏ ਸਨ। ਸਰਹੱਦਾਂ 'ਤੇ ਸ਼ਾਂਤੀ ਬਹਾਲੀ ਲਈ ਕੀਤੀ ਇਸ ਚਾਰ ਦਿਨਾਂ ਬੈਠਕ ਵਿਚ ਵਿਸ਼ਵਾਸ ਬਹਾਲੀ ਦੇ ਉਪਰਾਲਿਆਂ ਨੂੰ ਅਮਲ ਵਿਚ ਲਿਆਉਣ, ਸਰਹੱਦਾਂ 'ਤੇ ਗੋਲੀਬਾਰੀ ਦੀਆਂ ਘਟਨਾਵਾਂ, ਨਸ਼ਿਆਂ ਦੀ ਤਸਕਰੀ ਤੇ ਘੁਸਪੈਠ ਸਬੰਧੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ ਤੇ ਸਾਂਝੀਆਂ ਗਸ਼ਤਾਂ, ਸੂਚਨਾਵਾਂ ਦਾ ਖੇਤਰੀ ਪੱਧਰ 'ਤੇ ਅਦਾਨ-ਪ੍ਰਦਾਨ ਤੇ ਲੋੜ ਮੁਤਾਬਕ ਮੋਬਾਈਲ ਰਾਹੀਂ ਰਾਬਤਾ ਕਰਨ ਦੇ ਮੁੱਦਿਆਂ 'ਤੇ ਦੋਵਾਂ ਧਿਰਾਂ ਨੇ ਰਜ਼ਾਮੰਦੀ ਦਾ ਪ੍ਰਗਟਾਵਾ ਵੀ ਕੀਤਾ ਸੀ।

ਦੱਸਣਯੋਗ ਹੈ ਕਿ ਪਾਕਿਸਤਾਨ ਤੇ ਭਾਰਤ ਦਰਮਿਆਨ ਰੂਸ ਦੇ ਸ਼ਹਿਰ ਉਫ਼ਾ ਵਿਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦਰਮਿਆਨ ਹੋਈ ਗੱਲਬਾਤ ਤੋਂ ਬਾਅਦ ਸੁਰੱਖਿਆ ਸਕੱਤਰ ਪੱਧਰ ਦੀ ਗੱਲਬਾਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਗੱਲਬਾਤ ਤੋਂ ਐਨ ਪਹਿਲਾਂ ਪਾਕਿਸਤਾਨ ਵੱਲੋਂ ਚਰਚਾ ਦੇ ਮੁੱਦੇ ਵਿਚ ਕਸ਼ਮੀਰ ਨੂੰ ਸ਼ਾਮਲ ਕਰਨ ਦੀ ਮੰਗ ਕਾਰਨ ਗੱਲਬਾਤ ਰੱਦ ਕਰਨੀ ਪਈ। ਦੋਵਾਂ ਦੇਸ਼ਾਂ ਦਰਮਿਆਨ ਸਮੇਂ-ਸਮੇਂ ਸਿਰ ਵਧਦੀ ਖਟਾਸ ਨੂੰ ਵੇਖਦਿਆਂ ਨੌਂ ਸਤੰਬਰ ਤੋਂ ਪਾਕਿਸਤਾਨ ਰੇਂਜਰਸ ਦੇ 16 ਮੈਂਬਰੀ ਵਫ਼ਦ ਦੀ ਸੀਮਾ ਸੁਰੱਖਿਆ ਦੇ ਵਫ਼ਦ ਨਾਲ ਮੁਲਾਕਾਤ ਨੂੰ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਸੀ। ਮੁਲਾਕਾਤ ਦੇ ਪਹਿਲੇ ਦਿਨ ਹੀ ਉਮਰ ਫਾਰੁਖ ਬੁਰਕੀ ਦੀ ਅਗਵਾਈ ਵਿਚ ਆਏ ਵਫ਼ਦ ਨੇ ਜੰਗਬੰਦੀ ਦੇ ਵਿਚਾਰ 'ਤੇ ਰਜ਼ਾਮੰਦੀ ਪ੍ਰਗਟਾਈ ਸੀ। ਕੰਟਰੋਲ ਰੇਖਾ ਨੇੜੇ ਜੰਗਬੰਦੀ ਦੀ ਉਲੰਘਣਾ ਦੇ ਜਾਰੀ ਮਾਮਲਿਆਂ ਦਰਮਿਆਨ ਡੇਢ ਸਾਲ ਪਿੱਛੋਂ 16 ਮੈਂਬਰੀ ਪਾਕਿਸਤਾਨੀ ਵਫ਼ਦ ਗੱਲਬਾਤ ਲਈ ਭਾਰਤ ਪੁੱਜਾ ਸੀ। ਦੋਵੇਂ ਦੇਸ਼ਾਂ ਵਿਚਾਲੇ ਆਖਰੀ ਵਾਰ ਗੱਲਬਾਤ ਲਾਹੌਰ ਵਿਚ ਦਸੰਬਰ 2013 ਵਿਚ ਹੋਈ ਸੀ।

## ਪਾਕਿਸਤਾਨ ਨੂੰ ਠੋਕਵਾਂ ਜਵਾਬ ਦੇਵਾਂਗੇ: ਰਾਜਨਾਥ

**ਨਵੀਂ ਦਿੱਲੀ:** ਸਰਹੱਦ 'ਤੇ ਸ਼ਾਂਤੀ ਭੰਗ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੇਕਰ ਕਿਸੇ ਮੁਲਕ ਨੇ ਪਹਿਲਾਂ ਗੋਲੀ ਦਾਗ਼ੀ ਤਾਂ ਭਾਰਤ ਉਸ ਨੂੰ ਜਵਾਬ ਦੇਣ ਵਿਚ ਝਿਜਕੇਗਾ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਪਾਕਿਸਤਾਨ ਨਾਲ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਬਾਰੇ ਗੱਲ ਕਰਨ ਲਈ ਤਾਂ ਰਾਜ਼ੀ ਹੈ ਪਰ ਕਸ਼ਮੀਰ ਬਾਰੇ ਬਿਲਕੁਲ ਵੀ ਕੋਈ ਗੱਲਬਾਤ ਨਹੀਂ ਹੋਏਗੀ। ਗ੍ਰਿਹ ਮੰਤਰੀ ਨੇ ਕਿਹਾ ਕਿ ਭਾਰਤ ਆਪਣੇ ਗੁਆਂਢੀਆਂ ਨਾਲ ਹਮੇਸ਼ਾ ਚੰਗੇ ਦੋਸਤਾਨਾ ਰਿਸ਼ਤੇ ਚਾਹੁੰਦਾ ਹੈ ਤੇ ਕਿਸੇ ਨੂੰ ਵੀ ਨਾ ਛੇੜਨ ਦੀ ਨੀਤੀ 'ਤੇ ਚੱਲਦਾ ਹੈ, ਪਰ ਜੇਕਰ ਕਿਸੇ ਨੇ ਸਾਡੇ 'ਤੇ ਪਹਿਲਾਂ ਗੋਲੀ ਚਲਾਈ ਤਾਂ ਅਸੀਂ ਫਿਰ ਜਵਾਬ ਵਿਚ ਦਾਗ਼ੀਆਂ ਜਾਣ ਵਾਲੀਆਂ ਗੋਲੀਆਂ ਦੀ ਗਿਣਤੀ ਨਹੀਂ ਕਰਾਂਗੇ।

## ਭਾਰਤ ਕਰ ਰਿਹੈ ਗੋਲੀਬੰਦੀ ਦੀ ਉਲੰਘਣਾ: ਅਜ਼ੀਜ਼

**ਕਰਾਚੀ:** ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਸਰਤਾਜ ਅਜ਼ੀਜ਼ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਸਰਹੱਦ 'ਤੇ ਭਾਰਤ ਵੱਲੋਂ ਗੋਲੀਬੰਦੀ ਦੀ ਉਲੰਘਣਾ ਦੀਆਂ ਘਟਨਾਵਾਂ ਤੇਜ਼ ਹੋ ਗਈਆਂ ਹਨ। ਪ੍ਰਾਈਵੇਟ ਯੂਨੀਵਰਸਿਟੀ ਵਿਚ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਮਾਮਲਿਆਂ ਵਿਚ ਭਾਰਤ ਦਖ਼ਲ ਦੇ ਰਿਹਾ ਹੈ ਤੇ ਇਸ ਦੇ ਪੁਖ਼ਤਾ ਸਬੂਤ ਸੰਯੁਕਤ ਰਾਸ਼ਟਰ ਨੂੰ ਦਿੱਤੇ ਗਏ ਹਨ।

# ਸਾਨੀਆ ਤੇ ਮਾਰਟਿਨਾ ਦੀ ਜੋੜੀ ਨੇ ਜਿੱਤਿਆ ਅਮਰੀਕੀ ਓਪਨ



**ਨਿਊ ਯਾਰਕ:** ਅਮਰੀਕੀ ਓਪਨ ਟੈਨਿਸ ਟੂਰਨਾਮੈਂਟ ਦੇ ਮਹਿਲਾ ਡਬਲਜ਼ ਦੇ ਫਾਈਨਲ ਮੁਕਾਬਲੇ ਵਿਚ ਭਾਰਤ ਦੀ ਟੈਨਿਸ ਸਟਾਰ ਸਾਨੀਆ ਮਿਰਜ਼ਾ ਤੇ ਉਸ ਦੀ ਜੋੜੀਦਾਰ ਸਵਿਟਜ਼ਰਲੈਂਡ ਦੀ ਮਾਰਟਿਨਾ ਹਿੰਗਸ ਨੇ ਆਸਟਰੇਲੀਆ ਦੀ ਕੇਸੀ ਡੈਲੈਕੋਵਾ ਤੇ ਕਜ਼ਾਕਿਸਤਾਨ ਦੀ ਯੈਰਾਸਲਾਵਾ ਸ਼ਵਡੋਵਾ ਦੀ ਜੋੜੀ ਨੂੰ ਹਰਾ ਕੇ ਲਗਾਤਾਰ ਇਸ ਸੀਜ਼ਨ ਦਾ ਦੂਜਾ ਤੇ ਓਵਰਆਲ 5ਵਾਂ ਗਰੈਂਡ ਸਲੈਮ ਜਿੱਤ ਲਿਆ ਹੈ।

ਇਸ ਗਰੈਂਡ ਸਲੈਮ ਨੂੰ ਜਿੱਤਣ ਲਈ ਇਕ ਘੰਟੇ ਤੋਂ ਵੱਧ ਸਮਾਂ ਚੱਲੇ ਮੁਕਾਬਲੇ ਦੌਰਾਨ ਸਾਨੀਆ-ਹਿੰਗਸ ਨੇ ਸਿੱਧੇ ਸੈੱਟਾਂ ਵਿਚ 6-3, 6-3 ਦੇ ਫਰਕ ਨਾਲ ਆਪਣੀ ਵਿਰੋਧੀ ਜੋੜੀ ਨੂੰ ਹਰਾਇਆ। ਸਾਨੀਆ ਮਿਰਜ਼ਾ ਦੇ ਇਸ ਗਰੈਂਡ ਸਲੈਮ ਨੂੰ ਜਿੱਤਣ ਦੇ ਨਾਲ ਹੀ ਭਾਰਤ ਦੀ ਝੋਲੀ ਵਿਚ ਦੋਹਰੀ ਖੁਸ਼ੀ ਆਈ ਹੈ ਕਿਉਂਕਿ ਇਸ ਤੋਂ ਪਹਿਲਾਂ ਭਾਰਤੀ ਖਿਡਾਰੀ ਲਿਏਡਰ ਪੇਸ ਨੇ ਵੀ ਆਪਣਾ ਖਿਤਾਬ ਜਿੱਤ ਲਿਆ ਹੈ।

ਜ਼ਿਕਰਯੋਗ ਹੈ ਕਿ ਇਸੇ ਸਾਲ ਅਪਰੈਲ ਵਿਚ ਸਾਨੀਆ ਮਿਰਜ਼ਾ ਵਿਸ਼ਵ ਟੈਨਿਸ ਐਸੋਸੀਏਸ਼ਨ ਦੀ ਦਰਜਾਬੰਦੀ ਵਿਚ ਨੰਬਰ ਇਕ ਰੈਕਿੰਗ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਬਣੀ ਸੀ ਤੇ ਇਸੇ ਸਾਲ ਜੁਲਾਈ ਵਿਚ ਇਸ ਜੋੜੀ ਨੇ ਵਿੰਬਲਡਨ ਦਾ ਖਿਤਾਬ ਵੀ ਜਿੱਤਿਆ ਸੀ।

# ਬਿਹਾਰ ਵਿਚ ਚੋਣ ਬਿਗਲ ਪਿੱਛੋਂ ਸਿਆਸੀ ਧਿਰਾਂ ਵੱਲੋਂ ਕਮਰਕੱਸੇ

**ਪਟਨਾ:** ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਕਰਨ ਨਾਲ ਸਿਆਸੀ ਸਰਗਰਮੀਆਂ ਵਿਚ ਤੇਜ਼ੀ ਆ ਗਈ ਹੈ। ਅਗਲੇ ਮਹੀਨੇ ਦੀ 12 ਤਰੀਕ ਤੋਂ ਸ਼ੁਰੂ ਹੋ ਕੇ ਅੱਠ ਨਵੰਬਰ ਨੂੰ ਖ਼ਤਮ ਹੋਣ ਵਾਲੀ ਬਿਹਾਰ ਦੀ ਪੰਜ ਪੜਾਵੀ ਚੋਣ ਵਿਚ ਸਾਰੀਆਂ ਸਿਆਸੀ ਧਿਰਾਂ ਨੇ ਪੂਰੀ ਵਾਹ ਲਾਈ ਹੋਈ ਹੈ। ਕੁੱਲ 6.68 ਕਰੋੜ ਵੋਟਰ ਆਪਣੇ ਹੱਕ ਦੀ ਵਰਤੋਂ ਕਰਨਗੇ। ਬਿਹਾਰ ਵਿਧਾਨ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਮਕਬੂਲੀਅਤ ਦਾਅ ਉਤੇ ਲੱਗੀ ਹੋਈ ਹੈ।

ਚੋਣ ਪ੍ਰੋਗਰਾਮ ਦੇ ਐਲਾਨ ਬਾਅਦ ਤਿੰਨ ਪ੍ਰਮੁੱਖ ਗੁੱਟਾਂ ਨੇ ਆਪਣੀ ਜਿੱਤ ਯਕੀਨੀ ਬਣਾਉਣ ਲਈ ਰਣਨੀਤੀ ਤੈਅ ਕਰਨ ਤੇ ਸੀਟਾਂ ਦੇ ਬਟਵਾਰੇ ਲਈ ਆਪੋ-ਆਪਣੇ ਭਾਈਵਾਲਾਂ ਨਾਲ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਨਿਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਯਾਦਵ ਦੀ ਅਗਵਾਈ ਵਾਲਾ ਗੱਠਬੰਧਨ ਭਾਜਪਾ ਵੱਲੋਂ ਸਿਆਸਤ ਤੇ ਸੱਤਾ ਦੇ ਭਗਵੇਂਕਰਨ, ਮਹਿੰਗਾਈ ਤੇ ਕੇਂਦਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਦੀ ਨੀਤੀ ਤੇ




ਆਪਣੇ ਵਿਕਾਸ ਕਾਰਜਾਂ ਦੇ ਸਹਾਰੇ ਚੋਣ ਦੰਗਲ ਜਿੱਤਣ ਦੀ ਕੋਸ਼ਿਸ਼ ਵਿਚ ਹੈ ਜਦੋਂਕਿ ਭਾਜਪਾ ਲੋਕ ਸਭਾ ਚੋਣਾਂ ਦੀ ਤਰਜ਼ 'ਤੇ ਮੋਦੀ ਦੇ ਸਹਾਰੇ ਇਹ ਚੋਣਾਂ ਜਿੱਤਣ ਦੀ ਆਸ ਵਿਚ ਹੈ। ਹਾਲ ਹੀ ਵਿਚ ਮੋਦੀ ਵੱਲੋਂ ਬਿਹਾਰ ਨੂੰ ਸਵਾ ਲੱਖ ਕਰੋੜ ਦਾ ਵਿਸ਼ੇਸ਼ ਪੈਕੇਜ ਦੇ ਕੇ ਨਿਤੀਸ਼ ਕੁਮਾਰ ਦੇ ਵਿਕਾਸ ਦੇ ਨਾਅਰੇ ਨੂੰ ਮਾਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਕੇਂਦਰ ਵਿਚ ਮੋਦੀ ਸਰਕਾਰ ਦੇ ਆਉਣ ਤੋਂ ਇਕ ਸਾਲ ਬਾਅਦ ਵੀ ਚੰਗੇ ਦਿਨ ਨਾ ਆਉਣ ਦੀ ਅਸਲੀਅਤ ਇਸ ਪੈਕੇਜ 'ਤੇ ਭਾਰੂ ਪੈਂਦੀ ਵਿਖਾਈ ਦੇ ਰਹੀ ਹੈ। ਬਿਹਾਰ ਦਾ ਦੰਗਲ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਪਿਛਲੇ ਸਾਲ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸਫ਼ਾਏ ਤੋਂ ਬਾਅਦ ਐਨ.ਡੀ.ਏ ਵੱਲੋਂ ਸ੍ਰੀ ਮੋਦੀ ਹੁਣ ਚੋਣ ਪ੍ਰਚਾਰ ਦੀ ਕਮਾਨ ਸੰਭਾਲ ਰਹੇ ਹਨ।

ਭਾਜਪਾ ਤੇ ਇਸ ਦੀ ਮੁੱਖ ਵਿਰੋਧੀ ਧਿਰ ਜੇ.ਡੀ.(ਯੂ), ਆਰ.ਜੇ.ਡੀ., ਕਾਂਗਰਸ ਤੇ ਐਨ.ਸੀ.ਪੀ. ਦੇ ਮਹਾਂਗੱਠਬੰਧਨ ਨੇ ਬਿਹਾਰ ਵਿਧਾਨ ਸਭਾ ਦਾ ਚੋਣ ਦੰਗਲ ਜਿੱਤਣ ਲਈ ਕਈ ਮਹੀਨਿਆਂ ਤੋਂ ਤਿਆਰੀਆਂ ਆਰੰਭੀਆਂ ਹੋਈਆਂ ਹਨ। ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਨਿਤੀਸ਼ ਤੇ ਲਾਲੂ ਪ੍ਰਸਾਦ ਯਾਦਵ ਨੇ ਆਪਣੇ ਪਿਛਲੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਨਾ ਸਿਰਫ ਆਪਸ ਵਿਚ ਗਲਵੱਕੜੀ ਪਾਈ ਬਲਕਿ ਹੋਰਨਾਂ ਵਿਰੋਧੀ ਪਾਰਟੀਆਂ- ਕਾਂਗਰਸ, ਰਾਸ਼ਟਰਵਾਦੀ ਕਾਂਗਰਸ ਅਤੇ ਐੱਸ.ਪੀ. ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਤੇ ਮਹਾਂਗੱਠਬੰਧਨ ਬਣਾਉਣ ਦਾ ਐਲਾਨ ਕੀਤਾ। ਰਾਸ਼ਟਰਵਾਦੀ ਕਾਂਗਰਸ ਤੇ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਭਾਵੇਂ ਸੀਟਾਂ ਦੀ ਵੰਡ ਤੋਂ ਨਾਰਾਜ਼ ਹੋ ਕੇ ਇਸ ਗੱਠਬੰਧਨ ਵਿਚੋਂ ਬਾਹਰ ਆ ਚੁੱਕੀਆਂ ਹਨ, ਪਰ ਨਿਤੀਸ਼ ਕੁਮਾਰ, ਲਾਲੂ ਪ੍ਰਸਾਦ ਯਾਦਵ ਤੇ ਕਾਂਗਰਸ ਵੱਲੋਂ ਇਕੱਠੇ ਹੋ ਕੇ ਇਹ ਚੋਣਾਂ ਲੜਨਾ ਤੈਅ ਹੈ।

## ਸਾਰਿਆਂ ਵੱਲੋਂ ਜਿੱਤ ਦੇ ਦਮਗਜੇ

**ਨਵੀਂ ਦਿੱਲੀ:** ਜਨਤਾ ਦਲ (ਯੂ), ਰਾਜਦ, ਕਾਂਗਰਸ ਗਠਜੋੜ ਤੇ ਭਾਜਪਾ ਨੇ ਦਾਅਵੇ ਕੀਤੇ ਹਨ ਕਿ ਉਹ ਚੋਣਾਂ ਤੋਂ ਬਾਅਦ ਸਰਕਾਰ ਬਣਾਉਣਗੇ। ਭਾਜਪਾ ਤਰਜਮਾਨ ਸ਼ਾਹਨਵਾਜ਼ ਹੁਸੈਨ ਦਾ ਕਹਿਣਾ ਹੈ ਕਿ ਇਹ ਨਿਤੀਸ਼ ਕੁਮਾਰ ਦੀ ਵਿਦਾਇਗੀ ਦੀਆਂ ਤਰੀਕਾਂ ਹਨ। ਤੀਜੀ ਵਾਰ ਮੁੱਖ ਮੰਤਰੀ ਬਣਨ ਲਈ ਜ਼ੋਰ ਲਾ ਰਹੇ ਨਿਤੀਸ਼ ਕੁਮਾਰ ਨੇ ਉਮੀਦ ਜ਼ਾਹਰ ਕੀਤੀ ਕਿ ਲੋਕ ਪਿਛਲੇ 10 ਸਾਲਾਂ ਵਿਚ ਕੀਤੇ ਗਏ ਕੰਮਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਜਿਤਾਉਣਗੇ। ਜਨਤਾ ਦਲ (ਯੂ) ਪ੍ਰਧਾਨ ਸ਼ਰਦ ਯਾਦਵ ਨੇ ਕਿਹਾ ਕਿ ਬਿਹਾਰ ਦੇ ਨਤੀਜੇ ਦੇਸ਼ ਦੇ ਭਵਿੱਖ ਦੀ ਦਿਸ਼ਾ ਤੈਅ ਕਰਨਗੇ।


## ਓਵਾਇਸੀ ਦੀ ਪਾਰਟੀ ਬਿਹਾਰ ਚੋਣਾਂ ਲੜੇਗੀ

**ਹੈਦਰਾਬਾਦ:** ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ (ਏ. ਆਈ. ਐਮ. ਆਈ. ਐਮ.) ਨੇ ਐਲਾਨ ਕੀਤਾ ਹੈ ਕਿ ਉਹ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਸੀਮਾਂਚਲ ਖੇਤਰ ਵਿਚ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰਨਗੇ। ਏ.ਐਮ.ਆਈ.ਐਮ. ਦੇ ਮੁਖੀ ਅਸਾਦੁਦੀਨ ਓਵਾਇਸੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚਾਰ ਜ਼ਿਲ੍ਹਿਆਂ ਆਰਰੀਆ, ਪੂਰਨੀਆ, ਕਿਸ਼ਨਗੰਜ ਤੇ ਕਟਿਹਾਰ ਦੀਆਂ ਸੀਟਾਂ 'ਤੇ ਚੋਣਾਂ ਲੜੇਗੀ। ਉਹ ਸੀਮਾਂਚਲ ਇਲਾਕੇ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਚੋਣਾਂ ਲੜ ਰਹੇ ਹਨ। ਹੋਰ ਪਾਰਟੀਆਂ ਨਾਲ ਗਠਜੋੜ ਕਰਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਚੋਣ ਲੜਨ ਵਾਲੀਆਂ ਸੀਟਾਂ ਦੀ ਗਿਣਤੀ ਬਾਰੇ ਕੋਈ ਖ਼ੁਲਾਸਾ ਨਹੀਂ ਕੀਤਾ।

# ਸ਼੍ਰੋਮਣੀ ਕਮੇਟੀ ਦੀ ਯੂ-ਟਰਨ; ਮੀਡੀਆ 'ਤੇ ਰੋਕ ਬਾਰੇ ਫੈਸਲਾ ਬਦਲਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁੱਖ ਦਫ਼ਤਰ ਵਿਚ ਮੀਡੀਆ ਦੇ ਆਉਣ ਉਤੇ ਰੋਕ ਲਗਾਉਣ ਬਾਰੇ ਫੈਸਲਾ ਇਕ ਦਿਨ ਬਾਅਦ ਹੀ ਬਦਲ ਲਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਹੈ ਕਿ ਪੱਤਰਕਾਰ ਭਾਈਚਾਰੇ ਉਤੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਦਾਖ਼ਲੇ ਉਤੇ ਕੋਈ ਰੋਕ ਨਹੀਂ ਹੈ। ਉਨ੍ਹਾਂ ਨੇ ਅਮਲੇ ਨੂੰ ਸਖ਼ਤ ਆਦੇਸ਼ ਦਿੱਤੇ ਹਨ ਕਿ ਪੱਤਰਕਾਰ ਭਾਈਚਾਰੇ ਨੂੰ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਆਉਣ ਤੋਂ ਨਾ ਰੋਕਿਆ ਜਾਵੇ। ਉਨ੍ਹਾਂ ਨੇ ਅਜਿਹੇ ਆਦੇਸ਼ ਲਾਉਣ ਦਾ ਸਖ਼ਤ ਨੋਟਿਸ ਲਿਆ ਹੈ ਤੇ ਆਖਿਆ ਕਿ ਇਹ ਇਕ ਸੰਗਤੀ ਅਦਾਰਾ ਹੈ, ਜਿਥੇ ਮੀਡੀਆ ਦੇ ਆਉਣ ਉਤੇ ਕੋਈ ਰੋਕ ਨਹੀਂ ਹੋਣੀ ਚਾਹੀਦੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਨਵੇਂ ਆਏ ਮੁੱਖ ਸਕੱਤਰ ਦੇ ਹੁਕਮ ਉਤੇ ਮੀਡੀਆ ਦੀ ਆਮਦ 'ਤੇ ਰੋਕ ਲਾ ਦਿੱਤੀ ਗਈ ਸੀ।

ਇਸ ਬਾਰੇ ਨੋਟਿਸ ਬੋਰਡ ਉਤੇ ਲਿਖਤੀ ਸੂਚਨਾ ਲਾਈ ਗਈ ਸੀ, ਜਿਸ ਵਿਚ ਆਖਿਆ ਗਿਆ ਸੀ ਕਿ ਬਿਨਾਂ ਅਗਾਊਂ ਪ੍ਰਵਾਨਗੀ ਮੀਡੀਆ ਕਰਮਚਾਰੀ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਦਾਖਲ ਨਹੀਂ ਹੋਣਗੇ। ਉਨ੍ਹਾਂ ਨੂੰ ਅੰਦਰ ਆਉਣ ਵਾਸਤੇ ਐਂਟਰੀ ਰਜਿਸਟਰ ਉਤੇ ਆਪਣੀ ਆਮਦ ਬਾਰੇ ਵੇਰਵੇ ਦਰਜ ਕਰਨੇ ਪੈਣਗੇ ਤੇ ਇਸ ਸਬੰਧੀ ਪ੍ਰਵਾਨਗੀ ਵੀ ਲੈਣੀ ਪਵੇਗੀ। ਸ਼੍ਰੋਮਣੀ ਕਮੇਟੀ ਦੇ


ਨੋਟਿਸ ਬੋਰਡ

ਪ੍ਰੈਸ ਨਾਲ ਸਬੰਧਤ ( ਅਖਬਾਰਾਂ /ਟੀ.ਵੀ. / ਰੇਡੀਓ ) ਕੋਈ ਵੀ ਪੱਤਰਕਾਰ, ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਵੇ ਤੋਂ ਬਿਨਾਂ ਅੰਦਰ ਦਾਖਲ ਨਹੀਂ ਹੋਵੇਗਾ। ਜੇਕਰ ਕਿਸੇ ਵੀ ਪੱਤਰਕਾਰ ਨੇ ਦਫਤਰੀ ਜ਼ਰੂਰੀ ਕੰਮ ਹਿਤ ਮਿਲਣਾ ਹੋਵੇ ਤਾਂ ਉਹ ਸ੍ਰ. ਦਿਲਜੀਤ ਸਿੰਘ ਵਧੀਕ ਸਕੱਤਰ ਨਾਲ ਪਹਿਲਾਂ ਸੰਪਰਕ ਕਰ ਕੇ ਉਨ੍ਹਾਂ ਦੇ ਦਫਤਰ ਵਿੱਚ ਹੀ ਮਿਲ ਸਕਣਗੇ। ਪਹਿਲਾਂ ਐਂਟਰੀ ਗੇਟ ਤੇ ਕਰਕੇ ਹੀ ਮਿਲਿਆ ਜਾ ਸਕਦਾ ਹੈ।

ਮੁੱਖ ਸਕੱਤਰ ਦੀ ਨਿਯੁਕਤੀ ਬਾਅਦ ਇਹ ਨਵਾਂ ਨਿਯਮ ਲਾਗੂ ਕੀਤਾ ਗਿਆ ਸੀ। ਸਿਰਫ ਮੀਡੀਆ ਦੇ ਦਾਖਲੇ ਉਤੇ ਹੀ ਰੋਕ ਨਹੀਂ ਲਾਈ ਗਈ ਸੀ ਸਗੋਂ ਕੁਝ ਦਿਨ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਕਰਨ ਵਾਲੀ ਸੰਗਤ ਨੂੰ ਵੀ ਵਧੇਰੇ ਬਾਲਟੀਆਂ ਦੇਣ ਤੋਂ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਉਹ ਜਲ ਦੀ ਦੁਰਵਰਤੋਂ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਨੋਟਿਸ ਬੋਰਡ ਉਤੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਨਾਂ ਹੇਠ ਲਾਏ ਗਏ ਆਦੇਸ਼ਾਂ ਵਿਚ ਮੀਡੀਆ ਨੂੰ ਸੂਚਿਤ ਕੀਤਾ ਸੀ, 'ਪ੍ਰੈੱਸ ਨਾਲ ਸਬੰਧਤ ਅਖ਼ਬਾਰਾਂ, ਟੀ.ਵੀ. ਤੇ ਰੇਡੀਓ ਦਾ ਕੋਈ ਵੀ ਪੱਤਰਕਾਰ ਦਫ਼ਤਰ ਸ਼੍ਰੋਮਣੀ ਕਮੇਟੀ ਦੇ ਬੁਲਾਵੇ ਤੋਂ ਬਿਨਾਂ ਅੰਦਰ ਦਾਖ਼ਲ ਨਹੀਂ ਹੋਵੇਗਾ। ਜੇਕਰ ਕਿਸੇ ਵੀ ਪੱਤਰਕਾਰ ਨੇ ਜ਼ਰੂਰੀ ਦਫ਼ਤਰੀ ਕੰਮ ਤਹਿਤ ਮਿਲਣਾ ਹੋਵੇ ਤਾਂ ਉਹ ਪਹਿਲਾਂ ਵਧੀਕ ਸਕੱਤਰ ਦਿਲਜੀਤ ਸਿੰਘ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਦਫ਼ਤਰ ਵਿਚ ਹੀ ਮਿਲ ਸਕਣਗੇ। ਅੰਦਰ ਦਾਖ਼ਲ ਹੋਣ ਤੋਂ ਪਹਿਲਾ ਗੇਟ ਉਤੇ ਆਪਣੇ ਬਾਰੇ ਐਂਟਰੀ ਕਰਨੀ ਲਾਜ਼ਮੀ ਹੋਵੇਗੀ।'

## ਮੁੱਖ ਸਕੱਤਰ ਦੀ ਨਿਯੁਕਤੀ ਪਿੱਛੋਂ ਨਿੱਤ ਨਵੇਂ ਨਿਯਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਨਿਯੁਕਤੀ ਪਿੱਛੋਂ ਕਮੇਟੀ ਵੱਲੋਂ ਨਿੱਤ ਨਵੇਂ ਹੁਕਮ ਜਾਰੀ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਚ ਮੀਡੀਏ ਦੇ ਦਾਖਲੇ 'ਤੇ ਰੋਕ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਕਰਨ ਵਾਲੀ ਸੰਗਤ ਨੂੰ ਵੀ ਵਧੇਰੇ ਬਾਲਟੀਆਂ ਦੇਣ ਤੋਂ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਉਹ ਜਲ ਦੀ ਦੁਰਵਰਤੋਂ ਕਰ ਰਹੇ ਹਨ।

ਇਸ ਤੋਂ ਇਲਾਵਾ ਮੁੱਖ ਸਕੱਤਰ ਦੀ ਨਿਯੁਕਤੀ ਦਾ ਵਿਰੋਧ ਕਰਨ ਵਾਲੇ ਰਾਗੀ ਦਾ ਤਬਾਦਲਾ ਵੀ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਅਨੁਸ਼ਾਸਨ ਭੰਗ ਕਰਨ ਤੇ ਸੰਸਥਾ ਖ਼ਿਲਾਫ਼ ਬੋਲਣ ਦੇ ਦੋਸ਼ ਹੇਠ ਹਰਿਆਣਾ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ, ਜੀਂਦ ਵਿਖੇ ਬਦਲੀ ਕਰ ਦਿੱਤੀ ਗਈ ਹੈ।

## ਨਿਯੁਕਤੀ ਖਿਲਾਫ ਕਾਨੂੰਨੀ ਨੋਟਿਸ


**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸਕੱਤਰ ਦੀ ਕੀਤੀ ਨਿਯੁਕਤੀ ਖ਼ਿਲਾਫ਼ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਅਦਾਲਤ ਵਿਚ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਹਿਤ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਵਕੀਲ ਰਾਹੀਂ ਕਾਨੂੰਨੀ ਨੋਟਿਸ ਭੇਜ ਕੇ 60 ਦਿਨਾਂ ਦੇ ਅੰਦਰ ਇਹ ਨਿਯੁਕਤੀ ਰੱਦ ਕਰਨ ਤੇ ਇਸ ਸੇਵਾ ਵਜੋਂ ਦਿੱਤੇ ਗਏ ਸੇਵਾ ਫਲ ਨੂੰ 18 ਫੀਸਦੀ ਵਿਆਜ ਸਮੇਤ ਵਸੂਲ ਕਰਨ ਲਈ ਆਖਿਆ ਹੈ।

ਇਹ ਕਾਨੂੰਨੀ ਨੋਟਿਸ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 143 ਹੇਠ ਭੇਜਿਆ ਗਿਆ ਹੈ, ਜਿਸ ਵਿਚ ਮੁੱਖ ਸਕੱਤਰ ਦੀ ਕੀਤੀ ਗਈ ਨਿਯੁਕਤੀ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਕਿਹਾ ਗਿਆ ਹੈ ਕਿ ਗੁਰਦੁਆਰਾ ਐਕਟ ਦੀ ਪ੍ਰਬੰਧ ਸਕੀਮ ਤਹਿਤ ਨੌਕਰੀ 'ਤੇ ਰੱਖਣ ਲਈ ਯੋਗਤਾਵਾਂ ਨਿਰਧਾਰਤ ਹਨ।

# ਪਾਕਿਸਤਾਨ 'ਚ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਦੀ ਰੌਸ਼ਨੀ ਵਿਚ ਭਾਵੇਂ ਸਥਾਨਕ ਸੰਪਰਦਾਵਾਂ ਦੇ ਅਸਰ ਅਧੀਨ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਦਿਆਂ ਬਿਕਰਮੀ ਰੂਪੀ ਸੋਧਿਆ ਨਾਨਕਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਹੈ ਪਰ ਪਾਕਿਸਤਾਨੀ ਸਿੱਖਾਂ ਵੱਲੋਂ ਗੁਰਪੁਰਬ ਤੇ ਹੋਰ ਧਾਰਮਿਕ ਦਿਹਾੜੇ ਮੂਲ ਕੈਲੰਡਰ ਮੁਤਾਬਕ ਹੀ ਮਨਾਉਣ ਉਤੇ ਅੜੇ ਰਹਿਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਵੀ ਵਿਚਕਾਰਲਾ ਰਸਤਾ ਅਖ਼ਤਿਆਰ ਕਰਦਿਆਂ ਉਥੇ ਮਨਾਏ ਜਾਣ ਵਾਲੇ ਦਿਹਾੜਿਆਂ ਨੂੰ ਮੂਲ ਕੈਲੰਡਰ ਮੁਤਾਬਕ ਮਨਾਉਣ ਦੀ ਅਸਿੱਧੀ ਸਹਿਮਤੀ ਦੇ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਕਾਰ ਸੇਵਾ 22 ਸਤੰਬਰ ਨੂੰ ਗੁਰੂ ਸਾਹਿਬ ਦੇ ਜੋਤੀ ਜੋਤ ਦਿਹਾੜੇ ਮੌਕੇ ਸ਼ੁਰੂ ਕੀਤੀ ਜਾ ਰਹੀ ਹੈ। 22 ਸਤੰਬਰ ਨੂੰ ਮਿਥੀ ਤਰੀਕ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਢੁੱਕਵੀਂ ਵੀ ਹੈ, ਜਦਕਿ ਸ਼੍ਰੋਮਣੀ ਕਮੇਟੀ ਵੱਲੋਂ ਮੌਜੂਦਾ ਸਥਿਤੀ ਵਿਚ ਲਾਗੂ ਕੀਤੇ ਗਏ ਬਿਕਰਮੀ ਰੂਪੀ ਸੋਧੇ ਕੈਲੰਡਰ ਵਿਚ ਗੁਰੂ ਸਾਹਿਬ ਦਾ ਜੋਤੀ ਜੋਤ ਦਿਹਾੜਾ ਸੱਤ ਅਕਤੂਬਰ ਨੂੰ ਆਵੇਗਾ। ਇਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨੀ ਸਿੱਖਾਂ ਨਾਲ ਸਾਂਝ ਬਣਾਉਣ ਲਈ ਬਿਕਰਮੀ ਕੈਲੰਡਰ ਦੀ ਅੰਦਰਖਾਤੇ ਵੱਢ ਟੁੱਕ ਦਾ ਰਸਤਾ ਅਪਣਾਇਆ ਹੈ। ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਸਪਸ਼ਟ ਕੀਤਾ ਕਿ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਲੇ ਸਿੱਖ ਜਥੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਫਾਰਸ਼ ਤੇ ਸੱਦਾ ਪੱਤਰ ਮੁਤਾਬਕ ਹੀ ਭੇਜੇ ਜਾਣਗੇ। ਉਨ੍ਹਾਂ ਪਾਕਿਸਤਾਨ ਸਿੱਖ ਗੁਰਦੁਆਰਾ




ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ਾਮ ਸਿੰਘ ਦੇ ਸੁਝਾਅ ਨੂੰ ਸਵੀਕਾਰ ਕਰਨ ਦੀ ਸਹਿਮਤੀ ਦਿੱਤੀ ਹੈ ਜੋ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਸਿੱਧੀ ਸਹਿਮਤੀ ਕਹੀ ਜਾ ਸਕਦੀ ਹੈ। ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਦੀ ਸੇਵਾ 22 ਸਤੰਬਰ ਤੋਂ ਆਰੰਭ ਕਰਨ ਲਈ ਭਾਰਤ ਤੋਂ 20 ਸਤੰਬਰ ਨੂੰ ਅੰਤ੍ਰਿੰਗ ਕਮੇਟੀ ਮੈਂਬਰਾਂ, ਚੀਫ ਸਕੱਤਰ ਤੇ ਹੋਰ ਅਧਿਕਾਰੀਆਂ ਦਾ ਉੱਚ ਪੱਧਰੀ ਵਫ਼ਦ ਪਾਕਿਸਤਾਨ ਰਵਾਨਾ ਹੋਵੇਗਾ। ਸ਼੍ਰੋਮਣੀ ਕਮੇਟੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਓਕਾਫ ਬੋਰਡ, ਪਾਕਿਸਤਾਨ ਸਰਕਾਰ ਤੇ ਉਥੋਂ ਦੇ ਸਿੱਖਾਂ ਦੀ ਰਿਣੀ ਹੈ, ਜਿਨ੍ਹਾਂ ਪਵਿੱਤਰ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ ਦਾ ਮੌਕਾ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸ਼ਾਮ ਸਿੰਘ ਦੇ ਸੁਝਾਅ ਅਨੁਸਾਰ ਪਾਕਿਸਤਾਨ ਦੇ ਗੁਰਧਾਮਾਂ ਵਿਚ ਭੇਜੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਤੇ ਹੋਰ ਧਾਰਮਿਕ ਸਾਹਿਤ ਉਥੋਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਫਾਰਸ਼ 'ਤੇ ਹੀ ਭੇਜਿਆ ਜਾਵੇਗਾ। ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਬਿਰਧ ਸਰੂਪਾਂ ਦੀ ਸੇਵਾ ਪਾਕਿਸਤਾਨ ਕਮੇਟੀ ਨਾਲ ਸ਼੍ਰੋਮਣੀ ਕਮੇਟੀ ਸਾਂਝੇ ਤੌਰ ਉਤੇ ਕਰੇਗੀ।

# ਡੀ.ਐਸ.ਪੀ. ਕਤਲ ਕੇਸ ਵਿਚ ਤਿੰਨ ਜਣਿਆਂ ਨੂੰ ਉਮਰ ਕੈਦ

**ਲੁਧਿਆਣਾ:** ਅਦਾਲਤ ਨੇ ਡੀ.ਐਸ.ਪੀ. ਬਲਰਾਜ ਸਿੰਘ ਗਿੱਲ ਤੇ ਉਸ ਦੀ ਦੋਸਤ ਮੋਨਿਕਾ ਕਪਿਲਾ ਦੇ ਕਤਲ ਦੇ ਦੋਸ਼ ਵਿਚ ਤਿੰਨ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਕ ਦੋਸ਼ੀ ਨੂੰ ਸੱਤ ਤੇ ਦੋ ਨੂੰ ਤਿੰਨ-ਤਿਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਨੌਂ ਸਤੰਬਰ ਨੂੰ ਅਦਾਲਤ ਨੇ ਛੇ ਮੁਲਜ਼ਮਾਂ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਸੀ। ਇਨ੍ਹਾਂ ਵਿਚੋਂ ਤਿੰਨ ਨੂੰ ਕਤਲ ਦਾ ਦੋਸ਼ੀ ਤੇ ਤਿੰਨ ਨੂੰ ਕਤਲ ਦੀ ਸਾਜ਼ਿਸ਼ ਰਚਣ ਦੇ ਨਾਲ ਸਾਥ ਦੇਣ ਦਾ ਦੋਸ਼ੀ ਕਰਾਰ ਦਿੱਤਾ ਸੀ।

ਅਦਾਲਤ ਨੇ ਮੁਲਜ਼ਮ ਹਰਵਿੰਦਰ ਸਿੰਘ ਉਰਫ਼ ਪਿੰਦਰ, ਉਮੇਸ਼ ਕੁਮਾਰ ਤੇ ਪ੍ਰਿਤਪਾਲ ਸਿੰਘ ਨੂੰ ਦੋਹਰੇ ਕਤਲਕਾਂਡ ਵਿਚ ਉਮਰ ਕੈਦ ਤੇ ਇਕ-ਇਕ ਲੱਖ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਬਾਕੀ ਤਿੰਨ ਮੁਲਜ਼ਮਾਂ, ਜਿਨ੍ਹਾਂ ਖ਼ਿਲਾਫ਼ ਹੱਤਿਆ ਦੀ ਸਾਜ਼ਿਸ਼ ਦਾ ਕੇਸ ਦਰਜ ਸੀ, ਵਿਚੋਂ ਦਵਿੰਦਰ ਸਿੰਘ ਉਰਫ਼ ਲਾਡੀ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਪਰ ਉਸ ਨੂੰ ਨਾਲ ਹੀ ਜ਼ਮਾਨਤ ਦੇ ਦਿੱਤੀ ਗਈ। ਮੁਲਜ਼ਮ ਹਸਨਜੀਤ ਸਿੰਘ ਨੂੰ ਸੱਤ ਸਾਲ ਤੇ ਰਵਿੰਦਰ ਸਿੰਘ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ। ਅਦਾਲਤ ਵਿਚ ਡੀ.ਐਸ.ਪੀ.



ਬਲਰਾਜ ਸਿੰਘ ਗਿੱਲ ਦਾ ਪਿਤਾ ਕਸ਼ਮੀਰਾ ਸਿੰਘ ਵੀ ਮੌਜੂਦ ਸੀ। ਇਹ ਕਤਲ ਕਾਂਡ ਪਹਿਲੀ ਫਰਵਰੀ 2012 ਨੂੰ ਹੰਬੜਾ ਰੋਡ ਸਥਿਤ ਗੋਲਫ ਲਿੰਕ ਕੋਲ ਡੀ.ਐਸ.ਪੀ. ਦੇ ਦੋਸਤ ਦੇ ਫਾਰਮ ਹਾਊਸ ਵਿਚ ਵਾਪਰਿਆ ਸੀ। ਜਿਥੇ ਡੀ.ਐਸ.ਪੀ. ਦੇਰ ਸ਼ਾਮ ਆਪਣੀ ਦੋਸਤ ਮੋਨਿਕਾ ਕਪਿਲਾ ਨੂੰ ਮਿਲਣ ਗਿਆ ਸੀ। ਇਥੇ ਮੁਲਜ਼ਮਾਂ ਨੇ ਦੋਵਾਂ ਨੂੰ ਲੁੱਟ ਦੀ ਨੀਅਤ ਨਾਲ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ।

## ਅਕਾਲੀ ਸਰਪੰਚ ਅੱਧਾ ਕਿੱਲੋ ਅਫੀਮ ਸਣੇ ਕਾਬੂ

**ਪਟਿਆਲਾ:** ਇਥੇ ਅਰਬਨ ਅਸਟੇਟ ਨੂੰ ਖਹਿੰਦੇ ਪਿੰਡ ਡੀਲਵਾਲ ਦੇ ਅਕਾਲੀ ਸਰਪੰਚ ਅਮਰੀਕ ਸਿੰਘ ਡੀਲਵਾਲ ਨੂੰ ਪੁਲਿਸ ਨੇ ਅੱਧਾ ਕਿਲੋ ਅਫੀਮ ਸਮੇਤ ਕਾਬੂ ਕੀਤਾ ਹੈ।

ਇਹ ਆਗੂ 2007 ਵਿਚ ਵਿਧਾਨ ਸਭਾ ਦੀ ਚੋਣ ਵੀ ਲੜ ਚੁੱਕਾ ਹੈ। ਉਸ ਤੋਂ ਪਹਿਲਾਂ ਉਹ ਕਾਂਗਰਸੀ ਸੀ ਪਰ 2012 ਦੀਆਂ ਚੋਣਾ ਤੋਂ ਪਹਿਲਾਂ ਦੀਆਂ ਸਰਗਰਮੀਆਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਸਿਰੋਪਾ ਲੈ ਕੇ ਅਕਾਲੀ ਬਣ ਗਿਆ। ਪੁਲਿਸ ਮੁਤਾਬਕ ਇਹ ਅਫੀਮ ਮੁਲਜ਼ਮ ਦੀ ਕਾਰ ਵਿਚੋਂ ਬਰਾਮਦ ਹੋਈ ਹੈ। ਹੋ ਐਸ.ਆਈ. ਸਤਨਾਮ ਸਿੰਘ ਵੱਲੋਂ ਕੀਤੀ ਗਈ ਨਾਕਾਬੰਦੀ ਦੌਰਾਨ ਬਰਾਮਦ ਕੀਤੀ।

# ਹੁਣ ਸਾਹਮਣੇ ਆਇਗਾ ਭਗਤ ਸਿੰਘ ਨੂੰ ਫਾਂਸੀ ਦੇਣ ਬਾਰੇ ਸੱਚ?

**ਚੰਡੀਗੜ੍ਹ:** ਭਗਤ ਸਿੰਘ ਨੂੰ ਫਾਂਸੀ ਦੇਣ ਬਾਰੇ ਸੱਚ ਹੁਣ ਸਾਹਮਣੇ ਆਵੇਗਾ। ਇਹ ਦਾਅਵਾ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ, ਪਾਕਿਸਤਾਨ ਦੇ ਪ੍ਰਧਾਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਕੀਤਾ ਹੈ, ਜੋ ਹਾਲ ਹੀ ਵਿਚ ਭਾਰਤ ਆਏ ਸਨ। ਉਹ ਭਗਤ ਸਿੰਘ ਦੇ ਭਰਾ ਰਾਜਿੰਦਰ ਸਿੰਘ ਦੇ ਨਾਤੀ ਸੁਖਵਿੰਦਰ ਜੀਤ ਸਿੰਘ ਸੰਘਾ ਨੂੰ ਮਿਲੇ ਸਨ। ਕੁਰੈਸ਼ੀ ਨੇ ਦੱਸਿਆ ਕਿ 24 ਮਈ 2013 ਨੂੰ ਆਪਣੇ ਹੁਕਮ ਵਿਚ ਲਾਹੌਰ ਹਾਈਕੋਰਟ ਦੇ ਜਸਟਿਸ ਸੁਜਾਤ ਅਲੀ ਖਾਨ ਨੇ ਕੇਸ ਮੁੱਖ ਜੱਜ ਦੇ ਕੋਲ ਭੇਜਿਆ ਸੀ। ਮਾਮਲਾ ਉਦੋਂ ਤੋਂ ਲਟਕ ਰਿਹਾ ਹੈ ਤੇ ਹੁਣ ਤੱਕ ਕਿਸੇ ਵੱਡੇ ਬੈਂਚ ਦਾ ਗਠਨ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਉਹ ਮਾਮਲੇ ਦੀ ਛੇਤੀ ਸੁਣਵਾਈ ਲਈ ਅਦਾਲਤ ਵਿਚ ਅਰਜ਼ੀ ਦਾਖਲ ਕਰਨਗੇ। 'ਲਾਹੌਰ ਮਾਮਲੇ' ਦੇ ਨਾਂ ਤੋਂ ਪ੍ਰਸਿੱਧ ਇਸ ਕੇਸ ਦੀ ਸੁਣਵਾਈ ਵਿਚ ਮਦਦ ਲਈ ਸੁਪਰੀਮ ਕੋਰਟ ਦੇ ਵਕੀਲ ਪਾਕਿਸਤਾਨ ਜਾਣਗੇ।

ਯੂ.ਪੀ.ਏ. ਸਰਕਾਰ ਨੇ ਭਾਰਤ ਦੇ ਇੱਛਕ ਵਕੀਲਾਂ ਨੂੰ ਪਾਕਿ ਜਾਣ ਦੀ ਵਿਸ਼ੇਸ਼ ਇਜਾਜ਼ਤ ਦਿੱਤੀ ਸੀ। ਮਾਮਲੇ ਦੀ ਸੁਣਵਾਈ ਫਿਰ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਪਾਕਿਸਤਾਨ ਦੇ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਇਸ ਮਾਮਲੇ ਨੂੰ ਫਿਰ



ਖੋਲ੍ਹਣ ਲਈ ਲਾਹੌਰ ਹਾਈਕੋਰਟ ਵਿਚ 2013 ਵਿਚ ਅਰਜ਼ੀ ਦਾਖਲ ਕੀਤੀ ਸੀ।

ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਕਿਹਾ ਕਿ ਇਹ ਭਾਰਤ ਦੀ ਉਨ੍ਹਾਂ ਦੀ ਦੂਜੀ ਯਾਤਰਾ ਹੈ। ਕੁਰੈਸ਼ੀ ਨੇ ਦੱਸਿਆ ਕਿ ਭਾਰਤੀ ਵਕੀਲ ਇਸ ਮਾਮਲੇ ਦੀ ਸੁਣਵਾਈ ਲਈ ਜ਼ਰੂਰੀ ਕਾਨੂੰਨੀ ਪਹਿਲੂਆਂ ਉਤੇ ਉਨ੍ਹਾਂ ਦੀ ਮਦਦ ਕਰਨਗੇ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਦਿੱਤੀ ਗਈ ਫਾਂਸੀ ਇਕ ਜੁਡੀਸ਼ੀਅਲ ਹੱਤਿਆ ਸੀ ਕਿਉਂਕਿ ਨਾ ਤਾਂ ਸਾਂਡਰਸ ਦੀ ਹੱਤਿਆ ਬਾਰੇ ਪਹਿਲਾਂ-ਪਹਿਲ ਉਨ੍ਹਾਂ ਦੇ ਨਾਂ ਸੀ ਤੇ ਨਾ ਹੀ ਉਨ੍ਹਾਂ ਨੂੰ ਫਾਂਸੀ ਦੇਣ ਲਈ ਡੈਥ ਵਾਰੰਟ ਜਾਰੀ ਕਰਨ ਵਾਲੇ ਲਾਹੌਰ ਹਾਈਕੋਰਟ ਦੇ ਰਜਿਸਟਰਾਰ ਕੋਲ ਇਸ ਲਈ ਕੋਈ ਜੁਡੀਸ਼ੀਅਲ ਅਧਿਕਾਰ ਸਨ।

ਲਿਹਾਜ਼ਾ ਰਜਿਸਟਰਾਰ ਵੱਲੋਂ ਜਾਰੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਮੌਤ ਦਾ ਵਾਰੰਟ ਗੈਰਕਾਨੂੰਨੀ ਸੀ। ਉਨ੍ਹਾਂ ਦੀ ਮੰਗ ਹੈ ਕਿ ਬ੍ਰਿਟਿਸ਼ ਸਰਕਾਰ, ਭਾਰਤ ਤੇ ਪਾਕਿਸਤਾਨ ਦੇ ਲੋਕਾਂ ਤੋਂ ਮੁਆਫੀ ਮੰਗੇ ਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਵੀ ਦੇਵੇ।

## ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦੀ ਹੋਵੇ ਜਾਂਚ

**ਚੰਡੀਗੜ੍ਹ:** ਸ਼ਹੀਦ ਸੁਖਦੇਵ ਦੇ ਦੋਹਤੇ ਵਿਸ਼ਾਲ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਹੈ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਕੌਮੀ ਪੱਧਰ ਉਤੇ ਸ਼ਹੀਦਾਂ ਦਾ ਦਰਜ ਵੀ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ ਮਹਾਨ ਸ਼ਹੀਦਾਂ ਬਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਇਆ ਜਾਣਾ ਚਾਹੀਦਾ ਹੈ। ਵਿਸ਼ਾਲ ਨੇ ਮੰਗ ਕੀਤੀ ਕਿ ਸੁਤੰਤਰਤਾ ਸੈਨਾਨੀਆਂ ਨੂੰ ਫਿਲਹਾਲ ਸਿਰਫ ਇਕ ਫੀਸਦੀ ਰਾਖਵਾਂਕਰਨ ਮਿਲਦਾ ਹੈ ਤੇ ਇਸ ਨੂੰ ਵਧਾ ਕੇ ਚਾਰ ਫੀਸਦੀ ਕਰਨਾ ਚਾਹੀਦਾ ਹੈ।

# ਮਾਲਵੇ ਦੇ ਕਿਸਾਨਾਂ 'ਤੇ ਢਾਹਿਆ ਕੁਦਰਤ ਨੇ ਕਹਿਰ

**ਚੰਡੀਗੜ੍ਹ:** ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈ ਹਾੜੀ ਦੀ ਫ਼ਸਲ ਤੇ ਫਿਰ ਉਸ ਦੀ ਖਰੀਦ ਵਿਚ ਰਹੀਆਂ ਖਾਮੀਆਂ ਤੋਂ ਪਰੇਸ਼ਾਨ ਕਿਸਾਨਾਂ ਉੱਤੇ ਮਾਲਵਾ ਖਿੱਤੇ ਵਿਚ ਨਰਮੇ ਦੇ ਚਿੱਟੇ ਮੱਛਰ ਨੇ ਭਾਰੀ ਕਹਿਰ ਢਾਹਿਆ ਹੈ। ਕੀਟਨਾਸ਼ਕ ਵੀ ਇਸ ਮੱਛਰ ਨੂੰ ਪ੍ਰਭਾਵਹੀਣ ਕਰਨ ਵਿਚ ਅਸਫ਼ਲ ਰਹੇ ਜਿਸ ਕਰਕੇ ਕਿਸਾਨਾਂ ਦੇ ਸਪਰੇਆਂ ਉੱਤੇ ਖ਼ਰਚ ਆਏ ਲੱਖਾਂ ਰੁਪਏ ਵੀ ਵਿਅਰਥ ਗਏ ਤੇ ਫ਼ਸਲ ਵੀ ਬਚ ਨਹੀਂ ਸਕੀ। ਸਿੱਟੇ ਵਜੋਂ ਨਰਮਾ ਪੱਟੀ ਵਿਚ ਕਿਸਾਨਾਂ ਨੂੰ ਹਜ਼ਾਰਾਂ ਏਕੜ ਨਰਮੇ ਦੀ ਫ਼ਸਲ ਵਾਹੁਣ ਲਈ ਮਜਬੂਰ ਹੋਣਾ ਪਿਆ ਹੈ।

ਪੰਜਾਬ ਦੇ ਕਪਾਹ ਪੱਟੀ ਦੇ ਕਿਸਾਨਾਂ ਨੂੰ ਚਿੱਟੇ ਮੱਛਰ ਦੇ ਹਮਲੇ ਕਾਰਨ ਤਕਰੀਬਨ 650 ਕਰੋੜ ਰੁਪਏ ਦਾ ਮਾਲੀ ਨੁਕਸਾਨ ਝੱਲਣਾ ਪਵੇਗਾ। ਖੇਤੀਬਾੜੀ ਵਿਭਾਗ ਵੱਲੋਂ ਕੀਤੇ ਮੁੱਢਲੇ ਸਰਵੇਖਣ ਮੁਤਾਬਕ ਸਵਾ ਲੱਖ ਹੈਕਟੇਅਰ ਤੋਂ ਜ਼ਿਆਦਾ ਜ਼ਮੀਨ ਵਿਚ ਬੀਜਿਆ ਨਰਮਾ ਚਿੱਟੇ ਮੱਛਰ ਨੇ ਪ੍ਰਭਾਵਿਤ ਕੀਤਾ ਹੈ। ਇਸ ਰਕਬੇ ਵਿਚ 10 ਫ਼ੀਸਦੀ ਤੋਂ ਲੈ ਕੇ 40 ਫ਼ੀਸਦੀ ਤੱਕ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਇਹ ਨੁਕਸਾਨ ਤਕਰੀਬਨ 300 ਕਰੋੜ ਰੁਪਏ ਬਣਦਾ ਹੈ।

ਇਸੇ ਤਰ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਕਿਸਾਨਾਂ ਨੂੰ ਨਰਮੇ ਦੀ ਫਸਲ ਇਸ ਕੀਟ ਤੋਂ ਬਚਾਉਣ ਲਈ ਦੋ ਮਹਿੰਗੀਆਂ ਸਪਰੇਆਂ ਕਰਨ ਦਾ ਸੁਝਾਅ ਦਿੱਤਾ ਹੈ। ਖੇਤੀਬਾੜੀ ਮਾਹਿਰਾਂ ਦਾ ਦੱਸਣਾ ਹੈ ਕਿ ਇਹ ਮਹਿੰਗੀਆਂ ਸਪਰੇਆਂ ਕਰਨ ਨਾਲ ਵੀ ਕਿਸਾਨਾਂ ਉਤੇ ਆਮ ਨਾਲੋਂ ਤਕਰੀਬਨ 300 ਕਰੋੜ ਰੁਪਏ ਦਾ ਵਧੇਰੇ ਮਾਲੀ ਭਾਰ ਪਵੇਗਾ। ਵਿਭਾਗ ਦਾ ਮੰਨਣਾ ਹੈ ਕਿ ਚਿੱਟੇ ਮੱਛਰ ਦੇ ਹਮਲੇ ਕਾਰਨ 25 ਹਜ਼ਾਰ ਹੈਕਟੇਅਰ ਤੋਂ ਜ਼ਿਆਦਾ ਰਕਬੇ ਵਿਚ ਖੜ੍ਹੀ ਫਸਲ ਪੂਰੀ ਤਰ੍ਹਾਂ ਬਰਬਾਦ ਹੋਣ ਕਾਰਨ ਕਿਸਾਨਾਂ ਨੂੰ ਨਰਮਾ ਪੁੱਟਣਾ ਪਿਆ।

ਇਸ ਨਾਲ ਵੀ 50 ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋ ਗਿਆ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਕਿਸਾਨਾਂ ਦਾ 650 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਿਆ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਕਪਾਹ ਪੱਟੀ ਵਿਚ ਨਕਲੀ ਕੀੜੇਮਾਰ ਦਵਾਈਆਂ ਦੀ ਭਰਮਾਰ ਹੈ, ਜਿਸ ਕਾਰਨ ਕੀਟ ਉਤੇ ਕਾਬੂ ਨਹੀਂ ਪਾਇਆ ਜਾ ਸਕਿਆ। ਕਿਸਾਨਾਂ ਦੇ ਨਾ ਸਿਰਫ ਇਸ ਫ਼ਸਲ ਦੀ ਬਿਜਾਈ ਤੋਂ ਲੈ ਕੇ ਹੁਣ ਤੱਕ ਲੱਗੇ ਲੱਖਾਂ ਰੁਪਏ ਮਿੱਟੀ ਬਣ ਗਏ ਹਨ ਬਲਕਿ ਇਸ ਅਧੀਨ ਰਕਬੇ ਹੇਠਲੀ ਸਾਉਣੀ ਦੀ ਪੂਰੀ ਫ਼ਸਲ ਦਾ ਸੀਜ਼ਨ ਹੀ ਵਿਅਰਥ ਚਲਾ ਗਿਆ ਹੈ ਜੋ ਕਿ ਉਨ੍ਹਾਂ ਲਈ ਵੱਡੀ ਆਰਥਿਕ ਸੱਟ ਤੋਂ ਘੱਟ ਨਹੀਂ ਹੈ।



## ਸਰਕਾਰ ਟਿਊਬਵੈੱਲ ਕੁਨੈਕਸ਼ਨ ਦੇਣ 'ਚ ਨਾਕਾਮ

**ਪਟਿਆਲਾ:** ਗਰੀਨ ਟ੍ਰਿਬਿਊਨਲ ਵੱਲੋਂ ਖੇਤੀ ਟਿਊਬਵੈੱਲਾਂ ਦੇ ਕੁਨੈਕਸ਼ਨਾਂ ਦੇ ਮਾਮਲੇ ਵਿਚ ਕਿਸਾਨਾਂ ਦੇ ਹੱਕ ਵਿਚ ਫੈਸਲਾ ਦੇਣ ਮਗਰੋਂ ਵੀ ਪੰਜਾਬ ਸਰਕਾਰ ਅਜਿਹੇ ਕੁਨੈਕਸ਼ਨ ਜਾਰੀ ਕਰਨ ਵਿਚ ਢਿੱਲਮੱਠ ਵਿਖਾ ਰਹੀ ਹੈ। ਪਾਵਰਕੌਮ ਨੇ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਤਹਿਤ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦੀ ਨੀਤੀ ਦਾ ਖਰੜਾ ਕਦੋਂ ਦਾ ਪੰਜਾਬ ਸਰਕਾਰ ਨੂੰ ਸੌਂਪਿਆ ਹੋਇਆ ਹੈ। ਸਰਕਾਰ ਵੱਲੋਂ ਅਜਿਹੇ ਖਰੜੇ 'ਤੇ ਅੰਤਿਮ ਫੈਸਲਾ ਲੈਣ ਵਿਚ ਕੀਤੀ ਜਾ ਰਹੀ ਦੇਰੀ ਤੋਂ ਸੂਬੇ ਦੀ ਕਿਸਾਨੀ ਵਿਚ ਰੋਸ ਵਧਣ ਲੱਗਾ ਹੈ।

## ਅਫ਼ਸਰਸ਼ਾਹੀ ਨੇ ਰੱਜ ਕੇ ਚੁੱਕਿਆ ਮਜਬੂਰੀ ਦਾ ਫਾਇਦਾ

**ਚੰਡੀਗੜ੍ਹ:** ਸੂਬੇ ਦੇ ਖੇਤੀ ਵਿਭਾਗ ਦੇ ਕੁਝ ਅਧਿਕਾਰੀਆਂ ਲਈ ਕਿਸਾਨਾਂ ਸਿਰ ਆਈ ਆਫ਼ਤ ਵਰਦਾਨ ਸਿੱਧ ਹੋਈ ਹੈ। ਖੇਤੀ ਵਿਭਾਗ ਵੱਲੋਂ ਚਿੱਟੇ ਮੱਛਰ ਦੇ ਕਹਿਰ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਬਜਾਇ ਇਸ ਦੀ ਰੋਕਥਾਮ ਲਈ ਸਬਸਿਡੀ 'ਤੇ ਦਿੱਤੀ ਜਾਣ ਵਾਲੀ ਕੀਟਨਾਸ਼ਕ 33 ਕਰੋੜ ਰੁਪਏ ਦੀ ਖਰੀਦ ਲਈ ਗਈ ਜਦੋਂਕਿ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਲਈ ਸੱਤ ਕੀਟਨਾਸ਼ਕਾਂ ਦੀ ਸਿਫਾਰਸ਼ ਕੀਤੀ ਹੋਈ ਹੈ। ਹੋਰ ਤਾਂ ਹੋਰ, ਵਿਭਾਗ ਨੇ ਗੁਣਵੱਤਾ ਤੇ ਮਿਆਰ ਦੀ ਪੜਤਾਲ ਕੀਤੇ ਬਿਨਾਂ ਹੀ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਇਕੋ ਕੰਪਨੀ ਤੋਂ ਬਿਨਾ ਟੈਂਡਰ ਇਸ ਕੀਟਨਾਸ਼ਕ ਦੀ ਖ਼ਰੀਦ ਕਰ ਲਈ।

## ਬਠਿੰਡਾ ਤੋਂ ਵਾਰਾਨਸੀ ਸਿੱਧੀ ਰੇਲ 20 ਸਤੰਬਰ ਤੋਂ

**ਚੰਡੀਗੜ੍ਹ:** ਰੇਲਵੇ ਵਿਭਾਗ ਨੇ ਬਠਿੰਡਾ ਤੋਂ ਵਾਰਾਨਸੀ ਸਪੈਸ਼ਲ ਰੇਲ ਗੱਡੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਰੇਲ ਗੱਡੀ 20 ਸਤੰਬਰ ਤੋਂ ਸ਼ੁਰੂ ਹੋ ਜਾਵੇਗੀ, ਜੋ ਬਠਿੰਡਾ ਤੋਂ ਵਾਰਾਨਸੀ ਪਹੁੰਚਣ ਵਿਚਕਾਰ 13 ਸਟੇਸ਼ਨਾਂ 'ਤੇ ਰੁਕੇਗੀ। ਧਾਰਮਿਕ ਯਾਤਰਾ ਲਈ ਰੁਚੀ ਰੱਖਣ ਵਾਲੇ ਯਾਤਰੀ ਇਸ ਰੇਲ ਦੀ ਲੰਬੇ ਸਮੇਂ ਤੋਂ ਮੰਗ ਕਰ ਰਹੇ ਸਨ। ਡੀ.ਆਰ.ਯੂ.ਸੀ.ਸੀ. ਦੇ ਅਧਿਕਾਰੀ ਜਸਵੀਰ ਸਿੰਘ ਨੇ ਦੱਸਿਆ ਕਿ ਬਠਿੰਡਾ ਜੰਕਸ਼ਨ ਤੋਂ ਵਾਰਾਨਸੀ ਰਵਾਨਾ ਹੋਣ ਵਾਲੀ ਹਫਤਾਵਾਰੀ ਰੇਲ ਗੱਡੀ ਐਤਵਾਰ ਰਾਤ 9:05 ਵਜੇ ਚੱਲੇਗੀ, ਜੋ ਅਗਲੀ ਸ਼ਾਮ 7:20 ਵਜੇ ਵਾਰਾਨਸੀ ਪੁੱਜੇਗੀ। ਫਿਲਹਾਲ ਇਹ ਰੇਲ ਗੱਡੀ 13 ਸਟੇਸ਼ਨਾਂ 'ਤੇ ਰੁਕੇਗੀ ਜਿਨ੍ਹਾਂ ਵਿਚ ਰਾਮਪੁਰਾ, ਬਰਨਾਲਾ, ਧੂਰੀ, ਪਟਿਆਲਾ, ਅੰਬਾਲਾ, ਸਹਾਰਨਪੁਰ, ਰੁੜਕੀ, ਲਸਕਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ ਤੇ ਸਹਾਰਨਪੁਰ ਸ਼ਾਮਲ ਹਨ।

## ਪੰਜਾਬੀ ਫਿਲਮ 'ਜ਼ਿੰਦਾ ਸੁੱਖਾ' ਉਤੇ ਪਾਬੰਦੀ

**ਨਵੀਂ ਦਿੱਲੀ:** ਸਾਬਕਾ ਫ਼ੌਜ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਦੇ ਹੱਤਿਆਰਿਆਂ ਦੇ ਜੀਵਨ ਉਤੇ ਆਧਾਰਿਤ ਪੰਜਾਬੀ ਫਿਲਮ 'ਜ਼ਿੰਦਾ-ਸੁੱਖਾ' ਉਤੇ ਸੈਂਸਰ ਬੋਰਡ ਨੇ ਪਾਬੰਦੀ ਲਾ ਦਿੱਤੀ ਹੈ। ਪਹਿਲਾਂ ਇਸ ਫਿਲਮ ਨੂੰ ਸੈਂਸਰ ਬੋਰਡ ਨੇ ਪ੍ਰਵਾਨਗੀ ਦੇ ਦਿੱਤੀ ਸੀ ਪਰ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਤੇ ਖ਼ੁਫ਼ੀਆ ਬਿਊਰੋ ਵੱਲੋਂ ਜਤਾਏ ਇਤਰਾਜ਼ ਤੋਂ ਬਾਅਦ ਫਿਲਮ ਉਤੇ ਪਾਬੰਦੀ ਲਾ ਦਿੱਤੀ ਗਈ।

# ਆਮਿਰ ਖਾਨ ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਤੋਂ ਫਿਕਰਮੰਦ

**ਲੁਧਿਆਣਾ:** ਫਿਲਮ ਅਦਾਕਾਰ ਆਮਿਰ ਖਾਨ ਦਾ ਕਹਿਣਾ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਦਰਿਆ ਵਿਚ ਕੱਢਣਾ ਮੌਜੂਦਾ ਸਮੇਂ ਦੀ ਮੁੱਖ ਲੋੜ ਹੈ।

ਆਮਿਰ ਆਪਣੀ ਫ਼ਿਲਮ 'ਦੰਗਲ' ਦੀ ਸ਼ੂਟਿੰਗ ਦੇ ਸਿਲਸਿਲੇ ਵਿਚ ਲੁਧਿਆਣਾ ਆਏ ਸਨ। ਉਨ੍ਹਾਂ ਕਿਹਾ ਕਿ ਬਾਲੀਵੁੱਡ ਵਿਚ ਵੀ ਸੂਬੇ ਦੇ ਨਸ਼ਿਆਂ ਸਬੰਧੀ ਕਹਾਣੀਆਂ ਨੂੰ ਲੈ ਕੇ ਕਾਫ਼ੀ ਫਿਲਮਾਂ ਬਣ ਰਹੀਆਂ ਹਨ, ਜੋ ਕਿ ਸਿੱਧੇ ਤੌਰ 'ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਨੇ ਆਪਣੇ ਟੀ.ਵੀ. ਸ਼ੋਅ ਵਿਚ ਨਸ਼ਿਆਂ ਦੇ ਇਸ ਦਰਿਆ ਨੂੰ ਉਜਾਗਰ ਕੀਤਾ ਸੀ। ਉਨ੍ਹਾਂ ਨੂੰ ਪੰਜਾਬ ਨਾਲ ਕਾਫ਼ੀ ਮੋਹ ਹੈ। ਉਨ੍ਹਾਂ ਨੂੰ ਪੰਜਾਬ ਦੇ ਲੋਕ, ਉਨ੍ਹਾਂ ਦੀ ਮਹਿਮਾਨਨਿਵਾਜ਼ੀ, ਮਿਲਵਰਤਣ ਤੇ ਪੰਜਾਬੀ ਖਾਣਾ ਬਹੁਤ ਚੰਗਾ ਲੱਗਦਾ ਹੈ।

# ਮਾਲੇਗਾਉਂ ਧਮਾਕੇ: ਸੁਪਰੀਮ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 2008 ਦੇ ਮਾਲੇਗਾਉਂ ਧਮਾਕਿਆਂ ਦੇ ਮਾਮਲੇ ਵਿਚ ਕੇਂਦਰ ਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਤੋਂ ਜਵਾਬ ਮੰਗਿਆ ਹੈ।

ਵਿਸ਼ੇਸ਼ ਸਰਕਾਰੀ ਵਕੀਲ ਨੂੰ ਹਟਾਉਣ ਖ਼ਿਲਾਫ਼ ਇਹ ਪਟੀਸ਼ਨ ਪਾਈ ਗਈ ਸੀ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਕੇਂਦਰ ਸਰਕਾਰ ਉਸ 'ਤੇ ਦਬਾਅ ਪਾ ਰਹੀ ਸੀ ਕਿ ਮੁਲਜ਼ਮਾਂ ਖਿਲਾਫ਼ ਨਰਮੀ ਵਰਤੀ ਜਾਵੇ। ਇਹ ਹਿੰਦੂ ਅਤਿਵਾਦ ਨਾਲ ਜੁੜਿਆ ਹੋਇਆ ਮਾਮਲਾ ਹੈ ਤੇ ਧਮਾਕਿਆਂ ਬਾਰੇ ਲੈਫਟੀਨੈਂਟ ਕਰਨਲ ਐਸ.ਪੀ. ਪੁਰੋਹਿਤ, ਸਵਾਮੀ ਦਯਾਨੰਦ ਪਾਂਡੇ ਤੇ ਸਾਧਵੀ ਪ੍ਰਗਿਆ ਸਿੰਘ ਠਾਕੁਰ ਸਮੇਤ ਹੋਰ ਮੁਲਜ਼ਮਾਂ ਨੂੰ ਫੜਿਆ ਗਿਆ ਸੀ।

# ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮੂਹ ਸਭਾ ਸੁਸਾਇਟੀਆਂ, ਧਾਰਮਿਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੀਕ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਚੱਲ ਕੇ ਚੌਕ ਕਰੋੜੀ ਤੇ ਚੌਕ ਬਾਬਾ ਸਾਹਿਬ ਤੋਂ ਹੁੰਦਾ ਹੋਇਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਪੰਨ ਹੋਇਆ। ਨਗਰ ਕੀਰਤਨ ਵਿਚ ਸ਼ਾਮਲ ਸ਼ਬਦ ਕੀਰਤਨੀ ਜਥਿਆਂ ਵੱਲੋਂ ਧੁਰ ਕੀ ਬਾਣੀ ਦੇ ਕੀਰਤਨ ਕੀਤੇ ਗਏ। ਗਤਕਾ ਪਾਰਟੀਆਂ ਵੱਲੋਂ ਥਾਂ-ਥਾਂ ਗਤਕੇ ਦੇ ਜੌਹਰ ਦਿਖਾਏ ਗਏ ਤੇ ਸਕੂਲੀ ਬੈਂਡ ਅਤੇ ਬੈਂਡ ਪਾਰਟੀਆਂ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੀਆਂ ਸਨ। ਸੰਗਤਾਂ ਵੱਲੋਂ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਥਾਂ-ਥਾਂ ਲੰਗਰ ਲਗਾ ਕੇ ਸੇਵਾ ਕੀਤੀ ਗਈ।

ਇਸ ਸ਼ੁਭ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੇਸ-ਵਿਦੇਸ ਦੀਆਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਘਰ-ਘਰ ਪਹੁੰਚਾਉਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਦਿਹਾੜੇ ਤੇ ਸੰਗਤਾਂ ਆਪਣੇ ਪਰਿਵਾਰਾਂ ਸਮੇਤ ਖੰਡੇ ਬਾਟੇ ਦੀ ਪਾਹੁਲ ਛਕ ਬਾਣੀ ਤੇ ਬਾਣੇ ਨਾਲ ਜੁੜਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਪਾਵਨ ਅਸਥਾਨ ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਇਸ ਦਾ ਪਹਿਲਾ ਪ੍ਰਕਾਸ਼ 1604 ਈ: ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਸੀ। ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਅਸਥਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੁਰੂ-ਘਰ ਦੇ ਮਹਾਨ ਸੇਵਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਦੇ ਸੀਸ ਤੇ ਸੁਸ਼ੋਭਿਤ ਕਰਕੇ ਪੰਚਮ ਪਾਤਸ਼ਾਹ ਸੰਗਤਾਂ ਨਾਲ ਆਪ ਚੌਰ ਸਾਹਿਬ ਦੀ ਸੇਵਾ ਨਿਭਾਉਂਦੇ ਹੋਏ ਨਗਰ ਕੀਰਤਨ ਦੇ ਰੂਪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਸਨ। ਇਸ ਪਾਵਨ ਦਿਹਾੜੇ ਦੀ ਯਾਦ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਪੂਰਨ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।



# ਗੁਰਦੁਆਰਾ ਸੰਤ ਆਸ਼ਰਮ ਨੂੰ ਢਹਿ ਢੇਰੀ ਕਰਨ ਦਾ ਮਾਮਲਾ ਸੁਲਝਿਆ

**ਪਠਾਨਕੋਟ:** ਗੁਰਦੁਆਰਾ ਸੰਤ ਆਸ਼ਰਮ ਪਠਾਨਕੋਟ ਨੂੰ ਢਹਿ ਢੇਰੀ ਕਰਨ ਤੋਂ ਪੈਦਾ ਹੋਇਆ ਵਿਵਾਦ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ. ਸਕੂਲ ਦੀ ਪ੍ਰਬੰਧਕ ਕਮੇਟੀ ਤੇ ਗੁਰਦੁਆਰਾ ਸੰਤ ਆਸ਼ਰਮ ਦੀ ਸੰਗਤ ਦੇ ਨੁਮਾਇੰਦਿਆਂ ਵਿਚਾਲੇ ਗੱਲਬਾਤ ਪਿੱਛੋਂ ਹੱਲ ਹੋ ਗਿਆ।

ਦੋਹਾਂ ਧਿਰਾਂ ਵਿਚ ਸਮਝੌਤਾ ਸਿਰੇ ਚੜ੍ਹ ਜਾਣ 'ਤੇ ਪ੍ਰਸ਼ਾਸਨ ਨੇ ਸੁੱਖ ਦਾ ਸਾਹ ਲਿਆ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਉਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਦੀ ਜਾਂਚ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਕੋਲੋਂ ਕਰਵਾਈ ਜਾਵੇ।

ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਵੀ ਪਠਾਨਕੋਟ ਦਾ ਦੌਰਾ ਕੀਤਾ ਤੇ ਗੁਰਦੁਆਰੇ ਦੀ ਇਮਾਰਤ ਢਾਹੁਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਪੁਲਿਸ ਨੇ ਸਤਿਕਾਰ ਕਮੇਟੀ ਬਟਾਲਾ ਦੇ ਪ੍ਰਧਾਨ ਸੁਖਜੀਤ ਸਿੰਘ ਖੋਸਾ ਤੇ ਉਸ ਦੇ ਦਰਜਨ ਤੋਂ ਵੱਧ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਸਿੱਖ ਸੰਗਤ ਦੇ ਨੁਮਾਇੰਦੇ ਇਸ ਗੱਲ ਉਤੇ ਅੜੇ ਹੋਏ ਸਨ ਕਿ ਗੁਰਦੁਆਰੇ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਸਿੱਖ ਸੰਗਤ ਦੇ ਨੁਮਾਇੰਦੇ ਜਥੇਦਾਰ ਜਸਬੀਰ ਸਿੰਘ ਸੰਧੂ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਭੇਜੀ ਦਰਖਾਸਤ ਦਿਖਾਉਂਦਿਆਂ ਦੱਸਿਆ ਕਿ ਸੰਨ 1931 ਵਿਚ ਮਰਹੂਮ ਬਾਬਾ ਇਕਬਾਲ ਸਿੰਘ ਨੇ ਤਕਰੀਬਨ ਸਾਢੇ ਨੌਂ ਕਿੱਲੇ ਜ਼ਮੀਨ ਵਿਚ ਗੁਰਦੁਆਰਾ ਸੰਤ ਆਸ਼ਰਮ ਦੀ ਉਸਾਰੀ ਕਰਵਾਈ ਸੀ ਤੇ ਨਾਲ ਹੀ ਸੰਤ ਆਸ਼ਰਮ ਹਾਈ ਸਕੂਲ ਵੀ ਸ਼ੁਰੂ ਕੀਤਾ ਸੀ।

ਸਾਲ 1993 ਵਿਚ ਸੰਤ ਆਸ਼ਰਮ ਐਜੂਕੇਸ਼ਨ ਸੁਸਾਇਟੀ ਦੇ ਅਧੀਨ ਉਸ ਵੇਲੇ ਦੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਵੱਲੋਂ ਗੁਰਦੁਆਰੇ ਦੀ ਖਾਲੀ ਜ਼ਮੀਨ ਉਤੇ ਗੁਰੂ ਹਰਕ੍ਰਿਸ਼ਨ ਸੀ. ਸੈ. ਸਕੂਲ ਦਾ ਨੀਂਹ ਪੱਥਰ ਰੱਖਿਆ ਗਿਆ, ਜੋ ਹੁਣ ਤੱਕ ਲਗਾਤਾਰ ਚੱਲਦਾ ਆ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰੇ ਵਾਲੀ ਹੋਰ ਜ਼ਮੀਨ ਨੂੰ ਵੀ ਸਕੂਲ ਵਿਚ ਰਲਾਉਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਇਸ ਸਬੰਧੀ ਅਦਾਲਤ ਵਿਚ ਕੇਸ ਵੀ ਚੱਲ ਰਿਹਾ ਹੈ। ਸ੍ਰੀ ਗੁਰੂ ਹਰਕ੍ਰਿਸ਼ਨ ਸੀ. ਸੈ. ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੀਪ ਸਿੰਘ ਅਰੋੜਾ ਤੇ ਕੁਝ ਮੈਂਬਰਾਂ ਨੇ ਮਿਲੀਭੁਗਤ ਕਰਕੇ ਜੇ.ਸੀ.ਬੀ. ਮਸ਼ੀਨਾਂ ਨਾਲ ਗੁਰਦੁਆਰਾ ਢਾਹ ਦਿੱਤਾ। ਇਸ ਨਾਲ ਗੁਰੂ ਗ੍ਰੰਥ ਸਾਹਿਬ, ਪਾਲਕੀ ਸਾਹਿਬ ਦੀ ਬੇਅਦਬੀ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਕਤ ਪ੍ਰਬੰਧਕ ਕਮੇਟੀ ਦੇ ਆਗੂ ਗੁਰਦੁਆਰੇ ਦੀ ਕਰੋੜਾਂ ਰੁਪਏ ਦੀ ਜ਼ਮੀਨ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ।



## ਮਾਮਲੇ ਦੀ ਨਿਰਪੱਖ ਜਾਂਚ ਹੋਵੇ: ਗਿਆਨੀ ਕੇਵਲ ਸਿੰਘ

**ਅੰਮ੍ਰਿਤਸਰ:** ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਹੈ ਕਿ ਗੁਰੂ ਘਰ ਦੀ ਇਮਾਰਤ ਨੂੰ ਅੱਧੀ ਰਾਤੀਂ ਤੋੜਨ ਕਾਰਨ ਸੰਸਾਰ ਭਰ ਵਿਚ ਰਹਿਣ ਵਾਲੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਾ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰੇ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਕੀਤਾ ਗਿਆ ਹੈ। ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

# ਰੱਬਾ ! ਦੇਈਂ ਨਾ ਮਜਹਬਾਂ ਦੀਆਂ ਸਜਾਵਾਂ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਜਿਹੜੇ ਬੰਦੇ ਕਲਰਕ ਭਰਤੀ ਹੋ ਕੇ ਕਲਰਕ ਹੀ ਸੇਵਾ ਮੁਕਤ ਹੋ ਜਾਣ ਉਨ੍ਹਾਂ ਦੀਆਂ ਪਤਨੀਆਂ ਜੀਵਨ-ਜਾਚ ਤੋਂ ਉਖੜੇ ਅਜਿਹੇ ਮਨੁੱਖ ਨੂੰ ਦੰਦੀਆਂ ਚਿੰਘਾ ਕੇ ਕਹਿੰਦੀਆਂ ਹਨ, 'ਦੱਸ ਤੈਂ ਕੀ ਪਿਆਰ ਵਿਚੋਂ ਖੱਟਿਆ?' ਅਸਲ ਵਿਚ ਇਨ੍ਹਾਂ ਦਾ ਪਰਿਵਾਰ ਨਹੀਂ, ਸਿਰਫ ਬੱਚੇ ਹੀ ਹੁੰਦੇ ਹਨ। ਇਹ ਸੋਚਦੇ ਨੇ ਤਬਦੀਲੀਆਂ ਨਹੀਂ ਆਉਣੀਆਂ ਚਾਹੀਦੀਆਂ। ਜਿਹੜੇ ਖਾਣ ਦਾ ਪ੍ਰਹੇਜ਼ ਨਹੀਂ ਰੱਖਦੇ, ਉਹ ਕਬਰ ਜੀਭ ਨਾਲ ਵਾਹੋ ਦਾਹੀ ਪੁੱਟਣ ਲੱਗੇ ਹੁੰਦੇ ਹਨ ਅਤੇ ਜਿਹੜੇ ਪੀਣ 'ਤੇ ਕਾਬੂ ਨਾ ਰੱਖਣ ਉਨ੍ਹਾਂ ਨੂੰ ਧਰਤੀ ਨੇ ਆਪਣੇ ਆਪ ਵਿਹਲ ਦੇ ਦੇਣਾ ਹੁੰਦਾ ਹੈ। ਜਿਨ੍ਹਾਂ ਕਤਲਾਂ ਦਾ ਕੋਈ ਕਾਰਨ ਨਾ ਹੋਵੇ ਉਹ ਧਰਮ ਜਾਂ ਮਜਹਬਾਂ ਦੇ ਖਾਤੇ 'ਚੋਂ ਹੀ ਹੋਏ ਹੁੰਦੇ ਹਨ। ਕੁਦਰਤੀ ਮੌਤਾਂ ਨੇ ਛੇਤੀਂ ਭੁੱਲ ਜਾਣਾ ਹੁੰਦਾ ਹੈ ਤੇ ਸੰਤਾਲੀ ਅਤੇ ਚੁਰਾਸੀ ਵਾਂਗ ਕਈ ਜ਼ਖਮ ਏਨੇ ਅੱਲ੍ਹੇ ਰਹਿੰਦੇ ਹਨ ਕਿ ਧਰਮ ਰਾਜ ਤੋਂ ਵੀ ਇਨ੍ਹਾਂ ਦਾ ਕੋਈ ਇਲਾਜ ਨਹੀਂ ਹੋ ਸਕਣਾ ਹੁੰਦਾ। ਲਗਦਾ ਨਹੀਂ ਮਨੁੱਖ ਸੁਣ ਕੁਝ ਹੋਰ ਰਿਹਾ ਹੈ, ਕਹਿ ਕੁਝ ਹੋਰ ਰਿਹਾ ਹੈ? ਇਕ ਵਾਰ ਇਕ ਫਕੀਰ ਨੂੰ ਭੁੱਖ ਨੇ ਰੱਜ ਕੇ ਸਤਾਇਆ ਹੋਇਆ ਸੀ, ਚਾਹੁੰਦਾ ਉਹ ਗਰੀਬ ਘਰ ਤੋਂ ਕੁਝ ਖਾਣਾ ਸੀ ਪਰ ਚਲੇ ਮਹਿਲਾਂ ਵੱਲ ਗਿਆ। ਇਕ ਉਚੇ ਘਰ ਦਾ ਬੂਹਾ ਖੜਕਾ ਕੇ ਰੋਟੀ ਦੇ ਟੁੱਕ ਲਈ ਕਾਸਾ ਅੱਗੇ ਕੀਤਾ, ਅੰਦਰੋਂ ਖਫਾ ਹੋਏ ਮਾਲਕ ਨੇ ਦਰਵਾਜ਼ਾ ਚੀਂ ਦੇਣੀ ਖੋਲ੍ਹਿਆ ਅਤੇ ਇਕ ਦਮ ਇਹ ਕਹਿ ਕੇ ਬੰਦ ਕਰ ਦਿੱਤਾ, 'ਸਾਡੀ ਮੱਝ ਨੇ ਤਾਂ ਕੱਟਾ ਦਿੱਤਾ ਹੈ।' ਫਕੀਰ ਨੂੰ ਮਰਨ ਤੱਕ ਵੀ ਸਮਝ ਨਾ ਲੱਗੀ ਕਿ ਗਲਤੀ ਅਸਲ 'ਚ ਕਿਸ ਤੋਂ ਹੋਈ ਸੀ। ਟੈਲੀਫੋਨ ਨੰਬਰ ਗਲਤ ਮਿਲ ਜਾਣ ਤਾਂ ਕੋਈ ਗੱਲ ਨਹੀਂ, ਅੱਜ ਕੱਲ੍ਹ ਬੰਦੇ ਸਹੀ ਨਹੀਂ ਮਿਲਦੇ, ਫਿਰ ਕੀ ਕਰ ਸਕਦੇ ਹਾਂ? ਰੱਬ 'ਤੇ ਵਿਸ਼ਵਾਸ ਕਰਨ ਵਾਲਾ ਧਰਮੀ ਬੰਦਾ ਵਿਲ੍ਹਕ ਰਿਹਾ ਹੈ ਤੇ ਵਧੀਕੀਆਂ ਕਰਨ ਵਾਲੇ ਦੀ ਜਾਨ ਸੁਖਾਲੀ ਨਿਕਲ ਰਹੀ ਹੈ। ਕਈ ਬੰਦਿਆਂ ਦਾ ਨਾਂ ਰਾਸ਼ਨ ਕਾਰਡ ਵਿਚ ਤਾਂ ਸਭ ਤੋਂ ਉਪਰ ਸੀ, ਵਿਹਲੜ ਤੇ ਨਿਖੱਟੂ ਹੋਣ ਕਰਕੇ ਪਛੜ ਜਾਂਦੇ ਤਾਂ ਚਲੋ ਠੀਕ ਸੀ ਪਰ ਇਹ ਸਾਰੀ ਉਮਰ ਮੁਖੀ ਹੋ ਕੇ ਵੀ ਪਰਿਵਾਰ ਲਈ ਸਮੱਸਿਆ ਬਣੇ ਰਹੇ। 'ਮਜਹਬ' ਕਹਿੰਦੇ ਨੇ ਵੈਰ ਨਹੀਂ ਸਿਖਾਉਂਦਾ ਪਰ ਸੋਚ ਕੇ ਤਾਂ ਵੇਖਿਓ ਇਥੇ ਵਿਚਾਰੇ ਫੱਤੂ ਦਾ ਫਿਰ ਦੁਸ਼ਮਣ ਕੌਣ ਸੀ?*

ਚੰਨ ਦੁਨੀਆਂ ਵਿਚ ਕਿਸੇ ਨੇ ਵੀ ਨਹੀਂ ਕਿਹਾ ਕਿ ਇਹ ਚੰਗਾ ਨਹੀਂ ਲਗਦਾ। ਮਾਂ ਪੁੱਤ ਨੂੰ ਤੇ ਪਤਨੀ ਪਤੀ ਨੂੰ ਚੰਨ ਆਖਦੀ ਰਹੀ ਹੈ। ਕਿਉਂਕਿ ਕਰਵਾ ਚੌਥ ਵਾਲੇ ਦਿਨ ਕੁਝ ਔਰਤਾਂ ਦਾ ਦੋ ਦੋ ਚੰਨਾਂ ਨਾਲ ਵਾਹ ਪੈਣਾ ਹੁੰਦਾ ਹੈ, ਇਸ ਲਈ ਉਹ ਕਈ ਵਾਰ ਪਤੀ ਨੂੰ ਚੰਨ ਵਰਗਾ ਨਹੀਂ, ਚੰਨ ਨੂੰ ਪਤੀ ਵਰਗਾ ਕਹਿਣ ਲੱਗ ਪੈਂਦੀਆਂ ਹਨ। ਕਿਤੇ ਉਨ੍ਹਾਂ ਔਰਤਾਂ ਦੀ ਪੀੜ 'ਤੇ ਫੈਹਾ ਰੱਖ ਕੇ ਵੇਖਿਓ ਜਿਨ੍ਹਾਂ ਦੇ ਪਤੀ ਤਾਂ ਪਤਾ ਨਹੀਂ ਚੰਨ ਵਰਗੇ ਸਨ ਕਿ ਨਹੀਂ ਪਰ ਉਨ੍ਹਾਂ ਨੂੰ ਚਾਨਣੀਆਂ ਰਾਤਾਂ ਨੇ ਸਾਰੀ ਉਮਰ ਵਖਤ ਪਾਈ ਰੱਖਿਆ।

ਇਤਿਹਾਸ ਭਾਵੇਂ ਇਹ ਕਹਿੰਦਾ ਰਹੇ ਕਿ ਲੜਾਈ ਜਾਂ ਯੁੱਧ ਦੇ ਅੰਤਲੇ ਹਿੱਸੇ ਨੇ ਹੀ ਜਿੱਤ ਦਾ ਨਿਰਣਾ ਕਰਨਾ ਹੁੰਦਾ ਹੈ ਪਰ ਕਾਲੀਆਂ ਨੇਰ੍ਹੀਆਂ ਉਨ੍ਹਾਂ ਪਰਿਵਾਰਾਂ 'ਤੇ ਚੜ੍ਹਨੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਪੁੱਤ ਜੰਗ ਨੇ ਖਾ ਲਏ ਹੁੰਦੇ ਨੇ। ਧੀਆਂ ਵੀ ਤੇ ਨੂੰਹਾਂ ਵੀ ਚਿੱਟੀ ਚੁੰਨੀ ਲੈਣ ਲੱਗ ਪਈਆਂ ਹੁੰਦੀਆਂ ਹਨ। ਉਨ੍ਹਾਂ ਲਈ ਚੰਨ ਨੂੰ ਗ੍ਰਹਿਣ ਲੱਗੇ ਜਾਂ ਨਾ ਲੱਗੇ ਕੁਝ ਵੀ ਫਰਕ ਨਹੀਂ ਪੈਣਾ ਹੁੰਦਾ।

ਸਿਆਣੇ ਕਹਿੰਦੇ ਹਨ ਕਿ ਵਰਤਮਾਨ, ਅਤੀਤ ਨਾਲ ਪਿੱਠ ਜੋੜ ਕੇ ਨਹੀਂ, ਹੱਥ ਜੋੜ ਕੇ ਖੜ੍ਹਾ ਹੁੰਦਾ ਹੈ ਤਾਂ ਕਿ ਭਵਿੱਖ ਵੱਲ ਸੰਭਲ ਕੇ ਖਿਸਕਿਆ ਜਾਵੇ ਪਰ ਕੌਣ ਦਾਅਵਾ ਕਰ ਸਕਦਾ ਹੈ ਕਿ ਧਰਮ ਦੇ ਨਾਂ 'ਤੇ ਚਲਦੀਆਂ ਮੀਂਹ ਵਾਂਗ ਗੋਲੀਆਂ ਦੀ ਵਾਛੜ ਨਿੱਤ ਧਰਮ ਦੇ ਠੇਕੇਦਾਰ ਕਹਾਉਣ ਵਾਲੇ ਮਨੁੱਖ ਨੇ ਕਿਤੇ ਧਰਮੀ ਹੋਣ ਦਾ ਸੰਕੇਤ ਵੀ ਦਿੱਤਾ ਹੋਵੇ? ਧਰਮ ਸ਼ਾਂਤੀ ਲਈ ਹੱਥ ਜੋੜ ਰਿਹਾ ਹੈ ਪਰ ਠੇਕੇਦਾਰ ਖੂਨ ਦੀ ਹੋਲੀ ਦੇ ਤਿਓਹਾਰ ਦੀ ਉਡੀਕ ਵਿਚ ਹਨ। ਇਕ ਸਟੇਜ 'ਤੇ ਪਹਿਲਾਂ ਤਰਕ ਦਿੱਤਾ ਜਾ ਰਿਹਾ ਸੀ, ਫਿਰ ਦਲੀਲਾਂ ਦੀ ਗੱਲ ਤੁਰ ਪਈ, ਫਿਰ ਤਲਖੀ ਆ ਗਈ ਤੇ ਫਿਰ ਧਰਮ ਦਾ ਝੰਡਾ ਉਪਰ ਉਠਿਆ, ਚਿੰਨ੍ਹ ਚਮਕਿਆ, ਜੈਕਾਰੇ ਨਾਅਰਿਆਂ ਵਿਚ ਬਦਲੇ ਤੇ ਇਕੱਠ ਹਜ਼ੂਮ ਵਿਚ ਬਦਲ ਗਿਆ। ਪਹਿਲਾਂ ਸਾਈਕਲ, ਫਿਰ ਸਕੂਟਰ, ਫਿਰ ਕਾਰ ਤੇ ਬੱਸ ਜਲਣ ਦੇ ਨਾਲ ਹੀ ਅੱਗ ਦੀਆਂ ਲਪਟਾਂ ਘਰਾਂ 'ਚੋਂ ਨਿਕਲਣ ਲੱਗ ਪਈਆਂ। ਧਰਮੀ ਬੰਦਿਆਂ ਹੱਥੋਂ ਬੇਪੱਤ ਇਨਸਾਨੀਅਤ ਨੂੰ ਫਿਰ ਨਫਰਤ ਤੇ ਬੋਅ ਮਾਰਦੇ ਕਫਨ ਵਿਚ ਲਪੇਟ ਦਿੱਤਾ ਗਿਆ।

ਗੱਲਾਂ ਸੰਤਾਲੀ ਦੀਆਂ ਰੋ ਰੋ ਕੇ ਸੁਣਦੇ ਤੇ ਸੁਣਾਉਂਦੇ ਆਏ ਸਾਂ ਫਿਰ ਸੈਂਤੀ ਸਾਲਾਂ ਬਾਅਦ ਚੁਰਾਸੀ ਵਿਲਕਣ ਲੱਗ ਪਿਆ। ਅੱਖਾਂ ਦੇਖਣ ਦਾ ਕੰਮ ਕਰਨ ਤੋਂ ਮਨ੍ਹਾਂ ਕਰ ਦੇਂਦੀਆਂ ਨੇ ਜਦੋਂ ਦਿਲ ਵਿਲਕਦਾ ਹੋਵੇ।

ਸੁਨਹਿਰੀ ਯੁੱਗ ਅਸੀਂ ਆਪਣੀ ਉਮਰ ਵਿਚ ਨਹੀਂ ਦੇਖਿਆ। ਦੇਖਣ ਦੀ ਆਸ ਵੀ ਨਹੀਂ ਪਰ ਚੇਤੇ ਦੀ ਪੀੜ੍ਹਾ ਕਿਸੇ ਦੀ ਫਿਰ ਵਿੰਨ੍ਹੀ ਜਾਵੇ ਤਾਂ ਮੁਆਫੀ ਹੀ ਚਾਹਾਂਗਾ। ਸੱਥਾਂ ਊਂ ਏਦਾਂ ਜੁੜਦੀਆਂ ਤਾਂ ਬਹੁਤ ਥਾਂਵਾਂ 'ਤੇ ਹੋਣਗੀਆਂ।

'ਨਛੱਤਰਾ ਵੇਖ ਲਾ ਦੀਪੇ ਸਾਲੇ ਨੇ ਬੁੜੀ ਮਾਰ 'ਤੀ। ਇਨ੍ਹਾਂ ਕੰਜਰਾਂ ਦਾ ਭਰ ਕੇ ਬੇੜਾ ਡੁੱਬਣਾ,' ਬੰਤਾ ਸਿਹੁੰ ਨੇ ਬੋਹੜ ਦੇ ਥੜੇ ਨਾਲ ਸਾਈਕਲ ਖੜਾ ਕਰਦਿਆਂ ਅੰਦਰੋਂ ਫੂਕ ਮਾਰੀ।

'ਬੰਤਾ ਸਿੰਹਾਂ ਗੱਲ ਇਹ ਆ ਬਈ ਇਨ੍ਹਾਂ ਦਾ ਬੇੜਾ ਬਚਿਆ ਕਿਥੇ ਆ ਜਿਹੜਾ ਡੁੱਬ ਜੂ? ਇਨ੍ਹਾਂ ਸਾਲਿਆਂ ਦੇ ਤਾਂ ਕੀੜੇ ਵੀ ਨਹੀਂ ਪੈਣੇ।' ਨਛੱਤਰ ਸਿਹੁੰ ਨੇ ਵੀ ਬਰਾਬਰ ਦੀ ਹੀ ਕਰ ਦਿੱਤੀ।

'ਕੀੜੇ ਤਾਂ ਖੈਰ ਸਾਲਿਆਂ ਦੇ ਪੈਣੇ ਚਾਹੀਦੇ ਈ ਆ।'

'ਕੀੜੇ ਤਾਂ ਇਨ੍ਹਾਂ ਦੇ ਤਾਂ ਨ੍ਹੀਂ ਪੈਣੇ, ਕੀੜਿਆਂ ਨੇ ਵੀ ਸੋਚਣਾ ਬਈ ਐਨੇ ਗੰਦੇ ਬੰਦਿਆਂ ਦੇ ਕਾਹਨੂੰ ਪੈਣੈ।'

'ਸੰਤਾਂ ਸਿਹੁੰ ਤਾਂ ਸਾਲਾ ਭਰਾ ਦਾ ਟੱਬਰ ਮਾਰ ਕੇ ਜੇਲ੍ਹ 'ਚ ਅੱਠੀਂ ਨੌਈਂ ਸਾਲੀਂ ਮਰਿਆ ਸੀ, ਇਹ ਸਾਲੇ ਕੰਜਰ ਦੇ ਦੀਪੇ ਨੇ ਤਾਂ ਛੇ ਮਹੀਨੇ ਨ੍ਹੀਂ ਕੱਟਣੇ। ਉਹ ਤਾਂ ਭੁੱਕੀ ਦਾ ਭੰਨ੍ਹਿਆ ਮਾੜਾ ਮੋਟਾ ਜੀ ਗਿਆ ਸੀ, ਸਮੈਕੀਏ ਸਾਲੇ ਤਾਂ ਚੌਵੀ ਘੰਟੇ ਬਾਅਦ ਮਰਨ ਨੂੰ ਫਿਰਦੇ ਆ।' ਹਜ਼ੂਰਾ ਸਿਹੁੰ ਨੇ ਵੀ ਸਾਫੇ ਨਾਲ ਮੂੰਹ ਪੂੰਝਦਿਆਂ ਥੜ੍ਹੇ 'ਤੇ ਚੂਲਾ ਟਿਕਾ ਲਿਆ।

'ਬਈ ਨਛੱਤਰਾ ਮੈਨੂੰ ਤਾਂ ਲੱਗਦਾ ਬਈ ਧਰਮ ਰਾਜ ਨੇ ਨਰਕ ਦੇ ਨਕਸ਼ੇ ਦੀ ਨਕਲ ਇਨ੍ਹਾਂ ਨੂੰ ਭੇਜੀ ਹੋਣੀ ਆ, ਧੰਨੋ ਤਾਂ ਰੱਜ ਕੇ ਚੰਗੀ ਸੀ ਪਰ ਰੱਬ ਨੇ ਲੇਖ ਏਨੇ ਮਾੜੇ ਲਿਖੇ ਜਿਵੇਂ ਉਥੇ ਵੀ ਬੱਤੀ ਚਲੀ ਗਈ ਹੋਵੇ ਤੇ ਰੱਬ ਹਨੇਰੇ ਵਿਚ ਕਲਮ ਦਵਾਤ ਚੱਕੀ ਫਿਰਦਾ ਹੋਵੇ।'

'ਬਈ ਬੰਤਿਆ ਇਹ ਨਜ਼ਰ ਕਿਹਦੀ ਲੱਗੀ ਏ ਏਸ ਟੱਬਰ ਨੂੰ? ਇਹ ਘਰ ਵਿਚ ਹੀ ਇਕ ਦੂਜੇ ਨੂੰ ਮਾਰ ਕੇ ਮਰੀ ਜਾਂਦੇ ਆ।'

'ਬਈ ਮੈਨੂੰ ਤਾਂ ਬਹੁਤਾ ਪਤਾ ਨਹੀਂ। ਆਹ, ਬੁੜ੍ਹਾ ਫੱਗਣ ਸਿਹੁੰ ਆਉਂਦਾ ਇਹਨੂੰ ਪੁੱਛ ਲੈ ਸਾਰੀ ਗੱਲ।' ਬੁੜ੍ਹੇ ਫੱਗਣ ਸਿਹੁੰ ਨੇ ਵੀ ਆਉਂਦੇ ਨੇ ਜਿਵੇਂ ਗੱਲ ਬੋਚ ਲਈ ਹੋਵੇ, 'ਸੱਚੀਂ ਅਨਰਥ ਹੋਇਆ। ਕੁੱਤੇ ਦੀਪੇ ਨੇ ਦੋ ਕਨਾਲਾਂ ਦੀ ਖਾਤਰ ਮਾਂ ਮਾਰ'ਤੀ। ਕੱਲ ਦੀਪਾ ਸਾਲਾ ਸ਼ਾਹੂਕਾਰ ਦਿਆਲੇ ਨੂੰ ਗੰਢ-ਸੰਡ ਕਰਕੇ ਲਿਆਇਆ ਸੀ। ਉਹ ਧੰਨੋ ਨੂੰ ਕਹੇ, ਲਾ ਵਹੀ 'ਤੇ ਗੂਠਾ ਪਰ ਉਹ ਕਹਿੰਦੀ, 'ਮੈਂ ਨਹੀਂ ਸੂਤ ਭਰ ਵੀ ਵੇਚਣੀ, ਬਾਕੀ ਤਾਂ ਸਾਰੀ ਵੇਚ ਲਈ ਇਹ ਮੇਰੇ ਸਾਹਾਂ ਨਾਲ ਹੀ ਜਾਊ।'

'ਸਾਲੇ ਦੀਪੇ ਨੇ ਨਸ਼ਾ ਪੱਤਾ ਖਰੀਦਣਾ ਸੀ, ਅੱਜ ਵਿਚਾਰੀ ਦੇ ਕੱਢ'ਤੇ ਸਾਹ। ਲੈਗੀ ਹੁਣ ਪੁਲਸ। ਬਣਾਉਣਗੇ ਬੰਦਾ।'

'ਉਹ ਜ਼ਮਾਨਾ ਗਿਆ, ਬਾਂਦਰਾਂ ਤੋਂ ਹੁਣ ਨਹੀਂ ਬੰਦੇ ਬਣਨੇ, ਚੱਲ ਤਾਇਆ ਤੂੰ ਗੱਲ ਤਾਂ ਦੱਸ, ਏਨੀਂ ਵਿਰਾਨੀ ਇਨ੍ਹਾਂ 'ਤੇ ਪਈ ਕਿਉਂ?'

'ਜ਼ਰਾ ਸੁਆਰ ਹੋ ਕੇ ਬਹਿ ਲਓ, ਕਹਾਣੀ ਬੜੀ ਲੰਬੀ ਐ ਤੇ ਹੈ ਵੀ ਬੜੀ ਧਾਂਹੀਂ ਰੁਆਉਣ ਵਾਲੀ। ਇਹ ਜਿਹੜਾ ਦੀਪੇ ਦਾ ਪਿਓ ਸੀ ਨੱਥੂ, ਇਹ ਨਾਨਕੀਂ ਆਇਆ ਸੀ। ਨਾਨੇ ਕਰਤਾਰ ਸਿਹੁੰ ਦੇ ਕੋਈ ਮੁੰਡਾ ਨਹੀਂ ਸੀ। ਇਹ ਸਾਰਾ ਪਿੰਡ ਤਾਂ ਸਮਝਦਾ ਸੀ ਕਿ ਫੱਤੂ ਤੇ ਨੱਥੂ ਦੋਵੇਂ ਸਕੇ ਭਰਾ ਆ। ਤੀਹ ਚਾਲੀ ਸਾਲ ਕਿਸੇ ਨੂੰ ਪਤਾ ਵੀ ਨਹੀਂ ਲੱਗਾ। ਜਦੋਂ ਕਰਤਾਰ ਸਿੰਘ ਮਰਿਆ ਤਾਂ ਦੋਹਤਿਆਂ ਨੂੰ ਜ਼ਮੀਨ ਵੰਡ ਕੇ ਦੇ ਗਿਆ, ਤਿੰਨ-ਤਿੰਨ ਕੀਲੇ। ਨੱਥੂ ਭੁੱਕੀ ਛਕਦਾ ਸੀ, ਉਹਨੇ ਕੰਜਰ ਨੇ ਦੋ ਢਾਈ ਕੀਲੇ ਵੇਚ ਵੱਟ ਕੇ ਖਾ ਲਏ।'

'ਤਾਇਆ ਦੋਹਾਂ ਭਰਾਵਾਂ ਦਾ ਇਤਫਾਕ ਤਾਂ ਬੜਾ ਸੀ ਫੇਰ ਬਰਬਾਦੀ ਦਾ ਸੇਕ ਕਿੱਥੋਂ ਪੈ ਗਿਆ?'

'ਉਹ ਨਛੱਤਰਾ ਜਾਂ ਤਾਂ ਮੇਰੀ ਗੱਲ ਧਿਆਨ ਨਾਲ ਸੁਣੀ ਜਾ, ਜਾਂ ਏਥੋਂ ਉਠ ਕੇ ਚਲਿਆ ਜਾ। ਮੈਨੂੰ ਪਤਾ ਤੇਰੀ ਕਤੂਰੇ ਵਾਂਗੂ ਜੀਭ ਅੰਦਰ ਨ੍ਹੀਂ ਵੜ੍ਹਨੀ। ਕਿੱਡੇ ਕਿੱਡੇ ਮੋਟੇ ਬੁੱਲ ਆ, ਊਠ ਅਰਗੇ ਸਾਲੇ ਦੇ।'

'ਮੈਂ ਭਲਾ ਤੀਵੀਂ ਜਿਹੜੀ ਸੁਰਖੀ ਲਾਉਣੀ ਆ ਬੁੱਲਾਂ ਨੂੰ, ਤੂੰ ਅੱਗੇ ਸੁਣਾ, ਹੁਣ ਨੀ ਬੋਲਦਾ।'

'ਨੱਥੂ ਤੇ ਫੱਤੂ ਹਰ ਗੱਲ ਸਾਂਝੀ ਕਰਦੇ ਸਨ। ਜਿਥੇ ਜਾਣਾ 'ਕੱਠਿਆਂ ਨੇ ਜਾਣਾ, ਕੱਠਿਆਂ ਨੇ ਖਾਣਾ-ਪੀਣਾ। ਫੱਤੂ ਵਰਜਦਾ ਵੀ ਬਹੁਤ ਸੀ ਕਿ ਨਾ ਕਰ ਨਸ਼ੇ ਪੱਤੇ। ਚਲੋ ਖੈਰ! ਭਰਾਵਾਂ 'ਚ ਮਨ ਮੁਟਾਵ ਤਾਂ ਮਾੜਾ-ਮੋਟਾ ਹੋ ਹੀ ਜਾਂਦਾ ਹੈ। ਨੱਥੂ ਨੇ ਕਹਿਣਾ ਮੇਰੇ ਤਾਂ ਕੱਲਾ ਦੀਪਾ ਈ ਆ, ਤੇਰੇ ਦੋ ਕੁੜੀਆਂ, ਤੂੰ ਰੱਖ ਸਾਂਭ ਕੇ, ਲੈਜੀਂ ਹਿੱਕ ਨਾਲ ਲਾ ਕੇ।'

'ਇਨ੍ਹਾਂ ਦਾ ਪਿੰਡ ਕਿਹੜਾ ਸੀ ਭਲਾ?' ਫਿਰ ਬੰਤਾ ਸਿਹੁੰ ਬੋਲ ਪਿਆ।

'ਤੈਂ ਵਿੰਗਿਆ ਜਿਹਾ ਅੰਬ ਲੈਣੇ ਆ ਪਿੰਡ ਤੋਂ, ਮੈਨੂੰ ਗੱਲ ਕਰਨ ਦੇ। ਅਸਲ ਵਿਚ ਇਹ ਪੁਆੜਾ ਤਾਂ ਸਾਲਾ ਊਂ ਪਿੰਡ ਜਾਣ ਕਰਕੇ ਹੀ ਪਿਆ। ਕਿਤੇ ਇਨ੍ਹਾਂ ਦੇ ਪਿੰਡ ਦਾ ਇਕ ਬਜ਼ੁਰਗ ਮਰ ਗਿਆ ਸੀ, ਠਾਕੁਰ ਸਿੰਘ, ਉਹ ਹੁੰਦਾ ਸੀ ਇਨ੍ਹਾਂ ਦੇ ਪਿਓ ਬੇਲਾ ਸਿੰਘ ਦਾ ਆੜੀ ਪੱਕਾ, ਰੌਲਿਆਂ ਵੇਲੇ ਦਾ। ਸਾਰਾ ਪਿੰਡ ਉਹਦਾ ਸਤਿਕਾਰ ਬੜਾ ਕਰਦਾ ਸੀ। ਇਹ ਨੱਥੂ ਕਿਤੇ ਉਹਦੇ ਅਫਸੋਸ ਨੂੰ ਪਿੰਡ ਗਿਆ। ਉਥੇ ਸੱਥ 'ਚ ਬੈਠਿਆਂ ਦੀ ਗੱਲ ਤੁਰ ਪਈ ਕਿ ਬੇਲਾ ਸਿਹੁੰ ਏਨਾ ਚੰਗਾ ਬੰਦਾ ਸੀ ਕਿ ਜਿੱਦਣ ਰੌਲੇ ਪਏ, ਉਹਨੇ ਪਿੰਡ ਦੇ ਭਰਾਈ ਫਜ਼ਲ ਦੀਨ ਨੂੰ ਆਪਣੇ ਘਰ ਲੁਕੋ ਲਿਆ ਸੀ। ਸੱਤ ਅੱਠ ਮਹੀਨੇ ਦਾ ਉਹਦੇ ਕੋਲ ਮੁੰਡਾ ਸੀ। ਉਹਦੀ ਘਰ ਵਾਲੀ ਫਾਤਿਮਾ ਤੇ ਦੋ ਧੀਆਂ ਜ਼ਾਲਮਾਂ ਨੇ ਫਿਰਕੂ ਨਫਰਤ ਦੀ ਅੱਗ ਵਿਚ ਫੂਕ ਦਿੱਤੀਆਂ ਸਨ। ਬੇਲਾ ਸਿਹੁੰ ਨੇ ਦਾਣੇ ਪਾਉਣ ਵਾਲੀ ਕੋਠੀ 'ਚ ਫਜ਼ਲਦੀਨ ਤੇ ਉਹਦੇ 7-8 ਮਹੀਨੇ ਦੇ ਪੁੱਤਰ ਮੁਹੰਮਦ ਅਸਲਮ ਦੀ ਜਾਨ ਬਚਾਉਣ ਲਈ ਲੁਕੋਇਆ ਹੋਇਆ ਸੀ। ਪੰਦਰਾਂ-ਵੀਹ ਦਿਨ ਏਦਾਂ ਹੀ ਲੰਘ ਗਏ। ਨਾ ਬੇਲਾ ਸਿਹੁੰ ਨੇ ਉਘ-ਸੁੱਘ ਨਿਕਲਣ ਦਿੱਤੀ ਤੇ ਨਾ ਉਹਦੀ ਘਰ ਵਾਲੀ ਸੰਤ ਕੌਰ ਨੇ ਹਮਦਰਦੀ ਦੀ ਭਾਫ ਬਾਹਰ ਨਿਕਲਣ ਦਿੱਤੀ।'

'ਤਾਇਆ ਗੱਲ ਤਾਂ ਦੀਪੇ ਦੀ ਕਰਦੇ ਸੀ ਤੂੰ ਕਿੱਥੇ ਫਜ਼ਲਦੀਨ ਵੱਲ ਨੂੰ ਚਲਾ ਗਿਐਂ।'

'ਕੰਜਰ ਦਿਆ ਬੂਲੀ ਕੁੱਤੇ ਵਰਗਾ ਮੂੰਹ ਐ ਤੇਰਾ, ਪਾਟਿਆ ਵੀ ਕੰਨਾ ਤੱਕ ਐ, ਭੌਂਕੀ ਜਾਨੈਂ, ਜੇ ਬਹਿਣਾ ਤਾਂ ਚੁੱਪ ਕਰਕੇ ਬਹਿ ਜਾਹ, ਨਹੀਂ ਤਾਂ ਮੈਂ ਤੇਰੇ ਖੂੰਡੀ ਮਾਰਨੀ ਐ ਮੌਰਾਂ 'ਚ।'

ਬੰਤਾ ਸਿਹੁੰ ਕਹਿਣ ਲੱਗਾ, 'ਤਾਇਆ ਤੂੰ ਆਪਣੀ ਗੱਲ ਕਰੀ ਜਾ, ਇਹਨੂੰ ਠੇਲੇ ਜਿਹੇ ਨੂੰ ਰੁੜ੍ਹੀ ਜਾਣ ਦੇਹ, ਐਡਾ ਭੈੜਾ ਕਿ ਇਹਦੇ ਮੂੰਹ ਵਿਚ ਜੁੱਤੀ ਦੇਈ ਜਾਓ, ਇਹਨੇ ਫਿਰ ਵੀ ਨਹੀਂ ਹਟਣਾ।'

ਕਿਤੇ ਪਿੰਡ ਦੇ ਲੰਬੜਦਾਰ ਨੇ ਬੇਲਾ ਸਿੰਘ ਦੇ ਘਰ ਕੋਲ ਦੀ ਲੰਘਦਿਆਂ ਜੁਆਕ ਦੇ ਰੋਣ ਦੀ 'ਵਾਜ ਸੁਣ ਲਈ। ਪਾ 'ਤਾ ਪਿੰਡ 'ਚ ਰੌਲਾ ਲੁੱਚੇ ਨੇ ਬਈ ਬੇਲਾ ਸਿਓਂ ਨੇ ਮੁਸਲਮਾਨ ਲੁਕੋਏ ਆ। ਭੂਤਰੀ ਮੁੰਡੀਰ ਲਹੂ ਨਾਲ ਲਿੱਬੜੀਆਂ ਉਹੀ ਤਲਵਾਰਾਂ ਲੈ ਕੇ ਫਿਰ ਹਰਲ ਹਰਲ ਕਰਦੀ ਆ ਵੜੀ। ਕੱਢ ਲਿਆ ਫਜ਼ਲਦੀਨ ਕੋਠੀ ਵਿਚੋਂ। ਧਾਹਾਂ ਮਾਰੇ, ਕੁੱਛੜ ਚੁੱਕਿਆ ਜੁਆਕ ਉਚੀ ਉਚੀ ਰੋਵੇ। ਬਥੇਰੇ ਤਰਲੇ ਕਰੇ ਕਿ ਮੈਨੂੰ ਮਾਰੋ ਨਾ ਮੈਂ ਪਿੰਡ ਦਾ ਵੱਗ ਚਾਰਿਆ ਕਰੂੰ, ਮੇਰਾ ਪੁੱਤ ਤੁਹਾਨੂੰ ਪਾਣੀ ਪਿਆਇਆ ਕਰੂ, ਗੰਦ ਢੋ ਦਿਆ ਕਰੂ ਸਾਰੇ ਪਿੰਡ ਦਾ। ਪਰ ਭੂਤਰੇ ਕਹਿਣ, ਤੂੰ ਚਲਾਕੀ ਕੀਤੀ ਐ, ਲੁਕ ਗਿਆ ਸੀ, ਤੈਨੂੰ ਦੱਸਦੇ ਆਂ, ਤੇਰੇ ਤਾਂ ਟੁਕੜੇ ਕਰਨੇ ਆ।

ਬੇਲਾ ਸਿਹੁੰ ਤੇ ਸੰਤ ਕੌਰ ਨੇ ਵੀ ਉਨ੍ਹਾਂ ਦੇ ਪੈਰਾਂ 'ਚ ਪੱਗ ਤੇ ਚੁੰਨੀ ਧਰੀ, ਵੇ ਜ਼ਾਲਮੋਂ ਨਾ ਮਾਰੋ। ਪਰ ਕਿੱਥੇ? ਧੂਹ ਕੇ ਉਸੇ ਪੁਰਾਣੇ ਬੋਹੜ ਥੱਲੇ ਲੈ ਗਏ ਜਿਥੇ ਕਈ ਦਿਨ ਬੇਕਸੂਰੇ ਤੇ ਮਸੂਮਾਂ ਦੀ ਰੱਤ ਡੁੱਲਦੀ ਰਹੀ ਸੀ। ਫਜ਼ਲਦੀਨ ਨੂੰ ਕਹਿੰਦੇ 'ਇਹਦਾ ਨੰਬਰ ਬਾਅਦ ਵਿਚ ਆਊਗਾ, ਇਹਨੂੰ ਪਰ੍ਹੇ ਰੱਖ ਹਾਲੇ, ਨਿੱਕੀ ਸੂਲ ਅਸਲਮ ਨੂੰ' ਤੇ ਚੀਕ ਮਾਰ ਕੇ ਫਜ਼ਲਦੀਨ ਨੇ ਆਪਣੀਆਂ ਆਂਦਰਾਂ ਦਾ ਗੁੱਛਾ ਹੇਠਾਂ ਬਿਠਾ ਦਿੱਤਾ।

ਕਹਿੰਦੇ ਨੇ, ਬੱਚਾ ਸਹਿਮ ਗਿਆ, ਰੋਣਾ ਚੁੱਪ, ਜਿਵੇਂ ਉਹਦਾ ਉਪਰ ਵਾਲੇ ਨੇ ਮਰਨ ਤੋਂ ਪਹਿਲਾਂ ਹੀ ਸਾਹ ਸੂਤ ਲਿਆ ਹੋਵੇ। ਲੁੱਡੀਆਂ ਪਾਉਂਦੀ, ਲਲਕਾਰੇ ਮਾਰਦੀ ਭੀੜ ਨੇ ਲੰਘਾ'ਤੀ ਢਿੱਡ ਵਿਚ ਦੀ ਫਿਰ ਪਹਿਲੀ ਖੂਨੀ ਤਲਵਾਰ। ਫਜ਼ਲਦੀਨ ਦਾ ਸਰੀਰ ਪਲਾਂ ਵਿਚ ਹੀ ਟੁਕੜੇ ਟੁਕੜੇ ਕਰ ਦਿੱਤਾ, ਖੂਨ ਦਾ ਛੱਪੜ ਲੱਗ ਗਿਆ। ਢਲਦੇ ਸੂਰਜ ਦੀਆਂ ਜਿਵੇਂ ਲੇਰਾਂ ਨਿੱਕਲ ਗਈਆਂ ਤੇ ਪਤਾ ਨਹੀਂ ਇਹ ਜ਼ਾਲਮ ਰਾਖਸ਼ ਫਿਰ ਕਿਥੇ ਨੂੰ ਭੰਗੜੇ ਪਾਉਂਦੇ ਚਲੇ ਗਏ।

'ਤਾਇਆ, ਉਸ ਮਸੂਮ ਦਾ ਕੀ ਬਣਿਆ?'

'ਆਹ ਤਾਂ ਨਛੱਤਰਾ ਤੇਰੀ ਗੱਲ ਪੁੱਛਣ ਵਾਲੀ ਐ। ਕਿਤੇ ਅੱਧੀ ਰਾਤ ਨੂੰ ਬੇਲਾ ਸਿਉਂ ਨੂੰ ਵੀ ਚੇਤਾ ਆਇਆ ਕਿ ਜੁਆਕ ਦਾ ਕੀ ਬਣਿਆ? ਉਹ ਬਿਸਤਰੇ ਵਿਚੋਂ ਉਠਿਆ ਤੇ ਉਸੇ ਬੋਹੜ ਹੇਠ ਜਾ ਪਹੁੰਚਿਆ। ਉਹਨੇ ਆਲਾ-ਦੁਆਲਾ ਵੇਖਿਆ, ਮੁਹੰਮਦ ਅਸਲਮ ਕਿਤੇ ਵੀ ਨਜ਼ਰੀਂ ਨਹੀਂ ਸੀ ਪੈਂਦਾ। ਫਿਰ ਉਹਨੇ ਲਾਲਟੈਨ ਦੀ ਪੂਰੀ ਬੱਤੀ ਚੱਕ ਕੇ ਵੀ ਲੱਭਣ ਲਈ ਨਿਗ੍ਹਾ ਮਾਰੀ ਪਰ ਬਾਲੜੀ ਜਿੰਦ ਕਿਤੇ ਵੀ ਦਿਖ ਨਹੀਂ ਰਹੀ ਸੀ। ਫਜ਼ਲਦੀਨ ਦੇ ਲੋਥੜਿਆਂ ਤੋਂ ਧੌੜੀ ਦੀ ਜੁੱਤੀ ਦਾ ਪੈਰ ਜਦੋਂ ਤਿਲਕ ਕੇ ਬੇਲਾ ਸਿਹੁੰ ਡਿਗਿਆ ਤਾਂ ਲਾਲਟੈਨ ਤਾਂ ਦੂਰ ਕਿਤੇ ਜਾ ਡਿਗੀ ਪਰ ਉਹਦਾ ਇਕ ਹੱਥ ਬੋਹੜ ਦੀ ਖੁੱਡ ਵਿਚ ਜਾ ਪਿਆ। ਉਹੀ ਕੱਚੀ ਗੰਦਲ ਅਸਲਮ ਜਿਵੇਂ ਰੁੜ੍ਹ ਕੇ ਉਥੇ ਲੁਕ ਕੇ ਬੈਠ ਗਿਆ ਹੋਵੇ। ਉਹਨੇ ਕੱਢਿਆ, ਚੁੰਮ ਕੇ ਮੱਥੇ ਨਾਲ ਲਾਇਆ, ਜੁੱਤੀ ਦਾ ਦੂਆ ਪੈਰ ਵੀ ਉਥੇ ਲਾਹ ਕੇ ਸੁੱਟਿਆ ਤੇ ਭੱਜਾ ਸੰਤ ਕੌਰ ਦੇ ਗਲ ਜਾ ਲੱਗਿਆ। 'ਧਾਹ ਤਾਂ ਨਹੀਂ ਮਾਰੀ ਪਰ ਅੰਦਰ ਵਿਲ੍ਹਕਿਆ, ਸੰਤ ਕੌਰੇ ਫਜ਼ਲਦੀਨ ਦੀ ਨਿਸ਼ਾਨੀ ਬਚਾ ਲਿਆਇਆਂ, ਇਹਦੇ ਮੂੰਹ 'ਚ ਪਾਣੀ ਦਾ ਚਮਚਾ ਪਾ, ਮੈਂ ਸੈਕਲ ਕੱਢਦਾਂ, ਆਪਾਂ ਇਹ ਪਿੰਡ ਹੁਣੇ ਹੀ ਛੱਡ ਦੇਣੈ ਤੇ ਬੇਲਾ ਸਿਹੁੰ ਦਿਨ ਚੜ੍ਹਦੇ ਨੂੰ ਪੁੱਜ ਗਿਆ ਏਸ ਪਿੰਡ ਵਿਚ ਆਪਣੇ ਸਹੁਰੀਂ।'

'ਇਹ ਜਿਹੜਾ ਫੱਤੂ ਆ, ਇਹ ਉਹੀ ਫੱਤੂ ਆ ਜਿਹੜਾ ਫਜ਼ਲਦੀਨ ਸੀ।' ਮਸੋਸ (ਅਫਸੋਸ) ਲਈ ਜੁੜੇ ਲੋਕਾਂ ਵਿਚ ਨੱਥਾ ਸਿਹੁੰ ਉਠ ਕੇ ਖੜਾ ਹੋ ਗਿਆ। ਚੀਕ ਕੇ ਬੋਲਿਆ ਫਿਰ ਫੱਤੂ ਮੇਰਾ ਭਰਾ ਨਹੀਂ ਸੀ ਸਕਾ?

ਲੋਕਾਂ ਨੇ ਕਿਹਾ 'ਉਹ ਬਹਿ ਜਾ ਬਹਿ ਜਾ ਉਹ ਤਾਂ ਤੇਰਾ ਸਕਿਆਂ ਤੋਂ ਵੀ ਵੱਧ ਐ।'

ਗੁੱਸੇ ਅਤੇ ਨਫਰਤ 'ਚ ਮੱਚਦਾ ਨੱਥਾ ਸਿਹੁੰ ਰੌਲਿਆਂ ਨੂੰ ਭੁੱਲ ਗਿਆ ਤੇ ਸਿੱਧੇ ਆਉਂਦੇ ਨੇ ਫੱਤੂ ਨਾਲ ਰੌਲਾ ਪਾ ਲਿਆ। ਧੂਹ ਲਈ ਤਲਵਾਰ ਮਿਆਨ 'ਚੋਂ, ਦੋਏਂ ਧੀਆਂ ਬਚਨੀ ਅਤੇ ਪਾਲੋ ਮਾਰ ਮੁਕਾਈਆਂ, ਫਿਰ ਆਪਣੀ ਭਰਜਾਈ ਬੰਤੀ। ਤੇ ਜਦੋਂ ਫੱਤੂ ਦੇ ਢਿੱਡ ਚੀਂ ਲੰਘਾਉਣ ਲੱਗਾ ਤਾਂ ਤਰਲਾ ਇਕ ਵੇਰ ਫੇਰ ਉਠਿਆ। ਫੱਤੂ ਕਹਿਣ ਲੱਗਾ, 'ਮੇਰੀ ਗੱਲ ਤਾਂ ਸੁਣ ਲੈ।' ਪਰ ਕਿਥੇ? ਗੁੱਸੇ 'ਚ ਉਬਲਦਾ ਨੱਥੂ ਕਹੇ, ਤੂੰ ਤਾਂ ਵਾਘਿਓਂ ਪਾਰ ਹੋਣਾ ਚਾਹੀਦਾ ਸੀ ਇਥੇ ਕਿੱਦਾਂ? ਤੂੰ ਤਾਂ ਭਰਾਈਆਂ ਦਾ ਮੁੰਡਾ ਸੀ ਤੇ ਮੈਂ ਸਰਦਾਰਾਂ ਦਾ। ਤੇ ਢਿੱਡ ਵਿਚੋਂ ਦੀ ਜਦੋਂ ਦੋ ਪਾਸੀ ਤਲਵਾਰ ਲੰਘੀ ਤਾਂ ਫੱਤੂ ਚੀਕਿਆ, 'ਉਹ ਮੇਰਿਆ ਡਾਢਿਆ! ਤੂੰ ਮੈਨੂੰ ਉਦੋਂ ਕਿਉਂ ਨਾ ਮਾਰਿਆ ਜਦੋਂ ਮੈਂ ਕੱਲ੍ਹਾ ਸੀ, ਉਦਣ ਮਰ ਜਾਂਦਾ ਤਾਂ ਚੰਗਾ ਹੁੰਦਾ, ਇਹ ਤਿੰਨ ਜਿੰਦੜੀਆਂ ਮੇਰੇ ਨਾਲ ਮਜਹਬ ਦੀ ਬਲੀ ਨਾ ਚੜ੍ਹਦੀਆਂ, ਉਹ ਨੀਲੀ ਛੱਤ ਵਾਲਿਆ ਕਾਹਨੂੰ ਖੋਲ੍ਹਣਾ ਸੀ ਇਹ ਭੇਤ?' ਕਿਥੇ ਆ ਤੇਰਾ ਧਰਮ, ਤੇ ਕਿਹੜੇ ਤੇਰੇ ਮਜਹਬ? ਬਚਨੀ ਤਾਂ ਨੱਥੂ ਦੇ ਬੱਚਿਆਂ ਦੀ ਮਾਸੀ ਵੀ ਲੱਗਦੀ ਸੀ ਤੇ ਤੂੰ ਦੱਸ ਤਾਂ ਸਹੀਂ ਫਿਰ ਇਨ੍ਹਾਂ ਦੀਆਂ ਰਗਾਂ ਵਿਚ ਕਿਹੜੇ ਮਜਹਬ ਦਾ ਖੂਨ ਦੌੜਦਾ ਹੈ, ਤੇ ਨਿਕਲ ਗਿਆ ਘੰਡ ਵਿਚੋਂ ਆਖਰੀ ਸਾਹ।'

ਪਾਗਲ ਹੋਇਆ ਨੱਥੂ ਤਿੰਨ ਕਿੱਲਿਆਂ 'ਤੇ ਕਬਜ਼ਾ ਹੋਣ 'ਤੇ ਤਾਂ ਖੁਸ਼ ਸੀ ਪਰ ਧੂਹ ਕੇ ਪੁਲਿਸ ਨੇ ਜਦੋਂ ਜੀਪ ਵਿਚ ਸੁੱਟਿਆ ਤਾਂ ਉਹਨੂੰ ਨਹੀਂ ਪਤਾ ਸੀ ਕਿ ਜਿੱਦਣ ਮੇਰੀ ਲਾਸ਼ ਜੇਲ੍ਹ 'ਚੋਂ ਪਰਤੇਗੀ ਉਦਣ ਇਨ੍ਹਾਂ ਤਿੰਨਾਂ ਵਿਚੋਂ ਪੌਣੇ ਤਿੰਨ ਕੀਲੇ ਦੀਪੇ ਨੇ ਵੇਚ ਵੱਟ ਕੇ ਖਾ ਚੁੱਕਾ ਹੋਣਾ ਸੀ।

ਤੇ ਇਹ ਉਹ ਕੰਜਰ, ਲੁੱਚਾ ਤੇ ਕੁੱਤਾ ਦੀਪਾ ਆ ਜਿਹੜਾ ਨੱਥੂ ਦੀ ਔਲਾਦ ਐ, ਗੱਦਾਰ ਮੱਕਾਰ ਨੱਥੂ ਦੀ ਤੇ ਇਨ੍ਹਾਂ ਸਾਲਿਆਂ ਨੂੰ ਦੋਹੀਂ ਜਹਾਨੀ ਢੋਈ ਵੀ ਨਹੀਂ ਮਿਲਣੀ।'

'ਖੁੱਲ੍ਹ ਗਿਆ ਕਪਾਲ, ਅੱਛਾ ਇਹ ਨੱਥੂ ਤੇ ਫੱਤੂ, ਐਡੇ ਧਰਮੀ ਬਾਬਲ ਬੇਲਾ ਸਿਹੁੰ ਦੀ ਔਲਾਦ ਸੀ।'

'ਅੱਜ ਤਾਂ ਦਿਨ ਹੀ ਮਾੜਾ ਚੜ੍ਹਿਆ...ਅੱਜ ਤਾਂ ਮਨ ਹੀ ਖਰਾਬ ਹੋ ਗਿਆ...ਅੱਜ ਨ੍ਹੀਂ ਰੋਟੀ ਦਾ ਟੁੱਕ ਮੂੰਹ ਨੂੰ ਲਾਉਣਾ...ਕਦੇ ਕਿਸੇ ਮਜਹਬੀ ਅਸਥਾਨ 'ਤੇ ਸਿਰ ਨ੍ਹੀਂ ਨੀਵਾਂ ਕਰਨਾ ਤੇ ਨਾ ਮਜਹਬਾਂ ਦੇ ਨਾਂ 'ਤੇ ਨਫਰਤ ਫੈਲਾਉਣ ਵਾਲਿਆਂ ਦੇ ਹੱਕ 'ਚ ਕਦੇ ਮਜਹਬੀ ਜੈਕਾਰੇ ਛੱਡਣੇ ਨੇ।'

ਇਹ ਕਹਿੰਦਿਆਂ ਨਛੱਤਰ, ਬੰਤਾ ਤੇ ਹਜ਼ੂਰਾ ਸਿਹੁੰ ਉਠ ਕੇ ਤੁਰ ਪਏ। ਜਿਵੇਂ ਪਾਣੀਆਂ ਨੂੰ ਸੰਤਾਲੀ ਵਾਂਗ ਫਿਰ ਅੱਗ ਲੱਗ ਗਈ ਹੋਵੇ। ਲੱਗਦਾ ਨਹੀਂ ਧਰਮ ਤੇ 'ਮਜਹਬ' ਜਨੂੰਨੀ ਮਨੁੱਖ ਨੂੰ ਕੁਰਾਹੇ ਪਾਉਂਦੇ ਹੀ ਰਹਿਣਗੇ?

ਕਿਉਂਕਿ ਕਈ ਇੰਤਕਾਲ ਰੱਬ ਦੇ ਨਾਮ 'ਤੇ ਵੀ ਗਲਤ ਚੜ੍ਹੇ ਹੋਏ ਹਨ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਕਾਂ! ਹੁਣ ਉਹ ਨਾ...

ਗਾਲ੍ਹੜ ਨੇ ਪਟਵਾਰੀ ਬਣ ਗਏ, ਕੀਤਾ ਬਾਗ ਵੀਰਾਨ,
ਹੁਣ ਵੇ ਕਾਲਿਆ ਕਾਂਵਾਂ, ਤੈਥੋਂ ਬੰਦੇ ਵੱਧ ਸ਼ੈਤਾਨ।
ਫੋਨਾਂ ਉਤੇ ਮੈਸੇਜ ਹੋ ਗਏ, ਚਿੱਠੀ ਨਾ ਕੋਈ ਪਾਵੇ,
ਚੂਰੀ ਦਾ ਹੁਣ ਲਾਲਚ ਦੇ ਕੇ, ਤੈਨੂੰ ਕੌਣ ਉਡਾਵੇ।
ਚਿੜੀਆਂ ਦੇ ਅਰਮਾਨ ਵੀ ਹੋ ਗਏ, ਸਾਰੇ ਚਕਨਾਚੂਰ,
ਜਿਸਮ ਦੀ ਮੰਡੀ ਵਿਕ ਰਹੀ, ਹੁਣ ਫਿਰ ਬਸਰੇ ਦੀ ਹੂਰ।
ਬੇਸੁਰੇ ਹੁਣ ਹੋ ਰਹੇ ਨੇ, ਨਿੱਤ ਕੋਇਲਾਂ ਦੇ ਬੋਲ,
ਘੁੱਗੀਆਂ ਕਰਦੀਆਂ ਫਾਇਰ, ਤੇ ਇਥੇ ਇੱਲਾਂ ਚੁਗਦੀਆਂ ਖੋਲ਼।
ਮਿਹਣਾ ਕਾਲੇ ਰੰਗ ਦਾ, ਤੂੰ ਦਿੱਤਾ ਏ ਲਾਹ,
ਬੰਦਾ ਸਿਰ ਪੁਆ ਰਿਹੈ ਤੈਥੋਂ ਵੱਧ ਸੁਆਹ।
ਬੀਵੀ ਨੇ ਹੈ ਰੱਖਿਆ ਬੰਦਾ, ਤੱਕਲੇ ਵਾਂਗੂੰ ਚੰਡ,
ਵੇਖੀਂ ਆਥਣੇ ਸੁਬ੍ਹਾ ਨੂੰ, ਹੁੰਦੀ ਕਿੱਦਾਂ ਝੰਡ?
ਪੀ ਕੇ ਟਾਹਰਾਂ ਮਾਰਦੇ, ਸਿਰ ਤੋਂ ਲਾਹ ਕੇ ਛੱਤ,
ਬੱਤੀਆਂ ਬੁਝਣ 'ਤੇ ਹੋਂਵਦੀ, ਨ੍ਹੇਰੇ ਵਿਚ ਕੁਪੱਤ।
ਬਗਲਿਆਂ ਵਾਗੂੰ ਚਿੱਟੇ ਪਾ ਕੇ, ਘੁੰਮਦੇ ਵੇਖੀਂ ਚੋਰ,
ਠੇਕੇ ਮੂਹਰੇ ਪਾਏਗਾ, ਪੀ ਕੇ ਪੈਲ੍ਹਾਂ ਮੋਰ।
'ਭੌਰੇ' ਲੋਕ ਹਸਾ ਕੇ, ਵੇਖੀਂ ਬੈਠਾ ਰੋਵੇ ਭੰਡ,
ਰੱਸਾ ਛੋਟਾ ਹੋ ਗਿਆ, ਦੇਈਏ ਕਿੱਦਾਂ ਗੰਢ।

# ਆਰ.ਐਸ.ਐਸ. ਦੀ ਆਮਦ: ਅਜ਼ਮਾਇਸ਼ ਵਾਲਾ ਦੌਰ



## ਜੁਝਾਰੂ ਲੇਖਕਾ ਅਰੁੰਧਤੀ ਰਾਏ ਨਾਲ ਗੱਲਾਂ-ਬਾਤਾਂ

***ਜੁਝਾਰੂ ਲੇਖਕਾ ਅਰੁੰਧਤੀ ਰਾਏ ਜਿਸ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਹੈ, ਉਹ ਪ੍ਰੀਭਾਸ਼ਾ ਪੱਖੋਂ ਜ਼ਿਆਦਾਤਰ ਲੇਖਕਾਂ ਤੋਂ ਕਿਤੇ ਵਿਸ਼ਾਲ ਹੈ। ਪੱਤਰਕਾਰ ਸਬਾ ਨਕਵੀ ਨਾਲ ਗੱਲਬਾਤ ਵਿਚ ਉਹ ਦੱਸਦੀ ਹੈ ਕਿ ਕਿਸ ਮਾਹੌਲ ਨੇ ਉਸ ਦੀ ਸ਼ਖਸੀਅਤ ਦੇ ਨੈਣ-ਨਕਸ਼ ਘੜੇ, ਕਿਹੜੀ ਚੀਜ਼ ਉਸ ਨੂੰ ਹਰਕਤ ਵਿਚ ਰੱਖਦੀ ਹੈ ਅਤੇ ਉਹ ਕਿਸ ਕਾਰਨ ਲਿਖਣਾ ਸ਼ੁਰੂ ਕਰਦੀ ਹੈ। ਅੰਗਰੇਜ਼ੀ ਪਰਚੇ 'ਆਊਟਲੁਕ' ਵਿਚ ਛਪੀ ਇਸ ਇੰਟਰਵਿਊ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਇੰਟਰਵਿਊ ਵਿਚ ਅਰੁੰਧਤੀ ਰਾਏ ਨੇ ਆਪਣੀ ਜ਼ਿੰਦਗੀ ਅਤੇ ਲਿਖਣ ਕਾਰਜ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਇਨ੍ਹਾਂ ਗੱਲਾਂ ਵਿਚ ਉਹ ਸਾਰੇ ਫਿਕਰ ਸਾਂਝੇ ਕੀਤੇ ਗਏ ਹਨ ਜਿਨ੍ਹਾਂ ਬਾਬਤ ਅੱਜ ਕੱਲ੍ਹ ਹਰ ਸੰਜੀਦਾ ਸ਼ਖਸ ਸੋਚ-ਵਿਚਾਰ ਰਿਹਾ ਹੈ। ਸੱਤਾ ਧਿਰ ਕਿਸ ਤਰ੍ਹਾਂ ਆਵਾਮ ਉਤੇ ਅਸਰ-ਅੰਦਾਜ਼ ਹੁੰਦੀ, ਬਾਰੇ ਉਹਨੇ ਆਪਣੇ ਹੀ ਅੰਦਾਜ਼ ਵਿਚ ਗੱਲਾਂ ਛੋਹੀਆਂ ਹਨ। ਅਸੀਂ ਇਹ ਇੰਟਰਵਿਊ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ***

ਤੁਸੀਂ ਲੇਖਕ ਹੋ, ਪਰ ਹੱਕਾਂ ਦੇ ਮੁੱਦਿਆਂ ਅਤੇ ਲਹਿਰਾਂ ਬਾਰੇ ਤੁਸੀਂ ਬਹੁਤ ਜ਼ਬਰਦਸਤ ਦਲੀਲਾਂ ਅਤੇ ਦਖ਼ਲ ਦਿੱਤਾ ਹੈ। ਜੈਂਡਰ (ਔਰਤ-ਮਰਦ) ਦੇ ਭਵਿੱਖ-ਨਕਸ਼ੇ ਤੋਂ ਤੁਸੀਂ ਆਪਣੇ ਵਿਕਾਸ ਨੂੰ ਕਿਵੇਂ ਦੇਖਦੇ ਹੋ?

ਮੇਰਾ ਇਹ ਵਿਸ਼ਵਾਸ ਹੀ ਨਹੀਂ ਕਿ ਜੈਂਡਰ ਸਿਰਫ਼ ਦੋ ਹੀ ਹਨ। ਮੈਂ ਜੈਂਡਰ ਨੂੰ ਸਿਲਸਿਲੇ ਦੇ ਤੌਰ 'ਤੇ ਲੈਂਦੀ ਹਾਂ ਅਤੇ ਉਸੇ ਸਿਲਸਿਲੇ ਉਪਰ ਕਿਤੇ ਮੇਰੀ ਜਗ੍ਹਾ ਹੈ। ਇਕ ਸਮਲਿੰਗੀ ਦੋਸਤ ਅਨੁਸਾਰ ਜੈਂਡਰ ਸਿਲਸਿਲੇ ਉਪਰ ਮੇਰਾ ਵਿਕਾਸ 'ਵਿਪਰੀਤ-ਲਿੰਗੀ' ਤੋਂ ਸ਼ੁਰੂ ਹੋ ਕੇ 'ਸਮਲਿੰਗੀ ਚੇਤਨਾ' ਤਕ ਪਹੁੰਚਿਆ ਹੈ। ਦੂਜੀ ਗੱਲ, ਮੇਰਾ ਆਪਣੇ ਬਾਰੇ ਕਹਿਣਾ ਹੈ ਕਿ ਮੈਂ ਦੁਨੀਆਂ ਨੂੰ 'ਹੱਕਾਂ' ਅਤੇ 'ਮੁੱਦਿਆਂ' ਦੀਆਂ ਐਨਕਾਂ ਰਾਹੀਂ ਨਹੀਂ ਦੇਖਦੀ। ਇਹ ਲੇਖਕ ਦਾ ਦੁਨੀਆਂ ਨੂੰ ਦੇਖਣ ਦਾ ਬਹੁਤ ਤੰਗ ਤੇ ਖੋਖਲਾ ਤਰੀਕਾ ਹੈ। ਜੇ ਤੁਸੀਂ ਪੁੱਛੋ ਕਿ ਮੈਂ ਜੋ ਕੁਝ ਲਿਖਦੀ ਹਾਂ, ਉਸ ਦਾ ਤੱਤ ਕੀ ਹੈ, ਤਾਂ ਇਹ 'ਹੱਕਾਂ' ਨਹੀਂ, ਨਿਆਂ ਬਾਰੇ ਹੈ। ਨਿਆਂ ਬੜਾ ਮਹਾਨ, ਖ਼ੂਬਸੂਰਤ, ਇਨਕਲਾਬੀ ਖ਼ਿਆਲ ਹੈ। ਨਿਆਂ ਕਿਵੇਂ ਨਜ਼ਰ ਆਵੇਗਾ? ਜੇ ਅਸੀਂ ਚੀਜ਼ਾਂ ਨੂੰ 'ਮੁੱਦਿਆਂ' ਵਿਚ ਤੋੜ ਲੈਂਦੇ ਹਾਂ, ਫਿਰ ਉਹ ਮਹਿਜ਼ 'ਮੁੱਦੇ' ਰਹਿ ਜਾਂਦੇ ਹਨ, ਇਕ ਐਸੇ ਦ੍ਰਿਸ਼ ਦੇ ਸਮੱਸਿਆ ਵਾਲੇ ਖੇਤਰ ਜੋ ਸਾਨੂੰ ਕਬੂਲ ਹੈ। ਨਿਸ਼ਚੇ ਹੀ, ਦੁਨੀਆਂ ਵਿਚ ਐਸਾ ਕੋਈ ਸਮਾਜ ਨਹੀਂ ਜੋ ਹੱਕ-ਬਜਾਨਬ ਜਾਂ ਮੁਕੰਮਲ ਹੋਵੇ, ਪਰ ਇਸ ਕਾਰਨ ਅਸੀਂ ਨਿਆਂ ਲਈ ਤਰੱਦਦ ਬੰਦ ਨਹੀਂ ਕਰ ਸਕਦੇ। ਲਗਦੈ, ਅੱਜ ਅਸੀਂ ਉਲਟੀ ਦਿਸ਼ਾ 'ਚ ਦੌੜ ਰਹੇ ਹਾਂ, ਅਸੀਂ ਅਨਿਆਂ ਲਈ ਜ਼ੋਰ ਮਾਰ ਰਹੇ ਹਾਂ, ਇਸ ਦੀ ਇਉਂ ਬੱਲੇ ਬੱਲੇ ਕਰ ਰਹੇ ਹਾਂ ਜਿਵੇਂ ਇਹ ਬਹੁਤ ਅਹਿਮ ਸੁਪਨਾ ਹੋਵੇ; ਕੋਈ ਟੀਚਾ, ਕੋਈ ਤਮੰਨਾ ਹੋਵੇ। ਹਿੰਦੁਸਤਾਨ ਦੀ ਭਿਆਨਕ ਤ੍ਰਾਸਦੀ ਇਹ ਹੈ ਕਿ ਜਾਤ ਵਿਵਸਥਾ ਨੇ ਅਨਿਆਂ ਦਾ ਸੰਸਥਾਕਰਨ ਕਰਕੇ ਇਸ ਨੂੰ ਮਰਯਾਦਾ ਬਣਾ ਦਿੱਤਾ ਹੈ, ਇਸ ਨੂੰ ਪਵਿੱਤਰ ਚੀਜ਼ ਬਣਾ ਦਿੱਤਾ ਹੈ। ਲਿਹਾਜ਼ਾ ਸਾਡੇ ਦਿਮਾਗਾਂ ਦੀ ਢਲਾਈ ਦਰਜੇਬੰਦੀਆਂ ਅਤੇ ਅਨਿਆਂ ਨੂੰ ਸਵੀਕਾਰ ਕਰਨ ਦੇ ਮਨੋਰਥ ਨਾਲ ਕੀਤੀ ਜਾਂਦੀ ਹੈ। ਇਹ ਨਹੀਂ ਕਿ ਬਾਕੀ ਸਮਾਜ ਨਿਆਂਕਾਰੀ ਹਨ। ਹੋਰ ਸਮਾਜ ਵੀ ਇਸ ਪੱਧਰ ਦੀਆਂ ਜੰਗਾਂ ਅਤੇ ਨਸਲਕੁਸ਼ੀ ਵਿਚੋਂ ਗੁਜ਼ਰ ਰਹੇ ਹਨ ਕਿ ਯਕੀਨ ਨਹੀਂ ਆਉਂਦਾ। ਮੈਂ ਤਾਂ ਬਸ ਆਪਣੇ ਸਮਾਜ ਦੀ ਕਲਪਨਾ ਦੀ ਗੱਲ ਕਰ ਰਹੀ ਹਾਂ। ਕੀ ਕੀਤਾ ਜਾ ਸਕਦਾ ਹੈ, ਅਸੀਂ ਇਸ ਨੂੰ ਕਿਵੇਂ ਰੋਕ ਸਕਦੇ ਹਾਂ? ਸਾਡੇ ਵਿਚੋਂ ਜ਼ਿਆਦਾਤਰ ਉਹੀ ਕਰਦੇ ਹਨ ਜੋ ਉਨ੍ਹਾਂ ਨੇ ਕਰਨਾ ਹੁੰਦਾ ਹੈ, ਇਹ ਜਾਣਦੇ ਹੋਏ ਕਿ ਜੇ ਕੋਈ ਵੀ ਸਾਡੀ ਨਹੀਂ ਸੁਣ ਰਿਹਾ, ਫਿਰ ਵੀ। ਇਥੋਂ ਤਕ ਕਿ ਜੇ ਸਾਡੀ ਕਦੇ ਜਿੱਤ ਨਹੀਂ ਵੀ ਹੁੰਦੀ, ਫਿਰ ਵੀ; ਹਾਲਾਂਕਿ ਅਸੀਂ ਜਿੱਤਣ ਦੀ ਜ਼ਬਰਦਸਤ ਖ਼ਾਹਸ਼ ਰੱਖਦੇ ਹਾਂ, ਫਿਰ ਵੀ ਅਸੀਂ ਇਸ ਜਿੱਤ ਦੇ ਜਲੂਸ ਦਾ ਹਿੱਸਾ ਬਣਨ ਦੀ ਥਾਂ ਦੂਜੇ ਪਾਸੇ ਖੜ੍ਹਨਾ ਪਸੰਦ ਕਰਾਂਗੇ, ਕਿਉਂਕਿ ਇਹ ਦਰਅਸਲ ਮੌਤ ਦਾ ਜਲੂਸ ਹੈ।

ਜਦੋਂ ਤੁਸੀਂ ਇਸ ਬਾਰੇ ਸੋਚਦੇ ਹੋ, ਕੀ ਇਸ ਨੂੰ ਸਮਝਣਾ ਅਸੰਭਵ ਹੈ ਕਿ ਔਰਤਾਂ ਇਤਨੇ ਸਮਕਾਲੀ ਸੰਘਰਸ਼ਾਂ ਦੀ ਮੋਹਰਲੀ ਕਤਾਰ ਵਿਚ ਕਿਉਂ ਹਨ?

ਔਰਤਾਂ ਸੰਘਰਸ਼ਾਂ 'ਚ ਕਿਉਂ ਜੁਟੀਆਂ ਹੋਈਆਂ ਹਨ? ਕਿਉਂਕਿ ਉਹ ਦੋਵੇਂ ਪਾਸਿਓਂ ਹਮਲਿਆਂ ਦੀ ਮਾਰ ਹੇਠ ਹਨ, ਰਵਾਇਤ ਵਲੋਂ ਵੀ ਤੇ ਨਵੀਂ ਮੰਡੀ-ਸੰਚਾਲਤ 'ਆਧੁਨਿਕਤਾ' ਵਲੋਂ ਵੀ। ਮੈਂ ਖ਼ੁਦ 'ਰਵਾਇਤ' ਦੀ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਦੇ ਸੁਪਨੇ ਲੈਂਦਿਆਂ ਕੇਰਲਾ ਵਿਚ ਵੱਡੀ ਹੋਈ, ਫਿਰ ਜਿਸ ਤਰ੍ਹਾਂ ਦੀ ਆਧੁਨਿਕਤਾ ਨਾਲ ਵਾਹ ਪਿਆ, ਮੈਂ ਉਸ ਤੋਂ ਵੀ ਖਹਿੜਾ ਛੁਡਾ ਕੇ ਭੱਜਣ ਦਾ ਯਤਨ ਕੀਤਾ। ਲਿਹਾਜ਼ਾ ਤੁਹਾਨੂੰ ਇਸ ਸਭ ਕਾਸੇ ਵਿਚੋਂ ਚੁਣਨਾ ਪੈਂਦਾ ਹੈ ਅਤੇ ਆਪਣਾ ਰਾਹ ਤਲਾਸ਼ਣਾ ਪੈਂਦਾ ਹੈ। ਇਸ ਮੁਲਕ ਵਿਚ ਲੋਕ ਕੁੜੀਆਂ ਨੂੰ ਕੁੱਖਾਂ ਵਿਚ ਅਤੇ ਉਂਜ ਵੀ ਮਾਰ ਰਹੇ ਹਨ। ਇਹ ਸਿਰਫ਼ ਰਵਾਇਤੀ ਪੇਂਡੂ ਭਾਈਚਾਰਿਆਂ ਵਿਚ ਹੀ ਨਹੀਂ ਹੈ। ਜਾਤ ਦੇ ਆਧਾਰ 'ਤੇ ਅਣਖ ਖ਼ਾਤਰ ਕਤਲ ਹੁੰਦੇ ਹਨ, ਤੇ ਨਾਲ ਹੀ ਦੁਨੀਆਂ ਦੀਆਂ ਸਭ ਤੋਂ ਆਜ਼ਾਦ, ਮਜ਼ਬੂਤ, ਸਭ ਤੋਂ ਜੋਸ਼ੀਲੀਆਂ ਔਰਤਾਂ ਵੀ ਹਨ। ਇਹ ਆਜ਼ਾਦ, ਜੁਝਾਰੂ ਤੇ ਚਿੰਤਕ ਔਰਤਾਂ ਸੰਘਰਸ਼ਾਂ ਦੀਆਂ ਮੋਹਰਲੀਆਂ ਕਤਾਰਾਂ ਵਿਚ ਹਨ। ਇਉਂ ਹਿੰਦੁਸਤਾਨ ਵਿਚ ਅਸੀਂ ਇਕੋ ਸਮੇਂ ਕਈ ਸਦੀਆਂ ਵਿਚ ਰਹਿ ਰਹੇ ਹਾਂ।

ਗੁਜ਼ਾਰੇ ਦੇ ਹਰ ਸਾਧਨ ਉਪਰ ਹਮਲਾ ਹੋ ਰਿਹਾ ਹੈ, ਜ਼ਮੀਨ ਹਮਲੇ ਹੇਠ ਹੈ। ਇਹ ਸਾਰਾ ਕੁਝ ਔਰਤਾਂ ਨੂੰ ਮੂਲ ਰੂਪ 'ਚ ਪ੍ਰਭਾਵਿਤ ਕਰਦਾ ਹੈ। ਜੇ ਤੁਸੀਂ ਨਰਮਦਾ ਅੰਦੋਲਨ ਨੂੰ ਦੇਖੋ, ਜਿਥੇ ਅਸੀਂ ਪੂਰੀ ਦਰਿਆਈ ਘਾਟੀ ਦੀ ਤਹਿਜ਼ੀਬ ਦੇ ਉਜਾੜੇ ਅਤੇ ਤਬਾਹੀ ਦੀ ਗੱਲ ਕਰ ਰਹੇ ਹਾਂ; ਉਥੇ ਹਜ਼ਾਰਾਂ ਲੋਕ, ਆਦਿਵਾਸੀ ਔਰਤਾਂ ਜਿਨ੍ਹਾਂ ਨੇ ਮਿਲ ਕੇ ਮਿਹਨਤ ਕੀਤੀ ਸੀ, ਤੇ ਜ਼ਮੀਨਾਂ ਦੀਆਂ ਮਾਲਕ ਸਨ, ਉਜੜ ਰਹੀਆਂ ਹਨ। ਮੈਂ ਇਹ ਨਹੀਂ ਕਹਿ ਰਹੀ ਕਿ ਆਦਿਵਾਸੀ ਸਮਾਜ ਨਾਰੀਵਾਦੀ ਸਦਗੁਣਾਂ ਦਾ ਨਮੂਨਾ ਹੈ, ਪਰ ਉਥੇ ਇਹ ਸਮਝਦਾਰੀ ਜ਼ਰੂਰ ਸੀ, ਉਥੇ ਔਰਤਾਂ ਮਾਲਕੀ ਵਿਚ ਹਿੱਸੇਦਾਰ ਸਨ, ਜ਼ਮੀਨ ਉਨ੍ਹਾਂ ਦੀ ਵੀ ਸੀ; ਪਰ ਔਰਤਾਂ ਦੀ ਸਮੁੱਚੀ ਵਸੋਂ ਨੂੰ ਉਜਾੜ ਦੇਣਾ ਤੇ ਸਿਰਫ਼ ਮਰਦਾਂ ਨੂੰ ਨਗ਼ਦ ਮੁਆਵਜ਼ਾ ਦੇਣਾ, ਜੋ ਹਫ਼ਤਿਆਂ 'ਚ ਹੀ ਇਸ ਨੂੰ ਦਾਰੂ ਅਤੇ ਮੋਟਰਸਾਈਕਲਾਂ ਉਪਰ ਉਡਾ ਦਿੰਦੇ ਹਨ, ਔਰਤਾਂ ਨੂੰ ਇਸ ਭਿਆਨਕ ਆਧੁਨਿਕਤਾ ਦੇ ਸਮੁੰਦਰ ਹਵਾਲੇ ਕਰ ਦੇਣਾ ਹੈ ਜਿਥੇ ਉਹ ਸਾਰੀਆਂ ਮੰਡੀ ਵਿਚ ਆਰਜ਼ੀ ਮਜ਼ਦੂਰ ਹਨ ਜਾਂ ਹੋਰ ਢੰਗਾਂ ਨਾਲ ਲੁੱਟੀਆਂ ਜਾਂਦੀਆਂ ਹਨ। ਇਸ ਨੂੰ ਕਦੇ ਵੀ ਨਾਰੀਵਾਦੀ ਮੁੱਦੇ ਵਜੋਂ ਨਹੀਂ ਦੇਖਿਆ ਜਾਂਦਾ, ਹਾਲਾਂਕਿ ਇਹ ਐਸਾ ਹੀ ਮੁੱਦਾ ਹੈ। ਬਸਤਰ ਵਿਚ ਉਜਾੜੇ ਨਾਲ ਲੜ ਰਹੇ ਨੱਬੇ ਹਜ਼ਾਰ ਮੈਂਬਰਸ਼ਿਪ ਵਾਲੇ ਕ੍ਰਾਂਤੀਕਾਰੀ ਆਦਿਵਾਸੀ ਮਹਿਲਾ ਸੰਗਠਨ ਨੂੰ ਨਾਰੀਵਾਦੀ ਜਥੇਬੰਦੀ ਨਹੀਂ ਸਮਝਿਆ ਜਾਂਦਾ, ਪਰ ਉਹ ਲੜ ਰਹੀਆਂ ਹਨ। ਨਰਮਦਾ ਘਾਟੀ ਵਿਚ ਇਹ ਔਰਤਾਂ ਹੀ ਹਨ ਜਿਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ ਹੈ। ਲੜਾਈ ਦੇ ਅਮਲ ਵਿਚ ਉਹ ਖ਼ੁਦ ਨੂੰ ਬਦਲ ਰਹੀਆਂ ਹਨ, ਖ਼ੁਦ ਨੂੰ ਮਜ਼ਬੂਤ ਕਰਦੀਆਂ ਹਨ। ਜਦੋਂ ਮੈਂ ਬਸਤਰ ਗਈ, ਜਦੋਂ ਮੈਂ 'ਵਾਕਿੰਗ ਵਿਦ ਕਾਮਰੇਡਜ਼' (ਸਾਥੀਆਂ ਨਾਲ ਵਿਚਰਦਿਆਂ, 29 ਮਾਰਚ 2010) ਲੇਖ ਲਿਖਿਆ, ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਹਥਿਆਰਬੰਦ ਗੁਰੀਲਾ ਲੜਾਕਿਆਂ ਦੀ ਅੱਧੀ ਗਿਣਤੀ ਔਰਤਾਂ ਦੀ ਸੀ। ਮੈਂ ਕਈ ਦਿਨ ਅਤੇ ਰਾਤਾਂ ਉਨ੍ਹਾਂ ਨਾਲ ਗੁਜ਼ਾਰ ਕੇ ਵਿਸਥਾਰ 'ਚ ਗੱਲਬਾਤ ਕੀਤੀ ਕਿ ਉਨ੍ਹਾਂ ਨੇ ਇਹ ਫ਼ੈਸਲਾ ਕਿਉਂ ਲਿਆ। ਨਿਸ਼ਚੇ ਹੀ, ਉਨ੍ਹਾਂ 'ਚੋਂ ਕਈਆਂ ਨੇ ਸਲਵਾ ਜੁਡਮ ਅਤੇ ਨੀਮ-ਫ਼ੌਜੀ ਬਲਾਂ ਦੀ ਭਿਆਨਕਤਾ ਅੱਖੀਂ ਡਿੱਠੀ ਸੀ, ਜਬਰ ਜਨਾਹ ਅਤੇ ਪਿੰਡਾਂ ਦੀ ਸਾੜਫੂਕ ਵਗੈਰਾ, ਪਰ ਉਨ੍ਹਾਂ ਵਿਚੋਂ ਕਈਆਂ ਨੇ ਇਹ ਆਪਣੇ ਸਮਾਜ ਵਿਚਲੇ ਮਰਦ ਹੰਕਾਰਵਾਦ ਅਤੇ ਹਿੰਸਾ ਤੋਂ ਬਚਣ ਲਈ ਅਜਿਹਾ ਕੀਤਾ। ਨਿਸ਼ਚੇ ਹੀ 'ਪਾਰਟੀ' ਵਿਚ ਵੀ ਉਨ੍ਹਾਂ ਦਾ ਵਾਹ ਮਰਦ ਹੰਕਾਰਵਾਦ ਅਤੇ ਹਿੰਸਾ ਨਾਲ ਪਿਆ। ਉਥੇ ਇਕ ਵਾਰ ਅਸੀਂ ਸਾਰੀਆਂ ਨਦੀ ਵਿਚ ਨਹਾਉਣ ਗਈਆਂ। ਉਨ੍ਹਾਂ 'ਚੋਂ ਕੁਝ ਪਹਿਰਾ ਦਿੰਦੀਆਂ ਰਹੀਆਂ, ਬਾਕੀ ਅਸੀਂ ਪਾਣੀ ਵਿਚ ਤੈਰਦੀਆਂ ਤੇ ਨਹਾਉਂਦੀਆਂ ਰਹੀਆਂ। ਜਿਧਰੋਂ ਪਾਣੀ ਆ ਰਿਹਾ ਸੀ, ਉਥੇ ਕੁਝ ਕਿਸਾਨ ਔਰਤਾਂ ਵੀ ਨਹਾ ਰਹੀਆਂ ਸਨ। ਮੈਂ ਸੋਚ ਰਹੀ ਸੀ, "ਜ਼ਰਾ ਦੇਖੋ, ਪਾਣੀ ਵਿਚ ਇਹ ਸਭ ਕੌਣ ਹਨ! ਇਸ ਵਗਦੇ ਹੋਏ ਪਾਣੀ ਵਿਚ ਇਨ੍ਹਾਂ ਔਰਤਾਂ ਨੂੰ ਦੇਖੋ।" ਕਿਆ ਕਮਾਲ ਨੇ ਉਹ। ਲਿਹਾਜ਼ਾ, ਤੁਹਾਡੇ ਸਵਾਲ ਦਾ ਜਵਾਬ ਦਿੰਦਿਆਂ ਮੈਂ ਸੋਚਦੀ ਹਾਂ ਕਿ ਇਹ ਇਸ ਦੀ ਵਧੀਆ ਤਰਕਸੰਗਤ ਵਿਆਖਿਆ ਹੈ ਕਿ ਔਰਤਾਂ ਲਹਿਰਾਂ ਦੀ ਮੋਹਰਲੀ ਕਤਾਰ ਵਿਚ ਕਿਉਂ ਹਨ। ਉਥੇ ਔਰਤਾਂ ਬਾਰੇ ਖ਼ਾਸ ਗੱਲ ਇਹ ਹੈ ਕਿ ਉਹ ਅਜਿਹੇ ਸਮਾਜ ਵਿਚ ਇਹ ਸਭ ਕਰ ਸਕਦੀਆਂ ਹਨ ਜੋ ਉਨ੍ਹਾਂ ਖ਼ਿਲਾਫ਼ ਹਿੰਸਾ ਨਾਲ ਇਤਨਾ ਭਰਿਆ ਪਿਆ ਹੈ। ਇਹ ਮਹਿਜ਼ ਕੁਝ ਖ਼ਾਸ ਔਰਤਾਂ ਨਹੀਂ, ਜਿਨ੍ਹਾਂ ਦੇ ਨਾਂ ਅਸੀਂ ਸਾਰੇ ਜਾਣਦੇ ਹਾਂ, ਉਹ ਬੇਸ਼ੁਮਾਰ ਔਰਤਾਂ ਹਨ। ਉਹ ਮਹਿਜ਼ ਸ਼ਹਿਰੀ ਨਫ਼ੀਸ ਔਰਤਾਂ ਨਹੀਂ ਹਨ, ਤੇ ਉਥੇ ਉਹ ਕਿਸੇ ਦੀ ਪਤਨੀ ਜਾਂ ਮਾਂ ਜਾਂ ਵਿਧਵਾ ਜਾਂ ਭੈਣ ਵਜੋਂ ਨਹੀਂ ਹਨ। ਉਥੇ ਉਹ ਆਪ ਹਨ। ਉਹ ਬੇਮਿਸਾਲ ਹਨ।

ਤੁਸੀਂ ਜੋ ਹੋ, ਤੁਹਾਡੀ ਜ਼ਿੰਦਗੀ ਦੇ ਕਿਹੜੇ ਪ੍ਰਭਾਵਾਂ ਨੇ ਤੁਹਾਨੂੰ ਇਸ ਤਰ੍ਹਾਂ ਦਾ ਬਣਾਇਆ?

ਮੇਰੇ ਖ਼ਿਆਲ 'ਚ ਸਭ ਤੋਂ ਪਹਿਲਾਂ ਤਾਂ ਮੇਰੀ ਅਦਭੁਤ ਅਤੇ ਅਸਾਧਾਰਨ ਮਾਂ ਨੇ, ਅਨੋਖੇ ਅਤੇ ਅਵੱਲੇ ਢੰਗਾਂ ਨਾਲ ਪ੍ਰਭਾਵ ਛੱਡਿਆ। ਉਹ ਅੱਖ ਦੇ ਫੋਰ 'ਚ ਹੀ ਮੇਰਾ ਸਾਹ ਫੁਲਾ ਸਕਦੀ ਹੈ। ਸ਼ਾਇਦ ਤੁਸੀਂ ਮੇਰੀ ਬਜਾਏ ਉਸ ਨਾਲ ਗੱਲਬਾਤ ਕਰਨਾ ਚਾਹੋਗੇ। ਉਹ ਸੀਰੀਆਈ ਈਸਾਈ ਪਰਿਵਾਰ ਵਿਚੋਂ ਹੈ ਜੋ ਕਿਸੇ ਪੱਖੋਂ ਵੀ ਸਰਦੀ-ਪੁੱਜਦੀ ਨਹੀਂ ਸੀ। ਫਿਰ ਉਸ ਨੇ ਭਾਈਚਾਰੇ ਤੋਂ ਬਾਹਰਲੇ ਬੰਗਾਲੀ ਨਾਲ ਵਿਆਹ ਕਰਵਾ ਲਿਆ, ਕੁਝ ਸਾਲਾਂ 'ਚ ਉਨ੍ਹਾਂ ਦਾ ਤਲਾਕ ਹੋ ਗਿਆ ਅਤੇ ਉਹ ਆਪਣੀ ਮਾਂ ਕੋਲ ਕੇਰਲਾ ਦੇ ਪਿੰਡ ਵਿਚ ਆ ਗਈ। ਉਹਨੂੰ, ਮਤਲਬ ਸਾਨੂੰ ਜਾਤਵਾਦੀ ਤੇ ਮਾਲਕੀ ਹੱਕ ਵਾਲੇ, ਅਮੀਰ, ਭੋਂਇ ਮਾਲਕ ਭਾਈਚਾਰੇ ਵਲੋਂ ਛੇਕ ਦਿੱਤਾ ਗਿਆ। ਹੁਣ ਬੇਸ਼ੱਕ ਉਸ ਦਾ ਨਾਂ ਹੈ, ਪਰ ਉਦੋਂ ਉਹ ਮੇਰੇ ਭਰਾ ਅਤੇ ਮੇਰੇ ਉਪਰ ਅਕਸਰ ਆਪਣਾ ਗੁੱਸਾ ਕੱਢਦੀ ਸੀ। ਅਸੀਂ ਇਹ ਸਭ ਸਮਝਦੇ ਸੀ, ਪਰ ਇਸ ਨਾਲ ਹਾਲਤ ਹੋਰ ਮੁਸ਼ਕਿਲ ਹੋ ਜਾਂਦੀ ਸੀ। ਮੇਰੇ ਆਪਣੀ ਮਾਂ ਨਾਲ ਰਿਸ਼ਤੇ ਬਹੁਤ ਪੇਚੀਦਾ ਹਨ, ਮੈਂ 17 ਸਾਲ ਦੀ ਸੀ ਜਦੋਂ ਘਰ ਛੱਡ ਦਿੱਤਾ ਤੇ ਬਹੁਤ ਸਾਲਾਂ ਬਾਅਦ ਵਾਪਸ ਗਈ। ਬਹੁਤੇ ਲੋਕਾਂ ਲਈ ਪਰਿਵਾਰ ਵਾਜਬ ਸੁਰੱਖਿਅਤ ਥਾਂ ਹੈ ਪਰ ਜਿਸ ਨੇ ਵੀ 'ਦਿ ਗੌਡ ਆਫ ਸਮਾਲ ਥਿੰਗਜ਼' ਪੜ੍ਹਿਆ ਹੈ, ਉਹ ਮੇਰੇ ਬਾਰੇ ਜਾਣਦੇ ਹਨ ਕਿ ਪਰਿਵਾਰ ਮੇਰੇ ਲਈ ਕਿੰਨੀ ਖ਼ਤਰਨਾਕ ਜਗ੍ਹਾ ਸੀ। ਉਸ ਜਗ੍ਹਾ ਮੈਂ ਜ਼ਲਾਲਤ ਮਹਿਸੂਸ ਕਰਦੀ ਸੀ। ਜਿੰਨੀ ਛੇਤੀ ਹੋ ਸਕੇ, ਮੈਂ ਉਸ ਤੋਂ ਮੁਕਤ ਹੋਣਾ ਚਾਹੁੰਦੀ ਸੀ। ਮੈਂ ਐਸੇ ਪਿੰਡ ਵਿਚ ਵੱਡੀ ਹੋਈ ਜਿਥੇ ਸਭ ਕੁਝ ਚੱਲਦਾ ਸੀ। ਜਿਥੇ ਮਹਾਨ ਧਰਮ ਨਾਲੋ-ਨਾਲ ਮੌਜੂਦ ਸਨ-ਹਿੰਦੂਵਾਦ, ਈਸਾਈਅਤ, ਇਸਲਾਮ, ਮਾਰਕਸਵਾਦ। ਅਸੀਂ ਵਿਸ਼ਵਾਸ ਕਰਦੇ ਸੀ ਕਿ ਇਨਕਲਾਬ ਆ ਰਿਹਾ ਸੀ। ਹਰ ਪਾਸੇ ਲਾਲ ਝੰਡੇ ਅਤੇ ਇਨਕਲਾਬ ਜ਼ਿੰਦਾਬਾਦ ਸੀ! ਇਸ ਦੇ ਬਾਵਜੂਦ ਇਹ ਅਜੇ ਵੀ ਬਹੁਤ ਸੰਕੀਰਨ ਤੇ ਸੀਮਿਤ ਜਿਹਾ ਸੀ ਅਤੇ ਉਥੇ ਹਮੇਸ਼ਾ ਜਾਤਪਾਤ ਚੱਲਦੀ ਸੀ। ਜਦੋਂ ਮੈਂ ਬਹੁਤ ਛੋਟੀ ਸੀ, ਉਦੋਂ ਤੋਂ ਹੀ ਮੈਂ ਇਸ ਨੂੰ ਸਮਝਣ ਦਾ ਯਤਨ ਕਰਨ ਲੱਗੀ। ਮੈਨੂੰ ਸਾਫ਼ ਹੋ ਗਿਆ ਕਿ ਇਹ 'ਖ਼ਰਾ' ਸੀਰੀਆਈ ਈਸਾਈ ਸਮਾਜ ਨਹੀਂ ਸੀ ਅਤੇ ਮੈਂ ਕਦੇ ਵੀ ਉਸ ਮਹਾਨ ਸਮਾਜ ਦਾ ਹਿੱਸਾ ਨਹੀਂ ਬਣਨ ਜਾ ਰਹੀ। ਸੋ ਮੈਂ ਉਥੋਂ ਛੁੱਟ ਕੇ ਭੱਜਣ ਲਈ ਬੇਕਰਾਰ ਸੀ। ਇਨ੍ਹਾਂ ਹਾਲਾਤ ਵਿਚ ਮੈਂ ਵੱਡੀ ਹੋਈ। ਮੇਰੇ ਲਈ ਪਿੰਡ ਦਾ ਕੁਝ ਵੀ ਬਹੁਤਾ ਰੋਮਾਂਚਕ ਨਹੀਂ ਸੀ। ਨਾ ਮੇਰੇ ਅੰਦਰ ਭਾਈਚਾਰੇ ਜਾਂ ਪਰਿਵਾਰ ਵਿਚ ਸ਼ਾਮਲ ਹੋਣ ਦੀ ਕੋਈ ਇੱਛਾ ਸੀ, ਨਾ ਹੀ ਭਾਈਚਾਰੇ ਅਤੇ ਸਮਾਜ ਦੀ ਮੈਨੂੰ ਆਪਣੇ ਵਿਚ ਸ਼ਾਮਲ ਕਰਨ ਦੀ। ਆਪਣੇ ਬਾਪ ਬਾਰੇ ਮੈਂ ਕੁਝ ਨਹੀਂ ਸੀ ਜਾਣਦੀ, ਮੈਂ ਦੋ ਕੁ ਤਸਵੀਰਾਂ ਹੀ ਦੇਖੀਆਂ ਸਨ, ਬਸ ਇੰਨੀ ਕੁ ਜਾਣਕਾਰੀ ਸੀ। ਉਸ ਨੂੰ ਮੈਂ ਬਹੁਤ ਮਗਰੋਂ, ਜਦੋਂ ਵੀਹ ਕੁ ਸਾਲ ਦੀ ਹੋਈ, ਉਦੋਂ ਦੇਖਿਆ। ਲਿਹਾਜ਼ਾ, ਮੇਰੀ ਜ਼ਿੰਦਗੀ ਵਿਚ ਕੋਈ ਮਰਦ ਨਹੀਂ ਸੀ ਜੋ ਮੇਰੀ ਦੇਖਭਾਲ ਕਰਦਾ ਅਤੇ ਮੈਨੂੰ ਸੁਰੱਖਿਆ ਦਿੰਦਾ। ਭਾਵੁਕ ਤੌਰ 'ਤੇ ਇਹ ਮੇਰੇ ਪਾਲਣ-ਪੋਸ਼ਣ ਲਈ ਬੜੀ ਅਜੀਬ ਅਤੇ ਅਸੁਰੱਖਿਅਤ ਥਾਂ ਸੀ। ਦੁਨੀਆਂ ਦੀਆਂ ਕੁਲ ਦੁੱਖ-ਤਕਲੀਫ਼ਾਂ ਅਤੇ ਜਿਸ ਹਾਲਾਤ ਵਿਚੋਂ ਬੱਚਿਆਂ ਨੂੰ ਗੁਜ਼ਰਨਾ ਪੈਂਦਾ ਹੈ, ਉਸ ਨੂੰ ਦੇਖਦਿਆਂ, ਮੈਂ ਦਾਅਵਾ ਨਹੀਂ ਕਰ ਸਕਦੀ ਕਿ ਇਕੱਲਾ ਮੇਰਾ ਹੀ ਬਚਪਨ ਤ੍ਰਾਸਦਿਕ ਸੀ, ਪਰ ਇਹ ਗੰਭੀਰ ਬਚਪਨ ਸੀ, ਜਿਥੇ ਹਰ ਚੀਜ਼ ਬਾਰੇ ਇਕੱਲੀ ਨੂੰ ਸੋਚਣਾ ਪੈਂਦਾ ਸੀ। ਮੈਂ ਕਾਫ਼ੀ ਵਕਤ ਦਰਿਆ ਵਿਚ ਮੱਛੀਆਂ ਫੜਦਿਆਂ ਗੁਜ਼ਾਰਦੀ ਸੀ। ਲੇਖਕ ਵਜੋਂ ਮੈਂ ਆਪਣੀ ਆਵਾਜ਼ ਨੂੰ ਦਾਬੇ ਦੇ 'ਸ਼ੁੱਧ' ਪੀੜਤ ਵਾਲੀ ਸਾਫ਼ ਅਤੇ ਭੱਦੀ ਆਵਾਜ਼ ਨਹੀਂ ਬਣਾ ਸਕਦੀ, ਜੇ ਸੱਚਮੁੱਚ ਐਸੀ ਕੋਈ ਚੀਜ਼ ਹੈ। ਮੈਂ ਇਕ ਤਰ੍ਹਾਂ ਦੀ ਅਸੁਖਾਵੀਂ ਹਾਲਤ 'ਚ ਹਾਂ ਜਿਥੋਂ ਇਕ ਕੋਣ ਤੋਂ ਚੀਜ਼ਾਂ ਨੂੰ ਦੇਖਦੀ ਹਾਂ ਅਤੇ ਲਿਖਦੀ ਹਾਂ।



*ਪ੍ਰੇਰਨਾ ਸਰੋਤ: ਅਰੁੰਧਤੀ ਰਾਏ ਦੀ ਮਾਂ।*

ਤੁਸੀਂ ਨਰਮਦਾ ਅੰਦੋਲਨ, ਕਸ਼ਮੀਰ, ਮਾਓਵਾਦੀਆਂ ਅਤੇ ਸਰਮਾਏਦਾਰੀ ਬਾਰੇ ਬਹੁਤ ਕੁਝ ਲਿਖਿਆ ਹੈ। ਇਥੇ ਹਿੰਦੁਸਤਾਨ ਵਿਚ ਹੁਣੇ ਇਕ ਸ਼ਖ਼ਸ ਨੂੰ ਫਾਂਸੀ ਦਿੱਤੀ ਗਈ ਹੈ, ਤੇ ਤੁਸੀਂ ਅਫ਼ਜ਼ਲ ਗੁਰੂ ਦੇ ਬੇਕਸੂਰ ਹੋਣ ਦੀ ਦਲੀਲ ਦਿੰਦਿਆਂ ਬੜਾ ਕਮਾਲ ਦਾ ਲੇਖ ਲਿਖਿਆ ਸੀ, ਤੁਸੀਂ ਕੀ ਕਹੋਗੇ?

ਜਦੋਂ 'ਦਿ ਗੌਡ ਆਫ ਸਮਾਲ ਥਿੰਗਜ਼' ਨੂੰ ਬੁੱਕਰ ਇਨਾਮ ਮਿਲਿਆ, ਉਦੋਂ ਇਹ ਦਿਖਾਉਣ ਲਈ ਵਿਸ਼ਵ ਸੁੰਦਰੀਆਂ ਦੇ ਨਾਲ ਨਾਲ ਮੇਰੇ ਨਾਂ ਦੀ ਰਟ ਲਗਾਈ ਜਾਣ ਲੱਗੀ ਕਿ ਇਹ ਜੇਤੂ, ਨਵੇਂ ਨਵੇਂ ਗਲੋਬਲੀ ਹੋਏ, ਖੁੱਲ੍ਹੀ ਮੰਡੀ ਵਾਲੇ ਹਿੰਦੁਸਤਾਨ ਦਾ ਚਿਹਰਾ ਹੈ ਜੋ ਪੂਰੇ ਭਰੋਸੇ ਨਾਲ ਸੰਸਾਰ ਮੰਚ 'ਤੇ ਕਦਮ ਰੱਖ ਰਿਹਾ ਹੈ। ਇਕ ਤਰ੍ਹਾਂ ਨਾਲ ਮੈਨੂੰ ਇਸਤੇਮਾਲ ਕੀਤਾ ਜਾ ਰਿਹਾ ਸੀ, ਇਹ ਸਹੀ ਹੈ; ਪਰ ਇਸ ਤੋਂ ਛੇਤੀ ਬਾਅਦ, ਭਾਜਪਾ ਸੱਤਾ 'ਚ ਆ ਗਈ ਅਤੇ ਪਰਮਾਣੂ ਤਜਰਬੇ ਕੀਤੇ ਗਏ ਜਿਸ ਦੀ ਉਨ੍ਹਾਂ ਹਲਕਿਆਂ ਨੇ ਵੱਡੀ ਪੱਧਰ 'ਤੇ ਅਸ਼ਲੀਲ ਢੰਗ ਨਾਲ ਵਾਹ ਵਾਹ ਕੀਤੀ ਜਿਨ੍ਹਾਂ ਤੋਂ ਉਮੀਦ ਨਹੀਂ ਸੀ।

ਮੈਂ ਭੈਭੀਤ ਹੋ ਗਈ। ਉਸ ਵਕਤ ਮੈਂ ਜਿੰਨੀ ਕੁ ਜਾਣੀ-ਪਛਾਣੀ ਸ਼ਖਸੀਅਤ ਸੀ, ਉਦੋਂ ਖ਼ਾਮੋਸ਼ ਰਹਿਣਾ ਇਕ ਤਰ੍ਹਾਂ ਨਾਲ ਉਨ੍ਹਾਂ ਤਜਰਬਿਆਂ ਨੂੰ ਸਹਿਮਤੀ ਦੇਣਾ ਸੀ। ਬੋਲਣ ਵਾਂਗ ਖ਼ਾਮੋਸ਼ ਰਹਿਣਾ ਵੀ ਸਿਆਸੀ ਕਦਮ ਸੀ। ਲਿਹਾਜ਼ਾ, ਮੈਂ 'ਕਲਪਨਾ ਦਾ ਅੰਤ' (ਐਂਡ ਆਫ ਅਮੈਜਿਨੇਸ਼ਨ, 3 ਅਗਸਤ 1998) ਲੇਖ ਲਿਖਿਆ। ਤੁਰੰਤ ਮੇਰੇ ਹੇਠੋਂ ਸਿੰਘਾਸਣ ਖਿੱਚ ਲਿਆ ਗਿਆ, ਜਿਸ ਉਪਰ ਮੈਨੂੰ ਪਰੀਆਂ ਦੀ ਰਾਣੀ 'ਮਿਸ ਇੰਡੀਆ ਇਨਾਮ' ਜੇਤੂ ਲੇਖਕਾ ਦਾ ਬੁੱਤ ਬਣਾ ਕੇ ਬਿਠਾਇਆ ਗਿਆ ਸੀ।

> ***ਮੇਰੇ ਖ਼ਿਆਲ 'ਚ ਸਭ ਤੋਂ ਪਹਿਲਾਂ ਤਾਂ ਮੇਰੀ ਅਦਭੁਤ ਅਤੇ ਅਸਾਧਾਰਨ ਮਾਂ ਨੇ, ਅਨੋਖੇ ਅਤੇ ਅਵੱਲੇ ਢੰਗਾਂ ਨਾਲ ਪ੍ਰਭਾਵ ਛੱਡਿਆ। ਉਹ ਅੱਖ ਦੇ ਫੋਰ 'ਚ ਹੀ ਮੇਰਾ ਸਾਹ ਫੁਲਾ ਸਕਦੀ ਹੈ। ਸ਼ਾਇਦ ਤੁਸੀਂ ਮੇਰੀ ਬਜਾਏ ਉਸ ਨਾਲ ਗੱਲਬਾਤ ਕਰਨਾ ਚਾਹੋਗੇ। ਉਹ ਸੀਰੀਆਈ ਈਸਾਈ ਪਰਿਵਾਰ ਵਿਚੋਂ ਹੈ ਜੋ ਕਿਸੇ ਪੱਖੋਂ ਵੀ ਸਰਦੀ-ਪੁੱਜਦੀ ਨਹੀਂ ਸੀ। ਫਿਰ ਉਸ ਨੇ ਭਾਈਚਾਰੇ ਤੋਂ ਬਾਹਰਲੇ ਬੰਗਾਲੀ ਨਾਲ ਵਿਆਹ ਕਰਵਾ ਲਿਆ, ਕੁਝ ਸਾਲਾਂ 'ਚ ਉਨ੍ਹਾਂ ਦਾ ਤਲਾਕ ਹੋ ਗਿਆ ਅਤੇ ਉਹ ਆਪਣੀ ਮਾਂ ਕੋਲ ਕੇਰਲਾ ਦੇ ਪਿੰਡ ਵਿਚ ਆ ਗਈ। ਉਹਨੂੰ, ਮਤਲਬ ਸਾਨੂੰ ਜਾਤਵਾਦੀ ਤੇ ਮਾਲਕੀ ਹੱਕ ਵਾਲੇ, ਅਮੀਰ, ਭੋਂਇ ਮਾਲਕ ਭਾਈਚਾਰੇ ਵਲੋਂ ਛੇਕ ਦਿੱਤਾ ਗਿਆ। ਪੰਡ ਵਿਚ ਆ ਗਈ। ਉਹਨੂੰ, ਮਤਲਬ ਸਾਨੂੰ ਜਾਤਵਾਦੀ ਤੇ ਮਾਲਕੀ ਹੱਕ ਵਾਲੇ, ਅਮੀਰ, ਭੋਂਇ ਮਾਲਕ ਭਾਈਚਾਰੇ ਵਲੋਂ ਛੇਕ ਦਿੱਤਾ ਗਿਆ।***

(ਬਾਕੀ ਅਗਲੇ ਸਫੇ 'ਤੇ)

ਨਫ਼ਰਤ ਅਤੇ ਗਾਲ੍ਹ-ਮੰਦੇ ਦਾ ਕੰਨ ਪਾੜਵਾਂ ਸ਼ੋਰ ਸ਼ੁਰੂ ਹੋ ਗਿਆ। ਮੇਰਾ ਵਿਸ਼ਵਾਸ ਹੈ ਕਿ ਉਨ੍ਹਾਂ ਪਰਮਾਣੂ ਧਮਾਕਿਆਂ ਨੇ ਜਨਤਕ ਬਹਿਸ ਦੀ ਸੁਰ ਬਦਲ ਦਿੱਤੀ ਸੀ। ਇਹ ਹੋਰ ਵੀ ਭੱਦੀ, ਵਧੇਰੇ ਕੜਕਵੀਂ ਰਾਸ਼ਟਰਵਾਦੀ ਸੁਰ ਬਣ ਗਈ ਅਤੇ ਉਸੇ ਤਰ੍ਹਾਂ ਦੀ ਬਣੀ ਹੋਈ ਹੈ, ਪਰ ਜਦੋਂ ਇਕ ਵੰਨਗੀ ਦੇ ਲੋਕ ਮੈਨੂੰ ਭੰਡ ਰਹੇ ਸਨ, ਉਦੋਂ ਦੂਜਿਆਂ ਨੇ ਮੈਨੂੰ ਗਲ ਨਾਲ ਲਾਇਆ। ਉਥੋਂ ਮੇਰਾ ਸਫ਼ਰ ਸ਼ੁਰੂ ਹੋ ਗਿਆ ਜੋ ਅੱਜ ਵੀ ਜਾਰੀ ਹੈ। ਧਮਾਕਿਆਂ ਤੋਂ ਛੇਤੀ ਬਾਅਦ, ਸੁਪਰੀਮ ਕੋਰਟ ਨੇ ਸਰਦਾਰ ਸਰੋਵਰ ਡੈਮ ਦੀ ਉਸਾਰੀ ਉਪਰ ਲੰਮੇ ਸਮੇਂ ਤੋਂ ਦਿੱਤੀ ਸਟੇਅ ਹਟਾ ਦਿੱਤੀ। ਮੈਂ ਨਰਮਦਾ ਘਾਟੀ ਗਈ ਅਤੇ 'ਦ ਗਰੇਟਰ ਕਾਮਨ ਗੁੱਡ' (24 ਮਈ 1999) ਲੇਖ ਲਿਖਿਆ।

ਹਰ ਸਫ਼ਰ, ਹਰ ਲੇਖ ਨੇ ਮੇਰੀ ਸਮਝ ਨੂੰ ਗਹਿਰਾਈ ਦਿੱਤੀ। ਜਦੋਂ ਪਾਰਲੀਮੈਂਟ 'ਤੇ ਹਮਲਾ ਹੋਇਆ, ਉਦੋਂ ਹੀ ਮੈਨੂੰ ਜਾਪਿਆ, ਇਹ ਕੋਈ ਚਾਲ ਹੈ। ਵਕੀਲ ਨੰਦਿਤਾ ਹਕਸਰ ਨੇ ਇਸ ਦੀ ਪੋਲ ਖੋਲ੍ਹਣ ਦਾ ਸ਼ਾਨਦਾਰ ਕੰਮ ਕੀਤਾ। ਉਦੋਂ ਹੀ ਮੈਨੂੰ ਅਦਾਲਤ ਦੀ ਹੱਤਕ ਕਰਨ ਦੇ ਜੁਰਮ 'ਚ ਜੇਲ੍ਹ ਭੇਜਿਆ ਗਿਆ। ਹਮਲੇ ਦੇ ਇਕ ਮੁਲਜ਼ਮ ਸ਼ੌਕਤ ਗੁਰੂ ਦੀ ਪਤਨੀ ਅਫਸਾਂ ਗੁਰੂ ਵੀ ਉਥੇ ਕੈਦ ਸੀ। ਉਹ ਗਰਭਵਤੀ ਸੀ, ਬਸ ਖਾਲੀ ਨਜ਼ਰਾਂ ਨਾਲ ਝਾਕਦੀ ਰੋਂਦੀ ਰਹਿੰਦੀ ਸੀ। ਉਹ ਕੁਝ ਨਹੀਂ ਸੀ ਜਾਣਦੀ ਕਿ ਉਹਨੂੰ ਜੇਲ੍ਹ ਵਿਚ ਕਿਉਂ ਡੱਕਿਆ ਗਿਆ ਸੀ। ਬਾਕੀ ਕੈਦੀ ਉਸ ਨਾਲ ਕਿਸੇ ਮਹਾਂ ਗ਼ੱਦਾਰ ਵਾਂਗ ਸਲੂਕ ਕਰਦੇ। ਮੈਂ ਉਸ ਨਾਲ ਗੱਲ ਕਰਨ ਦਾ ਯਤਨ ਕੀਤਾ। ਮੈਂ ਕਿਹਾ, "ਛੇਤੀ ਹੀ ਮੈਂ ਰਿਹਾ ਹੋ ਜਾਵਾਂਗੀ, ਮੈਂ ਤੇਰੇ ਲਈ ਕੁਝ ਕਰ ਸਕਦੀ ਹਾਂ?" ਉਹ ਬਸ ਮੇਰੇ ਵੱਲ ਝਾਕੀ ਅਤੇ ਬੋਲੀ, "ਮੇਰੇ ਲਈ ਤੌਲੀਏ ਦਾ ਇੰਤਜ਼ਾਮ ਕਰ ਸਕਦੀ ਏਂ? ਮੇਰੇ ਕੋਲ ਤੌਲੀਆ ਨਹੀਂ ਹੈ।" ਕੁਝ ਸਾਲ ਬਾਅਦ ਉਹ ਬਰੀ ਹੋ ਗਈ, ਪਰ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਗਈ ਸੀ।

ਹੁਣ ਕੋਈ ਵੀ ਉਸ ਦੀ ਗੱਲ ਨਹੀਂ ਕਰਦਾ। ਉਸ ਪਿਛੋਂ ਮੈਂ ਇਸ ਕੇਸ ਨੂੰ ਗ਼ੌਰ ਨਾਲ ਵਾਚਿਆ। ਜਦੋਂ ਐਸ.ਏ.ਆਰ. ਗਿਲਾਨੀ ਨੂੰ ਬਰੀ ਕੀਤਾ ਗਿਆ ਅਤੇ ਅਫ਼ਜ਼ਲ ਨੂੰ ਸਜ਼ਾ-ਏ-ਮੌਤ ਦਿੱਤੀ ਗਈ, ਮੈਂ ਉਸ ਮੁਕੱਦਮੇ ਦੇ ਸਾਰੇ ਅਦਾਲਤੀ ਕਾਗਜ਼ਾਤ ਇਕੱਠੇ ਕੀਤੇ ਅਤੇ ਪੂਰਾ ਸੂਟਕੇਸ ਭਰ ਕੇ ਗੋਆ ਚਲੀ ਗਈ। ਬਾਰਿਸ਼ ਦੀ ਰੁੱਤ ਸੀ, ਉਥੇ ਉਦੋਂ ਬਹੁਤ ਥੋੜ੍ਹੇ ਲੋਕ ਸਨ, ਤੇ ਮੈਂ ਝੁੱਗੀ ਜਿਹੀ 'ਚ ਬੈਠ ਕੇ ਉਹ ਸਾਰਾ ਕੁਝ ਪੜ੍ਹਿਆ। ਮੈਂ ਹੈਰਾਨ ਰਹਿ ਗਈ। ਲਿਹਾਜ਼ਾ, ਮੈਂ 'ਤੇ ਉਸ ਦੀ ਜ਼ਿੰਦਗੀ ਦਾ ਚਿਰਾਗ਼ ਬੁਝਣਾ ਹੀ ਚਾਹੀਦੈ' ਲੇਖ ਲਿਖਿਆ (30 ਅਕਤੂਬਰ 2006) ਕਿ ਕਿਵੇਂ ਸਬੂਤ ਘੜੇ ਗਏ, ਕਿਸੇ ਅਦਾਲਤੀ ਅਮਲ ਦੀ ਪਾਲਣਾ ਨਹੀਂ ਕੀਤੀ ਗਈ, ਕਿਵੇਂ ਅਫ਼ਜ਼ਲ ਨੂੰ ਕਦੇ ਆਪਣਾ ਪੱਖ ਰੱਖਣ ਲਈ ਕੋਈ ਵਕੀਲ ਵੀ ਨਹੀਂ ਦਿੱਤਾ ਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਪੁਲਿਸ ਹਿਰਾਸਤ ਵਿਚ ਲਏ ਇਕਬਾਲੀਆ ਬਿਆਨਾਂ ਨੂੰ ਸਬੂਤ ਨਹੀਂ ਮੰਨਿਆ ਜਾ ਸਕਦਾ, ਪਰ ਮੀਡੀਆ ਨੇ ਵੱਖੋ-ਵੱਖਰੇ 'ਇਕਬਾਲੀਆ ਬਿਆਨਾਂ' ਦੀਆਂ ਤਰ੍ਹਾਂ ਤਰ੍ਹਾਂ ਦੀਆਂ ਵੀਡੀਓ ਟੇਪਾਂ ਉਸ ਦੇ ਖ਼ਿਲਾਫ਼ ਵਰਤੀਆਂ ਜੋ ਦਿੱਲੀ ਪੁਲਿਸ ਦੇ ਸਪੈਸ਼ਲ ਸੈਲ ਨੇ ਹਿਰਾਸਤ ਵਿਚ ਉਸ ਤੋਂ ਕਬੂਲ ਕਰਵਾਏ ਸਨ। ਪੁਲਿਸ ਨੇ ਇਥੇ ਲੋਧੀ ਐਸਟੇਟ ਵਿਚ ਉਹ ਫਿਲਮਾਏ ਸਨ। ਇਕ ਇਕਬਾਲੀਆ ਬਿਆਨ ਰਾਹੀਂ ਗਿਲਾਨੀ ਨੂੰ ਫਸਾਇਆ ਗਿਆ, ਦੂਜੇ ਰਾਹੀਂ ਕਿਸੇ ਹੋਰ ਨੂੰ।

ਉਹ ਮਰਜ਼ੀ ਨਾਲ ਚੁਣ ਸਕਦੇ ਸਨ ਕਿ ਕਿਹੜਾ ਇਕਬਾਲੀਆ ਬਿਆਨ ਦਿਖਾਉਣਾ ਹੈ। ਉਨ੍ਹਾਂ ਨੇ ਉਹ ਚੁਣਿਆ ਜੋ ਉਨ੍ਹਾਂ ਨੂੰ ਰਾਸ ਆਉਂਦਾ ਸੀ। ਮੀਡੀਆ ਨੇ ਇਹ ਸੱਤ ਸਾਲ ਬਾਅਦ ਦਿਖਾਇਆ ਜਦੋਂ ਉਹ ਅਜੇ ਜਿਉਂਦਾ ਸੀ, ਤੇ ਜਦੋਂ ਵੀਡੀਓ ਦਿਖਾਇਆ ਗਿਆ ਤਾਂ ਟੀ.ਵੀ. ਸਕਰੀਨ ਦੇ ਹੇਠਲੇ ਪਾਸੇ ਦਰਸ਼ਕਾਂ ਦੇ ਧੜਾਧੜ ਐਸ.ਐਮ.ਐਸ. ਫਲੈਸ਼ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਮੰਗ ਕੀਤੀ ਜਾ ਰਹੀ ਸੀ, "ਉਸ ਨੂੰ ਲਾਲ ਚੌਕ ਵਿਚ ਪਤਾਲ੍ਹਆਂ ਨੂੰ ਰੱਸਾ ਬੰਨ੍ਹ ਕੇ ਫਾਂਸੀ ਦਿਓ" ਵਗੈਰਾ। ਇੰਨੀ ਦਰਿੰਦਗੀ ਸੀ। ਜੇ ਕੋਈ ਪਾਗਲ ਹੋਏ ਮੁਲਕ ਦਾ ਬਾਸ਼ਿੰਦਾ ਹੋਵੇ, ਤਾਂ ਇਸ ਨੂੰ ਸਵੀਕਾਰ ਕਰ ਸਕਦਾ ਹੈ, ਪਰ ਇਥੇ ਅਸੀਂ ਕੁਝ ਹੋਰ ਹੀ ਦਿਖਾਵਾ ਕਰ ਰਹੇ ਹਾਂ। ਜਦੋਂ ਇਹ ਲੇਖ ਛਪਿਆ, ਤਾਂ ਚਿੱਠੀਆਂ ਛਪੀਆਂ: 'ਅਫ਼ਜ਼ਲ ਗੁਰੂ ਨੂੰ ਬਖ਼ਸ਼ ਦਿਓ, ਪਰ ਅਰੁੰਧਤੀ ਰਾਏ ਨੂੰ ਫਾਹੇ ਲਾਓ'। ਸਭ ਕਾਸੇ ਦੇ ਬਾਵਜੂਦ ਕਾਂਗਰਸ ਸਰਕਾਰ ਨੇ ਉਸ ਨੂੰ ਫਾਹੇ ਲਾ ਦਿੱਤਾ, ਭਲੀਭਾਂਤ ਜਾਣਦੇ ਹੋਏ ਵੀ ਕਿ ਉਹ ਬੇਕਸੂਰ ਸੀ। ਇਹ ਸਿਆਸੀ ਚਾਲ ਸੀ, ਉਹ ਉਸ ਦੇ ਖ਼ੂਨ ਦੇ ਤਿਹਾਏ ਹਜੂਮ ਨੂੰ ਵੋਟਾਂ 'ਚ ਬਦਲਣ ਦਾ ਲਾਹਾ ਲੈ ਰਹੇ ਸਨ; ਜੋ ਭਿਆਨਕ ਸੀ, ਬੁਜ਼ਦਿਲੀ ਸੀ। ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਸੀ। ਉਨ੍ਹਾਂ ਨੇ ਤਾਂ ਉਸ ਦੀ ਲਾਸ਼ ਵੀ ਉਸ ਦੇ ਪਰਿਵਾਰ ਨੂੰ ਨਹੀਂ ਦਿੱਤੀ। (ਫਾਂਸੀ ਤੋਂ ਪਹਿਲਾਂ ਸੂਚਨਾ ਦੇਣ ਵਾਲਾ) ਜਿਹੜਾ ਖ਼ਤ ਪਰਿਵਾਰ ਨੂੰ ਭੇਜਿਆ ਗਿਆ, ਉਹ ਜਾਣ-ਬੁਝ ਕੇ ਲੇਟ ਕੀਤਾ ਗਿਆ ਤਾਂ ਜੋ ਫਾਂਸੀ ਦੇਣ ਤੋਂ ਬਾਅਦ ਹੀ ਮਿਲ ਸਕੇ। ਇਹ 'ਮੁੱਦੇ' ਹੀ ਨਹੀਂ ਹਨ। ਕਸ਼ਮੀਰ ਵਿਚ ਹਿੰਦੁਸਤਾਨ ਦੀ ਹਕੂਮਤ ਵਲੋਂ ਢਾਹੀ ਜਾ ਰਹੀ ਵਹਿਸ਼ਤ ਮੁੱਦਾ ਹੀ ਨਹੀਂ ਹੈ। ਜੇ ਅਸੀਂ ਅਜਿਹਾ ਸਭ ਹਜ਼ਮ ਕਰਨ ਲਈ ਤਿਆਰ ਹਾਂ, ਤਾਂ ਅਸੀਂ ਖ਼ੁਦ ਨੂੰ ਨਸ਼ਟ ਕਰ ਰਹੇ ਹਾਂ, ਆਪਣੇ ਲਈ ਆਫ਼ਤ ਨੂੰ ਸੱਦਾ ਦੇ ਰਹੇ ਹਾਂ।

**ਮੈਨੂੰ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਲੇਖਕਾਂ ਦਾ ਕੋਈ ਭਾਈਚਾਰਾ ਹੈ। ਦੇਖੋ, ਮੈਂ ਸ਼ੁੱਧਤਾਵਾਦੀ ਨਹੀਂ ਹਾਂ। ਮੈਂ ਤਾਂ ਸਿਰਫ਼ ਇਹੀ ਕਰ ਸਕਦੀ ਹਾਂ ਕਿ ਜੋ ਮੈਂ ਸੋਚਦੀ ਹਾਂ ਉਹ ਕਹਿ ਦਿਆਂ। ਲੋਕ ਮੇਲਿਆਂ 'ਤੇ ਜਾਂਦੇ ਹਨ, ਅਕਸਰ ਉਨ੍ਹਾਂ ਦੀ ਸਰਪ੍ਰਸਤੀ ਖਣਣ ਕਾਰਪੋਰੇਸ਼ਨਾਂ ਅਤੇ ਫਾਊਂਡੇਸ਼ਨਾਂ ਕਰਦੀਆਂ ਹਨ ਜਿਨ੍ਹਾਂ ਦੇ ਖ਼ਿਲਾਫ਼ ਮੈਂ ਲਿਖਦੀ ਹਾਂ-ਪਰ ਮੇਰਾ ਕਹਿਣਾ ਇਹ ਨਹੀਂ ਹੈ ਕਿ ਮੈਂ ਉਨ੍ਹਾਂ ਤੋਂ ਵੱਧ ਖ਼ਰੀ ਹਾਂ।**



*ਜੰਗਲ ਵਿਚ ਜੂਝ ਰਹੀਆਂ ਆਦਿਵਾਸੀ ਔਰਤਾਂ।*

ਮੈਂ ਦੋ ਘਾਟੀਆਂ ਬਾਰੇ ਲਿਖਿਆ ਹੈ, ਨਰਮਦਾ ਘਾਟੀ ਅਤੇ ਕਸ਼ਮੀਰ ਘਾਟੀ। ਹੈਰਾਨੀ ਹੁੰਦੀ ਹੈ ਕਿ ਇਕ ਘਾਟੀ ਵਿਚ ਨਿਆਂ ਦੀ ਜ਼ੋਰਦਾਰ ਲਾਲਸਾ ਨੇ ਦੂਜੀ ਨੂੰ ਕਿਉਂ ਨਹੀਂ ਸਮਝਿਆ, ਜਾਂ ਉਸ ਉਪਰ ਕੋਈ ਪ੍ਰਭਾਵ ਕਿਉਂ ਨਹੀਂ ਪਾਇਆ; ਭਾਵ ਨਰਮਦਾ ਘਾਟੀ ਵਿਚ ਵਾਤਾਵਰਨ ਦੇ ਮੁੱਦਿਆਂ, ਜਿਵੇਂ ਡੈਮ ਕੀ ਹੈ, ਇਸ ਦਾ ਕੀ ਅਸਰ ਪੈਂਦਾ ਹੈ, ਸਥਾਨਕ ਆਰਥਿਕਤਾ ਬਾਰੇ, ਸੰਸਾਰ ਬੈਂਕ ਬਾਰੇ ਘੋਰ ਗ਼ਰੀਬੀ ਬਾਰੇ ਐਨੀ ਵਧੀਆ ਸਮਝਦਾਰੀ ਹੈ, ਪਰ ਕਸ਼ਮੀਰ ਦੇ ਲੋਕਾਂ ਨੂੰ ਕੀ ਝੱਲਣਾ ਪੈ ਰਿਹਾ ਹੈ, ਉਥੇ ਉਸ ਬਾਰੇ ਕੋਈ ਸਮਝਦਾਰੀ ਨਹੀਂ ਹੈ। ਉਧਰ, ਕਸ਼ਮੀਰ ਵਿਚ ਫ਼ੌਜ ਦੇ ਕਬਜ਼ੇ ਹੇਠ ਜਿਉਣਾ ਕੀ ਹੁੰਦਾ ਹੈ, ਇਸ ਬਾਰੇ ਤਾਂ ਖ਼ੂਬ ਸਮਝਦਾਰੀ ਹੈ, ਪਰ ਵੱਡਾ ਡੈਮ ਕੀ ਹੈ ਤੇ ਉਸ ਦੇ ਅਸਰ ਕੀ ਪੈਂਦੇ ਹਨ, ਜਿਸ ਢੰਗ ਨਾਲ ਨਵ-ਉਦਾਰਵਾਦੀ ਨੀਤੀਆਂ ਲੋਕਾਂ ਨੂੰ ਦਰੜਦੀਆਂ ਹਨ, ਇਸ ਬਾਰੇ ਬਹੁਤ ਘੱਟ ਜਾਣਕਾਰੀ ਹੈ। ਮੈਂ ਤਾਂ ਉਸ ਤੰਦ ਦੀ ਗੱਲ ਕਰ ਰਹੀ ਹਾਂ ਜੋ ਮੈਂ ਫੜੀ ਹੈ...ਇਹ ਹਰ ਕਿਸੇ ਲਈ ਤੰਦ ਨਹੀਂ ਹੋ ਸਕਦੀ, ਪਰ ਨਿਸ਼ਚੇ ਹੀ ਇਹ ਮੇਰੀ ਤੰਦ ਤਾਂ ਹੈ। ਇਸ ਸਭ ਕਾਸੇ ਨਾਲ ਉਹ ਜੁੜ ਜਾਂਦਾ ਹੈ ਜਿਸ ਨੂੰ ਜੌਹਨ ਬਰਜਰ 'ਦੇਖਣ ਦਾ ਨਜ਼ਰੀਆ' ਕਹਿੰਦਾ ਹੈ। ਇਹੀ ਹੈ ਜੋ ਸਾਹਿਤ ਹੈ, ਜੋ ਕਵਿਤਾ ਹੈ। ਇਹੀ ਹੈ ਜੋ ਇਸ ਨੂੰ ਹੋਣਾ ਚਾਹੀਦਾ ਹੈ।

ਅੱਜ ਦੇ ਹਿੰਦੁਸਤਾਨ ਵਿਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਵੱਧ ਪ੍ਰੇਸ਼ਾਨ ਕਰਦੀ ਹੈ?

ਅੱਜ ਅਸੀਂ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਾਂ, ਆਰ.ਐਸ.ਐਸ. ਦੇ ਇਤਿਹਾਸ ਨੂੰ ਦੇਖਦੇ ਹੋਏ ਇਹ ਕਿਸੇ ਵਕਤ ਹੋ ਕੇ ਹੀ ਰਹਿਣਾ ਸੀ। ਅਸੀਂ ਇਹ ਇਮਤਿਹਾਨ ਕਿਵੇਂ ਪਾਸ ਕਰਦੇ ਹਾਂ, ਇਸ ਤੋਂ ਹੀ ਪਤਾ ਲੱਗੇਗਾ ਕਿ ਅਸੀਂ ਅਸਲ ਵਿਚ ਕਿਸ ਮਿੱਟੀ ਦੇ ਬਣੇ ਹੋਏ ਹਾਂ। ਅੱਜ ਹਰ ਸੰਸਥਾ, ਜੁਡੀਸ਼ਰੀ, ਵਿਦਿਅਕ ਸੰਸਥਾਵਾਂ ਉਪਰ ਜ਼ਹਿਰੀਲਾ, ਫਿਰਕੂ ਹਮਲਾ ਹੋ ਰਿਹਾ ਹੈ। ਤਾਲੀਮ ਦੇ ਕੇਂਦਰਾਂ ਵਜੋਂ ਯੂਨੀਵਰਸਿਟੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਫਿਰਕੂ ਮੂੜ੍ਹ-ਮਤੀਆਂ ਨੂੰ ਅਧਿਆਪਕ ਲਗਾਇਆ ਜਾ ਰਿਹਾ ਹੈ, ਸਿਲੇਬਸ ਨੂੰ ਵਿਦਵਤਾ ਤੋਂ ਵਾਂਝਾ ਕਰ ਕੇ ਗੰਵਾਰਾਂ ਦਾ ਮਨਪਸੰਦ ਮਸਾਲਾ ਭਰਿਆ ਜਾ ਰਿਹਾ ਹੈ। ਹਰ ਚੀਜ਼ ਦਾ ਫਾਸ਼ੀਵਾਦੀ ਨਜ਼ਰੀਏ ਤੋਂ ਭੰਨ-ਘੜ ਕੀਤਾ ਜਾ ਰਿਹਾ ਹੈ। ਇਹ ਸਿੱਧਾ ਢੰਗ ਹੈ। ਇਹ ਸਿਰਫ਼ ਸਿਆਸੀ ਪਾਰਟੀਆਂ ਅਤੇ ਸੱਤਾ ਦਾ ਸਵਾਲ ਨਹੀਂ ਹੈ। ਢਾਂਚੇ ਨੂੰ ਹੀ ਬਦਲਿਆ ਜਾ ਰਿਹਾ ਹੈ। ਇਹ ਇਸ ਮੁਲਕ ਦੀ ਰੂਹ, ਇਸ ਦੀ ਕਲਪਨਾ ਉਪਰ ਹਮਲਾ ਹੈ। ਇਹ ਗੰਭੀਰ ਮਾਮਲਾ ਹੈ। ਮੈਂ ਤਾਂ ਕਹਾਂਗੀ, ਕੁਝ ਪ੍ਰਤੀਕਰਮ ਹੌਸਲਾ ਦੇਣ ਵਾਲੇ ਹਨ। ਹਰ ਥਾਂ ਲੋਕ ਉਠ ਰਹੇ ਹਨ। ਐਫ.ਟੀ.ਆਈ.ਆਈ. ਦੇ ਵਿਦਿਆਰਥੀਆਂ ਨੂੰ ਦੇਖੋ, ਉਨ੍ਹਾਂ ਨੇ ਕਮਾਲ ਕਰ ਦਿੱਤੀ ਹੈ। ਜਿਸ ਹਮਲੇ ਦਾ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਵਿਆਪਕ, ਡੂੰਘਾ ਅਤੇ ਖ਼ਤਰਨਾਕ ਹੈ, ਪਰ ਮੋਦੀ ਹਕੂਮਤ ਦੁਆਲੇ ਬੁਣਿਆ ਚੜ੍ਹਤ ਦਾ ਜਾਦੂ ਅਣਕਿਆਸੀ ਤੇਜ਼ੀ ਨਾਲ ਕਾਫ਼ੂਰ ਹੋ ਰਿਹਾ ਹੈ। ਯਾਕੂਬ ਮੈਮਨ ਨੂੰ ਫਾਂਸੀ ਇਸੇ ਦਿਸ਼ਾ ਵੱਲ ਕਦਮ ਹੈ। ਅਗਲੀਆਂ ਚੋਣਾਂ ਤੋਂ ਪਹਿਲਾਂ ਉਹ ਵੱਡੇ ਪੈਮਾਨੇ 'ਤੇ ਫਿਰਕੂ ਦੰਗੇ ਭੜਕਾਉਣਗੇ। ਮੈਂ ਝੂਠੇ 'ਦਹਿਸ਼ਤਪਸੰਦ' ਹਮਲਿਆਂ ਅਤੇ ਪਾਕਿਸਤਾਨ ਨਾਲ ਜੰਗ, ਪਰਮਾਣੂ ਜੰਗ ਤੋਂ ਫ਼ਿਕਰਮੰਦ ਹਾਂ। ਇਸ ਤਰ੍ਹਾਂ ਦੀ ਆਤਮਘਾਤੀ ਬੇਵਕੂਫ਼ੀ ਸਰਹੱਦ ਦੇ ਦੋਵੇਂ ਪਾਸੇ ਦੀਆਂ ਹਕੂਮਤਾਂ ਅਤੇ ਮੀਡੀਆ ਕਰ ਸਕਦੇ ਹਨ।

ਤੁਸੀਂ ਕੌਮਾਂਤਰੀ ਪ੍ਰਸਿੱਧੀ ਵਾਲੀ ਲੇਖਕਾ ਹੋ ਪਰ ਤੁਸੀਂ ਲੇਖਕਾਂ ਦੇ ਭਾਈਚਾਰੇ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਤੁਸੀਂ ਸਾਹਿਤਕ ਮੇਲਿਆਂ 'ਚ ਨਹੀਂ ਜਾਂਦੇ, ਹਾਲਾਂਕਿ ਤੁਸੀਂ ਇਕ ਭਾਈਚਾਰੇ ਦਾ ਹਿੱਸਾ ਹੋ ਜਿਸ ਨੂੰ ਕਾਰਕੁਨ ਕਿਹਾ ਜਾ ਸਕਦਾ ਹੈ?

ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਲੇਖਕਾਂ ਦਾ ਕੋਈ ਭਾਈਚਾਰਾ ਹੈ। ਮੈਂ ਸ਼ੁੱਧਤਾਵਾਦੀ ਨਹੀਂ। ਮੈਂ ਤਾਂ ਸਿਰਫ਼ ਇਹੀ ਕਰ ਸਕਦੀ ਹਾਂ ਕਿ ਜੋ ਮੈਂ ਸੋਚਦੀ ਹਾਂ, ਉਹ ਕਹਿ ਦਿਆਂ। ਲੋਕ ਮੇਲਿਆਂ ਉਤੇ ਜਾਂਦੇ ਹਨ, ਅਕਸਰ ਉਨ੍ਹਾਂ ਦੀ ਸਰਪ੍ਰਸਤੀ ਕਾਰਪੋਰੇਸ਼ਨਾਂ ਅਤੇ ਫਾਊਂਡੇਸ਼ਨਾਂ ਕਰਦੀਆਂ ਹਨ ਜਿਨ੍ਹਾਂ ਦੇ ਮੈਂ ਖ਼ਿਲਾਫ਼ ਲਿਖਦੀ ਹਾਂ, ਪਰ ਮੇਰਾ ਕਹਿਣਾ ਇਹ ਨਹੀਂ ਕਿ ਮੈਂ ਉਨ੍ਹਾਂ ਤੋਂ ਵੱਧ ਖ਼ਰੀ ਹਾਂ। ਮੈਂ ਇੱਦਾਂ ਦੀ ਨਹੀਂ ਹਾਂ। ਉਹ ਚੀਜ਼ਾਂ ਮੈਨੂੰ ਪ੍ਰੇਸ਼ਾਨ ਕਰਦੀਆਂ ਹਨ, ਲਿਹਾਜ਼ਾ ਮੈਂ ਉਹ ਨਹੀਂ ਕਰਦੀ; ਪਰ ਜਿਉਣ ਲਈ ਦੁਨੀਆਂ ਬੜੀ ਜ਼ਾਲਮ ਥਾਂ ਹੈ, ਲੋਕਾਂ ਨੂੰ ਉਹ ਕੁਝ ਕਰਨਾ ਪੈਂਦਾ ਹੈ ਜੋ ਉਹ ਕਰਨਾ ਨਹੀਂ ਚਾਹੁੰਦੇ। ਮੇਰੇ ਕੋਲ ਚੋਣ ਦੀ ਖੁੱਲ੍ਹ ਹੈ। ਲਿਹਾਜ਼ਾ, ਮੈਂ ਚੋਣ ਕਰਦੀ ਹਾਂ। ਹਰ ਕਿਸੇ ਕੋਲ ਇਹ ਸਹੂਲਤ ਨਹੀਂ ਹੁੰਦੀ।

ਜਿਥੋਂ ਤਕ 'ਕਾਰਕੁਨ' ਲਫ਼ਜ਼ ਦਾ ਸਵਾਲ ਹੈ, ਮੈਂ ਯਕੀਨ ਨਾਲ ਨਹੀਂ ਕਹਿ ਸਕਦੀ, ਇਹ ਕਦੋਂ ਘੜਿਆ ਗਿਆ। ਮੇਰੇ ਵਰਗਿਆਂ ਨੂੰ ਲੇਖਕ-ਕਾਰਕੁਨ ਕਹਿਣ ਤੋਂ ਤਾਂ ਇਹੀ ਪਤਾ ਲਗਦਾ ਹੈ ਕਿ ਜਿਸ ਦੁਨੀਆਂ ਵਿਚ ਉਹ ਰਹਿੰਦੇ ਹਨ, ਉਸ ਬਾਰੇ ਲਿਖਣਾ ਲੇਖਕ ਦਾ ਕੰਮ ਨਹੀਂ, ਪਰ ਇਹੀ ਤਾਂ ਸਾਡਾ ਕੰਮ ਸੀ। ਇਹ ਬੜੀ ਅਜੀਬ ਗੱਲ ਹੈ, ਜਦੋਂ ਤਕ ਮੰਡੀ ਨੇ ਲੇਖਕਾਂ ਨੂੰ ਕਾਬੂ ਨਹੀਂ ਸੀ ਕੀਤਾ, ਲੇਖਕ ਇਹੀ ਤਾਂ ਕਰਦੇ ਸਨ। ਉਨ੍ਹਾਂ ਨੇ ਵਹਿਣ ਦੇ ਉਲਟ ਲਿਖਿਆ, ਉਹ ਸਰਹੱਦਾਂ ਦੇ ਪਹਿਰੇਦਾਰ ਬਣੇ, ਉਨ੍ਹਾਂ ਨੇ ਬਹਿਸਾਂ ਦੇ ਚੌਖਟੇ ਬਣਾਏ ਕਿ ਸਮਾਜ ਨੂੰ ਕਿਵੇਂ ਸੋਚਣਾ ਚਾਹੀਦਾ ਹੈ? ਉਹ ਖ਼ਤਰਨਾਕ ਲੋਕ ਹੁੰਦੇ ਸਨ। ਹੁਣ ਸਾਨੂੰ ਕਿਹਾ ਜਾ ਰਿਹਾ ਹੈ ਕਿ ਮੇਲਿਆਂ 'ਤੇ ਜਾਣਾ ਚਾਹੀਦਾ ਹੈ; ਕਿ ਤੁਸੀਂ ਸਭ ਤੋਂ ਵੱਧ ਵਿਕਣ ਵਾਲੇ ਲੇਖਕਾਂ ਦੀ ਸੂਚੀ ਵਿਚ ਹੋਣੇ ਚਾਹੀਦੇ ਹੋ; ਤੇ ਜੇ ਸੰਭਵ ਹੋਵੇ, ਤਾਂ ਬਣਦੇ-ਫੱਬਦੇ ਹੋਣੇ ਚਾਹੀਦੇ ਹੋ।

---

# ਸੁਰਮਾ ਪਾਈਏ ਕਿ ਮਟਕਾਈਏ?

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸਿਆਣਿਆਂ ਦੀ ਕਹਾਵਤ ਹੈ ਕਿ ਜੇ ਸੁਰਮਾ ਪਾਈਏ ਤਾਂ ਮਟਕਾਉਣ ਦੀ ਜਾਚ ਵੀ ਆਉਣੀ ਚਾਹੀਦੀ ਹੈ। ਕੇਂਦਰ ਵਿਚ ਮੋਦੀ ਸਰਕਾਰ ਦੇ ਆਉਣ ਨਾਲ ਇਹ ਸਭ ਨਿਫਾਸਤਾਂ ਖਤਮ ਹੋ ਗਈਆਂ ਹਨ। ਇਕ ਨਾਲ ਦੇ ਅੰਦਰ ਅੰਦਰ ਕ੍ਰਾਂਤੀ ਲਿਆਉਣ ਵਾਲਾ ਕੋਈ ਵੀ ਕੰਮ ਕੀਤੇ ਬਿਨਾ ਮਨਮੋਹਨ ਸਿੰਘ ਵਾਲੀ ਯੂ ਪੀ ਏ ਸਰਕਾਰ ਦੀਆਂ ਦਸ ਵਰ੍ਹੇ ਦੀਆਂ ਪ੍ਰਾਪਤੀਆਂ ਨੂੰ ਫਲ ਲੱਗਣ ਵਾਲੇ ਪੜਾਅ ਉਤੇ ਸਾਂਭ ਕੇ ਏਸ ਤਰ੍ਹਾਂ ਦੇ ਮਖੌਟੇ ਚੜ੍ਹਾਏ ਜਾ ਰਹੇ ਹਨ ਜਿਵੇਂ ਸਭ ਕੁਝ ਨਵੀਂ ਸਰਕਾਰ ਦੀ ਦੇਣ ਹੈ।

ਯੂ ਪੀ ਏ ਨੇ ਬਠਿੰਡਾ ਦੇ ਨੇੜੇ ਘੁੱਦਾ ਪਿੰਡ ਵਿਚ ਜਿਹੜੀ ਕੇਂਦਰੀ ਯੂਨੀਵਰਸਿਟੀ ਸਥਾਪਤ ਕੀਤੀ ਸੀ ਅੱਜ ਦੀ ਸਰਕਾਰ ਉਸ ਦਾ ਸਿਹਰਾ ਅਪਣੇ ਸਿਰ ਬੰਨ੍ਹਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਯੂਨੀਵਰਸਿਟੀ ਲਈ ਜ਼ਮੀਨ ਪ੍ਰਾਪਤ ਕਰਕੇ ਕਰੋੜਾਂ ਰੁਪਏ ਖਰਚੇ ਜਾਣ ਨਾਲ ਇਹ ਯੂਨੀਵਰਸਿਟੀ ਚਾਰ ਸਾਲ ਤੋਂ ਚੱਲ ਰਹੀ ਹੈ। ਜਿਵੇਂ ਕਿ ਆਮ ਹੀ ਹੁੰਦਾ ਹੈ ਇਸ ਦੀਆਂ ਕਲਾਸਾਂ ਲਾਉਣ ਲਈ ਨੇੜਲੇ ਕਈ ਕੈਂਪਸਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਪਹਿਲੇ ਉਪ ਕੁਲਪਤੀ ਡਾ. ਜੈ ਰੂਪ ਸਿੰਘ ਦੀ ਮਿਆਦ ਮੁੱਕਣ ਉਤੇ ਦੂਜਾ ਉਪ ਕੁਲਪਤੀ ਡਾ. ਆਰ. ਕੇ ਕੋਹਲੀ ਵੀ ਨਿਯੁਕਤ ਹੋ ਚੁਕਾ ਹੈ। ਹੁਣ ਜਦੋਂ ਘੁੱਦਾ ਕੈਂਪਸ ਵਿਚ ਇਮਾਰਤ ਦਾ ਨੀਂਹ ਪੱਥਰ ਰੱਖਿਆ ਜਾਣਾ ਸੀ ਤਾਂ ਉਪਰੋਂ ਮਿਲੇ ਕਿਸੇ ਆਦੇਸ਼ ਕਾਰਨ ਘੁੱਦਾ ਵਿਖੇ ਨਵੀਂ ਬਿਲਡਿੰਗ ਦੀ ਉਸਾਰੀ ਦਾ ਨੀਂਹ ਪੱਥਰ ਵਿੱਦਿਆ ਮੰਤਰੀ ਸਿਮਰਤੀ ਈਰਾਨੀ ਵਲੋਂ ਰੱਖਣ ਸਮੇਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਾਲ ਉਨ੍ਹਾਂ ਦੀ ਬਹੂ ਬੀਬੀ ਹਰਸਿਮਰਤ ਕੌਰ ਬਾਦਲ ਏਨੇ ਹੁਮ ਹੁਮਾ ਕੇ ਪੁੱਜੇ ਕਿ ਵਾਈਸ ਚਾਂਸਲਰ ਆਰ ਕੇ. ਕੋਹਲੀ ਤਾਂ ਸੁਆਗਤੀ ਸ਼ਬਦਾਂ ਤੋਂ ਬਿਨਾਂ ਬਣਨ ਵਾਲੀ ਇਮਾਰਤ ਦਾ ਵੀਡੀਓ ਕਲਿੱਪ ਦਿਖਾਉਣ ਯੋਗ ਹੀ ਰਹਿ ਗਿਆ। ਮੰਚ ਉਤੇ ਬਿਰਾਜਮਾਨ ਸਿਮਰਤੀ ਈਰਾਨੀ ਅਤੇ ਬਾਦਲਾਂ ਦੇ ਚਿਹਰਿਆਂ ਦੀ ਰੌਣਕ ਤੋਂ ਇਹ ਪ੍ਰਭਾਵ ਪੈ ਰਿਹਾ ਸੀ, ਜਿਵੇਂ ਇਹ ਯੂਨੀਵਰਸਿਟੀ ਕਲ ਹੀ ਸਥਾਪਤ ਹੋਈ ਹੈ ਚਾਰ ਸਾਲ ਪਹਿਲਾਂ ਨਹੀਂ। ਹੋਇਆ ਇਹ ਕਿ ਸੁਰਮਾ ਪਾਉਣ ਵਾਲੀ ਤਾਂ ਯੂ ਪੀ ਏ ਸਰਕਾਰ ਸੀ, ਮਟਕਾਉਣ ਦਾ ਲਾਹਾ ਮੋਦੀ ਸਰਕਾਰ ਲੈ ਗਈ।

ਮੋਦੀ ਸਰਕਾਰ ਦੇ ਮਟਕਾਉਣ ਕਾਰਜਾਂ ਵਿਚ ਹੋਰ ਝਾਤ ਮਾਰਨੀ ਹੋਵੇ ਤਾਂ ਫਿਲਮ ਇੰਸਟੀਚੀਊਟ ਆਫ ਇੰਡੀਆ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਇੰਡੀਅਨ ਕੌਂਸਲ ਆਫ ਕਲਚਰਲ ਅਫੇਅਰਜ਼ ਅਤੇ ਇੰਡੀਅਨ ਕੌਂਸਲ ਆਫ ਹਿਸਟੌਰੀਕ ਸੱਟਡੀਜ਼ ਵਿਚ ਭਗਵੇਂ ਪਿਛੋਕੜ ਵਾਲੇ ਬੰਦੇ ਥੋਪ ਕੇ ਪੂਰੇ ਸਿੱਖਿਆ ਸੱਭਿਆਚਾਰ ਤੇ ਕਲਾ ਜਗਤ 'ਤੇ ਕਬਜ਼ਾ ਕਰਨ ਲਈ ਪੂਰੀ ਦੀ ਪੂਰੀ ਜਰਨੈਲੀ ਸੜਕ ਸਾਂਭ ਲਈ ਗਈ ਹੈ। ਇੰਜ ਨਹੀਂ ਕਿ ਕਾਂਗਰਸ ਸਰਕਾਰ ਅਪਣੀ ਧਰਮ ਨਿਰਪੇਖ ਨੀਤੀ ਉਤੇ ਪਹਿਰਾ ਦਿੰਦੀ ਅਪਣੇ ਬੰਦੇ ਨਹੀਂ ਸੀ ਲਾਉਂਦੀ, ਪਰ ਉਹ ਲਾਏ ਜਾਣ ਵਾਲੇ ਬੰਦਿਆਂ ਦਾ ਕੱਦ-ਕਾਠ ਜ਼ਰੂਰ ਦੇਖਦੀ ਸੀ। ਅਜੋਕੀ ਸਰਕਾਰ ਨੇ ਤਾਂ ਇਹ ਸਭ ਕੁਝ ਹੀ ਛਿੱਕੇ ਟੰਗ ਦਿੱਤਾ। ਸੁਰਮਾ ਪਾਉਣ ਜਾਂ ਨਾ ਪਾਉਣ, ਮਟਕਾਉਣਾ ਨਹੀਂ ਭੁਲਦੇ!

**ਪੰਜਾਬੀ ਸਾਹਿਤਕ ਰਸਾਲੇ 'ਹੁਣ' ਦੇ ਦਸ ਸਾਲ:** ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਪਰਨਾਇਆ ਚੰਡੀਗੜ੍ਹ ਤੋਂ ਛਪਦਾ 'ਹੁਣ' ਨਾਂ ਦਾ ਪੰਜਾਬੀ ਰਸਾਲਾ ਅਪਣੇ ਸਫ਼ਰ ਦੇ 10 ਸਾਲ ਪੂਰੇ ਕਰ ਚੁੱਕਾ ਹੈ। ਇਸ ਵਿਚ ਛਪਣ ਵਾਲੀ ਸਮਗਰੀ ਕਿੰਨੀ ਵਿਲੱਖਣ ਹੁੰਦੀ ਹੈ, ਵੇਖਣ ਲਈ ਇਸ ਦੇ ਹੱਥਲੇ ਅੰਕ ਉਤੇ ਝਾਤੀ ਮਾਰਨ ਦੀ ਲੋੜ ਹੈ। ਇਸ ਵਿਚ ਫਾਂਸੀ ਲਾਉਣ ਦੇ ਮੁਸ਼ਕਲ ਕਾਰਜ ਨੂੰ ਕਲਾ ਮਈ ਢੰਗ ਨਾਲ ਨੇਪਰੇ ਚਾੜ੍ਹਨ ਦੇ ਗੁਣ ਅਤੇ ਫਾਂਸੀ ਲਾਉਣ ਦਾ ਕੰਮ ਕਰਨ ਵਾਲੇ ਉਨ੍ਹਾਂ ਕੈਦੀਆਂ ਦੇ ਬਿਆਨ ਵੀ ਹਨ ਜਿਨ੍ਹਾਂ ਨੂੰ ਜੱਲਾਦ ਕਹਿੰਦੇ ਹਨ।

ਜੱਲਾਦ ਸਾਬਰ ਮਸੀਹ ਨੇ ਫਾਂਸੀ ਲਾਉਣ ਵਾਲੇ ਨੂੰ ਮਿਲਣ ਵਾਲੇ ਵੀਹ ਰੁਪਏ ਕਦੀ ਨਹੀਂ ਸਨ ਲਏ ਭਾਵੇਂ ਹਰ ਫਾਂਸੀ ਬਦਲੇ ਮਿਲਦੀ ਦੋ ਮਹੀਨੇ ਦੀ ਕੈਦ ਘਟਣ ਦਾ ਲਾਭ ਜ਼ਰੂਰ ਲੈਂਦਾ ਰਿਹਾ ਸੀ। ਮੇਰਠ ਵਾਸੀ ਮਮੂੰ ਦੇ ਦਾਦੇ ਲਕਸ਼ਮਣ ਮੰਜੂਰਾ ਨੂੰ ਸ਼ਹੀਦ ਭਗਤ ਸਿੰਘ ਨੂੰ ਫਾਂਸੀ ਲਾਉਣ ਦਾ ਏਨਾ ਦੁਖ ਸੀ ਕਿ ਉਹ ਅਪਣੇ ਇਸ ਕਲੰਕ ਨੂੰ ਧੋਣ ਲਈ ਦਹਿਸ਼ਤਗਰਦ ਅਜਮਲ ਕਸਬ ਨੂੰ ਫਾਂਸੀ ਲਾਉਣ ਤੱਕ ਜੀਵਤ ਰਹਿਣ ਦੀ ਇੱਛਾ ਰੱਖਦਾ ਸੀ ਜੋ ਪੂਰੀ ਨਹੀਂ ਹੋਈ। ਉਂਜ ਉਹ ਕਸਬ ਨੂੰ ਪੇਸ਼ੇ ਤੋਂ ਵੱਧ ਮਹਤੱਤਾ ਦਿੰਦਾ ਸੀ। ਉਹ ਰੱਸੀ ਬਣਾਉਣ ਸਮੇਂ ਰੇਸ਼ਮ ਤੇ ਪਟਸਨ ਦੇ ਰੇਸ਼ਿਆਂ ਦੀ ਵਰਤੋਂ ਕਰਕੇ ਤੇ ਫਾਂਸੀ ਲਈ ਵਰਤਣ ਸਮੇਂ ਇਸ ਨੂੰ ਸੁਗੰਧਤ ਤੇਲ ਤੇ ਅਤਰ ਵੀ ਲਾਉਂਦਾ ਹੁੰਦਾ ਸੀ। ਇਸ ਅੰਕ ਵਿਚ 1959 ਵਿਚ ਕੇਰਲ ਰਾਜ ਦੇ ਜਨਮੇ ਜਾਏ ਸ਼ਸ਼ੀ ਵਾਰੀਅਰ ਦੇ ਲਿਖੇ ਨਾਵਲ 'ਜੱਲਾਦ ਦੀ ਡਾਇਰੀ' ਦੇ ਰੌਚਕ ਅੰਸ਼ ਵੀ ਹਨ।

ਇੱਕ ਵਿਚ ਦੋਸ਼ੀ ਨੂੰ ਫਾਹੇ ਲਾਉਣ ਵਾਲੀ ਰੱਸੀ ਨੂੰ ਏਨੀ ਕੀਮਤੀ ਦਰਸਾਇਆ ਹੈ ਕਿ ਇਸ ਦੀ ਵਰਤੋਂ ਤੋਂ ਪਿਛੋਂ ਇਸ ਦੇ ਨਿੱਕੇ ਨਿੱਕੇ ਟੁਕੜੇ ਕਰਕੇ ਤੇ ਉਨ੍ਹਾਂ ਦੇ ਰੇਸ਼ੇ ਸੰਭਾਲ ਕੇ ਜੇਲ੍ਹ ਕਰਮਚਾਰੀ ਤੇ ਆਉਣ ਜਾਣ ਵਾਲੇ ਲੋਕ ਦੇਖ ਕੇ ਆਪਣੇ ਆਪ ਨੂੰ ਸੁਭਾਗਾ ਸਮਝਦੇ ਹਨ। ਇੱਕ ਮੱਤ ਇਹ ਵੀ ਹੈ ਕਿ ਇਸ ਨੂੰ ਘਰ ਰੱਖੋ ਤਾਂ ਕਿਸੇ ਮੁਸੀਬਤ ਦਾ ਮੂੰਹ ਨਹੀਂ ਵੇਖਣਾ ਪੈਂਦਾ। ਨਿੱਕੇ ਬੱਚੇ ਦੇ ਪੰਘੂੜੇ ਨੂੰ ਬੰਨ੍ਹ ਦਿਓ ਤਾਂ ਬੱਚੇ ਨੂੰ ਚੰਦਰਾ ਸੁਪਨਾ ਨਹੀਂ ਆਉਂਦਾ। ਜੇ ਇਸ ਨੂੰ ਜਲਾ ਕੇ ਇਸ ਦੀ ਰਾਖ ਨੂੰ ਸ਼ਹਿਦ ਵਿਚ ਪਾ ਕੇ ਕਾੜ੍ਹੀਏ ਤਾਂ ਇਹ ਕਾੜ੍ਹਾ ਬੱਚੇ ਦੇ ਪੇਟ ਵਾਲੇ ਸਭ ਰੋਗ ਖਤਮ ਕਰ ਦਿੰਦਾ ਹੈ। ਜੇ ਇਸ ਦੀ ਕਾਲਖ ਨੂੰ ਸਾਦੇ ਪਾਣੀ ਵਿਚ ਘੋਲ ਕੇ ਪੀਵੀਏ ਤਾਂ ਮਿਰਗੀ ਠੀਕ ਹੋ ਜਾਂਦੀ ਹੈ। ਉਂਜ ਨਾਵਲ ਦਾ ਨਾਇਕ ਅਪਣੇ ਬੱਚਿਆਂ ਦੇ ਭੰਗੂੜਿਆਂ ਨੂੰ ਬੰਨ੍ਹ ਕੇ ਅਜ਼ਮਾਉਂਦਾ ਹੈ ਤਾਂ ਉਸ ਨਾਲ ਉਕਾ ਹੀ ਕੋਈ ਫਰਕ ਨਹੀਂ ਪੈਂਦਾ। ਉਸ ਦਾ ਯਕੀਨ ਹੈ ਕਿ ਇਹ ਅਨੋਖੀ ਧਾਰਨਾ ਜੱਲਾਦਾਂ ਨੇ ਅਪਣੇ ਮਨ ਦੇ ਕਲੰਕ ਧੋਣ ਲਈ ਪੈਦਾ ਕੀਤੀ ਹੋਈ ਹੈ।

ਇਸ ਅੰਕ ਦੀ ਸਮਗਰੀ ਇਸ ਮਿੱਥ ਨੂੰ ਵੀ ਨਕਾਰਦੀ ਹੈ ਕਿ ਰੱਸੀ ਰਾਹੀਂ ਸਾਹ ਘੁਟਣ ਨਾਲ ਮਨੁੱਖ ਮਰ ਜਾਂਦਾ ਹੈ। ਅਸਲ ਵਿਚ ਰੱਸੀ ਜਾਂ ਸਟਰਿੰਗ ਖ਼ੂਨ ਦੀ ਨਾਲੀ ਪਹਿਲਾਂ ਬੰਦ ਕਰਦੀ ਹੈ, ਫਿਰ ਤੜਫਾਉਂਦੀ ਹੈ, ਤੇ ਕਈ ਵਾਰੀ ਮਨੁੱਖ ਦੇ ਅਪਣੇ ਭਾਰ ਨਾਲ ਉਸ ਦੀ ਗਰਦਨ ਟੁੱਟ ਜਾਂਦੀ ਹੈ ਤੇ ਫੇਰ ਹੀ ਬੰਦਾ ਮਰਦਾ ਹੈ। ਇਹ ਸਮਾਂ ਏਨਾਂ ਦੁਖਦਾਈ ਹੁੰਦਾ ਹੈ ਕਿ ਡਾਕਟਰ ਵੀ ਮੌਤ ਦੀ ਪੁਸ਼ਟੀ ਕਰਨ ਲਈ ਅੱਧਾ ਘੰਟਾ ਲਾ ਦਿੰਦਾ ਹੈ ਤਾਂ ਕਿ ਉਸ ਨੂੰ ਮਰਨ ਵਾਲੇ ਦੀ ਤੜਪਦੀ ਲਾਸ਼ ਨਾ ਵੇਖਣੀ ਪਵੇ। ਸਾਡੇ ਵਲੋਂ 'ਹੁਣ' ਪੁਸਤਕ ਲੜੀ ਨੂੰ 31 ਵਾਂ ਅੰਕ ਮੁਬਾਰਕ।

**ਅੰਤਿਕਾ:** (ਰਾਜਿੰਦਰ ਪਰਦੇਸੀ ਦੀ 'ਅਗ ਤੇ ਪਾਣੀ' ਵਿਚ ਲਖਵਿੰਦਰ ਜੌਹਲ)

ਸਮਿਆਂ ਨੇ ਹੀ ਸੂਤ ਲਈ ਬਾਹਾਂ ਵਿਚੋਂ ਜਾਨ
ਕਿੱਲੀ ਉਤੇ ਟੰਗਿਆ ਰੋਵੇ ਤੀਰ ਕਮਾਨ।
ਜੁਗਨੂੰ ਆਇਆ ਚੀਰ ਕੇ ਕਾਲੀ ਬੋਲੀ ਰਾਤ
ਸੁੱਤਾ ਸੂਰਜ ਸੋਚਦਾ ਕੀ ਮੇਰੀ ਔਕਾਤ।

## ਅਸੀਂ ਕੀ ਬਣ ਗਏ-2

# ਆਪਣਿਆਂ ਵਿਚ ਅਜਨਬੀ

***ਪੰਜਾਬੀ ਕਹਾਣੀ ਨੂੰ ਉਂਗਲ ਫੜਾ ਕੇ ਸਾਹਿਤ ਜਗਤ ਦੇ ਮੋਕਲੇ ਵਿਹੜੇ ਲਿਜਾਣ ਵਾਲੇ ਵਰਿਆਮ ਸਿੰਘ ਸੰਧੂ ਨੇ ਆਪਣੀ ਲੇਖ ਲੜੀ 'ਅਸੀਂ ਕੀ ਬਣ ਗਏ' ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਹੈ। ਰੋਜ਼-ਮੱਰਾ ਦੀਆਂ ਯਾਦਾਂ ਅਤੇ ਘਟਨਾਵਾਂ ਕਿਸ ਤਰ੍ਹਾਂ ਅਨੁਵਾਦ ਹੋ ਕੇ ਕਾਗਜ਼ ਉਤੇ ਸਾਹਿਤ ਬਣ ਬਣ ਜੰਮਦੀਆਂ ਹਨ, ਇਹ ਖੁਲਾਸਾ ਉਹਨੇ ਇਸ ਲੰਮੇ ਲੇਖ ਵਿਚ ਕੀਤਾ ਹੈ। ਹੋਈਆਂ-ਬੀਤੀਆਂ ਘਟਨਾਵਾਂ ਦਾ ਇਹ ਅਨੁਵਾਦ ਦਿਲਚਸਪ ਤਾਂ ਹੈ ਹੀ, ਨਿਵੇਕਲਾ ਵੀ ਹੈ; ਐਨ ਵਰਿਆਮ ਦੀ ਕਹਾਣੀ ਕਲਾ ਵਾਂਗ। ਉਸ ਕੋਲ ਘਟਨਾ ਨੂੰ ਚਿੱਤਰ ਵਾਂਗ ਪੇਸ਼ ਕਰਨ ਦੀ ਸਮਰੱਥਾ ਹੈ। ਇਸੇ ਸਮਰੱਥਾ ਕਰ ਕੇ ਹੀ ਤਾਂ ਉਹ ਪੰਜਾਬੀ ਸਾਹਿਤ ਜਗਤ ਨੂੰ ਯਾਦਗਾਰੀ ਰਚਨਾਵਾਂ ਦੇ ਸਕਿਆ ਹੈ। ਇਹ ਰਚਨਾਵਾਂ ਸਿਰਫ ਕਹਾਣੀ ਕਹਿਣ ਤੱਕ ਹੀ ਸੀਮਤ ਨਹੀਂ ਰਹਿੰਦੀਆਂ, ਸਗੋਂ ਇਸ ਵਿਚ ਜੀਵਨੀ ਅਤੇ ਸਫਰ ਵਾਲੇ ਸਾਹਿਤ ਤੋਂ ਇਲਾਵਾ ਨਸਰ ਦੀਆਂ ਹੋਰ ਵੰਨਗੀਆਂ ਵੀ ਸ਼ਾਮਲ ਹੋਈ ਜਾਂਦੀਆਂ ਹਨ। ਉਹ ਰੌਂ ਵਿਚ ਹੋਵੇ ਤਾਂ ਤੁਹਾਡੇ ਲਈ ਨਜ਼ਮ ਵਾਲਾ ਪੀੜ੍ਹਾ ਵੀ ਡਾਹ ਸਕਦਾ ਹੈ। ਅਸਲ ਵਿਚ ਸਭ ਤੋਂ ਪਹਿਲਾਂ ਉਹਨੇ ਸਾਹਿਤ ਦੇ ਵਿਹੜੇ ਵਿਚ ਨਜ਼ਮਾਂ ਵਾਲਾ ਪੀੜ੍ਹਾ ਹੀ ਡਾਹਿਆ ਸੀ ਜਦੋਂ ਲੈਨਿਨ ਦੀ ਉਠਦੀ ਉਂਗਲ ਵਾਂਗ ਉਹਦੀ ਕਵਿਤਾ ਦੀ ਉਂਗਲ ਖੜੋ ਗਈ ਸੀ। ਵੱਖ ਵੱਖ ਸਮਿਆਂ ਦੌਰਾਨ ਉਹ ਕਵਿਤਾ ਅਤੇ ਜੁਝਾਰੂਪਣ ਦੀ ਖੜ੍ਹੀ ਹੋਈ ਇਸ ਉਂਗਲ ਨੂੰ ਸਾਹਿਤ ਦੇ ਵੱਖ ਵੱਖ ਰੂਪਾਂ 'ਚ ਆਪਣੇ ਪਾਠਕਾਂ ਨਾਲ ਸਾਂਝੀ ਕਰਦਾ ਰਿਹਾ ਹੈ। ਇਹ ਸਾਂਝ ਬਣਾਉਂਦਿਆਂ ਉਹ ਸਰੋਕਾਰਾਂ ਵਾਲਾ ਹੱਥ ਉਚਾ ਕਰਨਾ ਕਦੀ ਨਹੀਂ ਭੁੱਲਦਾ। -ਸੰਪਾਦਕ***

ਰਾਤ ਅੱਧੀ ਤੋਂ ਵੱਧ ਬੀਤ ਚੁੱਕੀ ਸੀ। ਜ਼ਖ਼ਮੀਆਂ ਨਾਲ ਆਏ ਹੋਰ ਬਹੁਤ ਸਾਰੇ ਲੋਕ ਆਪੋ ਆਪਣੇ ਘਰਾਂ ਨੂੰ ਵਾਪਸ ਮੁੜ ਗਏ। ਮੈਂ ਵੀ ਘਰ ਜਾਣ ਦੀ ਸੋਚੀ। ਲਾਲ ਦਾ ਪਰਿਵਾਰ ਮੇਰੇ ਘਰ ਬੈਠਾ 'ਸੁੱਖ-ਸਾਂਦ' ਦੀ ਉਡੀਕ ਕਰ ਰਿਹਾ ਸੀ। ਮੈਨੂੰ ਜਾ ਕੇ ਉਨ੍ਹਾਂ ਨੂੰ ਝੂਠਾ-ਸੱਚਾ ਹੌਸਲਾ ਦੇਣਾ ਹੋਵੇਗਾ।

ਕਿਸੇ ਕਿਹਾ, "ਐਸ.ਐਸ.ਪੀ. ਮੌਕਾ ਵੇਖਣ ਆ ਰਿਹਾ ਏ।"

ਦੂਜੇ ਆਖਣ ਲੱਗੇ, "ਚੱਲੋ, ਜਾ ਕੇ ਪੁਲਿਸ ਦੀ ਖ਼ਬਰ ਲਈਏ। ਥਾਣੇਦਾਰ ਤਾਂ ਆਪ ਮੂਤਦਾ ਲੁਕਦਾ ਫਿਰਦਾ ਸੀ। ਇਨ੍ਹਾਂ ਸਾਡੀ ਰਾਖੀ ਕੀ ਕਰਨੀ ਏ!"



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਮੈਂ ਸੋਚਿਆ: ਪੁਲਿਸ ਨੂੰ ਮਿਲ ਕੇ ਮੈਂ ਹੁਣ ਕੀ ਲੈਣਾ! ਪੁਲਿਸ ਨਾਲ 'ਲੜ' ਕੇ ਹੁਣ ਹੋਣਾ ਵੀ ਕੀ ਸੀ! ਪਹਿਲ ਤਾਂ ਜ਼ਖ਼ਮੀਆਂ ਨੂੰ 'ਟਿਕਾਣੇ' 'ਤੇ ਪਹੁੰਚਾਉਣਾ ਸੀ ਅਤੇ ਉਹ ਕੰਮ ਹੋ ਗਿਆ ਸੀ।

ਦੂਜੇ ਲੋਕਾਂ ਨੇ 'ਕਮਾਂਡ' ਆਪਣੇ ਹੱਥ ਲੈ ਲਈ ਸੀ! ਉਹ ਅੱਗੇ ਲੱਗ ਕੇ ਪੁਲਿਸ ਚੌਕੀ ਵੱਲ ਤੁਰ ਪਏ। ਮੈਂ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਚੱਲ ਪਿਆ। ਉਹ ਸਾਰੇ ਜਣੇ 'ਗੋਲੀ ਚਲਾਉਣ ਵਾਲਿਆਂ' ਬਾਰੇ ਅਨੁਮਾਨ ਲਾ ਰਹੇ ਸਨ।

'ਕੌਣ ਹੋ ਸਕਦੇ ਨੇ ਇਹ?'

ਬਲੂ ਸਟਾਰ ਆਪ੍ਰੇਸ਼ਨ ਦੇ ਦਿਨੀਂ ਵੀ ਪਿੰਡ ਦਾ ਭਾਈਚਾਰਾ ਪਹਿਲਾਂ ਵਾਂਗ ਬਣਿਆ ਰਿਹਾ ਸੀ। ਲੱਗੇ ਕਰਫ਼ਿਊ ਵਿਚ ਵੀ ਪਿੰਡ ਦੇ ਦੁਕਾਨਦਾਰ, ਸੀ.ਆਰ.ਪੀ. ਵਾਲਿਆਂ ਦੀ ਅੱਖ ਬਚਾ ਕੇ, ਲੋੜਵੰਦ ਲੋਕਾਂ ਨੂੰ ਪਿਛਲੇ ਦਰਵਾਜ਼ਿਓਂ 'ਸੌਦਾ-ਪੱਤਾ' ਦਿੰਦੇ ਰਹੇ ਸਨ। ਪਿਛਲੇ ਦਿਨਾਂ ਵਿਚ, ਦੋਵਾਂ ਭਾਈਚਾਰਿਆਂ ਦਰਮਿਆਨ ਬਰੀਕ ਜਿਹੇ ਵਖਰੇਵੇਂ ਦੇ ਭਾਵ ਪੈਦਾ ਹੋ ਜਾਣ ਦੇ ਬਾਵਜੂਦ ਪਿੰਡ ਵਿਚ 'ਹਿੰਦੂ-ਸਿੱਖ' ਦੇ ਹਵਾਲੇ ਨਾਲ ਦੁਸ਼ਮਣੀ ਕਮਾਉਣ ਦੀ ਕਦੀ ਕੋਈ ਦੱਸ-ਧੁੱਖ ਸੁਣੀ ਨਹੀਂ ਸੀ। ਹੰਸ ਰਾਜ ਪ੍ਰਭਾਕਰ ਜੋ ਪਿੰਡ ਵਿਚ ਤੀਹ ਸਾਲਾਂ ਤੋਂ ਪੜ੍ਹਾ ਰਿਹਾ ਸੀ, ਕਰਫ਼ਿਊ ਦੇ ਇਨ੍ਹਾਂ ਦਿਨਾਂ ਵਿਚ ਵੀ ਹਰ ਸ਼ਾਮ ਪਿੰਡ ਦੀ, ਆਮ ਦਿਨਾਂ ਵਾਂਗ ਪਰਿਕਰਮਾ ਕਰਦਾ ਅਤੇ ਜਿੱਥੇ ਵੀ ਕੋਈ ਪੁਰਾਣਾ ਵਿਦਿਆਰਥੀ 'ਜਲ-ਪਾਣੀ' ਦੀ ਸੁਲਾਹ ਮਾਰਦਾ, ਉਸ ਨੂੰ ਬਾ-ਖ਼ੁਸ਼ੀ ਆਪਣੀ 'ਸੇਵਾ ਕਰਨ ਦਾ' ਮਾਣ ਬਖ਼ਸ਼ਦਾ ਰਹਿੰਦਾ। ਜੇ ਕੋਈ ਹਮਦਰਦ ਉਹਨੂੰ ਅਜਿਹੇ ਹਾਲਾਤ ਵਿਚ ਘਰੋਂ ਬਾਹਰ ਨਿਕਲਣ ਤੋਂ ਵਰਜਦਾ ਤਾਂ ਉਹ ਹੱਸ ਕੇ ਆਖਦਾ, "ਕੀ ਕਰਾਂ! ਅੱਜ ਕਿਸੇ ਕੋਲੋਂ ਪੀਂਦਾਂ ਤਾਂ ਦੂਸਰਾ ਕੋਈ ਹੋਰ ਅਗਲੇ ਦਿਨ ਲਈ ਪਹਿਲਾਂ ਈ 'ਬੁੱਕ' ਕਰ ਲੈਂਦਾ; ਅਖੇ, 'ਮਾਸਟਰ ਜੀ ਕੱਲ੍ਹ ਮੇਰੇ ਵੱਲ ਆਇਓ, ਪਹਿਲੇ ਤੋੜ ਦੀ ਪਈ ਏ ਮੇਰੇ ਕੋਲ!' ਉਂਜ ਵੀ ਪਿੰਡ ਦੇ ਹਰ ਘਰ ਵਿਚ ਮੇਰਾ ਕੋਈ ਨਾ ਕੋਈ ਵਿਦਿਆਰਥੀ ਹੈ। ਕਿਸੇ ਦੀ ਮਾਂ ਸੂਈ ਹੈ ਜੋ ਮੇਰੇ ਵੱਲ ਕੈਰੀ ਨਜ਼ਰ ਨਾਲ ਵੀ ਝਾਕ ਜਾਏ!'

ਪ੍ਰਭਾਕਰ ਇਕ ਦਿਨ ਮੈਨੂੰ ਕਹਿੰਦਾ, "ਰਾਤੀਂ ਮੈਨੂੰ...ਮਿਲ ਪਿਆ। ਗਲੀ 'ਚੋਂ ਲੰਘਦਾ, ਦੋ ਤਿੰਨ ਮੁੰਡੇ ਨਾਲ।" ਉਸ ਨੇ ਪਿੰਡ ਦੇ 'ਖਾੜਕੂਆਂ' ਨਾਲ ਤੁਰੇ ਇੱਕ ਪੁਰਾਣੇ ਵਿਦਿਆਰਥੀ ਦਾ ਨਾਮ ਲਿਆ, "ਦੋ ਸਟੇਨਾਂ ਵਾਲੇ ਹੋਰ ਵੀ ਨਾਲ ਸਨ। ਮੇਰੇ ਗੋਡਿਆਂ ਨੂੰ ਹੱਥ ਲਾ ਕੇ ਕਹਿੰਦਾ, 'ਮਾਸਟਰ ਜੀ, ਐਸ ਵੇਲੇ ਘਰ ਬਿਹਾ ਕਰੋ।' 'ਮਾਲ ਅਸਬਾਬ' ਆਖੋ ਤਾਂ ਅਸੀਂ ਘਰੇ ਅਪੜਾ ਦਿਆ ਕਰਾਂਗੇ।' ਮੇਰੇ ਪੈਰ ਉਖੜਦੇ ਵੇਖ ਕੇ ਕਹਿੰਦਾ, 'ਚੱਲੋ, ਤੁਹਾਨੂੰ ਘਰ ਛੱਡ ਆਵਾਂ।' ਮੈਨੂੰ ਮੇਰੇ ਘਰ ਦੇ ਬੂਹੇ ਤਕ ਛੱਡ ਕੇ ਗਏ ਉਹ। ਸਾਡੇ ਇਹ ਮੁੰਡੇ ਸਾਨੂੰ ਮਾਰਨਗੇ? ਸਾਨੂੰ ਤਾਂ ਰੱਤੀ ਭਰ ਵੀ ਡਰ ਨਹੀਂ ਲੱਗਦਾ।"

ਸਾਰੇ ਲੋਕਾਂ ਵਿਚ ਭਾਵੇਂ ਹੰਸ ਰਾਜ ਪ੍ਰਭਾਕਰ ਵਰਗਾ ਸਵੈ-ਵਿਸ਼ਵਾਸ ਨਾ ਵੀ ਹੋਵੇ, ਤਦ ਵੀ ਕਿਸੇ ਇਹ ਨਹੀਂ ਸੀ ਸੋਚਿਆ ਕਿ ਸਾਡੇ ਪਿੰਡ ਇਹੋ ਜਿਹੀ ਵਾਰਦਾਤ ਹੋ ਜਾਵੇਗੀ। ਫਿਰ ਇਹ ਕੌਣ ਸਨ ਜਿਨ੍ਹਾਂ ਜਾਣ ਬੁੱਝ ਕੇ ਪਿੰਡ ਦੇ ਸਦ-ਭਾਵੀ ਭਾਈਚਾਰੇ ਨੂੰ ਜ਼ਖ਼ਮੀ ਕੀਤਾ ਸੀ! ਇੱਕ ਨੂੰ ਮਾਰ ਕੇ, ਹੋਰ ਕਈਆਂ ਨੂੰ ਮਰਨੇ ਪਾ ਦਿੱਤਾ ਸੀ!

"ਪਿੰਡ ਦਾ ਬੰਦਾ ਹਊ ਕੋਈ ਵਿਚ ਜੀ, ਜ਼ਰੂਰ ਬਰ ਜ਼ਰੂਰ। ਪਿੰਡ ਦੇ ਬੰਦਿਆਂ ਦੀ ਸੂਹ ਤੇ ਸਾਥ ਤੋਂ ਬਿਨਾਂ ਕੋਈ ਏਨੇ ਹੌਸਲੇ ਨਾਲ ਇਹ ਕੰਮ ਨਹੀਂ ਕਰ ਸਕਦਾ। ਅਗਲਿਆਂ ਨੂੰ ਪਿੰਡ ਦੇ ਸਾਰੇ ਰਾਹਾਂ ਦਾ ਪਤਾ ਸੀ। ਪਰਲੇ ਪਾਸਿਓਂ ਆਏ। ਸਾਰੇ ਬਾਜ਼ਾਰ 'ਚ ਗੋਲੀਆਂ ਚਲਾ ਕੇ ਆਰਾਮ ਨਾਲ ਸਕੂਲ ਕੋਲੋਂ ਦੀ ਹੋ ਕੇ ਲਹੀਆਂ ਦੀ ਪੱਤੀ ਵੱਲ ਬਾਹਰ ਨਿਕਲ ਗਏ। ਪਿੰਡ ਦੇ ਬੰਦੇ ਜ਼ਰੂਰ ਹੋਣਗੇ ਵਿਚ। ਮੈਂ ਆਪ ਵੇਖਿਆ, ਉਨ੍ਹਾਂ ਨੇ ਪਛਾਣੇ ਜਾਣ ਦੇ ਡਰੋਂ ਮੂੰਹ ਸਿਰ ਵਲ੍ਹੇਟੇ ਹੋਏ ਸਨ। ਪਿੰਡ ਦੇ ਬੰਦੇ ਸਨ ਜੀ ਵਿਚ। ਬਿਲਕੁਲ ਪੱਕ ਐ। ਕਿਸੇ ਹੋਰ ਨੂੰ ਮੂੰਹ ਲੁਕਾਉਣ ਦੀ ਭਲਾ ਕੀ ਲੋੜ ਸੀ!" ਕੋਈ ਮੋਹਤਬਰ ਸੱਜਣ ਪੂਰੇ ਭਰੋਸੇ ਨਾਲ ਕਹਿ ਰਿਹਾ ਸੀ।

"ਕੌਣ ਹੋਵੇਗਾ ਭਲਾ ਪਿੰਡ ਦਾ ਬੰਦਾ ਵਿਚ?" ਆਪਣੀ ਜਗਿਆਸਾ ਸ਼ਾਂਤ ਕਰਨ ਲਈ ਕਿਸੇ ਵੱਲੋਂ ਪੁੱਛਿਆ ਗਿਆ ਇਹ ਵਾਜਬ ਸਵਾਲ ਸੀ।

"ਸਭ ਐਥੇ ਸਾਹਮਣੇ ਆ ਜਾਣਾ ਏ। ਤੂੰ ਵੇਖੀਂ ਸਹੀ। ਸਬਰ ਰੱਖ ਜ਼ਰਾ। ਅਜੇ ਹੁਣੇ ਦੱਸਣ ਵਾਲੀ ਗੱਲ ਨਹੀਂ" ਇਸ ਦਾ ਭਾਵ ਸੀ ਕਿ ਉਸ ਕੋਲ ਕੋਈ 'ਪੱਕੀ ਸੂਚਨਾ' ਸੀ ਪਰ ਅਜੇ, ਹਾਲ ਦੀ ਘੜੀ, ਉਹ ਸਾਂਝੀ ਨਹੀਂ ਸੀ ਕਰਨੀ ਚਾਹੁੰਦਾ!

ਮੈਂ ਉਨ੍ਹਾਂ ਦੇ ਨਾਲ ਨਾਲ ਹੀ ਤੁਰ ਰਿਹਾ ਸਾਂ। ਇਹ ਸਵਾਲ ਤਾਂ ਮੇਰੇ ਅੰਦਰ ਵੀ ਚੱਕਰ ਲਾ ਰਹੇ ਸਨ। ਮੇਰੇ ਮਨ ਵਿਚ ਇੱਕਦਮ ਇਹ ਖ਼ਿਆਲ ਆਇਆ: 'ਇਸ ਭੇਤ ਵਾਲੀ ਗੱਲ ਨੂੰ ਉਹ, ਕਿਤੇ ਮੇਰੇ ਹਾਜ਼ਰ ਹੋਣ ਕਰ ਕੇ ਤਾਂ ਨਹੀਂ ਸੀ ਲੁਕਾ ਰਿਹਾ!'

ਅਚਨਚੇਤ ਮੈਨੂੰ ਵੱਖਰੀ ਸੋਚ ਨੇ ਘੇਰ ਲਿਆ। ਅੱਜ, ਹੁਣ ਤੀਕ ਕੀਤਾ ਮੇਰਾ ਸਾਰਾ ਉਦਮ ਅਤੇ ਉਤਸ਼ਾਹ ਕਿਰਨਾ ਸ਼ੁਰੂ ਹੋ ਗਿਆ। ਮੈਂ ਵੇਖਿਆ; ਏਨੇ ਲੋਕਾਂ ਦੀ ਭੀੜ ਵਿਚ ਪੱਗ ਵਾਲਾ ਤਾਂ ਮੈਂ ਇਕੱਲਾ ਹੀ ਸਾਂ! ਘੜੀ ਪਹਿਲਾਂ ਮੈਂ ਉਨ੍ਹਾਂ ਸਭਨਾਂ ਦਾ ਹਿੱਸਾ ਸਾਂ। ਉਨ੍ਹਾਂ ਦੇ ਗ਼ਮ ਅਤੇ ਪੀੜ ਵਿਚ ਪੂਰੀ ਤਰ੍ਹਾਂ ਸ਼ਰੀਕ। ਉਨ੍ਹਾਂ ਦਾ ਆਪਣਾ ਹੀ ਭਰਾ-ਭਾਈ! ਪਰ ਇੱਕ ਪਲ ਵਿਚ ਹੀ ਮੈਂ ਉਨ੍ਹਾਂ ਵਿਚ ਆਪਣੇ ਆਪ ਨੂੰ ਓਪਰਾ ਅਤੇ ਅਜਨਬੀ ਸਮਝਣ ਲੱਗ ਪਿਆ ਸਾਂ! ਇਹ ਵੀ ਸੋਚਣ ਲੱਗਾ ਕਿ ਇਨ੍ਹਾਂ ਵਿਚੋਂ ਕੋਈ ਇਹ ਵੀ ਸੋਚਦਾ ਹੋ ਸਕਦਾ ਹੈ ਕਿ ਮੈਂ ਇਕੱਲਾ ਇਨ੍ਹਾਂ ਵਿਚ ਕੀ ਕਰਦਾ ਪਿਆਂ! ਮੇਰੇ ਕੀਤੇ 'ਤਥ-ਕਥਿਤ' 'ਪਰਉਪਕਾਰ' ਦਾ ਜੋਸ਼ ਮੱਠਾ ਪੈਣ ਲੱਗਾ।

ਉਨ੍ਹਾਂ ਨਾਲ ਹੋ ਕੇ ਵੀ ਮੈਂ ਉਸ ਭੀੜ ਦਾ ਹਿੱਸਾ ਨਹੀਂ ਸਾਂ ਰਹਿ ਗਿਆ। ਇਕੱਲਾ ਰਹਿ ਗਿਆ ਸਾਂ ਮੈਂ।

ਪਹਿਰੇ ਉਤੇ ਖਲੋਤੇ ਪੁਲਿਸ ਕਰਮਚਾਰੀਆਂ ਨੇ, "ਸਾਹਬ ਆਉਣ ਵਾਲੇ ਨੇ ਮੌਕਾ ਵੇਖਣ ਲਈ" ਆਖ ਕੇ ਸਭ ਨੂੰ ਪੁਲਿਸ ਚੌਕੀ ਦੇ ਬਾਹਰ ਹੀ ਰੋਕ ਲਿਆ।

ਦਸ ਕੁ ਮਿੰਟ ਬਾਅਦ ਹੀ ਘੂਕਦੀਆਂ ਕਾਰਾਂ ਅਤੇ ਜੀਪਾਂ ਦਾ ਕਾਫ਼ਲਾ ਚੌਕੀ ਅੱਗੇ ਆਣ ਰੁਕਿਆ। ਕਾਰ ਅੰਦਰ ਬੈਠਿਆਂ ਹੀ ਐਸ.ਐਸ.ਪੀ. ਨੇ ਖਲੋਤੇ ਬੰਦਿਆਂ ਨੂੰ ਹੋਈ ਵਾਰਦਾਤ ਬਾਰੇ ਪੁੱਛਿਆ। ਮੇਰੇ ਵਿਚੋਂ 'ਅੱਗੇ ਹੋਣ ਦਾ' ਉਤਸ਼ਾਹ ਮਰ ਚੁੱਕਾ ਸੀ। ਮੈਂ ਕੋਈ 'ਸਿੱਧੇ ਤੌਰ 'ਤੇ ਪੀੜਤ ਧਿਰ' ਨਹੀਂ ਸਾਂ! ਅਸਲੀ 'ਪੀੜਤ ਧਿਰ' ਦੇ ਲੋਕ ਇੱਕ ਦੂਜੇ ਤੋਂ ਪਹਿਲ ਕਰਦੇ, ਇੱਕ ਦੂਜੇ ਦੀ ਗੱਲ ਕੱਟਦੇ ਹੋਏ ਆਪੋ ਆਪਣਾ ਬਿਆਨ ਦੇ ਰਹੇ ਸਨ।

"ਪਿੰਡ ਦੇ ਬੰਦਿਆਂ ਦੀ ਸ਼ਹਿ ਤੋਂ ਬਿਨਾਂ ਨਹੀਂ ਹੋ ਸਕਦਾ ਜੀ ਇਹ ਕੰਮ।" ਕਿਸੇ ਨੇ ਕਿਹਾ।

"ਤੁਸੀਂ ਦੱਸੋ ਕੌਣ ਐ? ਫਿਰ ਮੇਰੀ ਕਾਰਵਾਈ ਵੇਖਿਓ। ਦੱਸੋ, ਦੱਸੋ ਸਗੋਂ ਕੌਣ ਏ? ਬਿਨਾਂ ਕਿਸੇ ਡਰ, ਝਿਜਕ ਤੋਂ ਨਾਂ ਲਓ ਤੁਸੀਂ। ਦੱਸੋ ਤਾਂ ਸਹੀ ਇੱਕ ਵਾਰ।" ਐਸ.ਐਸ.ਪੀ. ਨੇ ਉਚੀ ਅਤੇ ਤਿੱਖੀ ਆਵਾਜ਼ ਵਿਚ ਆਖਿਆ।

ਭੀੜ ਵਿਚੋਂ ਕੋਈ ਨਹੀਂ ਬੋਲਿਆ। ਮੈਨੂੰ ਮਹਿਸੂਸ ਹੋਇਆ; ਦੱਸਣ ਵਾਲਾ ਜਿਵੇਂ ਮੇਰੇ ਕਰ ਕੇ ਹੀ ਚੁੱਪ ਰਿਹਾ ਹੋਵੇ!

ਥੋੜ੍ਹੇ ਚਿਰ ਪਿੱਛੋਂ ਸਮੁੱਚੀ ਗਾਰਦ ਮੌਕਾ ਵੇਖਣ ਬਾਜ਼ਾਰ ਵੱਲ ਚੱਲ ਪਈ। ਕਿਸੇ ਨੂੰ ਵੀ 'ਉਧਰ' ਆਉਣ ਤੋਂ ਵਰਜ ਦਿੱਤਾ ਗਿਆ। ਮੇਰਾ ਘਰ ਤਾਂ ਐਨ ਬਾਜ਼ਾਰ ਦੇ ਵਿਚਕਾਰ ਸੀ ਅਤੇ ਉਥੇ ਬਾਜ਼ਾਰ ਵਿਚੋਂ ਲੰਘ ਕੇ ਹੀ ਜਾਇਆ ਜਾ ਸਕਦਾ ਸੀ। ਹੋਰਨਾਂ ਦੇ ਘਰਾਂ ਨੂੰ ਰਾਹ ਹੋਰ ਗਲੀਆਂ ਵਿਚੋਂ ਦੀ ਹੋ ਕੇ ਵੀ ਜਾਂਦੇ ਸਨ। ਉਹ ਸਾਰੇ ਆਪੋ ਆਪਣੇ ਘਰਾਂ ਨੂੰ ਤੁਰ ਗਏ। ਪਿੱਛੇ ਰਹਿ ਗਏ ਮੇਰੇ ਸਮੇਤ ਤਿੰਨ ਜਣੇ। ਅਸੀਂ ਪੁਲਿਸ ਦੀ ਵਾਪਸੀ ਦੀ ਉਡੀਕ ਕਰਨ ਲੱਗੇ।

ਅੱਧੇ ਪੌਣੇ ਘੰਟੇ ਪਿੱਛੋਂ ਪੁਲਿਸ ਪਰਤੀ ਤਾਂ ਅਸੀਂ ਹੌਸਲਾ ਕਰ ਕੇ ਪਿੰਡ ਵੱਲ ਤੁਰ ਪਏ। ਅਸੀਂ ਤਿੰਨੇ ਡਰੇ ਹੋਏ ਸਾਂ। ਰਾਹ ਵਿਚ ਮੋੜਾਂ, ਚੌਰਾਹਿਆਂ ਉਪਰ ਥਾਂ ਥਾਂ ਸਟੇਨਾਂ ਸੰਭਾਲੀ ਸੀ.ਆਰ.ਪੀ. ਵਾਲੇ ਖਲੋਤੇ ਸਨ। ਦੂਜੇ ਦੋਹ ਜਣਿਆਂ ਦੇ ਘਰ ਬਾਜ਼ਾਰ ਦੇ ਮੁੱਢ ਵਿਚਲੀਆਂ ਗਲੀਆਂ ਵਿਚ ਸਨ। ਉਹ ਆਪੋ ਆਪਣੇ ਘਰਾਂ ਨੂੰ ਮੁੜ ਗਏ। ਸਾਹਮਣੇ ਖਲੋਤੇ ਦੋ ਸੀ.ਆਰ.ਪੀ. ਵਾਲਿਆਂ ਨੇ ਮੈਨੂੰ ਉਨ੍ਹਾਂ ਦੋ 'ਹਿੰਦੂ ਭਰਾਵਾਂ' ਨਾਲ ਆਉਂਦੇ ਵੇਖ ਲਿਆ ਸੀ। ਉਨ੍ਹਾਂ ਮੈਨੂੰ ਕੋਈ 'ਸ਼ੱਕੀ ਬੰਦਾ' ਨਾ ਜਾਣ ਕੇ ਅੱਗੇ ਜਾਣ ਦਿੱਤਾ। ਮੈਂ ਹੌਸਲਾ ਕਰ ਕੇ ਤੁਰਿਆ ਗਿਆ। ਕਿਸੇ ਨੇ ਮੈਨੂੰ ਕੁਝ ਨਾ ਆਖਿਆ। ਜਿਉਂ ਹੀ ਮੈਂ ਆਪਣੇ ਘਰ ਵੱਲ ਮੁੜਦਾ ਬਾਜ਼ਾਰ ਦਾ ਮੋੜ ਮੁੜਿਆ ਤਾਂ ਚੀਕਦੀ ਆਵਾਜ਼ ਉਭਰੀ, "ਰੁਕ ਜਾ! ਹੈਂਡਜ਼ ਅੱਪ!" ਮੋੜ ਉਤੇ ਖਲੋਤੇ ਸੀ.ਆਰ.ਪੀ. ਵਾਲਿਆਂ ਨੇ ਮੇਰੀ ਹਿੱਕ ਵੱਲ ਸਟੇਨਾਂ ਸਿੱਧੀਆਂ ਕੀਤੀਆਂ ਹੋਈਆਂ ਸਨ।

"ਕੌਣ ਹੋ ਤੁਮ?"

ਜਿਹੜੀ ਗੱਲ ਦਾ ਡਰ ਸੀ, ਉਹੋ ਹੋ ਗਈ ਸੀ। ਮੈਨੂੰ ਪਹਿਲਾਂ ਹੀ ਡਰ ਸੀ ਕਿ ਮੈਨੂੰ 'ਸਿੱਖ' ਸਮਝ ਕੇ ਕਿਤੇ ਸੀ.ਆਰ.ਪੀ. ਵਾਲੇ ਰਾਹ 'ਚ ਘੇਰ ਨਾ ਲੈਂਦੇ ਹੋਣ! ਹੁਣੇ ਵਾਪਰੀ ਘਟਨਾ ਕਰ ਕੇ ਕਿਸੇ 'ਸਿੱਖ' ਨੂੰ ਵੇਖ ਕੇ, ਉਹਨੂੰ 'ਸ਼ੱਕੀ ਅਤਿਵਾਦੀ' ਸਮਝ ਕੇ ਉਹ ਗੋਲੀ ਵੀ ਮਾਰ ਸਕਦੇ ਸਨ! ਮੇਰੀ ਇਸ ਮਾਨਸਿਕਤਾ ਦਾ ਜ਼ਿਕਰ ਮੇਰੀ ਕਹਾਣੀ 'ਚੌਥੀ ਕੂਟ' ਦੇ ਅੰਤ ਉਤੇ ਰਾਤ ਸਮੇਂ ਗੱਡੀਓਂ ਉਤਰਨ ਵਾਲੇ ਅਤੇ ਪੁਲਿਸ ਤੋਂ ਡਰਨ ਵਾਲੇ 'ਸਿੱਖ' ਕਿਰਦਾਰਾਂ ਦੇ ਭੈਅ ਵਿਚੋਂ ਵੀ ਪੜ੍ਹਿਆ ਜਾ ਸਕਦਾ ਹੈ।

*ਜਿਹੜੀ ਗੱਲ ਦਾ ਡਰ ਸੀ, ਉਹੋ ਹੋ ਗਈ ਸੀ। ਮੈਨੂੰ ਪਹਿਲਾਂ ਹੀ ਡਰ ਸੀ ਕਿ ਮੈਨੂੰ 'ਸਿੱਖ' ਸਮਝ ਕੇ ਕਿਤੇ ਸੀ.ਆਰ.ਪੀ. ਵਾਲੇ ਰਾਹ 'ਚ ਘੇਰ ਨਾ ਲੈਂਦੇ ਹੋਣ! ਹੁਣੇ ਵਾਪਰੀ ਘਟਨਾ ਕਰ ਕੇ ਕਿਸੇ 'ਸਿੱਖ' ਨੂੰ ਵੇਖ ਕੇ, ਉਹਨੂੰ 'ਸ਼ੱਕੀ ਅਤਿਵਾਦੀ' ਸਮਝ ਕੇ ਉਹ ਗੋਲੀ ਵੀ ਮਾਰ ਸਕਦੇ ਸਨ! ਮੇਰੀ ਇਸ ਮਾਨਸਿਕਤਾ ਦਾ ਜ਼ਿਕਰ ਮੇਰੀ ਕਹਾਣੀ 'ਚੌਥੀ ਕੂਟ' ਦੇ ਅੰਤ ਉਤੇ ਰਾਤ ਸਮੇਂ ਗੱਡੀਓਂ ਉਤਰਨ ਵਾਲੇ ਅਤੇ ਪੁਲਿਸ ਤੋਂ ਡਰਨ ਵਾਲੇ 'ਸਿੱਖ' ਕਿਰਦਾਰਾਂ ਦੇ ਭੈਅ ਵਿਚੋਂ ਵੀ ਪੜ੍ਹਿਆ ਜਾ ਸਕਦਾ ਹੈ।*

ਵੀਹਾਂ ਕਰਮਾਂ ਦੀ ਵਿੱਥ ਉਤੇ ਆਪਣੇ ਘਰ ਵੱਲ ਤੁਰਤ ਇਸ਼ਾਰਾ ਕਰ ਕੇ ਜਿੰਨੀ ਕਾਹਲੀ ਨਾਲ ਦੱਸਿਆ ਜਾ ਸਕਦਾ ਸੀ, ਮੈਂ ਆਪਣੇ ਇਸ ਵੇਲੇ ਇੱਥੇ ਹੋਣ ਦਾ ਕਾਰਨ ਦੱਸਿਆ। ਉਹ ਮੇਰੇ ਬੋਲਾਂ ਵਿਚਲੀ ਸਦਾਕਤ ਦਾ ਅਨੁਮਾਨ ਲਾ ਹੀ ਰਹੇ ਸਨ ਕਿ ਪਰ੍ਹੇ ਖਲੋਤਾ ਸਿਪਾਹੀ ਸਾਡੇ ਕੋਲ ਆਇਆ ਅਤੇ ਆਪਣੇ ਸਾਥੀਆਂ ਨੂੰ ਕਹਿਣ ਲੱਗਾ, "ਜਾਨੇ ਦੋ।"

ਉਹ ਸਵੇਰ ਵੇਲੇ ਬਾਜ਼ਾਰ ਵਿਚ ਪਹਿਰੇ 'ਤੇ ਖਲੋਤਾ ਮੈਂ ਕਈ ਵਾਰ ਵੇਖਿਆ ਸੀ। ਉਸ ਨੇ ਵੀ ਮੈਨੂੰ ਵੇਖਿਆ ਹੀ ਹੋਵੇਗਾ! ਸਟੇਨਾਂ ਨੀਵੀਆਂ ਹੋ ਗਈਆਂ। ਮੈਂ ਲੰਮਾ ਸਾਹ ਲੈ ਕੇ ਘਰ ਵੱਲ ਵਧਿਆ। ਪਰ੍ਹੇ ਬਾਜ਼ਾਰ ਦੇ ਵਿਚਕਾਰ ਮੰਗੇ ਦੀ ਲਾਵਾਰਿਸ ਲਾਸ਼ ਪਈ ਸੀ। ਥੋੜ੍ਹੀ ਵਿੱਥ 'ਤੇ ਇੱਕ ਕਾਲਾ ਕੁੱਤਾ ਉਹਦੇ ਸਿਰਹਾਣੇ ਬੈਠਾ ਸੀ! ਉਸ ਦੇ ਦੋਹੀਂ ਪਾਸੀਂ ਦਸ-ਪੰਦਰਾਂ ਗਜ਼ਾਂ ਦੀ ਵਿੱਥ ਉਤੇ ਵਰਦੀ ਵਾਲੇ ਸਟੇਨਧਾਰੀ 'ਰੱਖਿਅਕ' ਉਸ ਦੀ 'ਲਾਸ਼ ਦੀ ਰਾਖੀ' ਖਲੋਤੇ ਸਨ ਪਰ ਇਸ 'ਸੁਰੱਖਿਆ' ਦਾ ਉਹਨੂੰ ਹੁਣ ਕੋਈ ਆਸਰਾ ਨਹੀਂ ਸੀ!

ਘਰ ਦਾ ਦਰਵਾਜ਼ਾ ਬੰਦ ਕਰਦਿਆਂ ਮੈਂ ਸਾਹਮਣੇ ਗੁਰਲਾਲ ਚੰਦ ਅਤੇ ਗੋਪਾਲ ਚੰਦ ਦੇ ਚੁਬਾਰਿਆਂ ਵੱਲ ਝਾਤ ਮਾਰੀ। ਇਸ ਘਰ 'ਚੋਂ ਮੰਗਾ ਗੁਜ਼ਰ ਗਿਆ ਸੀ ਅਤੇ ਪਰਿਵਾਰ ਦੇ ਮੁਖੀ ਗੋਪਾਲ ਚੰਦ ਨੂੰ ਗੋਲੀ ਵੱਜੀ ਸੀ। ਘਰ ਵਿਚੋਂ ਉਚੀ ਰੋਣ ਦੀ ਤਾਂ ਕੀ ਸਿਸਕਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਇਹ ਕੈਸੀ ਦਹਿਸ਼ਤ ਸੀ ਕਿ ਆਪਣਿਆਂ ਦੀ ਮੌਤ ਉਤੇ ਖੁੱਲ੍ਹ ਕੇ ਰੋਣ ਦਾ ਹੌਸਲਾ ਵੀ ਗਵਾਚ ਗਿਆ ਸੀ! ਉਨ੍ਹਾਂ ਦੇ ਘਰ ਦੇ ਜੀਆਂ ਵੱਲੋਂ ਬੁੱਲ੍ਹ ਚਿੱਥ ਕੇ, ਅੰਦਰੇ ਅੰਦਰ ਰੋਣ ਦੇ ਦਰਦ ਦਾ ਅਨੁਮਾਨ ਲਾ ਸਕਣਾ ਮੇਰੇ ਲਈ ਅਸੰਭਵ ਸੀ।

ਤੜਕਾ ਪਹਿਰ ਹੋ ਚੱਲਿਆ ਸੀ। ਬੱਚੇ ਲੇਟੇ ਹੋਏ ਸਨ। ਮੇਰੀ ਪਤਨੀ ਤੇ ਲਾਲ ਦੀ ਪਤਨੀ ਸਹਿਮੀਆਂ ਅਤੇ ਜਗਿਆਸੂ ਨਜ਼ਰਾਂ ਨਾਲ ਮੇਰੇ ਵੱਲ ਵੇਖ ਰਹੀਆਂ ਸਨ। ਮੈਂ ਉਨ੍ਹਾਂ ਲਈ ਕੀ ਖ਼ਬਰ ਲੈ ਕੇ ਆਇਆ ਸਾਂ!

ਮੈਂ ਸਭ ਨੂੰ ਅੰਮ੍ਰਿਤਸਰ ਭੇਜਣ ਦੀ ਗੱਲ ਸੁਣਾ ਕੇ ਲਾਲ ਦੀ ਪਤਨੀ ਨੂੰ ਕਿਹਾ, "ਭੈਣ ਜੀ! ਮੈਨੂੰ ਆਪ ਡਾਕਟਰ ਗਿੱਲ ਨੇ ਕਿਹਾ ਹੈ ਕਿ ਖ਼ਤਰੇ ਵਾਲੀ ਕੋਈ ਗੱਲ ਨਹੀਂ। ਲਾਲ ਨੂੰ ਕੁਝ ਨਹੀਂ ਹੋਣ ਲੱਗਾ। ਤੁਸੀਂ ਹੌਸਲਾ ਰੱਖੋ। ਹੋਰ ਘੜੀ ਨੂੰ ਦਿਨ ਚੜ੍ਹ ਜਾਣਾ ਏਂ ਅਤੇ ਆਪਾਂ ਆਪ ਹੀ ਪਹੁੰਚ ਜਾਣਾ ਉਥੇ, ਉਹਦੇ ਕੋਲ। ਤੁਸੀਂ ਆਪਣੀ ਅੱਖੀਂ ਵੇਖ ਲੈਣਾ ਹੈ ਉਹਨੂੰ ਠੀਕ-ਠਾਕ ਹੋਇਆ, ਨੌ ਬਰ ਨੌ।"

ਬੱਚੇ ਵੀ ਉਠ ਕੇ ਬਹਿ ਗਏ ਸਨ। ਮੈਂ ਸਭ ਨੂੰ ਆਪੋ ਆਪਣੀ ਥਾਂ ਲੇਟ ਜਾਣ ਲਈ ਕਹਿ ਕੇ ਮੰਜੇ 'ਤੇ ਪੈ ਗਿਆ। ਪਿਛਲੇ ਕੁਝ ਘੰਟਿਆਂ ਵਿਚ ਵਾਪਰੀ ਹੋਣੀ ਨੇ ਮੇਰੇ ਸਿਰ ਨੂੰ ਸੁੰਨ ਕਰ ਦਿੱਤਾ ਸੀ। ਹੁਣੇ ਹੀ 'ਮੌਤ ਦੇ ਮੂੰਹੋਂ' ਬਚ ਕੇ ਆਇਆ ਹੋਣ ਕਰ ਕੇ ਮੈਂ ਮੌਤ ਨੂੰ ਆਪਣੇ ਨੇੜੇ ਨੇੜੇ ਮਹਿਸੂਸ ਕਰਨ ਲੱਗਾ। ਮੈਨੂੰ ਲੱਗਾ, ਗੋਲੀਆਂ ਚਲਾਉਣ ਵਾਲੇ ਹੁਣੇ ਮੇਰੇ ਘਰ ਦੀਆਂ ਕੰਧਾਂ ਟੱਪ ਕੇ, 'ਦਗੜ ਦਗੜ' ਕਰਦੇ ਮੇਰੇ ਘਰ ਆਣ ਵੜੇ ਹਨ ਅਤੇ ਗੋਲੀਆਂ ਦਾ ਛਾਣਾ ਮਾਰਨ ਤੋਂ ਪਹਿਲਾਂ ਵਿਅੰਗ ਨਾਲ ਚੰਘਿਆੜਤੇ ਹਨ, "ਤੈਥੋਂ ਕਰਾਉਂਦੇ ਆਂ 'ਇਨ੍ਹਾਂ ਦੀ ਮਦਦ!' 'ਪੰਥ' ਦਿਆ ਗ਼ਦਾਰਾ!"



*ਵਰਿਆਮ ਸਿੰਘ ਸੰਧੂ ਆਪਣੀ ਪਤਨੀ ਰਜਵੰਤ ਕੌਰ ਅਤੇ ਨੰਨ੍ਹੇ ਬਾਲ ਨਾਲ।*

ਦੂਜੇ ਪਾਸਿਓਂ ਦੂਜੀ ਧਿਰ ਦੀਆਂ ਤਣੀਆਂ ਸਟੇਨਾਂ ਦਾ ਖੜਕਾ ਸੁਣਿਆ, "ਰੁਕ ਜਾ, ਹੈਂਡਜ਼ ਅੱਪ!"

ਮੈਂ ਉਨ੍ਹਾਂ ਵੇਲਿਆਂ ਦੇ ਸਾਰੇ ਪੰਜਾਬੀਆਂ ਵਾਂਗ ਬੇਵਸ ਅਤੇ ਬੇਹਿੱਸ ਹੋਇਆ ਪਿਆ ਸਾਂ!

ਮੇਰੇ ਸਾਹਮਣੇ ਕੰਧ 'ਤੇ ਲਟਕੇ ਗੁਰੂ ਨਾਨਕ ਦੇ ਚਿਤਰ ਵਿਚਲਾ 'ਅਸ਼ੀਰਵਾਦ' ਵਿਚ ਉਠਿਆ ਹੱਥ ਮੈਨੂੰ ਦਿਲ ਧਰਨ ਲਈ ਕਹਿ ਰਿਹਾ ਸੀ।

***

ਅਗਲੇ ਦਿਨ ਸਵੇਰੇ ਹੀ ਲਾਲ ਦਾ ਪਰਿਵਾਰ ਚਾਹ-ਪਾਣੀ ਪੀ ਕੇ ਆਪਣੇ ਘਰ ਚਲਾ ਗਿਆ ਤਾਂ ਕਿ ਛੇਤੀ ਤੋਂ ਛੇਤੀ ਤਿਆਰ ਹੋ ਕੇ ਲਾਲ ਦਾ ਪਤਾ ਕਰਨ ਲਈ ਅੰਮ੍ਰਿਤਸਰ ਜਾਇਆ ਜਾ ਸਕੇ।

ਜਦੋਂ ਅਸੀਂ ਦੋਵੇਂ ਜੀਅ ਜ਼ਖ਼ਮੀਆਂ ਦਾ ਪਤਾ ਕਰਨ ਲਈ ਅੰਮ੍ਰਿਤਸਰ ਪਹੁੰਚੇ ਤਾਂ ਹਸਪਤਾਲ ਵਿਚ ਮਿਜ਼ਾਜ-ਪੁਰਸੀ ਲਈ ਆਉਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ। ਇਨ੍ਹਾਂ ਵਿਚ ਉਨ੍ਹਾਂ ਦੇ ਰਿਸ਼ਤੇਦਾਰ ਵੀ ਸਨ ਅਤੇ ਪਿੰਡ ਦੇ ਸਾਂਝਾਂ ਵਾਲੇ 'ਹੋਰ' ਆਦਮੀ ਵੀ। 'ਹਿੰਦੂ ਸਿੱਖ' ਸਾਰੇ ਹੀ। ਸਾਰੇ ਜ਼ਖ਼ਮੀ ਇੱਕੋ ਹੀ ਵਾਰਡ ਵਿਚ ਪੱਟੀਆਂ ਵਿਚ ਲਿਪਟੇ ਮੰਜੀਆਂ ਉਤੇ ਲੇਟੇ ਹੋਏ ਸਨ। ਉਨ੍ਹਾਂ ਦੇ ਸਿਰਹਾਣੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਉਨ੍ਹਾਂ ਦੇ ਵਾਰਿਸ ਬੈਠੇ ਸਨ। ਅਸੀਂ ਹਰ ਇਕ ਦੇ ਬੈਡ ਕੋਲ ਜਾਂਦੇ, ਵਾਪਰ ਚੁੱਕੀ ਹੋਣੀ 'ਤੇ ਅਫ਼ਸੋਸ ਕਰਦੇ, ਹੌਸਲਾ ਰੱਖਣ ਲਈ ਕਹਿੰਦੇ।

ਸਾਰੇ ਜਣੇ ਰੋਹ-ਰੰਜ ਅਤੇ ਸਹਿਮ ਦੇ ਪੁਤਲੇ ਬਣੇ ਹੋਏ ਸਨ। ਜਿਹੜੇ ਜ਼ਖ਼ਮੀ ਬੋਲ ਸਕਦੇ ਸਨ; ਉਹ ਆਪਣੇ ਉਪਰ ਹੋਏ ਹਮਲੇ ਦਾ ਬਿਰਤਾਂਤ ਸੁਣਾ ਰਹੇ ਸਨ। ਇੱਕ ਗੱਲ ਵਾਰ ਵਾਰ ਦੁਹਰਾਈ ਜਾ ਰਹੀ ਸੀ ਕਿ 'ਪਿੰਡ ਦੇ ਬੰਦਿਆਂ ਦੀ ਸੂਹ ਅਤੇ ਸ਼ਹਿ ਤੋਂ ਬਿਨਾਂ ਇਹ ਘਟਨਾ ਨਹੀਂ ਵਾਪਰ ਸਕਦੀ!' ਸਾਰੇ ਜਣੇ ਇਸ ਗੱਲ 'ਤੇ ਸਹਿਮਤ ਵੀ ਲੱਗਦੇ

(ਬਾਕੀ ਅਗਲੇ ਸਫੇ 'ਤੇ)

ਰਾਜਿੰਦਰ ਸਿੰਘ ਬੇਦੀ-3



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਕਹਾਣੀਕਾਰ ਖੱਲ ਉਤਰਵਾ ਕੇ ਲੂਣ ਵਿਚੋਂ ਲੰਘਦਾ ਹੈ!

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ ਪੜ੍ਹ ਕੇ ਪਾਠਕੀ ਸੂਝ ਦੇ ਮਾਲਕ ਨਵੇਂ ਕਹਾਣੀਕਾਰ ਨੂੰ ਜੋ ਸਿੱਖਿਆ ਮਿਲਦੀ ਹੈ, ਉਹ ਤਾਂ ਮਿਲਦੀ ਹੀ ਹੈ, ਉਹ ਸਿੱਧਿਆਂ ਵੀ ਬੜੀਆਂ ਕੰਮ ਦੀਆਂ ਰਾਹ-ਦਿਖਾਵੀਆਂ ਜੁਗਤਾਂ ਦਸਦੇ ਹਨ। ਉਹ ਕਹਿੰਦੇ ਹਨ ਕਿ ਰਚਨਾ ਕਰਦਿਆਂ ਲੇਖਕ ਵਿਚ ਹਉਮੈ ਵਰਗਾ ਆਤਮ-ਵਿਸ਼ਵਾਸ ਹੋਣਾ ਚਾਹੀਦਾ ਹੈ, ਪਰ ਜੋ ਨਿਮਰਤਾ ਤੋਂ ਦੁਰੇਡਾ ਨਾ ਹੋਵੇ। ਉਸ ਵਿਚ ਹਰ ਗੱਲ ਨੂੰ ਹੋਰਾਂ ਨਾਲੋਂ ਤਿਖੇਰੀ ਤਰ੍ਹਾਂ ਮਹਿਸੂਸ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਇਕ ਹੋਰ ਕਮਾਲ ਦੀ ਜੁਗਤ ਉਹ ਇਹ ਸੁਝਾਉਂਦੇ ਹਨ ਕਿ ਲੇਖਕ ਦਾ ਤਾਲੂ ਤੇ ਮੂੰਹ ਜਾਨਵਰ ਵਰਗੇ ਹੋਣੇ ਚਾਹੀਦੇ ਹਨ ਜੋ ਚਾਰੇ ਨੂੰ ਰੇਤੇ-ਮਿੱਟੀ ਨਾਲੋਂ ਵੱਖ ਕਰ ਲੈਂਦਾ ਹੈ। ਸਾਹਿਤ ਦੇ ਨਾਲ ਹੀ ਉਹਨੂੰ ਹੋਰ ਕਲਾਵਾਂ ਦਾ, ਖਾਸ ਕਰ ਸੰਗੀਤ ਦੀ, ਚਿਤਰਕਾਰੀ ਦੀ ਕੋਮਲਤਾ ਦਾ ਪਤਾ ਹੋਣਾ ਚਾਹੀਦਾ ਹੈ।

ਸ਼ਿਅਰ ਅਤੇ ਕਹਾਣੀ ਵਿਚ ਕੋਈ ਫ਼ਰਕ ਨਾ ਮੰਨਦਿਆਂ ਉਹ ਕਹਿੰਦੇ ਹਨ ਕਿ ਆਦਿ ਤੋਂ ਅੰਤ ਤੱਕ ਕਹਾਣੀ ਵਿਚ ਚੱਲਣ ਵਾਲਾ ਇਕੋ ਲੰਮਾ ਛੰਦ ਸ਼ਿਅਰ ਦੇ ਛੋਟੇ ਛੰਦ ਜਿੰਨੀ ਹੀ ਮੁਹਾਰਤ ਨਾਲ ਨਿਭਾਇਆ ਜਾਣਾ ਚਾਹੀਦਾ ਹੈ। ਭਾਵੇਂ ਵਿਧਾਵਾਂ ਵਜੋਂ ਕਹਾਣੀ ਅਤੇ ਨਾਵਲ ਨੂੰ ਇਕ ਦੂਜੀ ਦੇ ਨੇੜੇ ਸਮਝਿਆ ਜਾਂਦਾ ਹੈ, ਪਰ ਬੇਦੀ ਜੀ ਕਹਾਣੀ ਅਤੇ ਕਵਿਤਾ ਵਿਚ ਵਧੀਕ ਸਾਂਝ ਦੇਖਦੇ ਹਨ। ਮੈਨੂੰ ਚੇਤੇ ਆਇਆ, ਟੌਬੀਅਸ ਵੁਲਫ਼ ਦਾ ਇਕ ਕਥਨ ਵੀ ਬੇਦੀ ਜੀ ਦੇ ਇਸ ਮੱਤ ਦੀ ਪੁਸ਼ਟੀ ਕਰਦਾ ਹੈ। ਉਹਨੇ ਕਿਹਾ ਸੀ, "ਮੇਰਾ ਯਕੀਨ ਹੈ, ਕਹਾਣੀ, ਵਿਧਾ ਵਜੋਂ, ਨਾਵਲ ਤੋਂ ਓਨੀ ਹੀ ਵੱਖਰੀ ਹੈ ਜਿੰਨੀ ਕਵਿਤਾ। ਸਗੋਂ ਮੈਨੂੰ ਤਾਂ ਲਗਦਾ ਹੈ, ਵਧੀਆ ਕਹਾਣੀਆਂ ਰੂਹ ਦੇ ਪੱਖੋਂ ਨਾਵਲ ਨਾਲੋਂ ਸ਼ਾਇਦ ਕਵਿਤਾ ਦੇ ਵਧੀਕ ਨੇੜੇ ਹੁੰਦੀਆਂ ਹਨ।"

ਕਹਾਣੀ-ਕਲਾ ਵਿਚ ਨਿਪੁੰਨਤਾ ਹਾਸਲ ਕਰਨ ਲਈ ਕਰੜੀ ਤਪੱਸਿਆ ਅਤੇ ਸਾਧਨਾ ਉਤੇ ਜ਼ੋਰ ਦਿੰਦਿਆਂ ਉਹ ਦੂਜੀ ਪੜ੍ਹਤ ਸਮੇਂ ਘੱਟ ਸ਼ਬਦ ਪਾਉਣ ਅਤੇ ਬਹੁਤੇ ਵਾਕ ਕੱਟਣ ਉਤੇ ਜ਼ੋਰ ਦਿੰਦੇ ਹਨ, "ਆਪਣੇ ਆਪ ਵਿਚ ਉਹ ਭਾਵੇਂ ਕਿੰਨੀ ਹੀ ਖ਼ੂਬਸੂਰਤ ਹੋਵੇ, ਜੋ ਗੱਲ ਕਹਾਣੀ ਦੇ ਸਮੁੱਚੇ ਪ੍ਰਭਾਵ ਲਈ ਘਾਤਕ ਹੈ ਜਾਂ ਕੇਂਦਰੀ ਵਿਚਾਰ ਤੋਂ ਲਾਂਭੇ ਲਿਜਾਂਦੀ ਹੈ, ਉਸ ਉਤੇ ਕਲਮ ਫੇਰਨੀ ਹੀ ਠੀਕ ਹੈ।" ਇਸ ਗੱਲ ਨੂੰ ਉਹ ਕਹਾਣੀ ਲਿਖਣ ਸਮੇਂ ਭੁੱਲਣ ਅਤੇ ਚੇਤੇ ਰੱਖਣ ਦੇ ਅਮਲਾਂ ਦੀ ਸਮਾਨੰਤਰਤਾ ਜਿੰਨੀ ਹੀ ਜ਼ਰੂਰੀ ਸਮਝਦੇ ਹਨ ਅਤੇ ਕੁਝ ਵੀ ਨਾ ਭੁੱਲ ਸਕਣ ਦੀ ਬੀਮਾਰੀ ਨੂੰ ਲੇਖਕ ਲਈ ਘਾਤਕ ਕਹਿੰਦੇ ਹਨ। ਉਹ ਯਕੀਨ ਦੁਆਉਂਦੇ ਹਨ ਕਿ ਜਦੋਂ ਇਹ ਸਭ ਗੱਲਾਂ ਸਾਧ ਲਈਆਂ ਜਾਣ, ਹਰ ਮੋੜ, ਹਰ ਨੁੱਕਰ ਉਤੇ ਕਹਾਣੀਆਂ ਖਿੰਡੀਆਂ ਹੋਈਆਂ ਦਿੱਸਣ ਲੱਗ ਪੈਂਦੀਆਂ ਹਨ ਅਤੇ ਉਨ੍ਹਾਂ ਦੀ ਗਿਣਤੀ ਏਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਸਮੇਟ ਸਕਣਾ ਕਿਸੇ ਵੀ ਕਹਾਣੀਕਾਰ ਦੇ ਵੱਸ ਦੀ ਗੱਲ ਨਹੀਂ ਹੁੰਦੀ। ਕਹਾਣੀਕਾਰ ਯੂਨਾਨੀ ਪੌਰਾਣਿਕ ਪਾਤਰ ਮੀਡਾਸ ਵਾਂਗ ਅਜਿਹੀ ਛੋਹ ਦਾ ਸੁਆਮੀ ਬਣ ਜਾਂਦਾ ਹੈ ਕਿ ਜਿਸ ਵਸਤ ਨੂੰ ਵੀ ਹੱਥ ਲਾਉਂਦਾ ਹੈ, ਉਹੋ ਸੋਨਾ ਬਣ ਜਾਂਦੀ ਹੈ।

ਬੇਦੀ ਜੀ ਦੀ ਭਾਸ਼ਾਈ ਕਲਾਕਾਰੀ ਦਾ ਕਮਾਲ ਤਾਂ ਹਰ ਪੰਨੇ ਉਤੇ ਦੇਖਿਆ ਜਾ ਸਕਦਾ ਹੈ। ਪਾਤਰ ਦੀ ਸਰੀਰਕ ਬੀਮਾਰੀ ਅਤੇ ਮਾਨਸਿਕ ਦੁਰਬਲਤਾ ਦੀ ਥਾਹ ਪੁਆਉਣ ਲਈ ਉਹ ਆਖਦੇ ਹਨ, "ਉਸ ਵਿਚ ਹੁਣ ਮਾੜੀ ਜਿਹੀ ਮਿਹਰਬਾਨੀ ਝੱਲਣ ਦੀ ਵੀ ਸੱਤਿਆ ਨਹੀਂ ਸੀ ਰਹਿ ਗਈ।" ਉਹ ਉਸ ਨੂੰ "ਲਿੰਗਹੀਨ ਅੱਖਾਂ ਨਾਲ ਦੇਖਦਾ" ਦਸਦੇ ਹਨ ਜੋ ਆਪਣੀ ਪ੍ਰੇਮਿਕਾ ਨੂੰ ਵੀ ਕਹਿੰਦਾ ਹੈ, "ਕਿਤੇ ਰੋਗੀ ਦਾ ਵੀ ਕੋਈ ਲਿੰਗ ਹੁੰਦਾ ਐ ਭਲਾ!" ਨਾਇਕਾ ਦੇ ਤੁਰਨ ਸਮੇਂ ਥਿਰਕਦੇ ਅਤੇ ਨ੍ਰਿਤ ਕਰਦੇ ਪਿਠੇ ਦਾ ਸਿੱਧਾ ਸਰੀਰਕ ਵਰਣਨ ਕਰਨ ਦੀ ਥਾਂ ਉਹ ਕਹਿੰਦੇ ਹਨ, "ਤਿੱਖਾ ਤੁਰਨ ਵੇਲੇ ਉਸ ਦਾ ਪਿਠਾ ਉਸ ਬਤੱਖ ਜਿਹਾ ਲੱਗਣ ਲੱਗ ਪੈਂਦਾ ਸੀ ਜੋ ਕਿਸੇ ਬਿੱਲੀ-ਕੁੱਤੇ ਤੋਂ ਡਰਦੀ ਛੱਪੜ ਵੱਲ ਭਜਦੀ-ਉਡਦੀ ਜਾਂਦੀ ਹੋਵੇ।" ਔਰਤ ਤੋਂ ਦੇਵੀ ਬਣ ਗਈ ਜਾਂ ਬਣਾ ਦਿੱਤੀ ਗਈ ਪਾਤਰ ਦੇ ਦੁੱਧ-ਚਿੱਟੇ ਨਿਰਮਲ ਵਸਤਰਾਂ ਦੇ ਅਤੇ ਉਸ ਦੇ ਸਫਾਈ-ਰੋਗ ਦੇ ਹਵਾਲੇ ਨਾਲ ਉਹ ਲਿਖਦੇ ਹਨ, "ਮੈਲੇ ਪਾਣੀ ਦਾ ਇਕ ਛਿੱਟਾ ਵੀ ਕਿਤੋਂ ਆ ਕੇ ਉਸ ਉਤੇ ਪੈ ਗਿਆ ਤਾਂ ਉਸ ਨੂੰ ਗਰਭ ਠਹਿਰ ਜਾਵੇਗਾ।" ਬਾਰਾਂ ਸਾਲ ਦੀ ਕੁੜੀ ਦੀ ਬਾਲਪਨ ਤੋਂ ਜਵਾਨੀ ਵਿਚ ਪ੍ਰਵੇਸ਼ ਕਰਨ ਦੀ ਤਿਆਰੀ ਨੂੰ ਉਹ ਇਉਂ ਸ਼ਬਦੀ ਜਾਮਾ ਪੁਆਉਂਦੇ ਅਤੇ ਤਸਵੀਰ ਬਣਾਉਂਦੇ ਹਨ, "ਉਹ ਉਥੇ ਹੀ ਫਰਸ਼ ਉਤੇ ਲੀਕਾਂ ਮਾਰ ਕੇ ਠੀਕਰੀ ਨਾਲ ਪੀਚੋ ਖੇਡਣ ਲੱਗ ਪਈ।...ਉਹ ਉਸ ਵੇਲੇ ਇਕ ਲੱਤ ਉਤੇ ਖੜ੍ਹੀ ਸੀ ਅਤੇ ਠੀਕਰੀ ਨੂੰ ਠੋਹਕਰ ਮਾਰ ਕੇ ਕਿਸੇ ਵੇਲੇ ਵੀ ਲਕੀਰ ਨੂੰ ਟੱਪ ਸਕਦੀ ਸੀ।"

ਪ੍ਰੋ. ਪ੍ਰੀਤਮ ਸਿੰਘ ਦੇ ਇਹ ਕਹਿਣ ਕਿ "ਤੁਹਾਡੀਆਂ ਕੁਝ ਕਹਾਣੀਆਂ ਤਾਂ ਪੰਜਾਬੀ ਵਿਚ ਛਪ ਚੁੱਕੀਆਂ ਨੇ" ਦੇ ਉਤਰ ਵਿਚ ਬੇਦੀ ਪਤਾ ਨਹੀਂ ਕਿਉਂ ਕਹਿੰਦੇ ਹਨ, "ਮੈਨੂੰ ਤਾਂ ਇਕ-ਅੱਧੀ ਕਹਾਣੀ ਦਾ ਹੀ ਪਤਾ ਹੈ।" ਮੈਂ ਆਪਣੇ ਕਾਲਜ ਦੀ ਲਾਇਬਰੇਰੀ ਵਿਚੋਂ ਕਢਵਾਈ ਉਨ੍ਹਾਂ ਦੀਆਂ ਕਹਾਣੀਆਂ ਦੀ ਪੁਸਤਕ 'ਘਰ ਵਿਚ ਬਾਜ਼ਾਰ ਵਿਚ' ਦੀ ਗੱਲ ਕਰ ਹੀ ਚੁੱਕਿਆ ਹਾਂ। ਉਨ੍ਹਾਂ ਦੀ ਪ੍ਰਸਿੱਧ ਕਹਾਣੀ 'ਲਾਜਵੰਤੀ' ਐਸ. ਸਵਰਨ ਨੇ ਆਪਣੇ ਪ੍ਰਸਿੱਧ ਰਸਾਲੇ 'ਚੇਤਨਾ' ਵਿਚ ਛਾਪੀ ਸੀ ਜਿਸ ਦੇ ਨਿਗਰਾਨ, ਸਰਪ੍ਰਸਤ ਜਾਂ ਮੁੱਖ-ਸੰਪਾਦਕ (ਮੈਨੂੰ ਹੁਣ ਇਸ ਗੱਲ ਦਾ ਧਿਆਨ ਨਹੀਂ ਰਿਹਾ) ਵਜੋਂ ਬੇਦੀ ਜੀ ਦਾ ਨਾਂ ਹੀ ਛਪਦਾ ਹੁੰਦਾ ਸੀ। ਜੇ ਮੈਂ ਭੁਲਦਾ ਨਹੀਂ, ਸਮੇਂ ਸਮੇਂ 'ਚੇਤਨਾ' ਵਿਚ ਵੀ ਅਤੇ ਹੋਰ ਥਾਂਈਂ ਵੀ ਉਨ੍ਹਾਂ ਦੀਆਂ ਕਈ ਕਹਾਣੀਆਂ ਛਪੀਆਂ ਸਨ।



*ਰਾਜਿੰਦਰ ਸਿੰਘ ਬੇਦੀ "ਦੀ ਡਰੀਮ ਫੈਕਟਰੀ: 100 ਯੀਅਰਜ਼ ਆਫ ਸਿਨੇਮਾ ਇਨ ਇੰਡੀਆ" ਦੇ ਲੇਖਕ ਐਚ ਕੇ ਵਰਮਾ ਨੂੰ ਅਵਾਰਡ ਦਿੰਦੇ ਹੋਏ*

ਉਨ੍ਹਾਂ ਦੀ ਪ੍ਰਸਿੱਧ ਅਤੇ ਬਾਕਮਾਲ ਕਹਾਣੀ 'ਮਿਥੁਨ' ਦੇ ਪੰਜਾਬੀ ਅਨੁਵਾਦ ਦਾ ਕਿੱਸਾ ਮੈਨੂੰ ਅਜੇ ਤੱਕ ਯਾਦ ਹੈ। ਕਈ ਦਹਾਕੇ ਪਹਿਲਾਂ ਦੀ ਗੱਲ ਹੈ, ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਲਈ ਉਨ੍ਹਾਂ ਤੋਂ ਕਹਾਣੀ ਮੰਗੀ ਅਤੇ ਉਨ੍ਹਾਂ ਨੇ 'ਮਿਥੁਨ' ਸੋਵੀਅਤ ਦੂਤਾਵਾਸ ਵਿਚ ਮੇਰੇ ਸਹਿਕਰਮੀ, ਕਹਾਣੀਕਾਰ ਗੁਰਵੇਲ ਪੰਨੂੰ ਨੂੰ ਭੇਜ ਦਿੱਤੀ ਕਿ ਉਹ ਅਨੁਵਾਦ ਕਰ ਕੇ ਅੰਮ੍ਰਿਤਾ ਨੂੰ ਦੇ ਦੇਵੇ। ਕਹਾਣੀ ਨੂੰ ਤਾਂ ਗੁਰਵੇਲ ਨੇ ਅਤੇ ਮੈਂ ਮਿਲ-ਬੈਠ ਕੇ ਪੜ੍ਹਿਆ ਅਤੇ ਉਹਦੀ ਸੂਖਮਤਾ ਨੂੰ ਰੱਜ ਕੇ ਸਲਾਹਿਆ ਹੀ, ਜੋ ਗੱਲ ਸਾਨੂੰ ਬੜੀ ਅਨੋਖੀ ਲੱਗੀ ਅਤੇ ਅੱਜ ਤੱਕ ਮੇਰੀ ਯਾਦ ਵਿਚ ਉਕਰੀ ਪਈ ਹੈ, ਉਹ ਸੀ ਉਨ੍ਹਾਂ ਦੀ ਇਹ ਇੱਛਾ ਕਿ ਅਨੁਵਾਦ ਕਿਤੇ ਮੂਲ ਭਾਵਨਾ ਤੋਂ ਭੋਰਾ ਵੀ ਇਧਰ-ਉਧਰ ਨਾ ਹੋ ਜਾਵੇ। ਜਿਨ੍ਹਾਂ ਲਫ਼ਜ਼ਾਂ ਬਾਰੇ ਉਨ੍ਹਾਂ ਨੂੰ ਸ਼ੱਕ ਸੀ ਕਿ ਅਨੁਵਾਦਕ ਉਨ੍ਹਾਂ ਦੇ ਅਰਥ ਅਸਲ ਨਾਲੋਂ ਮਾੜੇ-ਮੋਟੇ ਇਧਰ-ਉਧਰ ਕਰ ਸਕਦਾ ਹੈ, ਬੇਦੀ ਜੀ ਨੇ ਉਨ੍ਹਾਂ ਦੇ ਅਰਥ ਹਾਸ਼ੀਏ ਵਿਚ ਪੰਜਾਬੀ ਵਿਚ, ਗੁਰਮੁਖੀ ਅੱਖਰਾਂ ਵਿਚ ਲਿਖੇ ਹੋਏ ਸਨ। ਲਫ਼ਜ਼ ਤਾਂ ਲਫ਼ਜ਼ ਰਹੇ, ਉਨ੍ਹਾਂ ਨੇ ਇਸ ਡਰੋਂ ਕਿ ਕਿਤੇ ਅਨੁਵਾਦਕ ਪਾਤਰਾਂ ਦੇ ਨਾਂਵਾਂ ਨੂੰ ਉਰਦੂ ਵਿਚੋਂ ਪੜ੍ਹ ਕੇ ਗ਼ਲਤ ਨਾ ਉਠਾਲ ਲਵੇ, ਉਹ ਵੀ ਗੁਰਮੁਖੀ ਵਿਚ ਲਿਖ ਦਿੱਤੇ ਸਨ। ਕਾਤਬਾਂ ਵਲੋਂ ਲਿਖਾਈ ਸਮੇਂ ਜ਼ੇਰ-ਜ਼ਬਰ ਛੱਡ ਹੀ ਦਿੱਤੇ ਜਾਣ ਦਾ ਰਿਵਾਜ ਪੈ ਗਿਆ ਹੋਣ ਕਰਕੇ ਨਾਇਕਾ ਦੇ ਨਾਂ ਨੂੰ 'ਕੇਰਤੀ' ਵੀ ਪੜ੍ਹਿਆ ਜਾ ਸਕਦਾ ਸੀ ਅਤੇ 'ਕੀਰਤੀ' ਵੀ। ਉਨ੍ਹਾਂ ਨੇ ਸਪੱਸ਼ਟ ਕੀਤਾ ਹੋਇਆ ਸੀ ਕਿ ਉਹ 'ਕੀਰਤੀ' ਹੈ। ਇਸੇ ਪ੍ਰਕਾਰ 'ਮਗਨ ਟਕਲਾ' ਦੱਸਿਆ ਹੋਇਆ ਸੀ। ਤੇ ਅਨੁਵਾਦ ਬਾਰੇ ਹੋਰ ਵੀ ਕਈ ਹਦਾਇਤਾਂ ਦਿੱਤੀਆਂ ਹੋਈਆਂ ਸਨ।

ਉਨ੍ਹਾਂ ਦਾ ਰਚਨਾਤਮਕ ਕਾਰਜ ਕਹਾਣੀ ਮੁਕੰਮਲ ਹੋ ਕੇ ਛਪ ਜਾਣ ਮਗਰੋਂ ਹੀ ਸਮਾਪਤ ਨਾ ਹੋਣ ਦੀ ਅਤੇ ਉਨ੍ਹਾਂ ਵਲੋਂ ਆਪਣੀਆਂ ਕਹਾਣੀਆਂ ਦੇ ਇਕ-ਇਕ ਸ਼ਬਦ ਨੂੰ ਜੋਖੇ-ਪਰਖੇ ਜਾਣ ਦੀ ਇਕ ਹੋਰ ਮਿਸਾਲ ਰਤਨ ਸਿੰਘ ਦਸਦੇ ਹਨ। ਇਕ ਦਿਨ ਬੇਦੀ ਜੀ ਨੇ ਆਪਣੀਆਂ ਕਹਾਣੀਆਂ ਦਾ ਇਕ ਖਰੜਾ ਇਨ੍ਹਾਂ ਨੂੰ ਘਰ ਲਿਜਾ ਕੇ ਪੜ੍ਹਨ ਲਈ ਦਿੱਤਾ। ਘਰ ਆ ਕੇ ਇਨ੍ਹਾਂ ਨੇ ਦੇਖਿਆ ਤਾਂ ਬਹੁਤੀਆਂ ਕਹਾਣੀਆਂ ਪਹਿਲਾਂ ਦੀਆਂ ਪੁਸਤਕਾਂ ਵਿਚ ਛਪੀਆਂ ਹੋਈਆਂ ਸਨ। ਪਰ ਅਹਿਮ ਗੱਲ ਇਹ ਸੀ ਕਿ ਉਨ੍ਹਾਂ ਵਿਚ ਲਫ਼ਜ਼ ਬਦਲੇ ਹੋਏ ਸਨ। ਸਤਰਾਂ ਕੱਟੀਆਂ ਹੋਈਆਂ ਸਨ ਅਤੇ ਹਾਸ਼ੀਏ ਵਿਚ ਸਵਾਲੀਆ ਨਿਸ਼ਾਨ ਲਾਏ ਹੋਏ ਸਨ, ਭਾਵ ਉਨ੍ਹਾਂ ਗੱਲਾਂ ਬਾਰੇ ਉਨ੍ਹਾਂ ਨੇ ਅਜੇ ਫ਼ੈਸਲਾ ਲੈਣਾ ਸੀ ਜਾਂ ਉਨ੍ਹਾਂ ਨੂੰ ਸਪੱਸ਼ਟ ਕਰਨਾ ਸੀ। ਇਕ-ਇਕ ਲਫ਼ਜ਼ ਦਾ ਕਹਾਣੀ ਨਾਲ ਨਾਤਾ ਜੋਖਣਾ-ਪਰਖਣਾ ਆਪਣੀ ਰਚਨਾ ਨੂੰ ਸੰਪੂਰਨਤਾ ਦੇਣ ਦੀ ਉਨ੍ਹਾਂ ਦੀ ਤਾਂਘ ਦਾ ਸੂਚਕ ਹੈ।

ਹਰ ਖਰੇ ਲੇਖਕ ਦੀ ਹੋਣੀ ਇਹੋ ਹੁੰਦੀ ਹੈ ਕਿ ਉਹਨੂੰ ਆਪਣੇ ਪਾਤਰਾਂ ਦੇ ਦੁੱਖ-ਸੁਖ ਉਨ੍ਹਾਂ ਜਿੰਨੀ ਤੀਬਰਤਾ ਨਾਲ, ਸਗੋਂ ਕਈ ਵਾਰ ਤਾਂ ਉਨ੍ਹਾਂ ਤੋਂ ਵੀ ਵੱਧ ਕੋਮਲ-ਭਾਵੀ ਹੋਣ ਕਰਕੇ ਉਨ੍ਹਾਂ ਨਾਲੋਂ ਵੀ ਵਧੀਕ ਤੀਬਰਤਾ ਨਾਲ ਆਪਣੇ ਮਨ ਉਤੇ ਝੱਲਣੇ ਅਤੇ ਹੰਢਾਉਣੇ ਪੈਂਦੇ ਹਨ। ਇਥੇ ਕਈ ਸਾਲ ਪਹਿਲਾਂ ਟੀ.ਵੀ. ਉਤੇ ਦੇਖੀ-ਸੁਣੀ ਇਕ ਪਾਇਲਟ ਨਾਲ ਗੱਲਬਾਤ, ਜੋ ਮੈਨੂੰ ਕਦੀ ਨਹੀਂ ਭੁੱਲੀ, ਦਾ ਜ਼ਿਕਰ ਬਹੁਤ ਪ੍ਰਸੰਗਕ ਲੱਗਦਾ ਹੈ। ਸਵਾਲ ਸੀ ਕਿ ਉਹ, ਜਿਸ ਨੂੰ ਦੁਨੀਆਂ ਭਰ ਦੀਆਂ ਸੁਖ-ਸਹੂਲਤਾਂ ਪ੍ਰਾਪਤ ਹਨ, ਵੀ ਹਵਾਈ ਜਹਾਜ਼ ਨਾਂ ਦੇ ਵਾਹਨ ਦਾ ਚਾਲਕ ਹੈ ਅਤੇ ਰਿਕਸ਼ੇ ਵਾਲਾ, ਜੋ ਸੜਕ ਦੀ ਤਪਦੀ ਲੁੱਕ ਅਤੇ ਅੱਗ-ਵਰ੍ਹਾਉਂਦੇ ਸੂਰਜ ਦੇ ਵਿਚਕਾਰ ਭੁਜਦਾ ਹੈ, ਵੀ ਰਿਕਸ਼ਾ ਨਾਂ ਦੇ ਵਾਹਨ ਦਾ ਚਾਲਕ ਹੈ, ਕੀ ਉਹਨੇ ਜਹਾਜ਼-ਚਾਲਕ ਹੋਣ ਦੇ ਨਾਤੇ ਉਸ ਰਿਕਸ਼ਾ-ਚਾਲਕ ਦੀ ਪੀੜ, ਮਾਯੂਸੀ, ਪਰੇਸ਼ਾਨੀ, ਪਸ਼ੇਮਾਨੀ ਅਤੇ ਪਾਇਲਟ ਵਰਗੇ ਲੋਕਾਂ ਲਈ ਉਹਦੀ ਖਿਝ ਮਹਿਸੂਸ ਕੀਤੀ ਹੈ?

ਆਸ ਦੇ ਉਲਟ ਪਾਇਲਟ ਵਲੋਂ ਦਿੱਤਾ ਗਿਆ ਉਤਰ ਹੈਰਾਨ ਕਰ ਦੇਣ ਦੀ ਹੱਦ ਤੱਕ ਡੂੰਘੇ ਅਰਥਾਂ ਵਾਲਾ ਸੀ। ਉਹ ਬੋਲਿਆ, "ਉਸ ਰਿਕਸ਼ਾ-ਚਾਲਕ ਨੂੰ ਅਜਿਹੀ ਕੋਈ ਗੱਲ ਜਾਂ ਖਿਝ ਮਹਿਸੂਸ ਨਹੀਂ ਹੁੰਦੀ। ਇਹ ਸਭ ਕੁਝ ਤਾਂ ਸਾਡੀ ਮੱਧ-ਸ਼੍ਰੇਣੀ ਦੀ ਭਾਵੁਕਤਾ ਵਿਚੋਂ ਉਪਜੀ ਤੇਜ਼ ਕਲਪਨਾ ਮਹਿਸੂਸ ਕਰਦੀ ਹੈ। ਰਿਕਸ਼ੇ ਵਾਲਾ ਤਾਂ ਦਿਨ ਦੀ ਕਮਾਈ ਨਾਲ ਦਾਰੂ ਪੀ ਕੇ ਤੇ ਹਿੰਦੀ ਫ਼ਿਲਮ ਦੇਖ ਕੇ ਸੌਂ ਜਾਂਦਾ ਹੈ। ਜਿਸ ਦਿਨ ਰਿਕਸ਼ਾ-ਚਾਲਕ ਨੂੰ ਅਜਿਹਾ ਮਹਿਸੂਸ ਹੋਣ ਲੱਗਿਆ, ਉਹ ਵੱਖ-ਵੱਖ ਖੇਤਰਾਂ ਵਿਚ ਜੀਵਨ ਦੀ ਅੱਗ ਵਿਚ ਭੁਜਦੇ ਆਪਣੇ ਵਰਗੇ ਹੋਰ ਲੱਖਾਂ-ਕਰੋੜਾਂ ਲੋਕਾਂ ਨਾਲ ਮਿਲ ਕੇ ਹੇਠਲੀ ਉਤੇ ਕਰ ਦੇਵੇਗਾ।"

ਠੀਕ ਹੀ, ਇਕ ਲੇਖਕ ਵਜੋਂ ਬੇਦੀ ਜੀ ਦੀ ਭਾਵੁਕਤਾ ਕੇਵਲ ਦੁਖੀਆਂ ਦੇ ਉਹ ਦੁੱਖ ਹੀ ਮਹਿਸੂਸ ਨਹੀਂ ਸੀ ਕਰਦੀ ਜਿਹੜੇ ਉਹ ਆਪ ਵੀ ਮਹਿਸੂਸ ਕਰਦੇ ਸਨ ਸਗੋਂ ਉਹ ਦੁੱਖ ਮਹਿਸੂਸ ਕਰ ਕੇ ਵੀ ਦੁਖੀ ਹੁੰਦੇ ਸੀ ਜਿਹੜੇ ਉਹ ਆਪ ਮਹਿਸੂਸ ਨਹੀਂ ਸਨ ਕਰਦੇ। ਜੇ ਪਾਤਰ ਉਨ੍ਹਾਂ ਦੇ ਪਾਤਰਾਂ ਵਾਂਗ ਪੋਟਾ-ਪੋਟਾ ਪੀੜ-ਪਰੁੱਚੇ ਹੋਣ ਤਾਂ ਕਲਮ ਵਾਹੁਣ ਸਮੇਂ ਜਿਸ ਅਨੁਭਵ ਵਿਚੋਂ ਲੰਘਣਾ ਪੈਂਦਾ ਹੈ, ਉਹਨੂੰ ਠੀਕ ਹੀ ਬੇਦੀ ਨੇ "ਦੁੱਖ ਦੇ ਉਹੋ ਜਿਹੇ ਅਨੁਭਵ" ਕਿਹਾ ਹੈ "ਜਿਹੋ ਜਿਹੇ ਖੱਲ ਉਤਰਵਾ ਕੇ ਲੂਣ ਦੀ ਖਾਣ ਵਿਚੋਂ ਲੰਘਣ ਵੇਲੇ ਹੁੰਦੇ ਹਨ।"

---

# ਆਪਣਿਆਂ ਵਿਚ ਅਜਨਬੀ

*(ਪਿਛਲੇ ਸਫੇ ਦੀ ਬਾਕੀ)*

ਸਨ। ਉਨ੍ਹਾਂ ਦੇ ਕਹਿਣ ਦਾ ਭਾਵ ਸਾਫ਼ ਸੀ ਕਿ ਪਿੰਡ ਦੇ ਕਿਸੇ ਨਾ ਕਿਸੇ 'ਸਿੱਖ' ਦਾ ਹੱਥ ਸੀ ਇਸ ਘਟਨਾ ਪਿੱਛੇ!

ਉਹ ਠੀਕ ਵੀ ਹੋ ਸਕਦੇ ਸਨ, ਸ਼ਾਇਦ ਠੀਕ ਵੀ ਹੋਣ। ਮੈਂ ਕਿਹੜਾ ਕਿਸੇ ਦੇ ਅੰਦਰ ਵੜ ਕੇ ਵੇਖਿਆ ਸੀ। ਜਿਹੋ ਜਿਹੇ ਹਾਲਾਤ ਬਣ ਗਏ ਸਨ ਜਾਂ ਬਣਾ ਦਿੱਤੇ ਗਏ ਸਨ, ਕੋਈ ਕੁਝ ਵੀ ਸੋਚ ਸਕਦਾ ਸੀ। ਕੁਝ ਵੀ ਕਰ/ਕਰਵਾ ਸਕਦਾ ਸੀ, ਪਰ ਪਤਾ ਨਹੀਂ ਕਿਉਂ, ਇਹ ਲੱਗਣ ਲੱਗਾ ਸੀ ਕਿ ਮੈਨੂੰ ਇਹ ਗੱਲ ਉਚੇਚ ਨਾਲ ਸੁਣਾਈ ਜਾ ਰਹੀ ਸੀ। ਚਮਨ ਲਾਲ ਕੋਲ ਪੁੱਜੇ ਤਾਂ ਉਹ ਦੱਸ ਰਿਹਾ ਸੀ, "ਦੋ ਜਣੇ ਹੀ ਦੁਕਾਨ 'ਚ ਵੜੇ। ਬਾਕੀ ਬਾਹਰ ਖਲੋਤੇ ਰਹੇ। ਮੂੰਹ ਉਨ੍ਹਾਂ ਦੇ ਬੰਨ੍ਹੇ ਹੋਏ ਸਨ। ਇੱਕ ਤਾਂ ਛੇ ਫੁੱਟਾ ਜਵਾਨ ਸੀ ਪੂਰਾ। ਲੰਮਾ ਤੇ ਪਤਲਾ। ਐਨ ਆਪਣੇ ਮਾਸਟਰ ਹੁਰਾਂ ਵਰਗਾ।" ਉਸ ਨੇ ਮੇਰੇ ਵੱਲ ਇਸ਼ਾਰਾ ਕੀਤਾ ਤਾਂ ਮੇਰੇ ਕਲੇਜੇ ਨੂੰ ਧੱਕਾ ਲੱਗਾ। ਕੰਨ 'ਸ਼ਾਂ ਸ਼ਾਂ' ਕਰਨ ਲੱਗੇ। ਪੈਰਾਂ ਹੇਠੋਂ ਜ਼ਮੀਨ ਹਿੱਲਣ ਲੱਗੀ। ਉਂਜ ਇਹ ਜ਼ਰੂਰੀ ਵੀ ਨਹੀਂ ਸੀ ਕਿ ਉਹ ਮੈਨੂੰ, ਗੋਲੀਆਂ ਮਾਰਨ/ਮਰਵਾਉਣ ਵਾਲਿਆਂ ਵਿਚੋਂ ਹੀ ਇੱਕ ਸਮਝਦਾ ਹੋਵੇ! ਇਹ ਤਾਂ ਮੇਰੀ 'ਦਿੱਖ' ਹੀ ਮੇਰੇ ਮਨ ਦਾ ਚੋਰ ਬਣ ਗਈ ਸੀ!

ਮੇਰੇ ਮਨ ਵਿਚ ਆਇਆ ਕਿ ਲਾਗੇ ਖਲੋਤੇ ਉਨ੍ਹਾਂ ਬੰਦਿਆਂ ਵਿਚੋਂ, ਜੋ ਰਾਤੀਂ ਮੇਰੇ ਨਾਲ ਹੀ ਜ਼ਖ਼ਮੀਆਂ ਦੀ ਸਾਂਭ-ਸੰਭਾਲ ਕਰਦੇ ਪਏ ਸਨ, ਕਿਸੇ ਨੂੰ ਤਾਂ ਆਖਣਾ ਚਾਹੀਦਾ ਹੈ, "ਮਾਸਟਰ ਹੁਰੀਂ ਤਾਂ ਰਾਤੀਂ ਸਾਡੇ ਨਾਲ ਮਰਦੇ ਖਪਦੇ ਰਹੇ; ਸਗੋਂ ਜੇ ਇਹ ਸੀ.ਆਰ.ਪੀ. ਵਾਲਿਆਂ ਨਾਲ ਲੜ ਕੇ ਉਨ੍ਹਾਂ ਨੂੰ ਗੱਡੀਆਂ ਦੇਣ ਲਈ ਮਜਬੂਰ ਨਾ ਕਰਦੇ ਤਾਂ ਫਿਰ ਪਤਾ ਨਹੀਂ ਕੀ ਹੁੰਦਾ!"

ਮੈਂ ਇੱਕ ਦੋ ਜਣਿਆਂ ਦੇ ਮੂੰਹ ਵੱਲ ਵੀ ਵੇਖਿਆ, ਪਰ ਕਿਸੇ ਨੇ ਕੁਝ ਨਾ ਕਿਹਾ।

ਚਮਨ ਲਾਲ ਦੱਸ ਰਿਹਾ ਸੀ, "ਉਹਨੇ ਰਿਵਾਲਵਰ ਮੇਰੇ ਵੱਲ ਸਿੱਧਾ ਕਰ ਕੇ ਫ਼ਾਇਰ ਕੀਤਾ; ਪਰ ਬਚਾਅ ਹੋ ਗਿਆ। ਮੈਂ ਹਰਫ਼ਲੇ ਨੇ ਪੀਪਾ ਚੁੱਕ ਕੇ ਆਪਣੇ ਅੱਗੇ ਕਰ ਲਿਆ। ਪੀਪੇ ਨੇ ਭਲਾ ਕੀ ਬਚਾਅ ਕਰਨਾ ਸੀ! ਇੱਕ ਗੋਲੀ ਆਹ ਮੇਰੀ ਲੱਤ 'ਚ ਲੱਗੀ ਤੇ ਇੱਕ ਮੋਢੇ 'ਤੇ। ਡਿੱਗ ਪਿਆ ਮੈਂ ਤਾਂ। ਫਿਰ ਨਹੀਂ ਪਤਾ ਲੱਗਾ ਕੁਛ।"

ਹੁਣ ਮੈਂ ਦੂਜੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਦਾ, ਬਿਗ਼ਾਨੇ ਵੱਗ ਵਿਚ ਗਵਾਚੀ ਵੱਛੀ ਵਾਂਗ ਫਿਰ ਰਿਹਾ ਸਾਂ। ਮੈਨੂੰ ਲੱਗਦਾ ਸੀ ਕਿ ਮੇਰੀ ਪਿੱਠ ਪਿੱਛੇ ਸਾਰੇ ਆਂਢੀ-ਗਵਾਂਢੀ ਕਹਿ ਰਹੇ ਹੋਣ, "ਹੁਣ ਵੇਖੋ ਕਿੱਡਾ ਹੇਜਲਾ ਬਣਿਆ ਫਿਰਦਾ! ਆਪੇ ਗੋਲੀਆਂ ਮਾਰਨੀਆਂ, ਆਪੇ ਹਾਲ-ਚਾਲ ਪੁੱਛਣਾ! ਹਾਅ ਥੂਹ!"

ਮੈਂ ਇੱਥੇ 'ਸ਼ੱਕੀ', 'ਦੁਰਕਾਰੇ' ਅਤੇ 'ਨਾਪਸੰਦ' ਬੰਦੇ ਵਾਂਗ ਵਿਚਰ ਰਿਹਾ ਸਾਂ।

ਮੈਨੂੰ ਵੇਖ ਕੇ ਲਾਲ ਦੇ ਚਿਹਰੇ ਉਤੇ ਆਈ ਮੁਸਕਰਾਹਟ ਅਤੇ ਉਸ ਵੱਲੋਂ ਪੋਲੇ ਜਿਹੇ ਘੁੱਟਿਆ ਮੇਰਾ ਹੱਥ ਵੀ ਮੈਨੂੰ ਬਹੁਤੀ ਧਰਵਾਸ ਨਾ ਦੇ ਸਕੇ। ਲਾਲ ਦੀ ਪਤਨੀ ਆਖ ਰਹੀ ਸੀ, "ਸਾਨੂੰ ਤਾਂ ਰਾਤੀਂ ਭੈਣ ਜੀ ਹੁਣਾਂ ਆਪਣੇ ਘਰੋਂ ਜਾਣ ਹੀ ਨਹੀਂ ਸੀ ਦਿੱਤਾ। ਸਾਰੀ ਰਾਤ ਸਾਰਾ ਟੱਬਰ ਸਾਡੇ ਨਾਲ ਜਾਗਦੇ ਰਹੇ। ਵਿਚਾਰੇ! ਭਾ ਜੀ ਹੁਰਾਂ ਵਿਚਾਰਿਆਂ ਏਨਾ ਕੀਤਾ! ਭਗਵਾਨ ਸਭ ਦੀ ਲੰਮੀ ਉਮਰ ਕਰੇ!" ਉਸ ਨੇ ਮੇਰੀ ਪਤਨੀ ਨੂੰ ਵੱਖੀ ਨਾਲ ਘੁੱਟ ਲਿਆ।

ਘਰ ਨੂੰ ਵਾਪਸ ਮੁੜਦਿਆਂ ਅਸੀਂ ਸਾਰੇ ਰਾਹ ਚਮਨ ਲਾਲ ਦੇ ਬੋਲਾਂ ਵਿਚਲਾ ਰਹੱਸ ਸਮਝਣ ਦੀ ਕੋਸ਼ਿਸ਼ ਕਰਦੇ, ਇਸੇ ਨੁਕਤੇ ਬਾਰੇ ਹੀ ਸੋਚਦੇ ਆਏ। ਮੇਰੀ ਪਤਨੀ ਨੇ ਆਪਣੇ ਸੁਭਾਅ ਮੁਤਾਬਕ ਕਿਹਾ, "ਕੋਈ ਗੱਲ ਨਹੀਂ। ਉਤੇ ਪਰਮਾਤਮਾ ਤਾਂ ਵਿੰਹਦਾ ਏ ਸਭ ਕੁਝ। ਅਸੀਂ ਤਾਂ ਆਪਣੇ ਵਿਤ ਮੁਤਾਬਕ ਭਲਾ ਈ ਕੀਤਾ ਸਾਰਿਆਂ ਦਾ। ਸਾਡੇ ਲਈ ਤਾਂ ਸਾਡੇ ਗਵਾਂਢੀ ਸਾਡੇ ਮਾਂ-ਪਿਉ ਜਾਇਆਂ ਵਰਗੇ ਨੇ। ਐਵੇਂ ਆਖੀਏ; ਸਾਨੂੰ ਪਿਆਰ ਵੀ ਬੜਾ ਕਰਦੇ ਨੇ। ਤਾਇਆ ਲਾਭ ਚੰਦ, ਚਾਚਾ ਵੇਦ, ਤਾਇਆ ਗੁਰਲਾਲ ਚੰਦ ਸਭ ਦਾ ਮੈਨੂੰ 'ਧੀਏ! ਧੀਏ!' ਆਖਦਿਆਂ ਮੂੰਹ ਨਹੀਂ ਸੁੱਕਦਾ। ਤੁਹਾਡੀ ਏਨੀ ਇੱਜ਼ਤ ਕਰਦੇ ਨੇ ਸਭ! ਤੁਸੀਂ ਐਵੇਂ ਮਨ ਖ਼ਰਾਬ ਨਾ ਕਰੋ। ਲਾਲ ਤੁਹਾਨੂੰ ਭਰਾਵਾਂ ਵਾਂਗ ਸਮਝਦਾ ਹੈ। ਜੇ ਕੋਈ ਇੱਕ ਅੱਧ ਬੰਦਾ ਇਹੋ ਜਿਹੀ ਵਾਧੀ ਘਾਟੀ ਗੱਲ ਕਰਦਾ ਵੀ ਹੋਊ ਤਾਂ ਚਿੰਤਾ ਕਾਹਦੀ! ਜਦੋਂ ਸਾਡਾ ਅੰਦਰ ਸੁੱਚਾ-ਸੱਚਾ! ਉਹ ਸੱਚਾ ਪਾਤਸ਼ਾਹ ਆਪੇ ਜਾਣੀ-ਜਾਣ ਆਂ।"

"ਰਜਵੰਤ ਕੌਰੇ! ਆਪਣੀ ਜਾਨ ਖ਼ਤਰੇ ਵਿਚ ਪਾ ਕੇ ਖਾੜਕੂਆਂ ਦੀ ਨਾਰਾਜ਼ਗੀ ਸਹੇੜੀ। ਅਜੇ ਉਨ੍ਹਾਂ ਵੱਲੋਂ ਪਤਾ ਨਹੀਂ ਕੀ ਭਾਣਾ ਵਾਪਰਨਾ ਏਂ ਅਤੇ ਏਧਰ ਜਿਨ੍ਹਾਂ ਲਈ ਕੀਤਾ, ਇਹ ਇਹੋ ਜਿਹੀਆਂ ਗੱਲਾਂ ਕਰਦੇ ਨੇ!" ਮੇਰਾ ਮਨ ਡਾਢਾ ਅਵਾਜ਼ਾਰ ਸੀ।

"ਤੁਸੀਂ ਵੀ ਐਵੇਂ ਈ ਕਰੀ ਜਾਂਦੇ ਓ। ਉਹਨੇ ਕਿਤੇ ਤੁਹਾਨੂੰ ਥੋੜ੍ਹਾ ਕਿਹਾ। ਉਹ ਤਾਂ ਸਰਸਰੀ ਅਗਲੇ ਦਾ ਹੁਲੀਆ ਦੱਸ ਰਿਹਾ ਸੀ। ਤੁਸੀਂ ਆਪਣੇ ਆਪ ਨਾਲ ਜੋੜੀ ਜਾਂਦੇ ਓ!"

ਮੈਨੂੰ ਉਹਦੀ ਗੱਲ ਦਰੁਸਤ ਲੱਗੀ।

ਫਿਰ ਵੀ ਮੈਂ ਸੋਚਦਾ ਰਹਿੰਦਾ, ਪੰਜਾਬ ਉਤੇ ਇਹ ਕਿਹੋ ਜਿਹੇ ਕਾਲੇ ਦਿਨ ਆ ਗਏ ਸਨ ਕਿ ਹਰ ਕੋਈ ਦੂਜੇ ਨੂੰ ਤਾਂ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੀ ਸੀ, ਆਪਣੇ ਆਪ ਨੂੰ ਵੀ ਮੇਰੇ ਵਾਂਗ 'ਸ਼ੱਕੀ' ਸਮਝਣ ਲੱਗ ਪਿਆ ਸੀ!

ਇਹ ਕੀ ਬਣ ਗਏ ਸਾਂ ਅਸੀਂ?

**(ਚਲਦਾ)**

**ਤੁਸੀਂ ਪੜ੍ਹ ਚੁੱਕੇ ਹੋ...**

*ਅਫਗਾਨਿਸਤਾਨ ਸਦਾ ਸਿਆਸੀ ਤੂਫਾਨਾਂ ਵਿਚ ਘਿਰਿਆ ਰਿਹਾ ਹੈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ; ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾਇਆ। ਫਿਰ ਜਦੋਂ ਮੁੱਲਾ ਉਮਰ ਦੀ ਅਗਵਾਈ ਹੇਠ ਤਾਲਿਬਾਨ ਸੱਤਾ ਵਿਚ ਆਏ, ਮੁਲਕ ਦੇ ਲੋਕਾਂ ਉਤੇ ਜ਼ੁਲਮ ਦੀ ਹਨ੍ਹੇਰੀ ਫਿਰ ਝੁੱਲ ਗਈ। ਹੁਣ ਪੜ੍ਹੋ ਇਸ ਤੋਂ ਅੱਗੇ...*

**ਅਫ਼ਸਾਨਾ-ਏ-ਅਫ਼ਗਾਨਿਸਤਾਨ-6**

# ਬਿਨ-ਲਾਦਿਨ ਤੇ ਅਮਰੀਕਾ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਿਹਾਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

ਅਫਗਾਨਿਸਤਾਨ ਦੀ ਬਰਬਾਦੀ ਲਈ ਕਸੂਰਵਾਰ, ਤਕਰੀਬਨ ਬਾਹਰਲੇ ਹੀ ਹਨ। ਸ਼ੁਰੂਆਤ ਸੋਵੀਅਤ ਯੂਨੀਅਨ ਨੇ ਕੀਤੀ। ਉਸ ਨੂੰ ਭਾਵੇਂ ਮੂੰਹ ਦੀ ਖਾਣੀ ਪਈ ਅਤੇ ਅਫਗਾਨਿਸਤਾਨ ਵੀ ਬਰਬਾਦ ਹੋ ਗਿਆ। ਇਸ ਤੋਂ ਬਾਅਦ ਪਾਕਿਸਤਾਨ ਵਰਗੇ ਗੁਆਂਢੀ ਅਤੇ ਅਮਰੀਕਾ ਤੱਕ ਦੂਰ ਦੇ ਮੁਲਕ ਆਉਂਦੇ ਹਨ, ਪਰ ਇਹ ਗੱਲ ਵੀ ਸੱਚ ਹੋ ਨਿੱਬੜੀ ਕਿ ਜਿਸ ਕਿਸੇ ਨੇ ਵੀ ਅਫਗਾਨਿਸਤਾਨ ਅੰਦਰ ਮੱਚ ਰਹੀ ਅੱਗ 'ਤੇ ਰੋਟੀਆਂ ਸੇਕਣੀਆਂ ਚਾਹੀਆਂ, ਬਚਿਆ ਉਹ ਖੁਦ ਵੀ ਨਹੀਂ। ਅਮਰੀਕਾ ਦੀ ਜੋ ਬਰਬਾਦੀ ਅਲ-ਕਾਇਦਾ ਹੱਥੋਂ ਹੋਈ, ਉਹ ਸਭ ਦੇ ਸਾਹਮਣੇ ਹੈ। ਪਾਕਿਸਤਾਨ ਨੇ ਇਹੀ



ਹਰਮਹਿੰਦਰ ਚਹਿਲ
ਫੋਨ: 703-362-3239
chahals57@yahoo.com

ਏਜੰਡਾ ਰੱਖਿਆ ਕਿ ਅਫਗਾਨਿਸਤਾਨ ਹਮੇਸ਼ਾ ਉਸ ਦੇ ਥੱਲੇ ਲੱਗ ਕੇ ਚੱਲੇ। ਇਸੇ ਕਰ ਕੇ ਉਹ ਹਰ ਵਕਤ ਇਸ ਕੋਸ਼ਿਸ਼ ਵਿਚ ਰਿਹਾ ਕਿ ਉਥੇ ਜੋ ਵੀ ਸਰਕਾਰ ਬਣੇ, ਉਸ ਦੀ ਪਸੰਦ ਦੀ ਬਣੇ। ਇਸ ਤੋਂ ਇਲਾਵਾ ਪਾਕਿਸਤਾਨ ਦਾ ਵੱਡਾ ਕੰਮ ਸੀ ਇੰਡੀਆ ਲਈ ਸਿੱਧੀ ਜੰਗ ਚਲਾਉਣ ਲਈ ਲੋੜੀਂਦੇ ਜਹਾਦੀ ਪੈਦਾ ਕਰਨੇ। ਇਸ ਕੰਮ ਲਈ ਉਸ ਨੇ ਅਫਗਾਨਿਸਤਾਨ ਵਿਚ ਆਪਣੀ ਨਿਗਰਾਨੀ ਹੇਠ ਟਰੇਨਿੰਗ ਕੈਂਪ ਬਣਾਏ ਹੋਏ ਸਨ। ਇੰਡੀਆ ਨੂੰ ਜ਼ਖ਼ਮ ਦੇਣ ਲਈ ਉਹ ਗੁਰੀਲੇ ਉਥੇ ਹੀ ਪੈਦਾ ਕਰਦਾ ਸੀ। ਵੱਡੇ ਵੱਡੇ ਅਤਿਵਾਦੀ ਬਣਾਉਣ ਵਿਚ ਪਾਕਿਸਤਾਨ ਦਾ ਖਾਸ ਹੱਥ ਰਿਹਾ। ਉਸ ਦੀਆਂ ਅੱਖਾਂ ਵੀ ਉਦੋਂ ਖੁੱਲ੍ਹੀਆਂ ਜਦੋਂ ਇਹੀ ਅਤਿਵਾਦੀ ਉਸ ਦੀ ਆਪਣੀ ਧਰਤੀ 'ਤੇ ਮਾਸੂਮਾਂ ਦਾ ਖੂਨ ਵਹਾਉਣ ਲੱਗੇ। ਜੇ ਪਾਕਿਸਤਾਨ ਸਿਆਣਪ ਵਰਤਦਾ ਤਾਂ ਅਫਗਾਨਿਸਤਾਨ ਵਿਚ ਅਜਿਹੀ ਸਰਕਾਰ ਬਣਾਉਂਦਾ ਜਿਹੜੀ ਮੁਲਕ ਦੀ ਬਿਹਤਰੀ ਲਈ ਕੰਮ ਕਰਦੀ। ਇਹ ਗੱਲ ਯਕੀਨੀ ਬਣਾਈ ਜਾਂਦੀ ਕਿ ਸਰਕਾਰ ਬਣਨ ਪਿਛੋਂ ਉਥੇ ਸੜਕਾਂ, ਸਕੂਲ, ਹਸਪਤਾਲ ਅਤੇ ਫੈਕਟਰੀਆਂ ਵਗੈਰਾ ਉਸਾਰੀਆਂ ਜਾਣ। ਇਸ ਸਭ ਦਾ ਉਸ ਨੂੰ ਸਿੱਧਾ ਲਾਭ ਹੋਣਾ ਸੀ, ਕਿਉਂਕਿ ਅਫਗਾਨਿਸਤਾਨ ਕੋਲ ਸਮੁੰਦਰੀ ਰਸਤਾ ਨਹੀਂ। ਉਸ ਨੇ ਜੋ ਵੀ ਸਮਾਨ ਬਾਹਰੋਂ ਲਿਆਉਣਾ ਜਾਂ ਭੇਜਣਾ ਹੁੰਦਾ, ਪਾਕਿਸਤਾਨ ਰਾਹੀਂ ਹੀ ਜਾਂਦਾ-ਆਉਂਦਾ। ਇਸ ਨਾਲ ਇਸ ਦੇ ਲੋਕਾਂ ਨੂੰ ਕੰਮ ਮਿਲਣਾ ਸੀ ਤੇ ਦੇਸ਼ ਦੀ ਆਮਦਨ ਵਧਣੀ ਸੀ, ਪਰ ਪਾਕਿਸਤਾਨ ਦਾ ਉਹ ਗਰੁੱਪ ਜੋ ਮੁਲਕ ਵਿਚ ਰਾਜ ਕਰਦਾ ਹੈ (ਸਿੱਧੇ ਜਾਂ ਅਸਿੱਧੇ ਤੌਰ 'ਤੇ ਫੌਜ) ਉਹ ਸ਼ਾਂਤੀ ਤਾਂ ਚਾਹੁੰਦਾ ਹੀ ਨਹੀਂ। ਉਸ ਦਾ ਇਕੋ ਇਕ ਨਿਸ਼ਾਨਾ ਲੜਾਈ ਹੈ। ਜੰਗ ਚਲਦੀ ਹੀ ਪਾਕਿਸਤਾਨੀ ਫੌਜ ਦੀ ਖੁਰਾਕ ਹੈ। ਅਫਗਾਨਿਸਤਾਨ ਦੀ ਧਰਤੀ ਨੂੰ ਅਤਿਵਾਦੀ ਅੱਡਿਆਂ ਵਿਚ ਬਦਲਣ ਦਾ ਪਾਕਿਸਤਾਨ ਦਾ ਆਪਣਾ ਏਜੰਡਾ ਹੈ। ਇਵੇਂ ਹੀ ਸਾਊਦੀ ਅਰਬ ਦਾ ਆਪਣਾ ਏਜੰਡਾ ਸੀ। ਉਸ ਨੂੰ ਨਾ ਤਾਂ ਸੁੰਨੀ ਪ੍ਰਭਾਵ ਵਾਲਾ ਅਫਗਾਨਿਸਤਾਨ ਭਾਉਂਦਾ ਸੀ ਤੇ ਨਾ ਹੀ ਸ਼ੀਆ ਬਹੁਤਾ ਵਾਲਾ। ਉਹ ਹਰ ਪਾਸੇ ਵਹਾਬੀ ਮਜ਼ਹਬ ਫੈਲਾਉਣਾ ਚਾਹੁੰਦਾ ਸੀ; ਇਥੋਂ ਤੱਕ ਕਿ ਉਸ ਨੇ ਇਸ ਲਈ ਅਰਬ ਸੰਸਾਰ ਦੀ ਬਦਨਾਮ ਅਤਿਵਾਦੀ ਜਥੇਬੰਦੀ 'ਮੁਸਲਿਮ ਬ੍ਰਦਰਹੁੱਡ' ਦੀ ਵੀ ਪੁਸ਼ਤਪਨਾਹੀ ਕੀਤੀ।

1980ਵਿਆਂ 'ਚ ਅਫਗਾਨਿਸਤਾਨ ਅੰਦਰ ਸੋਵੀਅਤ ਰੂਸ ਖਿਲਾਫ ਜਹਾਦ ਵਿਚ ਵਿਦੇਸ਼ੀ, ਖਾਸ ਕਰ ਕੇ ਅਰਬ ਲੜਾਕੇ ਸ਼ਾਮਲ ਕਰਨ ਦਾ ਫੈਸਲਾ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐਸ. ਆਈ. ਦਾ ਸੀ, ਪਰ ਇਸ ਨੂੰ ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ. ਦੀ ਪੂਰੀ ਹਮਾਇਤ ਹਾਸਲ ਸੀ। ਉਸ ਵੇਲੇ ਪਾਕਿਸਤਾਨ ਨੇ ਦੁਨੀਆਂ ਭਰ ਦੀਆਂ ਆਪਣੀਆਂ ਅੰਬੈਸੀਆਂ ਨੂੰ ਹਦਾਇਤ ਕੀਤੀ ਹੋਈ ਸੀ ਕਿ ਅਫਗਾਨਿਸਤਾਨ ਅੰਦਰਲੇ ਜਹਾਦ ਵਿਚ ਸ਼ਾਮਲ ਹੋਣ ਲਈ ਆ ਰਹੇ ਲੜਾਕਿਆਂ ਨੂੰ ਬੇਰੋਕ ਪਾਕਿਸਤਾਨ ਵਿਚ ਦਾਖਲਾ ਦਿੱਤਾ ਜਾਵੇ, ਜਿਥੇ ਆ ਕੇ ਉਨ੍ਹਾਂ ਟਰੇਨਿੰਗ ਲੈਣੀ ਹੁੰਦੀ ਸੀ ਤੇ ਫਿਰ ਅੱਗੇ ਅਫਗਾਨਿਸਤਾਨ ਵਿਚ ਲੜਨ ਜਾਣਾ ਹੁੰਦਾ ਸੀ। ਮਿਡਲ ਈਸਟ 'ਚੋਂ ਮੁਸਲਿਮ ਬ੍ਰਦਰਹੁੱਡ, ਫਲਸਤੀਨੀ ਲੜਾਕੇ ਅਤੇ ਸਾਊਦੀ ਅਰਬ ਦੇ ਵਰਲਡ ਮੁਸਲਿਮ ਲੀਗੀ ਜਹਾਦੀ, ਧੜਾ-ਧੜ ਪਾਕਿਸਤਾਨ ਪਹੁੰਚ ਰਹੇ ਸਨ। 1982 ਤੋਂ 1992 ਵਿਚ ਕਰੀਬ ਚਾਲੀ ਮੁਲਕਾਂ ਤੋਂ 50 ਹਜ਼ਾਰ ਦੇ ਕਰੀਬ ਲੜਾਕੇ ਪਾਕਿਸਤਾਨ ਪਹੁੰਚੇ। ਆਈ. ਐਸ. ਆਈ. ਦੀ ਦੇਖ-ਰੇਖ ਹੇਠ ਪਿਸ਼ਾਵਰ ਵਿਚਲੇ ਕੈਂਪਾਂ 'ਚ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਗਈ। ਵੱਖੋ-ਵੱਖਰੇ ਮੁਲਕਾਂ ਦੇ ਇਨ੍ਹਾਂ ਕੱਟੜਪੰਥੀਆਂ ਨੇ ਜਹਾਦ ਦੇ ਨਾਂ ਹੇਠ ਟਰੇਨਿੰਗ ਲਈ ਅਤੇ ਪਿੱਛੋਂ ਇਕੱਠੇ ਲੜੇ। ਇਥੇ ਹੀ ਇਨ੍ਹਾਂ ਵਿਚ ਇਸਲਾਮ ਲਈ ਮਰ-ਮਿਟਣ ਦਾ ਜਜ਼ਬਾ ਪੈਦਾ ਹੋਇਆ।

ਇਕ ਤਰ੍ਹਾਂ ਨਾਲ ਇਹ ਕੈਂਪ ਜਹਾਦ ਦੇ ਨਾਂ 'ਤੇ ਲੜਨ ਵਾਲਿਆਂ ਦੀ ਯੂਨੀਵਰਸਿਟੀ ਬਣ ਗਏ। ਇੱਕੋ ਇੱਕ ਸਾਂਝਾ ਕਾਰਜ ਸੀ ਇਸਲਾਮ ਲਈ ਲੜਨਾ, ਫਿਰ ਭਾਵੇਂ ਉਹ ਕਿਸੇ ਵੀ ਮੁਲਕ ਵਿਚ ਹੋਵੇ। ਉਸ ਵੇਲੇ ਵੱਡੇ ਮੁਲਕਾਂ ਦੀਆਂ ਖੁਫੀਆ ਏਜੰਸੀਆਂ ਨੇ ਇਹ ਗੱਲ ਸੋਚੀ ਤੱਕ ਨਾ ਕਿ ਦੁਨੀਆਂ ਭਰ ਦੇ ਇਸਲਾਮੀ ਕੱਟੜਪੰਥੀਆਂ ਨੂੰ ਇੱਕ ਥਾਂ ਇਕੱਠੇ ਕਰ ਕੇ ਤੇ ਸਾਂਝਾ ਮੁਹਾਜ਼ ਬਣਾ ਕੇ ਉਹ ਕਿੰਨੀ ਵੱਡੀ ਭੁੱਲ ਕਰ ਰਹੇ ਹਨ, ਪਰ ਉਦੋਂ ਅਫਗਾਨਿਸਤਾਨ ਵਿਚ ਚੱਲ ਰਹੀ ਜੰਗ ਵਿਚ ਹਿੱਸਾ ਲੈ ਰਹੇ ਅਮਰੀਕਾ, ਸਾਊਦੀ ਅਰਬ ਜਾਂ ਪਾਕਿਸਤਾਨ ਦਾ ਇੱਕ ਹੀ ਏਜੰਡਾ ਸੀ, ਸੋਵੀਅਤ ਯੂਨੀਅਨ ਨੂੰ ਹਰਾਉਣਾ। ਇਸ ਨੂੰ ਮੁੱਖ ਰੱਖਦਿਆਂ ਉਨ੍ਹਾਂ ਬਾਕੀ ਪਾਸਿਆਂ ਤੋਂ ਅੱਖਾਂ ਮੀਚੀ ਰੱਖੀਆਂ।

ਸਾਊਦੀ ਅਰਬ ਅਫਗਾਨਿਸਤਾਨ ਵਿਚ ਚੱਲ ਰਹੀ ਜੰਗ ਦਾ ਵੱਡਾ ਸਹਿਯੋਗੀ ਸੀ। ਉਥੋਂ ਦੇ ਆਮ ਲੜਾਕੇ ਜਿਨ੍ਹਾਂ ਵਿਚ ਵਿਦਿਆਰਥੀ, ਟੈਕਸੀ ਡਰਾਈਵਰ, ਨਿੱਤ ਦਾ ਕੰਮ-ਕਾਜ ਕਰਨ ਵਾਲੇ ਜਾਂ ਛੋਟੇ ਕਬੀਲਿਆਂ ਦੇ ਨੌਜਵਾਨ ਆਪਣੇ ਤੌਰ 'ਤੇ ਤਾਂ ਬੜੇ ਪਹੁੰਚ ਰਹੇ ਸਨ ਪਰ ਪਾਕਿਸਤਾਨ ਚਾਹੁੰਦਾ ਸੀ ਕਿ ਸਾਊਦੀ ਅਰਬ ਆਪਣੇ ਵੱਲੋਂ ਇਨ੍ਹਾਂ ਲੜਾਕਿਆਂ ਦੀ ਸਰਪ੍ਰਸਤੀ ਕਰੇ। ਇਸ ਦੇ ਲਈ ਆਈ.ਐਸ.ਆਈ. ਦਾ ਮੋਹਰੇ ਦਾ ਮੁਖੀ ਜਨਰਲ ਹਮੀਦ ਗੁਲ, ਸਾਊਦੀ ਅਰਬ ਦੀ ਖੁਫੀਆ ਏਜੰਸੀ ਦੇ ਮੁਖੀ ਸ਼ਹਿਜ਼ਾਦਾ ਟਰਕੀ 'ਤੇ ਜ਼ੋਰ ਪਾ ਰਿਹਾ ਸੀ। ਸ਼ਹਿਜ਼ਾਦੇ ਦੀ ਨਜ਼ਰ ਸ਼ਾਹੀ ਪਰਿਵਾਰ ਦੇ ਨਜ਼ਦੀਕੀ ਅਤੇ ਅਮੀਰ ਇਨਸਾਨ 'ਤੇ ਪਈ। ਉਹ ਸੀ ਸਾਊਦੀ ਕਿੰਗ ਦਾ ਦੋਸਤ ਮੁਹੰਮਦ ਬਿਨ-ਲਾਦਿਨ ਜੋ ਯਮਨੀ ਸੀ ਤੇ ਹੁਣ ਸਾਊਦੀ ਅਰਬ ਵਿਚ ਰਹਿ ਰਿਹਾ ਸੀ। ਮੁਹੰਮਦ ਬਿਨ-ਲਾਦਿਨ ਦਾ ਕਨਸਟਰੱਕਸ਼ਨ ਦਾ ਬਹੁਤ ਵੱਡਾ ਕੰਮ ਸੀ ਤੇ ਉਹ ਬਹੁਤ ਅਮੀਰ ਸੀ। ਕਿੰਗ ਨੇ ਮੁਹੰਮਦ ਬਿਨ-ਲਾਦਿਨ ਨਾਲ ਗੱਲ ਕੀਤੀ ਤਾਂ ਉਸ ਨੇ ਹਾਮੀ ਭਰ ਦਿੱਤੀ। ਉਸ ਨੇ ਸਾਊਦੀ ਅਰਬ ਤੋਂ ਅਫਗਾਨਿਸਤਾਨ ਵਿਚ ਜਾ ਰਹੇ ਜਹਾਦੀਆਂ ਦੀ ਵਾਗਡੋਰ ਆਪਣੇ ਨੌਜਵਾਨ ਪੁੱਤਰ ਉਸਾਮਾ ਬਿਨ-ਲਾਦਿਨ ਨੂੰ ਸੌਂਪ ਦਿੱਤੀ। ਸ਼ੁਰੂ 'ਚ ਉਸਾਮਾ ਬਿਨ-ਲਾਦਿਨ ਦਾ ਕੰਮ ਸਰਕਾਰ ਜਾਂ ਲੋਕਾਂ ਦੁਆਰਾ ਅਫਗਾਨਿਸਤਾਨ ਜੰਗ ਲਈ ਕੀਤੇ ਇਕੱਠੇ ਫੰਡ ਸਹੀ ਢੰਗ ਨਾਲ ਇਸਤੇਮਾਲ ਕਰਨ ਤੱਕ ਸੀਮਤ ਸੀ। ਉਦੋਂ ਪਿਸ਼ਾਵਰ ਵਿਚਲੇ ਕੈਂਪ ਜਿਸ ਵਿਚ ਸਾਊਦੀ ਅਰਬ ਦੇ ਲੜਾਕੇ ਠਹਿਰਦੇ ਸਨ (ਜਿਸ ਨੂੰ ਮੁਖਾਤਬ ਅਲ-ਖਿਦਮਤ ਕਿਹਾ ਜਾਂਦਾ ਸੀ), ਸਾਊਦੀ ਅਰਬ ਦਾ ਬਾਸ਼ਿੰਦਾ ਅਬਦੁੱਲਾ ਆਜ਼ਮ ਚਲਾ ਰਿਹਾ ਸੀ। ਉਸਾਮਾ ਬਿਨ-ਲਾਦਿਨ, ਅਬਦੁੱਲਾ ਆਜ਼ਮ ਨੂੰ ਸਾਊਦੀ ਅਰਬ ਦੀ ਜਦਾਹ ਯੂਨੀਵਰਸਿਟੀ ਵਿਚ ਮਿਲ ਚੁੱਕਿਆ ਸੀ। ਇਸ ਲਈ ਬਿਨ-ਲਾਦਿਨ ਦਾ ਕੰਮ ਹੋਰ ਵੀ ਸੌਖਾ ਹੋ ਗਿਆ। ਸਾਊਦੀ ਅਰਬ ਸਰਕਾਰ ਵੱਲੋਂ ਵੱਡੀ ਜ਼ਿੰਮੇਵਾਰੀ ਲੈ ਕੇ ਬਿਨ-ਲਾਦਿਨ ਪਿਸ਼ਾਵਰ ਸਥਿਤ ਮੁਖਾਤਬ ਅਲ-ਖਿਦਮਤ ਦੇ ਦਫਤਰ ਪਹੁੰਚ ਗਿਆ। ਉਸ ਨੇ ਹੁਣ ਤੱਕ ਦੀ ਜ਼ਿੰਦਗੀ ਸ਼ਹਿਜ਼ਾਦੇ ਵਾਂਗ ਗੁਜ਼ਾਰੀ ਸੀ ਤੇ ਉਸ ਨੇ ਬਿਜ਼ਨਸ ਐਡਮਨਿਸਟਰੇਸ਼ਨ ਵਿਚ ਪੜ੍ਹਾਈ ਕੀਤੀ ਹੋਈ ਸੀ। ਸ਼ੁਰੂ ਵਿਚ ਉਹ ਜਹਾਦੀਆਂ ਲਈ ਫੰਡ ਦੇ ਸਿਲਸਿਲੇ ਵਿਚ ਆਮ ਹੀ ਸਾਊਦੀ ਅਰਬ ਦੇ ਫੇਰੇ ਮਾਰਦਾ ਰਹਿੰਦਾ ਸੀ। ਫਿਰ ਹੌਲੀ ਹੌਲੀ ਉਹ ਖੁਦ ਵੀ ਜਹਾਦ ਵੱਲ ਪ੍ਰੇਰਿਤ ਹੋਣ ਲੱਗਿਆ ਤੇ ਪੱਕੇ ਤੌਰ 'ਤੇ ਪਿਸ਼ਾਵਰ ਹੀ ਰਹਿਣ ਲੱਗ ਪਿਆ। ਇਸੇ ਸਮੇਂ ਦਰਮਿਆਨ ਉਸ ਨੇ ਆਪਣੀ ਹੀ ਕੰਪਨੀ ਦੇ ਇੰਜੀਨੀਅਰਾਂ ਦੁਆਰਾ ਆਪਣੀ ਰਿਹਾਇਸ਼ ਵਾਲੇ ਇਲਾਕੇ ਵਿਚ ਸੜਕਾਂ, ਮੁਜਾਹਿਦੀਨ ਲਈ ਹਸਪਤਾਲ, ਟਰੇਨਿੰਗ ਕੈਂਪ ਅਤੇ ਅਸਲੇ ਦੇ ਡਿਪੋ ਵਗੈਰਾ ਬਣਵਾਏ। ਕੁਝ ਸਮੇਂ ਬਾਅਦ ਉਸ ਨੇ ਆਪਣੇ ਮੁਲਕ ਦੇ ਲੜਾਕਿਆਂ ਲਈ ਵੱਖਰਾ ਟਰੇਨਿੰਗ ਕੈਂਪ ਬਣਾ ਲਿਆ। ਹੁਣ ਤੱਕ ਉਹ ਜੋ ਵੀ ਕਰ ਰਿਹਾ ਸੀ, ਸਾਊਦੀ ਅਰਬ ਸਰਕਾਰ ਲਈ ਕਰ ਰਿਹਾ ਸੀ ਜੋ ਉਸ ਨੂੰ ਸਾਰਾ ਪੈਸਾ ਦੇ ਰਹੀ ਸੀ। ਚੰਗੀਆਂ ਸੁੱਖ-ਸਹੂਲਤਾਂ ਕਰ ਕੇ ਹੌਲੀ ਹੌਲੀ ਬਾਹਰਲੇ ਲੜਾਕੇ ਬਿਨ-ਲਾਦਿਨ ਦੇ ਕੈਂਪ ਵਿਚ ਪਹੁੰਚਣ ਲੱਗੇ ਜਿਥੇ ਉਨ੍ਹਾਂ ਨੂੰ ਅਮਰੀਕਨ ਅਤੇ ਪਾਕਿਸਤਾਨੀ ਫੌਜੀ ਅਫਸਰਾਂ ਵਲੋਂ ਅੱਵਲ ਦਰਜੇ ਦੀ ਟਰੇਨਿੰਗ ਦਿੱਤੀ ਜਾਂਦੀ। ਉਦੋਂ ਅਮਰੀਕਾ ਅਤੇ ਪਾਕਿਸਤਾਨ ਲਈ ਬਿਨ-ਲਾਦਿਨ ਹੀਰੋ ਸੀ।



ਅਮਰੀਕਾ ਦਾ ਲਾਡਲਾ ਰਿਹਾ ਉਸਾਮਾ ਬਿਨ-ਲਾਦਿਨ, ਅਫਗਾਨਿਸਤਾਨ ਵਿਚ ਰੂਸ ਨਾਲ ਲੜ ਰਹੇ ਮੁਜਾਹਿਦੀਨ ਨੂੰ ਮਿਲਦਾ ਹੋਇਆ। ਮਗਰੋਂ ਉਹ ਅਮਰੀਕਾ ਦਾ ਵੱਡਾ ਦੁਸ਼ਮਣ ਸਾਬਤ ਹੋਇਆ।



ਅਬਦੁੱਲਾ ਆਜ਼ਮ ਜਿਸ ਨੇ ਉਸਾਮਾ ਬਿਨ-ਲਾਦਿਨ ਨੂੰ ਜਹਾਦ ਦੇ ਰਾਹ ਪਾਇਆ ਸੀ।

ਇਨ੍ਹੀਂ ਦਿਨੀਂ, ਨਵੰਬਰ 1989 ਵਿਚ, ਅਬਦੁੱਲਾ ਆਜ਼ਮ ਦਾ ਕਤਲ ਹੋ ਗਿਆ। ਇਸ ਉਪਰੰਤ ਉਸ ਦੀ ਜਥੇਬੰਦੀ ਦਾ ਚਾਰਜ ਵੀ ਬਿਨ-ਲਾਦਿਨ ਨੇ ਸੰਭਾਲ ਲਿਆ। ਉਦੋਂ ਹੀ ਉਸ ਨੇ ਸਾਰੀਆਂ ਜਥੇਬੰਦੀਆਂ ਨੂੰ ਇਕੱਠੀਆਂ ਕਰ ਕੇ 'ਅਲ-ਕਾਇਦਾ' ਦੇ ਝੰਡੇ ਹੇਠ ਇਕੱਠੇ ਕਰ ਦਿੱਤਾ। ਹੁਣ ਤੱਕ ਇਹ ਕੈਂਪ ਅਤੇ ਰਿਹਾਇਸ਼ੀ ਇਲਾਕੇ ਬਹੁਤ ਵਧਾ ਦਿੱਤੇ ਗਏ ਸਨ ਤੇ ਜਹਾਦੀਆਂ ਦੇ ਪਰਿਵਾਰ ਵੀ ਆ ਕੇ ਰਹਿਣ ਲੱਗੇ ਸਨ। ਰੂਸ, ਅਫਗਾਨਿਸਤਾਨ ਵਿਚੋਂ ਨਿਕਲ ਗਿਆ ਤਾਂ ਲੜਾਈ ਵੀ ਤਕਰੀਬਨ ਖਤਮ ਹੋ ਗਈ। ਫਿਰ ਉਸਾਮਾ ਬਿਨ-ਲਾਦਿਨ ਵੀ ਸਾਊਦੀ ਅਰਬ ਪਰਤ ਗਿਆ। ਉਥੇ ਜਾ ਕੇ ਉਸ ਨੇ 'ਅਰਬ-ਅਫਗਾਨ ਵੈਟਰਨ' ਸੰਸਥਾ ਬਣਾ ਲਈ ਅਤੇ ਅਫਗਾਨ ਜੰਗ ਵਿਚ ਮਾਰੇ ਗਏ ਜਹਾਦੀਆਂ ਦੇ ਪਰਿਵਾਰਾਂ ਦੀ ਮੱਦਦ ਕਰਨ ਲੱਗਿਆ। ਚਾਰ ਹਜ਼ਾਰ ਦੇ ਲਗਭਗ ਲੜਾਕੇ ਜੋ ਉਸ ਨਾਲ ਮੁੜ ਆਏ ਸਨ, ਵੀ ਉਸ ਦੀ ਦੇਖ-ਰੇਖ ਹੇਠ ਰਹਿਣ ਲੱਗੇ।

1990 ਵਿਚ ਇਰਾਕ ਨੇ ਕੁਵੈਤ 'ਤੇ ਹਮਲਾ ਕਰ ਦਿੱਤਾ। ਇਥੇ ਕਬਜ਼ਾ ਕਰਨ ਪਿਛੋਂ ਇਰਾਕ ਨੇ ਸਾਊਦੀ ਅਰਬ ਵੱਲ ਵਧਣ ਦੀ ਧਮਕੀ ਦਿੱਤੀ। ਸਾਊਦੀ ਅਰਬ ਖਤਰੇ ਹੇਠ ਆ ਗਿਆ ਤਾਂ ਉਸਾਮਾ ਬਿਨ-ਲਾਦਿਨ ਸਾਊਦੀ ਅਰਬ ਦੇ ਬਾਦਸ਼ਾਹ ਨੂੰ ਮਿਲਿਆ। ਉਦੋਂ ਸਾਰੇ ਪਾਸੇ ਇਹ ਗੱਲ ਉਡ ਰਹੀ ਸੀ ਕਿ ਅਮਰੀਕਾ ਸਾਊਦੀ ਅਰਬ ਦੀ ਮੱਦਦ 'ਤੇ ਆਵੇਗਾ, ਪਰ ਬਿਨ-ਲਾਦਿਨ ਦਾ ਸੋਚਣਾ ਸੀ ਕਿ ਸਾਊਦੀ ਅਰਬ ਦੀ ਪਵਿੱਤਰ ਧਰਤੀ 'ਤੇ ਅਮਰੀਕਾ ਜਾਂ ਕਿਸੇ ਵੀ ਪੱਛਮੀ ਮੁਲਕ ਦੇ ਕਾਫਰਾਂ ਨੂੰ ਨਹੀਂ ਆਉਣ ਦੇਣਾ ਚਾਹੀਦਾ। ਉਸ ਨੇ ਬਾਦਸ਼ਾਹ ਫਾਹਦ ਨੂੰ ਅਫਗਾਨ ਜੰਗ ਵਾਂਗ ਹੀ ਇਰਾਕ ਨਾਲ ਨਜਿੱਠਣ ਦੀ ਸਲਾਹ ਦਿੱਤੀ ਤੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਸ ਦਾ ਕਹਿਣਾ ਸੀ ਕਿ ਇਹ ਜ਼ਿੰਮੇਵਾਰੀ ਉਸ ਨੂੰ ਸੌਂਪੀ ਜਾਵੇ ਤਾਂ ਉਹ ਆਪਣੇ ਲੜਾਕਿਆਂ ਨਾਲ ਸਾਊਦੀ ਅਰਬ ਦੀ ਰੱਖਿਆ ਕਰੇਗਾ, ਪਰ ਬਾਦਸ਼ਾਹ ਨੂੰ ਬਿਨ-ਲਾਦਿਨ ਦੀ ਇਹ ਗੱਲ ਬਚਗਾਨਾ ਜਿਹੀ ਲੱਗੀ ਤੇ ਉਸ ਨੇ ਖਾਸ ਧਿਆਨ ਨਾ ਦਿੱਤਾ। ਥੋੜ੍ਹੀ ਦੇਰ ਬਾਅਦ ਹੀ ਸਾਊਦੀ ਸਰਕਾਰ ਨੇ ਅਮਰੀਕਨਾਂ ਨੂੰ ਬੁਲਾ ਲਿਆ। ਇਸ ਨਾਲ ਬਿਨ-ਲਾਦਿਨ ਗੁੱਸੇ ਵਿਚ ਆ ਗਿਆ ਤੇ ਉਸ ਨੇ ਸ਼ਰੇਆਮ ਸਾਊਦੀ ਰਾਜ ਘਰਾਣੇ ਵਿਰੁੱਧ ਪ੍ਰਚਾਰ ਅਰੰਭ ਦਿੱਤਾ। ਇਰਾਕ ਨਾਲ ਲੜਾਈ ਪਿੱਛੋਂ ਵੀ ਜਦੋਂ ਕੁਝ ਕੁ ਅਮਰੀਕੀ ਫੌਜ ਸਾਊਦੀ ਅਰਬ ਵਿਚ ਡੇਰਾ ਲਾ ਕੇ ਬੈਠੀ ਰਹੀ, ਤਾਂ ਬਿਨ-ਲਾਦਿਨ ਦਾ ਗੁੱਸਾ ਹੋਰ ਵਧ ਗਿਆ। ਉਸ ਨੇ ਸਰਕਾਰ ਖਿਲਾਫ ਜਲਸੇ ਜਲੂਸ ਕੱਢਣ ਦੀ ਧਮਕੀ ਦੇ ਦਿੱਤੀ। ਇਸ ਤੋਂ ਚਿੜ ਕੇ ਸਰਕਾਰ ਨੇ ਉਸ ਦੀ ਨਾਗਰਿਕਤਾ ਖਤਮ ਕਰ ਦਿੱਤੀ ਤੇ ਦੇਸ਼ ਨਿਕਾਲੇ ਦਾ ਹੁਕਮ ਦੇ ਦਿੱਤਾ।

ਉਸਾਮਾ ਬਿਨ-ਲਾਦਿਨ ਆਪਣੇ ਸਾਥੀਆਂ ਸਮੇਤ ਸੂਡਾਨ ਚਲਿਆ ਗਿਆ। ਉਹ ਚਲਿਆ ਤਾਂ ਗਿਆ, ਪਰ ਉਸ ਦੇ ਦਿਲ ਵਿਚ ਆਪਣੇ ਮੁਲਕ ਦੇ ਨਾਲ ਨਾਲ ਅਮਰੀਕਾ ਖਿਲਾਫ ਵੀ ਅੰਤਾਂ ਦੀ ਨਫਰਤ ਭਰ ਗਈ। ਉਹ ਸ਼ਰੇਆਮ ਗੈਰ-ਮੁਸਲਮਾਨਾਂ ਦੇ ਖਿਲਾਫ ਹੋ ਚੁੱਕਿਆ ਸੀ। ਸੂਡਾਨ ਵਿਚ ਉਸ ਵੇਲੇ ਘਰੇਲੂ ਜੰਗ ਚੱਲ ਰਹੀ ਸੀ ਤੇ ਉਸਾਮਾ ਬਿਨ-ਲਾਦਿਨ ਨੇ ਮੌਕੇ ਦੇ ਲੀਡਰ ਹਸਨ ਤਰਾਬੀ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਉਸ ਨੇ

(ਬਾਕੀ ਅਗਲੇ ਸਫੇ 'ਤੇ)

ਸੁਡਾਨ ਵਿਚ ਵੀ ਜਹਾਦੀਆਂ ਲਈ ਵੱਖਰੇ ਕੈਂਪ ਸ਼ੁਰੂ ਕੀਤੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਇੱਥੇ ਪਹੁੰਚਣੇ ਸ਼ੁਰੂ ਹੋ ਗਏ। ਇੱਕ ਤਰ੍ਹਾਂ ਬਿਨ-ਲਾਦਿਨ ਦੀ ਆਪਣੀ ਫੌਜ ਤਿਆਰ ਹੋ ਗਈ ਸੀ। ਸਾਊਦੀ ਸਰਕਾਰ ਨੇ ਹਸਨ ਤਾਰਾਬੀ 'ਤੇ ਜ਼ੋਰ ਪਾ ਕੇ ਬਿਨ-ਲਾਦਿਨ ਨੂੰ ਸੁਡਾਨ ਵਿਚੋਂ ਕੱਢਣ ਨੂੰ ਕਿਹਾ। ਉਦੋਂ ਤੱਕ ਅਫਗਾਨਿਸਤਾਨ 'ਚ ਤਾਲਿਬਾਨ ਪੈਰ ਜਮਾ ਚੁੱਕੇ ਸਨ ਅਤੇ ਬਿਨ-ਲਾਦਿਨ ਨੇ ਉਨ੍ਹਾਂ ਨਾਲ ਅੰਦਰਖਾਤੇ ਗੱਲਬਾਤ ਚਲਾਈ ਹੋਈ ਸੀ। ਆਖਰ ਉਸ ਨੂੰ ਤਾਲਿਬਾਨ ਦੁਆਰਾ ਉਥੇ ਪਹੁੰਚਣ ਦਾ ਸੱਦਾ ਮਿਲ ਗਿਆ ਤੇ 1996 ਦੇ ਮਈ ਮਹੀਨੇ, ਉਹ ਆਪਣੇ ਲਾਮ-ਲਸ਼ਕਰ ਸਮੇਤ ਅਫਗਾਨਿਸਤਾਨ ਦੇ ਜਲਾਲਬਾਦ ਸ਼ਹਿਰ ਵਿਚ ਜਾ ਉਤਰਿਆ। ਉਂਜ ਤਾਂ 1993 ਵਾਲੇ ਵਰਲਡ ਟਰੇਡ ਸੈਂਟਰ ਦੇ ਬੰਬ ਧਮਾਕੇ ਵਿਚ ਵੀ ਬਿਨ-ਲਾਦਿਨ ਦੀ ਭੂਮਿਕਾ ਸਮਝੀ ਜਾਂਦੀ ਸੀ, ਪਰ ਹੁਣ ਤਾਂ ਉਹ ਖੁੱਲ੍ਹ ਕੇ ਅਮਰੀਕਾ ਅਤੇ ਪੱਛਮ ਖਿਲਾਫ ਬੋਲ ਰਿਹਾ ਸੀ। ਅਗਸਤ 1996 ਵਿਚ ਪਹਿਲੀ ਵਾਰ ਉਸ ਨੇ ਇਹ ਕਹਿੰਦਿਆਂ ਅਮਰੀਕਾ ਖਿਲਾਫ ਜਹਾਦ ਦਾ ਐਲਾਨ ਕਰ ਦਿੱਤਾ ਕਿ ਅਮਰੀਕਨ ਸਾਊਦੀ ਅਰਬ ਦੀ ਪਵਿੱਤਰ ਧਰਤੀ 'ਤੇ ਕਬਜ਼ਾ ਕਰੀ ਬੈਠੇ ਹਨ।

ਅਫਗਾਨਿਸਤਾਨ ਪਹੁੰਚ ਕੇ ਬਿਨ-ਲਾਦਿਨ ਹੌਲੀ ਹੌਲੀ ਮੁੱਲਾ ਉਮਰ ਨਾਲ ਸੰਪਰਕ ਵਧਾਉਣ ਲੱਗਿਆ। ਆਖਰ 1997 ਤੱਕ ਉਹ ਉਸ ਦੇ ਇੰਨਾ ਕੁ ਨੇੜੇ ਹੋ ਗਿਆ ਕਿ ਮੁੱਲਾ ਉਮਰ ਨੇ ਉਸ ਨੂੰ ਕੰਧਾਰ, ਜਿਥੇ ਮੁੱਲਾ ਉਮਰ ਦਾ ਆਧਾਰ ਅਤੇ ਰਿਹਾਇਸ਼ ਸੀ, ਰਹਿਣ ਦਾ ਸੱਦਾ ਦਿੱਤਾ। ਉਸਾਮਾ ਬਿਨ-ਲਾਦਿਨ ਆਪਣੇ ਲੜਾਕਿਆਂ ਨਾਲ ਕੰਧਾਰ ਚਲਾ ਗਿਆ ਤੇ ਉਥੇ ਹੀ ਆਪਣੇ ਟਰੇਨਿੰਗ ਕੈਂਪ ਵਗੈਰਾ ਬਣਾ ਲਏ।

ਹੁਣ ਤੱਕ ਉਹ ਅਮਰੀਕਨਾਂ ਦਾ ਕਾਫੀ ਨੁਕਸਾਨ ਕਰ ਚੁੱਕਿਆ ਸੀ ਤੇ ਆਉਣ ਵਾਲੇ ਸਮੇਂ ਲਈ ਵੱਡਾ ਖਤਰਾ ਬਣ ਰਿਹਾ ਸੀ। 1996 ਵਿਚ ਅਮਰੀਕਨ ਰਾਸ਼ਟਰਪਤੀ ਬਿਲ ਕਲਿੰਟਨ ਨੇ ਅਤਿਵਾਦ-ਵਿਰੋਧੀ ਐਕਟ 'ਤੇ ਦਸਤਖਤ ਕੀਤੇ ਜਿਸ ਦੀ ਵੱਡੀ ਮੱਦ ਸੀ, ਅਤਿਵਾਦੀ ਜਥੇਬੰਦੀਆਂ ਨੂੰ ਪੈਸਾ-ਟਕਾ ਮੁਹੱਈਆ ਕਰਨ 'ਤੇ ਰੋਕ ਲਾਉਣੀ। ਇਹ ਐਕਟ ਬਣਦਿਆਂ ਹੀ ਬਿਨ-ਲਾਦਿਨ ਦਾ ਤਕਰਬੀਨ ਤਿੰਨ ਸੌ ਮਿਲੀਅਨ ਡਾਲਰ ਬੈਂਕਾਂ ਨੇ ਬਲਾਕ ਕਰ ਦਿੱਤਾ। ਇਸ ਨਾਲ ਬਿਨ-ਲਾਦਿਨ ਹੋਰ ਭੜਕ ਉਠਿਆ ਤੇ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਦੀ ਸੋਚਣ ਲੱਗ ਪਿਆ।

ਓਧਰ, ਅਮਰੀਕਾ ਵੀ ਚੁੱਪ ਨਹੀਂ ਸੀ ਬੈਠਾ। ਉਸ ਨੇ ਬਿਨ-ਲਾਦਿਨ ਨੂੰ ਫੜਨ ਜਾਂ ਮਾਰਨ ਲਈ ਖਾਸ ਦਸਤਾ ਤਿਆਰ ਕੀਤਾ ਜਿਸ ਨੇ ਪਾਕਿਸਤਾਨ ਵਾਲੇ ਪਾਸਿਉਂ ਐਕਸ਼ਨ ਕਰਨਾ ਸੀ। ਇਸ ਵਿਚ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਏਜੰਟ ਸ਼ਾਮਲ ਸਨ, ਪਰ ਇਹ ਮਿਸ਼ਨ ਕਾਮਯਾਬ ਨਾ ਹੋਇਆ। ਪਤਾ ਲੱਗਣ 'ਤੇ ਬਿਨ-ਲਾਦਿਨ ਹੋਰ ਭੜਕ ਉਠਿਆ। ਉਸ ਨੇ ਸਾਰੇ ਜਹਾਦੀ ਗਰੁੱਪਾਂ ਦੀ ਮੀਟਿੰਗ ਬੁਲਾ ਕੇ ਇੱਕ ਹੋਰ ਫਤਵਾ ਜਾਰੀ ਕਰਵਾ ਦਿੱਤਾ, "ਅਮਰੀਕਾ ਅਤੇ ਉਸ ਦੀ ਧਿਰ ਦੇ ਮੁਲਕਾਂ ਦੇ ਫੌਜੀਆਂ ਅਤੇ ਆਮ ਨਾਗਿਰਕਾਂ ਨੂੰ ਮਾਰਨਾ ਹਰ ਮੁਸਲਮਾਨ ਦਾ ਮਜ਼ਹਬੀ ਫਰਜ਼ ਹੈ। ਇਨ੍ਹਾਂ ਨੂੰ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਜਾਂ ਉਨ੍ਹਾਂ ਦੇ ਆਪਣੇ ਮੁਲਕ 'ਚ ਜਾ ਕੇ ਮਾਰੋ। ਜਿਥੇ ਕਿਤੇ ਵੀ ਸੰਭਵ ਹੈ, ਇਨ੍ਹਾਂ ਦਾ ਖਾਤਮਾ ਕਰੋ।"

ਉਸ ਨੇ ਆਪਣੇ ਇਸ ਐਲਾਨ ਨੂੰ ਅਫਰੀਕਨ ਅੰਬੈਸੀਆਂ ਵਿਚ ਬੰਬ ਧਮਾਕੇ ਕਰ ਕੇ ਅਮਲੀ ਜਾਮਾ ਪਹਿਨਾਇਆ। ਅਗਸਤ 1998 ਵਿਚ ਅਲ-ਕਾਇਦਾ ਨੇ ਕੀਨੀਆ ਅਤੇ ਤਨਜ਼ਾਨੀਆ ਵਿਚਲੀਆਂ ਅਮਰੀਕਨ ਅੰਬੈਸੀਆਂ ਵਿਚ ਧਮਾਕੇ ਕਰ ਕੇ 220 ਜਾਨਾਂ ਲੈ ਲਈਆਂ ਤੇ ਹਜ਼ਾਰਾਂ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਬਹੁ-ਗਿਣਤੀ ਅਮਰੀਕਨ ਸਟਾਫ ਮੈਂਬਰ ਸਨ। ਅਲ-ਕਾਇਦਾ ਦੀ ਇਸ ਕਾਰਵਾਈ ਪਿੱਛੋਂ ਉਸਾਮਾ ਬਿਨ-ਲਾਦਿਨ ਅਰਬ ਸੰਸਾਰ ਦਾ ਮਹਾਂ ਨਾਇਕ ਬਣ ਗਿਆ। ਉਸ ਦਾ ਨਾਂ ਘਰ ਘਰ ਪਹੁੰਚ ਗਿਆ। ਇਨ੍ਹਾਂ ਬੰਬ ਧਮਾਕਿਆਂ ਪਿੱਛੋਂ ਅਮਰੀਕਾ ਨੇ ਬਿਨ-ਲਾਦਿਨ ਦੇ ਸਿਰ ਦਾ ਇਨਾਮ ਪੰਜ ਮਿਲੀਅਨ ਰੱਖ ਦਿੱਤਾ। ਇਸ ਦੇ ਨਾਲ ਹੀ ਅਮਰੀਕਾ ਨੇ ਉਸ ਦੇ ਅਫਗਾਨਿਸਤਾਨ ਵਿਚਲੇ ਕੈਂਪਾਂ 'ਤੇ ਕਰੂਜ਼ ਮਿਜ਼ਾਈਲਾਂ ਵੀ ਚਲਾਈਆਂ, ਪਰ ਉਹ ਬਚ ਨਿਕਲਿਆ। ਬਿਨ-ਲਾਦਿਨ ਦੇ ਜੁਰਮਾਂ ਦੀ ਲਿਸਟ ਲੰਮੀ ਹੋ ਰਹੀ ਸੀ। ਹੁਣ ਤੱਕ ਉਸ ਦੇ ਖਾਤੇ ਵਿਚ 1993 ਦਾ ਵਰਲਡ ਟਰੇਡ ਸੈਂਟਰ ਹਮਲਾ, ਮਗੋਦੀਸ਼ਾ ਵਿਚ ਅਠਾਰਾਂ ਅਮਰਕੀਨਾਂ ਨੂੰ ਮਾਰਨਾ, ਰਿਆਧ ਵਿਚ 1995 ਦੌਰਾਨ ਅਮਰੀਕੀ ਫੌਜੀਆਂ ਦਾ ਕਤਲ ਅਤੇ ਪਿਛੋਂ ਇੱਥੇ ਹੀ ਦਹਰਾਨ ਵਿਚ 19 ਅਮਰੀਕਨ ਫੌਜੀਆਂ ਨੂੰ ਮਾਰਨਾ, 1994 ਦੌਰਾਨ ਪੈਸੇਫਿਕ ਸਮੁੰਦਰ ਉਪਰ ਦਰਜਨਾਂ ਅਮਰੀਕਨ ਏਅਰਲਾਈਨਰਾਂ ਤਬਾਹ ਕਰਨ ਦੀ ਸਾਜ਼ਿਸ਼, ਅਫੀਰਕਨ ਅੰਬੈਸੀਆਂ ਦੇ ਬੰਬ ਧਮਾਕੇ ਅਤੇ ਸਮੁੰਦਰੀ ਬੇੜੇ ਯੂ.ਐਸ.ਐਸ. ਉਪਰ ਆਤਮਘਾਤੀ ਹਮਲਾ ਸ਼ਾਮਿਲ ਸਨ। ਕਈਆਂ ਦਾ ਖਿਆਲ ਸੀ ਕਿ ਇਨ੍ਹਾਂ ਅਤਿਵਾਦੀ ਕਾਰਵਾਈਆਂ ਦਾ ਮੁੱਢ ਉਦੋਂ ਹੀ ਬੱਝ ਗਿਆ ਸੀ ਜਦੋਂ ਅਮਰੀਕਾ ਇਨ੍ਹਾਂ ਜਹਾਦੀਆਂ ਨੂੰ ਪਿਸ਼ਾਵਰ ਦੇ ਟਰੇਨਿੰਗ ਸੈਂਟਰਾਂ ਵਿਚ ਸਿੱਖਲਾਈ ਦੇ ਕੇ ਰੂਸ ਖਿਲਾਫ ਲੜਨ ਲਈ ਤਿਆਰ ਕਰ ਰਿਹਾ ਸੀ। ਜਦੋਂ ਅਫਗਾਨਿਸਤਾਨ 'ਚੋਂ ਰੂਸ ਹਾਰ ਕੇ ਨਿਕਲ ਗਿਆ ਤਾਂ ਇਹ ਜਹਾਦੀ ਵਿਹਲੇ ਹੋ ਗਏ। ਉਦੋਂ ਹੀ ਇਨ੍ਹਾਂ ਜਹਾਦੀਆਂ ਨੂੰ ਖਿਆਲ ਆਇਆ ਕਿ ਜੇ ਇੰਨੇ ਵੱਡੇ ਰੂਸ ਨੂੰ ਹਰਾਇਆ ਜਾ ਸਕਦਾ ਹੈ ਤਾਂ

ਅਮਰੀਕਾ ਨੂੰ ਕਿਉਂ ਨਹੀਂ!

ਅਮਰੀਕਾ ਨੇ ਬਿਨ-ਲਾਦਿਨ ਨੂੰ ਫੜਨ ਦੀ ਜੋ ਵੀ ਕੋਸ਼ਿਸ਼ ਕੀਤੀ, ਉਹ ਅਜਾਈਂ ਗਈ। ਵੱਡਾ ਕਾਰਨ ਇਹ ਵੀ ਸੀ ਕਿ ਅਮਰੀਕਾ ਪਾਕਿਸਤਾਨ ਦੀ ਮੱਦਦ ਬਿਨਾਂ ਅਫਗਾਨਿਸਤਾਨ ਅੰਦਰ ਕੁਝ ਕਰ ਨਹੀਂ ਸਕਦਾ ਸੀ ਤੇ ਪਾਕਿਸਤਾਨ ਦਿਲੋਂ ਸਾਫ ਨਹੀਂ ਸੀ। ਜਦੋਂ ਹੀ ਅਮਰੀਕਾ ਅੰਦਰਖਾਤੇ ਕੋਈ ਕੋਸ਼ਿਸ਼ ਕਰਦਾ, ਤਾਂ ਪਾਕਿਸਤਾਨ ਕੋਈ ਨਾ ਕੋਈ ਅੜਿੱਕਾ ਡਾਹ ਦਿੰਦਾ। ਅਮਰੀਕਾ ਨੇ ਸਾਊਦੀ ਅਰਬ 'ਤੇ ਜ਼ੋਰ ਪਾਇਆ ਤੇ ਉਨ੍ਹਾਂ ਅੱਗੇ ਤਾਲਿਬਾਨ ਨਾਲ ਰਾਬਤਾ ਕਾਇਮ ਕੀਤਾ। ਹੁਣ ਤੱਕ ਸਾਊਦੀ ਅਰਬ ਨੇ ਭਾਵੇਂ ਤਾਲਿਬਾਨ ਦੀ ਬਹੁਤ ਮੱਦਦ ਕੀਤੀ ਸੀ ਪਰ ਬਿਨ-ਲਾਦਿਨ ਦੇ ਮੁੱਦੇ 'ਤੇ ਤਾਲਿਬਾਨ ਸਿਰ ਮਾਰ ਗਏ। ਚਿੜ੍ਹ ਕੇ ਸਾਊਦੀ ਅਰਬ ਨੇ ਤਾਲਿਬਾਨ ਨਾਲੋਂ ਨਾਤਾ ਤੋੜ ਲਿਆ। ਹੁਣ ਤੱਕ ਤਾਲਿਬਾਨ ਦਾ ਬਾਹਰਲਿਆਂ ਨਾਲ ਜ਼ਿਆਦਾ ਵਾਸਤਾ ਨਹੀਂ ਸੀ, ਪਰ ਬਿਨ-ਲਾਦਿਨ ਦੇ ਮਸਲੇ ਨੇ ਉਨ੍ਹਾਂ ਨੂੰ ਵੀ ਅਮਰੀਕਾ ਅਤੇ ਪੱਛਮ ਦੇ ਖਿਲਾਫ ਜ਼ਹਿਰ ਉਗਲਣ ਲਾ ਦਿੱਤਾ। ਆਖਰ ਅਮਰੀਕਨ ਸਰਕਾਰ ਨੇ ਤਾਲਿਬਾਨ ਨਾਲ ਸਿੱਧਾ ਰਾਬਤਾ ਕਾਇਮ ਕਰ ਕੇ ਉਸਾਮਾ ਬਿਨ-ਲਾਦਿਨ ਦੀ ਹਵਾਲਗੀ ਮੰਗੀ, ਪਰ ਤਾਲਿਬਾਨ ਨੇ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਉਹ ਉਨ੍ਹਾਂ ਦਾ ਮਹਿਮਾਨ ਹੈ ਤੇ ਅਫਗਾਨ ਰਸਮੋ-ਰਿਵਾਜ ਮੁਤਾਬਕ ਮਹਿਮਾਨ ਦੀ ਰਾਖੀ ਕੀਤੀ ਜਾਂਦੀ ਹੈ।

ਜਦੋਂ ਅਮਰੀਕਾ ਨੇ ਬਿਨ-ਲਾਦਿਨ ਕਰ ਕੇ ਅਫਗਾਨਿਸਤਾਨ 'ਤੇ ਮਿਜ਼ਾਇਲੀ ਹਮਲਾ ਕਰਨ ਦੀ ਧਮਕੀ ਦਿੱਤੀ ਤਾਂ ਪਹਿਲੀ ਵਾਰ ਤਾਲਿਬਾਨ ਨੇ ਸਿਆਸਤ ਕਰਨ ਦੀ ਸੋਚੀ। ਉਨ੍ਹਾਂ ਅਮਰੀਕਾ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਤਾਲਿਬਾਨ ਸਰਕਾਰ ਨੂੰ ਮਾਨਤਾ ਦੇ ਦੇਵੇ ਤਾਂ ਉਹ ਬਿਨ-ਲਾਦਿਨ ਨੂੰ ਅਫਗਾਨਿਸਤਾਨ ਛੱਡ ਕੇ ਜਾਣ ਲਈ ਕਹਿ ਦੇਣਗੇ। ਇਸ ਗੁਪਤ ਗੱਲਬਾਤ ਦਾ ਬਿਨ-ਲਾਦਿਨ ਨੂੰ ਪਤਾ ਲੱਗ ਗਿਆ। ਉਹ ਹੁਣ ਤੱਕ ਤਾਲਿਬਾਨ ਦੇ ਵਿਚਕਾਰ ਰਹਿੰਦਾ ਆਪਣਾ ਗਲਬਾ ਕਾਇਮ ਕਰ ਚੁੱਕਿਆ ਸੀ। ਉਸ ਨੇ ਚਲਦੀ ਗੱਲ ਵਿਚ ਰੋੜੇ ਅਟਕਾ ਦਿੱਤੇ। ਜਦੋਂ ਅਮਰੀਕਾ ਨੇ ਮਹਿਸੂਸ ਕੀਤਾ ਕਿ ਤਾਲਿਬਾਨ, ਬਿਨ-ਲਾਦਿਨ ਨੂੰ ਸੌਦੇ ਲਈ ਵਰਤ ਰਹੇ ਹਨ ਤਾਂ ਉਸ ਨੇ ਆਪਣਾ ਕੰਮ ਹੋਰ ਵਧਾ ਦਿੱਤਾ। ਇਥੋਂ ਤੱਕ ਕਿ ਇੱਕ ਮੌਕੇ ਅਮਰੀਕਾ ਦਾ ਵਿਦੇਸ਼ ਵਿਭਾਗ ਸਿੱਧਾ ਮੁੱਲਾ ਉਮਰ ਨਾਲ ਵੀ ਗੱਲ ਕਰ ਰਿਹਾ ਸੀ। ਕਾਫੀ ਚਿਰ ਗੱਲ ਚੱਲਦੀ ਰਹੀ, ਪਰ ਮੁੱਲਾ ਉਮਰ ਦੇ ਅੜਬਪੁਣੇ ਕਰ ਕੇ ਕਿਸੇ ਸਿਰੇ ਨਾ ਲੱਗ ਸਕੀ। ਆਖਰ ਅਮਰੀਕਾ ਨੇ ਤਾਰੀਖ ਮਿੱਥ ਦਿੱਤੀ, ਜਾਂ ਤਾਂ ਇਸ ਤਾਰੀਖ ਤੋਂ ਪਹਿਲਾਂ ਬਿਨ-ਲਾਦਿਨ ਨੂੰ ਸਾਡੇ ਹਵਾਲੇ ਕਰੋ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੋ।

ਤਾਲਿਬਾਨ ਵੀ ਸਮਝ ਗਏ ਕਿ ਹੁਣ ਗੱਲ ਕਿਸੇ ਸਿਰੇ ਨਹੀਂ ਲੱਗ ਰਹੀ। ਉਨ੍ਹਾਂ ਉਸਾਮਾ ਬਿਨ-ਲਾਦਿਨ ਨੂੰ ਬਚਾਉਣ ਲਈ ਪੂਰੀ ਵਾਹ ਲਾ ਦਿੱਤੀ। ਬਿਨ-ਲਾਦਿਨ ਵੀ ਉਦੋਂ ਤੱਕ ਜ਼ੋਰ ਫੜ ਚੁੱਕਿਆ ਸੀ। ਤਾਲਿਬਾਨ ਸਰਕਾਰ ਵਿਚ ਉਸ ਦੀ ਪੂਰੀ ਪੁੱਛ-ਪ੍ਰਤੀਤ ਸੀ। ਸਿਆਣੇ ਲੋਕ ਸਮਝ ਰਹੇ ਸਨ ਕਿ ਰੂਸ ਦੇ ਨਿਕਲ ਜਾਣ ਪਿੱਛੋਂ ਅਮਰੀਕਾ ਅਫਗਾਨਿਸਤਾਨ ਨੂੰ ਜੋ ਸੰਕਟ ਵਿਚਕਾਰ ਛੱਡ ਕੇ ਭੱਜ ਗਿਆ ਸੀ, ਅੱਜ ਉਹ ਉਸੇ ਗਲਤੀ ਦੀ ਸਜ਼ਾ ਭੁਗਤ ਰਿਹਾ ਹੈ।

ਘਰੇਲੂ ਲੜਾਈ ਤੋਂ ਉਠ ਕੇ ਤਾਲਿਬਾਨ, ਸੰਸਾਰਕ ਮਸਲਾ ਬਣ ਗਏ। ਉਨ੍ਹਾਂ ਦਾ ਇਕੱਲੇ ਅਮਰੀਕਾ ਨਾਲ ਹੀ ਝਗੜਾ ਨਹੀਂ ਸੀ, ਸਗੋਂ ਉਨ੍ਹਾਂ ਦੀਆਂ ਨੀਤੀਆਂ ਕਾਰਨ ਹੋਰ ਬਹੁਤ ਸਾਰੇ ਮੁਲਕ ਉਨ੍ਹਾਂ ਤੋਂ ਅੱਕੇ ਪਏ ਸਨ। ਬਿਨ-ਲਾਦਿਨ ਅਤੇ ਤਾਲਿਬਾਨ ਦੀ ਸ਼ਹਿ 'ਤੇ ਹੋਰ ਮੁਲਕਾਂ ਵਿਚ ਵੀ ਇਸਲਾਮੀ ਮੂਲਵਾਦੀ ਮੁਸ਼ਕਿਲਾਂ ਖੜ੍ਹੀਆਂ ਕਰਨ ਲੱਗੇ। ਮਸਲਨ, ਨਵੇਂ ਨਵੇਂ ਹੋਂਦ ਵਿਚ ਆਏ ਮੱਧ ਪੂਰਬ ਦੇ ਮੁਲਕ ਇਸ ਸਮੱਸਿਆ ਦਾ ਸੰਤਾਪ ਝੱਲ ਰਹੇ ਸਨ। ਇਸ ਤੋਂ ਇਲਾਵਾ ਚੀਨ, ਉਜ਼ਬੇਕਿਸਤਾਨ, ਚੇਚਨੀਆ, ਫਿਲਪੀਨਜ਼ ਅਤੇ ਇੰਡੀਆ ਦੇ ਕਸ਼ਮੀਰ ਸੂਬੇ ਵਿਚ ਅਤਿਵਾਦ ਦੀ ਨਵੀਂ ਹਨ੍ਹੇਰੀ ਪਹੁੰਚ ਚੁੱਕੀ ਸੀ। ਪਾਕਿਸਤਾਨ ਵਿਚ ਸੱਤਾ ਤਬਦੀਲੀ ਹੋ ਚੁੱਕੀ ਸੀ। ਅਕਤੂਬਰ 1999 ਵਿਚ ਜਨਰਲ ਪਰਵੇਜ਼ ਮੁਸ਼ੱਰਫ ਨੇ ਰਾਜ ਪਲਟਾ ਲਿਆ ਕੇ ਸੱਤਾ ਆਪਣੇ ਹੱਥ ਕਰ ਲਈ ਸੀ। ਉਸ ਨੇ ਤਾਲਿਬਾਨ ਦੀ ਪਹਿਲਾਂ ਨਾਲੋਂ ਵੀ ਜ਼ੋਰ-ਸ਼ੋਰ ਨਾਲ ਮਦਦ ਸ਼ੁਰੂ ਕਰ ਦਿੱਤੀ। ਨਾਲ ਹੀ ਉਸ ਨੇ ਅਫਗਾਨਿਸਤਾਨ ਅੰਦਰ ਚੱਲ ਰਹੇ ਉਹ ਕੈਂਪ ਜਿਥੇ ਕਸ਼ਮੀਰੀ ਜਹਾਦੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਸੀ, ਦੀ ਮਾਲੀ ਅਤੇ ਹਰ ਤਰ੍ਹਾਂ ਦੀ ਮਦਦ ਤੇਜ਼ ਕਰ ਦਿੱਤੀ। ਇਸ ਵੇਲੇ ਤਾਲਿਬਾਨ ਦੀ ਮਦਦ ਇਕੱਲਾ ਪਾਕਿਸਤਾਨ ਹੀ ਕਰ ਰਿਹਾ ਸੀ।

ਯੂ.ਐਨ.ਓ. ਨੇ ਤਾਲਿਬਾਨ 'ਤੇ ਪਾਬੰਦੀਆਂ ਆਇਦ ਕਰ ਦਿੱਤੀਆਂ ਜਿਨ੍ਹਾਂ ਵਿਚੋਂ ਇੱਕ ਇਹ ਵੀ ਸੀ ਕਿ ਜੇ ਕੋਈ ਮੁਲਕ ਉਨ੍ਹਾਂ ਦੀ ਮਦਦ ਕਰੇਗਾ, ਉਸ 'ਤੇ ਵੀ ਐਕਸ਼ਨ ਲਿਆ ਜਾਵੇਗਾ। ਤਾਲਿਬਾਨ ਨੇ ਤਾਂ ਇਹ ਗੱਲ ਗੌਲਣੀ ਹੀ ਕੀ ਸੀ, ਸਗੋਂ ਪਾਕਿਸਤਾਨ ਨੇ ਵੀ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਉਹ ਤਾਲਿਬਾਨ ਨੂੰ ਹਥਿਆਰ ਸਪਲਾਈ ਕਰਦਾ ਰਿਹਾ। ਇਨ੍ਹਾਂ ਪਾਬੰਦੀਆਂ ਦੇ ਖਿਲਾਫ ਜਨਰਲ ਪਰਵੇਜ਼ ਮੁਸ਼ੱਰਫ ਨੇ ਆਪਣੇ ਮੁਲਕ ਅੰਦਰ ਅਮਰੀਕਾ ਅਤੇ ਯੂ. ਐਨ. ਓ. ਖਿਲਾਫ ਵੱਡੇ ਰੋਸ ਮੁਜ਼ਾਹਰੇ ਕਰਵਾਏ। ਇਹ ਨਹੀਂ ਕਿ ਤਾਲਿਬਾਨ ਅੰਦਰ ਸਭ ਅੱਛਾ ਸੀ। ਮੁੱਲਾ ਉਮਰ ਤੋਂ ਅਗਲਾ, ਦੋ ਨੰਬਰ ਦਾ ਲੀਡਰ ਮੁੱਲਾ ਮੁਹੰਮਦ ਰੱਬਾਨੀ ਸੁਧਾਰਵਾਦੀ ਰੁਚੀਆਂ ਦੀ ਸੋਚ ਵਾਲਾ ਸੀ। ਸਰਕਾਰ ਵਿਚ ਉਸ ਦਾ ਆਪਣਾ ਧੜਾ ਸੀ। ਉਸ ਦਾ ਮੰਨਣਾ ਸੀ, ਅਸੀਂ ਲੜ ਲੜ ਕੇ ਅੱਕੇ-ਥੱਕੇ ਪਏ ਹਾਂ, ਇਸ ਵੇਲੇ ਲੜਾਈ ਬੰਦ ਕਰ ਕੇ ਮੁਲਕ ਬਾਰੇ ਸੋਚਣਾ ਚਾਹੀਦਾ ਹੈ। ਉਹ ਉਸਾਮਾ ਬਿਨ-ਲਾਦਿਨ ਅਤੇ ਉਸ ਦੇ ਅਰਬ ਲੜਾਕਿਆਂ ਨੂੰ ਵੀ ਚੰਗਾ ਨਹੀਂ ਸੀ ਸਮਝਦਾ। ਉਸ ਦੀ ਸੋਚ ਸੀ ਕਿ ਬਾਹਰਲਿਆਂ ਨੂੰ ਅਫਗਾਨਿਸਤਾਨ ਦੇ ਘਰੇਲੂ ਮਸਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਦੂਜਾ, ਉਹ ਉਨ੍ਹਾਂ ਦੇ ਸੰਸਾਰਕ ਜਹਾਦ ਦੇ ਹੱਕ ਵਿਚ ਵੀ ਨਹੀਂ ਸੀ। ਉਹ ਤਾਂ ਇਸ ਵੇਲੇ ਅਮਰੀਕਾ ਅਤੇ ਯੂ.ਐਨ.ਓ. ਨਾਲ ਵੀ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੁੰਦਾ ਸੀ, ਪਰ ਕੈਂਸਰ ਨਾਲ ਉਸ ਦੀ ਮੌਤ ਹੋ ਗਈ। ਇਸ ਪਿਛੋਂ ਉਸ ਦਾ ਧੜਾ ਚੁੱਪ ਕਰ ਕੇ ਬੈਠ ਗਿਆ ਅਤੇ ਬਿਨ-ਲਾਦਿਨ ਦੇ ਰਾਹ ਦਾ ਰੋੜਾ ਸਾਫ ਹੋ ਗਿਆ। ਉਸ ਨੇ ਮੁੱਲਾ ਉਮਰ ਨੂੰ ਖੁਸ਼ ਕਰਨ ਲਈ ਵੱਡਾ ਤੋਹਫਾ ਦੇਣ ਦੀ ਸਕੀਮ ਬਣਾਈ। ਇਹ ਤੋਹਫਾ ਸੀ ਨਾਰਥ ਅਲਾਇੰਸ ਦੇ ਸੁਪਰੀਮ ਕਮਾਂਡਰ ਅਹਿਮਦ ਸ਼ਾਹ ਮਸੂਦ ਦਾ ਕਤਲ। ਬਿਨ-ਲਾਦਿਨ ਨੇ ਆਪਣੇ ਆਤਮਘਾਤੀ ਹਮਲਾਵਰਾਂ ਦੁਆਰਾ 9 ਸਤੰਬਰ 2001 ਨੂੰ ਮਸੂਦ ਦਾ ਕਤਲ ਕਰਵਾ ਕੇ ਨਾਰਥ ਅਲਾਇੰਸ ਨੂੰ ਲੀਡਰ ਰਹਿਤ ਕਰ ਦਿੱਤਾ। ਹੁਣ ਤਾਲਿਬਾਨ ਨੂੰ ਨਾਰਥ ਉਤੇ ਕਬਜ਼ਾ ਕਰਨ ਤੋਂ ਕੋਈ ਵੀ ਨਹੀਂ ਸੀ ਰੋਕ ਸਕਦਾ। ਕੁੰਦਜ ਸੂਬੇ ਵਿਚ ਕਬਜ਼ਾ ਜਮਾਈ ਬੈਠੇ ਤਾਲਿਬਾਨ ਨੇ ਹਵਾਈ ਰਸਤੇ ਫੌਜੀ ਸਪਲਾਈ ਵਧਾ ਦਿੱਤੀ ਤੇ ਸਾਲ ਦੇ ਅਖੀਰ ਤੋਂ ਪਹਿਲਾਂ ਪਹਿਲਾਂ ਨਾਰਥ ਜਿੱਤ ਲੈਣ ਦਾ ਟੀਚਾ ਮਿੱਥ ਲਿਆ। ਇਸ ਮੁਹਿੰਮ ਵਿਚ ਪਾਕਿਸਤਾਨ ਮਦਦ ਕਰ ਰਿਹਾ ਸੀ। ਪਾਕਿਸਤਾਨੀ ਫੌਜ ਅਤੇ ਆਈ. ਐਸ. ਆਈ. ਦੇ ਬਹੁਤ ਸਾਰੇ ਅਧਿਕਾਰੀ ਤਾਲਿਬਾਨ ਨਾਲ ਕੁੰਦਜ ਸੂਬੇ 'ਚ ਡੇਰੇ ਲਾਈ ਬੈਠੇ ਸਨ। ਉਨ੍ਹਾਂ ਨਾਰਥ ਵਾਲੇ ਹਮਲੇ ਵੇਲੇ ਤਾਲਿਬਾਨ ਨੂੰ ਸੇਧ ਦੇਣੀ ਸੀ, ਪਰ ਭਵਿੱਖ ਵਿਚ ਜੋ ਹੋਣਾ ਸੀ, ਉਸ ਤੋਂ ਤਾਲਿਬਾਨ ਅਣਭਿੱਜ ਸਨ।

ਬਿਨ-ਲਾਦਿਨ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਵਾਲਾ ਹਮਲਾ ਗੁਪਤ ਰੱਖਿਆ ਹੋਇਆ ਸੀ। ਦੁਨੀਆਂ ਦੇ ਨਾਲ ਨਾਲ ਤਾਲਿਬਾਨ ਨੂੰ ਵੀ ਉਸੇ ਦਿਨ ਹੀ ਪਤਾ ਲੱਗਿਆ ਕਿ ਉਸਾਮਾ ਬਿਨ-ਲਾਦਿਨ ਨੇ ਅਮਰੀਕਾ ਦੇ ਧੁਰ ਅੰਦਰ ਜਾ ਕੇ ਇੰਨਾ ਵੱਡਾ ਕਾਰਾ ਕਰ ਦਿੱਤਾ ਹੈ। 9/11 ਦੇ ਤੀਜੇ ਦਿਨ ਹੀ ਅਮਰੀਕਾ ਨੇ ਤਾਲਿਬਾਨ ਨੂੰ ਚਿਤਾਵਨੀ ਦੇ ਦਿੱਤੀ, ਜਾਂ ਤਾਂ ਬਿਨ-ਲਾਦਿਨ ਨੂੰ ਫੜ ਕੇ ਸਾਡੇ ਹਵਾਲੇ ਕਰੋ, ਤੇ ਜਾਂ ਫਿਰ ਅਮਰੀਕੀ ਹਮਲੇ ਦਾ ਸਾਹਮਣਾ ਕਰਨ ਲਈ ਤਿਆਰ ਰਹੋ। ਤਾਲਿਬਾਨ ਨੇ ਬਿਨ-ਲਾਦਿਨ ਦੇ ਮਸਲੇ ਵਿਚ ਪਹਿਲਾਂ ਵਾਲਾ ਹੀ ਜੁਆਬ ਦੇ ਦਿੱਤਾ। ਅਮਰੀਕਾ ਨੇ ਦੁਨੀਆਂ ਨੂੰ ਅਤਿਵਾਦ ਖਿਲਾਫ ਲੜਾਈ ਵਿਚ ਹਿੱਸਾ ਲੈਣ ਦੀ ਅਪੀਲ ਕਰ ਦਿੱਤੀ। ਅਫਗਾਨਿਸਤਾਨ ਉਪਰ ਅਮਰੀਕਾ ਵੱਲੋਂ ਹਮਲੇ ਦਾ ਸੁਣ ਕੇ ਪਾਕਿਸਤਾਨ ਝਾੜ ਵਿਚ ਫਸੇ ਬਿੱਲੇ ਵਾਂਗ ਝਾਕਣ ਲੱਗਿਆ। ਉਸ ਦੇ ਇੱਕ ਪਾਸੇ ਖੂਹ ਤੇ ਦੂਜੇ ਪਾਸੇ ਖਾਤੇ ਵਾਲੀ ਗੱਲ ਬਣ ਗਈ। ਇੰਨੇ ਨੂੰ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਨੇ ਜਨਰਲ ਪਰਵੇਜ਼ ਮੁਸ਼ਰਫ ਨੂੰ ਫੋਨ ਕਰ ਕੇ ਸਾਥ ਮੰਗਿਆ। ਮੁਸ਼ਰਫ ਨੇ ਆਨਾ-ਕਾਨੀ ਕੀਤੀ ਤਾਂ ਵਿਦੇਸ਼ ਮੰਤਰੀ ਨੇ ਸਿੱਧਾ ਕਿਹਾ, ਮਾਰ ਮਾਰ ਬੰਬ ਪਾਕਿਸਤਾਨ ਨੂੰ ਵੀ ਪੱਥਰ ਯੁੱਗ 'ਚ ਬਦਲ ਦਿਆਂਗੇ। ਅਗਲੇ ਦਿਨ ਉਸ ਨੂੰ ਪੈਸੇ ਦਾ ਲਾਲਚ ਦਿੱਤਾ ਗਿਆ ਤਾਂ ਉਹ ਝੱਟ ਮੰਨ ਗਿਆ ਤੇ ਤਾਲਿਬਾਨ ਨਾਲ ਸਾਲਾਂ ਦੀ ਯਾਰੀ ਛੱਡ ਕੇ ਬੁਸ਼ ਮੂਹਰੇ ਹੱਥ ਜੋੜ ਖੜ੍ਹੋ ਗਿਆ।

ਤਾਲਿਬਾਨ ਵੱਲੋਂ ਜੁਆਬ ਮਿਲਣਸਾਰ ਹੀ ਅਮਰੀਕਾ ਨੇ ਅਫਗਾਨਿਸਤਾਨ ਦੇ ਉਤਰ ਵੱਲ ਦੇ ਛੋਟੇ ਮੁਲਕ ਉਜ਼ਬੇਕਿਸਤਾਨ ਅਤੇ ਤਾਜਿਕਸਤਾਨ ਵਗੈਰਾ ਵਿਚ ਫੌਜੀ ਸਾਜ਼ੋ-ਸਮਾਨ ਉਤਾਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਐਲਾਨ ਕਰ ਦਿੱਤਾ ਕਿ ਇਹ ਲੜਾਈ ਅਤਿਵਾਦ ਦੇ ਖਿਲਾਫ ਹੈ, ਉਹ ਇਸ ਲੜਾਈ ਦੌਰਾਨ ਅਫਗਾਨਿਸਤਾਨ ਅੰਦਰ ਆਪਣੀ ਫੌਜ ਨਹੀਂ ਲੜਾਏਗਾ, ਸਗੋਂ ਉਹ ਨਾਰਥ ਅਲਾਇੰਸ ਦੀ ਮਦਦ ਨਾਲ ਅਤਿਵਾਦੀਆਂ ਨੂੰ ਕਾਬੂ ਕਰੇਗਾ। ਅਮਰੀਕਾ ਨੇ ਅਫਗਾਨਾਂ ਨੂੰ ਅਪੀਲ ਕੀਤੀ ਕਿ ਉਹ ਤਾਲਿਬਾਨ ਖਿਲਾਫ ਇੱਕਮੁੱਠ ਹੋ ਜਾਣ, ਪਰ ਅਫਗਾਨਾਂ ਨੇ ਅਮਰੀਕਾ ਉਤੇ ਰੱਤੀ ਭਰ ਵੀ ਭਰੋਸਾ ਨਾ ਕੀਤਾ।


ਉਨ੍ਹਾਂ ਦਾ ਕਹਿਣਾ ਸੀ ਕਿ ਉਹ ਅਮਰੀਕਾ ਦੀ ਅਸਲੀਅਤ ਉਦੋਂ ਦੇ ਜਾਣਦੇ ਹਨ ਜਦੋਂ ਉਹ ਰੂਸ ਨੂੰ ਹਰਾਉਣ ਪਿੱਛੋਂ ਅਫਗਾਨਿਸਤਾਨ ਨੂੰ ਮੱਚਦੀ ਅੱਗ ਵਿਚਕਾਰ ਛੱਡ ਕੇ ਆਪਣੇ ਰਾਹ ਪੈ ਗਿਆ ਸੀ, ਅਤੇ ਹੁਣ ਤੱਕ ਲੋਕ ਅਮਰੀਕਾ ਦੀ ਇਸੇ ਕਰਨੀ ਦਾ ਖਮਿਆਜ਼ਾ ਭੁਗਤ ਰਹੇ ਹਨ। ਅਫਗਾਨ ਸੋਚ ਰਹੇ ਸਨ ਕਿ ਅਮਰੀਕਾ ਦਾ ਅਫਗਾਨਿਸਤਾਨ ਦੀਆਂ ਸਮੱਸਿਆਵਾਂ ਸੁਲਝਾਉਣ ਦਾ ਕੋਈ ਇਰਾਦਾ ਨਹੀਂ। ਉਹ ਤਾਂ ਬੱਸ ਤਾਲਿਬਾਨ ਤੋਂ ਤਾਕਤ ਖੋਹ ਕੇ ਨਾਰਥ ਅਲਾਇੰਸ ਦੇ ਹਵਾਲੇ ਕਰ ਦੇਵੇਗਾ। ਇਸ ਵੇਲੇ ਪਾਕਿਸਤਾਨ ਨੇ ਮੁੱਲਾ ਉਮਰ ਨੂੰ ਸਮਝਾਉਣ ਦੀ ਕਾਫੀ ਕੋਸ਼ਿਸ਼ ਕੀਤੀ ਕਿ ਉਹ ਬਿਨ-ਲਾਦਿਨ ਨੂੰ ਅਮਰੀਕਾ ਹਵਾਲੇ ਕਰ ਦੇਵੇ। ਅਸਲ ਵਿਚ ਤਾਲਿਬਾਨ ਸਰਕਾਰ ਪਾਕਿਸਤਾਨ ਨੂੰ ਫਿੱਟ ਬੈਠਦੀ ਸੀ। ਅਮਰੀਕਾ ਦੀ ਮਦਦ ਕਰਨ ਕਰ ਕੇ ਉਸ ਦੇ ਆਪਣੇ ਲੋਕ ਵੀ ਉਸ ਖਿਲਾਫ ਰੋਹ ਵਿਚ ਸਨ, ਪਰ ਇਹ ਗੱਲਬਾਤ ਕਾਮਯਾਬ ਨਾ ਹੋਈ।

*(ਚਲਦਾ)*



**ਪਰਵੇਜ਼ ਮੁਸ਼ੱਰਫ ਜਿਸ ਨੇ ਤਾਲਿਬਾਨ ਦੀ ਮਦਦ ਜਾਰੀ ਰੱਖੀ।**

***ਅਕਤੂਬਰ 1999 ਵਿਚ ਜਨਰਲ ਪਰਵੇਜ਼ ਮੁਸ਼ੱਰਫ ਨੇ ਰਾਜ ਪਲਟਾ ਲਿਆ ਕੇ ਸੱਤਾ ਆਪਣੇ ਹੱਥ ਕਰ ਲਈ ਸੀ। ਉਸ ਨੇ ਤਾਲਿਬਾਨ ਦੀ ਪਹਿਲਾਂ ਨਾਲੋਂ ਵੀ ਜ਼ੋਰ-ਸ਼ੋਰ ਨਾਲ ਮਦਦ ਸ਼ੁਰੂ ਕਰ ਦਿੱਤੀ। ਨਾਲ ਹੀ ਉਸ ਨੇ ਅਫਗਾਨਿਸਤਾਨ ਅੰਦਰ ਚੱਲ ਰਹੇ ਉਹ ਕੈਂਪ ਜਿਥੇ ਕਸ਼ਮੀਰੀ ਜਹਾਦੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਸੀ, ਦੀ ਮਾਲੀ ਅਤੇ ਹਰ ਤਰ੍ਹਾਂ ਦੀ ਮਦਦ ਤੇਜ਼ ਕਰ ਦਿੱਤੀ। ਇਸ ਵੇਲੇ ਤਾਲਿਬਾਨ ਦੀ ਮਦਦ ਇਕੱਲਾ ਪਾਕਿਸਤਾਨ ਹੀ ਕਰ ਰਿਹਾ ਸੀ।***



**ਤਾਲਿਬਾਨ ਨੂੰ ਪਾਲਣ ਵਾਲਾ ਆਈ. ਐਸ.ਆਈ. ਦਾ ਮੁਖੀ ਹਮੀਦ ਗੁਲ।**

# ਮੈਨੂੰ ਵੋਟ ਨਾ ਪਾਇਓ

ਜੀਅ ਕੀਤਾ ਕਿ ਵੋਟਾਂ 'ਚ ਖੜ੍ਹ'ਜਾਂ...ਚੋਣ ਲੜਾਂ ਤੇ ਜਿੱਤ ਕੇ ਤੁਹਾਡਾ ਨੁਮਾਇੰਦਾ ਬਣਾਂ ਪਰ ਜ਼ਮੀਰ ਆਵਾਜ਼ ਨ੍ਹੀਂ ਦਿੰਦੀ ਕਿ ਝੂਠ ਬੋਲ ਕੇ, ਫਰੇਬ ਤੋਲ ਕੇ ਵੋਟਾਂ ਮੰਗਾਂ। ਫੋਕੇ ਦਮਗਜ਼ੇ ਮਾਰ ਕੇ ਥੋਨੂੰ ਭਰਮਾਵਾਂ ਪਰ ਫਿਰ ਸੋਚਿਆ ਕਿ ਮੈਂ ਕਿਹੜਾ ਨਵੇਂ ਸਿਰਿਓਂ ਝੂਠ ਬੋਲਣਾ...ਥੋਡੇ 'ਤੇ ਕਿਹੜਾ ਕੋਈ ਅਸਰ ਹੋਣੈ, ਗਿੱਝ ਜੋ ਗਏ ਓ ਤੁਸੀਂ... ਚਲੋ ਖੈਰ! ਪੰਚ-ਸਰਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ, ਨਿਗਮ ਤੇ ਕਮੇਟੀ ਮੈਂਬਰ, ਐਮ.ਐਲ.ਏ. ਤੇ ਐਮ.ਪੀ. ਥੋਡੀਆਂ ਵੋਟਾਂ ਨਾਲ ਹੀ ਤਾਂ ਬਣਦੇ ਹਨ। ਇਸ ਵਾਰ ਮੇਰਾ ਚੋਣ ਨਿਸ਼ਾਨ ਏ 'ਲੋਕ।' ਪੈਸੇ ਦੇ ਕੇ ਮੈਂ ਵੋਟਾਂ ਖਰੀਦ ਨਹੀਂ ਸਕਦਾ, ਇਸ ਕਰਕੇ ਮੈਨੂੰ ਵੋਟਾਂ ਨਾ ਪਾਇਓ। ਨਾ ਚੁੱਲ੍ਹੇ 'ਤੇ ਕੁੱਕੜ ਰਿੱਝੂ ਤੇ ਨਾ ਹੀ ਬੋਤਲ ਦਾ ਡੱਟ ਖੁੱਲੂ, ਸੋ ਮੈਨੂੰ ਵੋਟਾਂ ਨਾ ਪਾਇਓ।

ਪ੍ਰੈਸ, ਟੀ.ਵੀ., ਫਰਿੱਜ ਤੇ ਕੱਪੜੇ ਦੇਣ ਦੀ ਮੇਰੀ ਔਕਾਤ ਨ੍ਹੀਂ ਕਿਉਂਕਿ ਮੇਰੇ ਕੋਲ ਤਾਂ ਆਪ ਦੋ ਕੱਪੜੇ ਨੇ, ਸੋ ਤੁਸੀਂ ਮੈਨੂੰ ਵੋਟ ਨਾ ਪਾਇਓ। ਪ੍ਰਦੂਸ਼ਣ ਫੈਲਾ ਰਹੀਆਂ ਮਿਲਾਂ ਅਤੇ ਬੁੱਚੜਖਾਨਿਆਂ ਤੋਂ ਮਹੀਨਾ ਲੈ ਨ੍ਹੀਂ ਸਕਦਾ ਜਿਸ ਕਾਰਨ ਉਪਰਲੇ ਅਧਿਕਾਰੀਆਂ 'ਚ ਮੇਰੀ ਪੈਂਠ ਬਣਨੀ ਨ੍ਹੀਂ, ਸੋ ਕਿਰਪਾ ਕਰਕੇ ਮੈਨੂੰ ਵੋਟ ਨਾ ਪਾਇਓ। ਝੂਠੇ ਪਰਚੇ ਵੀ ਦਰਜ ਕਰਵਾ ਨ੍ਹੀਂ ਹੋਣੇ ਤੇ ਪ੍ਰਸ਼ਾਸਨ ਹੱਥੋਂ ਲਤਾੜੇ ਲੋਕਾਂ ਨੂੰ ਹੋਰ ਹੇਠਾਂ ਦਬਾਉਣ ਦੀ ਮੇਰੀ ਫਿਤਰਤ ਨਹੀਂ। ਇਸ ਕਰਕੇ ਧਿਆਨ ਰੱਖਿਓ ਮੈਨੂੰ ਵੋਟ ਨਾ ਪਾਇਓ। ਨਦੀਆਂ-ਘੱਗਰਾਂ 'ਚੋਂ ਬਜਰੀ, ਰੇਤ, ਚੋਰੀ ਕਰਕੇ ਮੈਂ ਕਾਨੂੰਨ ਨਹੀਂ ਤੋੜ ਸਕਦਾ ਤੇ ਨਾ ਹੀ ਥੋਡੀ ਗੈਰ-ਕਾਨੂੰਨੀ ਕੰਮਾਂ 'ਚ ਮਦਦ ਕਰ ਸਕਦਾਂ। ਸੋ ਮੈਨੂੰ ਵੋਟਾਂ ਪਾਉਣ ਤੋਂ ਪਹਿਲਾਂ ਜ਼ਰੂਰ ਸੋਚ ਲਿਓ। ਪ੍ਰਾਪਰਟੀ, ਹੋਟਲਾਂ, ਢਾਬਿਆਂ, ਸਕੂਲਾਂ ਤੇ ਹਸਪਤਾਲਾਂ 'ਚ ਮੇਰੀ ਕੋਈ ਹਿੱਸੇਦਾਰੀ ਨਹੀਂ ਹੋਣੀ ਤੇ ਨਾ ਹੀ ਥੋਡੀ। ਵਿਕਾਸ ਕਾਰਜਾਂ 'ਤੇ ਲੱਗਣ ਵਾਲੇ ਸਮਾਨ ਇੱਟਾਂ, ਬਜਰੀ, ਟਾਇਲਾਂ ਆਦਿ ਦੇ ਕਾਰਖਾਨੇ ਵੀ ਮੈਂ ਲਾ ਨਹੀਂ ਸਕਦਾ। ਧਰਮਾਂ ਤੇ ਜਾਤਾਂ 'ਚ ਵੰਡੀਆਂ ਪਾ ਕੇ, ਜੱਟਾਂ ਤੇ ਰਮਦਾਸੀਆਂ ਦੇ ਵੱਖੋ-ਵੱਖਰੇ ਧਰਮ ਸਥਾਨ ਤੇ ਧਰਮਸ਼ਾਲਾਵਾਂ ਨਹੀਂ ਬਣਵਾ ਸਕਦਾ ਤੇ ਨਾ ਹੀ ਸ਼ਾਮਲਾਤ ਜ਼ਮੀਨਾਂ 'ਤੇ ਕਬਜ਼ੇ ਕਰ ਸਕਦਾਂ। ਸੋ ਦੋਸਤੋ, ਮੈਨੂੰ ਵੋਟ ਨਾ ਪਾਇਓ।

ਪੰਚਾਇਤ ਸੈਕਟਰੀ ਤੇ ਵਿਕਾਸ ਅਫਸਰ ਨਾਲ ਰਲ ਕੇ ਸਰਕਾਰੀ ਪੈਸਾ ਵੀ ਨ੍ਹੀਂ ਖਾ ਹੋਣਾ, ਵਿਕਾਸ ਕਾਰਜਾਂ 'ਚ ਘਟੀਆ ਸਮਾਨ ਲਾ ਕੇ ਵੱਧ ਪੈਸਿਆਂ ਦਾ ਬਿਲ ਵੀ ਮੈਂ ਬਣਵਾ ਨ੍ਹੀਂ ਸਕਦਾ, ਤਾਹੀਓਂ ਤਾਂ ਕਹਿਨੈ ਮੈਨੂੰ ਵੋਟ ਨਾ ਪਾਇਓ।

## ਖਰੀਆਂ-ਖਰੀਆਂ

ਚੋਣ ਬੂਥਾਂ 'ਤੇ ਕਬਜ਼ਾ ਕਰਕੇ ਪ੍ਰੋਜ਼ਾਈਡਿੰਗ ਅਫਸਰ 'ਤੇ ਦਬਾਅ ਪਾ ਕੇ ਜਿੱਤੇ ਉਮੀਦਵਾਰ ਨੂੰ ਹਾਰਿਆ ਘੋਸ਼ਿਤ ਕਰਵਾ ਨ੍ਹੀਂ ਸਕਦਾ ਤੇ ਨਾ ਹੀ ਚੋਣ ਜਲਸਿਆਂ 'ਚ ਭੀੜ ਇਕੱਠੀ ਕਰਨ ਲਈ ਪ੍ਰਵਾਸੀ ਮਜ਼ਦੂਰਾਂ ਨੂੰ ਭਾੜੇ 'ਤੇ ਲਿਆ ਸਕਦਾ। ਇਸ ਕਰਕੇ ਸੱਜਣੋ ਮੈਨੂੰ ਵੋਟਾਂ ਨਾ ਪਾਇਓ। ਲਾਲ ਬੱਤੀ ਵਾਲੀ ਤੇ ਭਾਂ-ਪੂ, ਭਾਂ-ਪੂ ਹੂਟਰ ਮਾਰਦੀ ਤੇਜ਼ ਰਫਤਾਰ ਗੱਡੀ ਨਾਲ ਮੈਂ ਰੋਡ ਟੈਕਸ ਭਰਨ ਵਾਲੇ ਰਾਹ ਜਾਂਦੇ ਆਮ ਨਾਗਰਿਕਾਂ ਦੀ ਜਾਨ ਜ਼ੋਖਮ ਵਿਚ ਨਹੀਂ ਪਾ ਸਕਦਾ ਤੇ ਨਾ ਹੀ 5-7 ਗੰਨਮੈਨ ਲੈ ਕੇ ਸਰਕਾਰੀ ਖਜ਼ਾਨੇ 'ਤੇ ਬੇਲੋੜਾ ਬੋਝ ਪਾ ਸਕਦਾਂ। ਇਸ ਲਈ ਮੈਨੂੰ ਵੋਟ ਨਾ ਪਾਇਓ।

ਬੇਰੁਜ਼ਗਾਰਾਂ ਲਈ ਰੁਜ਼ਗਾਰ ਦਾ ਹੋਰਨਾਂ ਵਾਂਗਰ ਝੂਠਾ ਵਾਅਦਾ ਵੀ ਨਹੀਂ ਕਰ ਸਕਦਾ ਕਿਉਂਕਿ ਚਾਰੇ ਪਾਸੇ ਦਰਿੰਦਗੀ ਦਾ ਆਲਮ ਹੈ ਇਸ ਲਈ ਬੱਚੀਆਂ ਦੀ ਆਬਰੂ ਦੀ ਸਲਾਮਤੀ ਦਾ ਵੀ ਦਾਅਵਾ ਨਹੀਂ ਕਰ ਸਕਦਾ। ਜਿਸ ਸਲਤਨਤ ਦੇ ਵਜ਼ੀਰ ਵਪਾਰੀ ਹੋਣ ਉਸ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਤੰਦੂਆ ਜਾਲ 'ਚੋਂ ਬਾਹਰ ਕੱਢਣ ਦੀ ਵੀ ਹਾਮੀ ਨਹੀਂ ਭਰ ਸਕਦਾ। ਇਸ ਲਈ ਮੈਂ ਤੁਹਾਡੀ ਵੋਟ ਦਾ ਭੋਰਾ ਵੀ ਹੱਕਦਾਰ ਨਹੀਂ...ਮੈਨੂੰ ਵੋਟ ਨਾ ਪਾਇਓ...ਮੈਨੂੰ ਵੋਟ ਨਾ ਪਾਇਓ।

***-ਹੈਪੀ ਪੰਡਵਾਲਾ***

***ਫੋਨ: 91-98140-95400***

ਕਹਾਣੀ

# ਕਿਰਾਏ ਦੀ ਕੁੱਖ

***ਕਰਨੈਲ ਸਿੰਘ ਗਿਆਨੀ ਦੀ ਕਹਾਣੀ 'ਕਿਰਾਏ ਦੀ ਕੁੱਖ' ਮਨੁੱਖੀ ਸਾਂਝ ਅਤੇ ਰਿਸ਼ਤਿਆਂ ਦੀਆਂ ਡੂੰਘੀਆਂ ਰਮਜ਼ਾਂ ਖੋਲ੍ਹਦੀ ਹੈ। ਇਹ ਕਹਾਣੀ ਰਿਸ਼ਤਿਆਂ ਦੀਆਂ ਆਪ ਬਣਾਈਆਂ ਸਮਾਜਕ ਬੇੜੀਆਂ ਤੋਂ ਪਾਰ ਜਾ ਕੇ ਮਨੁੱਖੀ ਸਾਂਝ ਦੀਆ ਤਰਬਾਂ ਛੇੜਦੀ ਹੈ। ਬਾਲ-ਇੱਛਾ ਵਾਲੀ ਬਾਤ ਕਹਾਣੀ ਦੇ ਅੱਧ ਵਿਚਕਾਰ ਜਾ ਕੇ ਖੁੱਲ੍ਹਦੀ ਹੈ ਅਤੇ ਮਨੁੱਖਤਾ ਦੇ ਰਾਹਾਂ ਦੇ ਰਾਹੀ, ਇਸ ਨੂੰ ਬੰਧਨ ਨਹੀਂ ਬਣਨ ਦਿੰਦੇ। ਇਹ ਅਸਲ ਵਿਚ ਉਸ ਮਨੁੱਖੀ ਜਲੌਅ ਦੀ ਕਹਾਣੀ ਹੈ ਜਿਹੜਾ ਔਖੇ-ਸੌਖੇ ਵਕਤਾਂ ਦੌਰਾਨ ਬੰਦੇ ਦੇ ਨਾਲੋ-ਨਾਲ ਚੱਲਦਾ ਹੈ, ਪਰ ਇਸ ਨਾਲ ਸਾਂਝ ਪਾਉਣ ਵਾਲੇ ਜਦੋਂ ਨਿੱਤਰਦੇ ਹਨ ਤਾਂ ਜ਼ਿੰਦਗੀ ਹੋਰ ਵੀ ਜਿਉਣ ਜੋਗੀ ਹੋ ਜਾਂਦੀ ਹੈ। -ਸੰਪਾਦਕ***

**ਕਰਨੈਲ ਸਿੰਘ ਗਿਆਨੀ**
karnailgyani1930@gmail.com

"ਕੀ ਗੱਲ ਹੈ ਜੋਗੀ, ਕੁੜੀ ਦੀ ਤਬੀਅਤ ਠੀਕ ਤਾਂ ਹੈ? ਕਈਆਂ ਦਿਨਾਂ ਦੀ ਫਿਰ ਬੁਝੀ ਬੁਝੀ ਜਿਹੀ ਰਹਿੰਦੀ ਹੈ।" ਜੋਗੇਸ਼ਵਰ ਦੀ ਮਾਂ ਨੇ ਆਪਣੀ ਨੂੰਹ ਸੈਂਡਰਾ ਬਾਰੇ ਸੰਸਾ ਪ੍ਰਗਟ ਕੀਤਾ।

"ਮਾਂ, ਉਸ ਦੀਆਂ ਉਹੋ ਹੀ ਜਾਣੇ। ਮੈਨੂੰ ਕਿਹੜਾ ਕੁਝ ਦੱਸਦੀ ਹੈ।" ਉਸ ਨੇ ਸਿਰ ਹਿਲਾਇਆ ਤੇ ਗਰਾਜ 'ਚੋਂ ਗੱਡੀ ਕੱਢ ਕੇ ਕੰਮ 'ਤੇ ਚਲਾ ਗਿਆ। ਸਾਰੇ ਰਸਤੇ ਆਪਣੀ ਪਤਨੀ ਬਾਰੇ ਹੀ ਸੋਚਦਾ ਰਿਹਾ।

ਸੈਂਡਰਾ ਨਾਲ ਉਸ ਦੇ ਵਿਆਹ ਹੋਏ ਨੂੰ ਕੋਈ ਚਾਰ ਕੁ ਸਾਲ ਹੋਏ ਸਨ। ਉਹ ਤੇ ਉਸ ਦੀ ਭੈਣ ਜੂਲੀ, ਪੈਰਿਸ ਤੋਂ ਮਾਂਟਰਿਅਲ ਪੜ੍ਹਨ ਆਈਆਂ ਸਨ। ਜੋਗੇਸ਼ਵਰ ਨੂੰ ਵੀ ਜਰਮਨੀ ਤੋਂ ਆਏ ਨੂੰ ਕੋਈ ਛੇ ਕੁ ਮਹੀਨੇ ਹੋਏ ਹੋਣਗੇ। ਆਪਣੀ ਮਰਜ਼ੀ ਦਾ ਕੰਮ ਅਜੇ ਉਸ ਨੂੰ ਨਹੀਂ ਸੀ ਮਿਲਿਆ ਤੇ ਕਿਸੇ ਇਟੈਲੀਅਨ ਦੀ 'ਡਰਾਈ-ਕਲੀਨਿੰਗ' ਕੰਪਨੀ ਵਿਚ ਕੱਪੜੇ ਪ੍ਰੈੱਸ ਕਰਦਾ ਸੀ। ਸੈਂਡਰਾ ਉਸ ਨੂੰ ਇਕ ਦਿਨ 'ਸਬ-ਵੇ ਟ੍ਰੇਨ' ਵਿਚ ਮਿਲੀ ਸੀ। ਹਾਲੇ ਉਹਨੇ ਟੁੱਟੀ-ਫੁੱਟੀ ਅੰਗਰੇਜ਼ੀ ਹੀ ਬੋਲਣੀ ਸਿੱਖੀ ਸੀ। ਜੋਗੇਸ਼ਵਰ ਦੀ ਸਿਫ਼ਾਰਿਸ਼ ਨਾਲ ਉਹ ਵੀ ਉਸੇ ਕੰਪਨੀ ਵਿਚ ਲੱਗ ਗਈ।

'ਲੰਚ' ਵੇਲੇ ਦੋਵੇਂ ਕੰਪਨੀ ਦੇ ਮਾਲਿਕ ਦੇ ਹੀ ਰੈਸਟੋਰੈਂਟ ਵਿਚੋਂ 'ਸੈਂਡਵਿਚ' ਲੈ ਆਉਂਦੇ ਤੇ ਬਾਹਰ ਧੁੱਪੇ ਪਾਰਕ ਦੇ ਬੈਂਚ ਉਤੇ ਬੈਠ ਕੇ ਖਾਂਦੇ, ਗੱਪਾਂ ਮਾਰਦੇ ਰਹਿੰਦੇ। ਸੈਂਡਰਾ ਨੂੰ ਜੋਗੇਸ਼ਵਰ ਦਾ ਲੰਮਾ ਨਾਂ ਲੈਣ ਵਿਚ ਔਖ ਹੁੰਦੀ।

"ਤੂੰ ਮੈਨੂੰ ਜੋਗੀ ਕਹਿ ਕੇ ਬੁਲਾ ਲਿਆ ਕਰ, ਮੇਰੀ ਮਾਂ ਵੀ ਮੈਨੂੰ ਜੋਗੀ ਹੀ ਕਹਿੰਦੀ ਹੈ।"

"ਤੇਰੀ ਮਾਂ ਤੇਰੇ ਨਾਲ ਰਹਿੰਦੀ ਹੈ?"

"ਨਹੀਂ, ਅਜੇ ਉਹ ਇੰਡੀਆ ਹੀ ਹੈ। ਸਕੂਲ ਵਿਚ ਪੜ੍ਹਾਉਂਦੀ ਹੈ। ਜਦੋਂ ਮੈਂ ਪੱਕਾ ਹੋ ਗਿਆ ਤਾਂ ਉਹ ਵੀ ਆ ਜਾਵੇਗੀ।"

"ਕੀ ਨਾਂ ਹੈ ਉਸ ਦਾ?"

"ਸ਼ਕੁੰਤਲਾ ਦੇਵੀ।"

"ਇੰਟ੍ਰੈਸਟਿੰਗ...ਪਰ ਤੇਰੇ ਨਾਂ ਵਾਂਗ ਹੀ ਲੰਮਾ ਹੈ। ਹਾਂ ਸੱਚ, ਤੂੰ ਮੈਨੂੰ ਸੈਂਡੀ ਕਹਿ ਕੇ ਬੁਲਾ ਸਕਦੈਂ।"

"ਘਰ ਵਿਚ ਤੈਨੂੰ ਕਿਸ ਨਾਮ ਨਾਲ ਬੁਲਾਂਦੇ ਨੇ?"

"ਸੈਂਡਰਾ।"

"ਮੈਨੂੰ ਵੀ ਇਹੋ ਚੰਗਾ ਲਗਦੈ। ਜਿਵੇਂ ਕਿਸੇ ਪਰੀ ਦਾ ਹੋਵੇ।"

ਉਹ ਮੁਸਕਰਾ ਪਈ।

ਇਕ ਦਿਨ ਸੈਂਡਰਾ ਉਸ ਲਈ ਲੰਚ ਘਰੋਂ ਬਣਾ ਕੇ ਲਿਆਈ।

"ਇਹ ਤੂੰ ਆਪ ਬਣਾ ਕੇ ਲਿਆਈ ਐਂ?"

"ਹਾਂ, ਮੈਨੂੰ ਖਾਣਾ ਬਣਾਉਣ ਦਾ ਬੜਾ ਸ਼ੌਕ ਹੈ।"

"ਤੂੰ ਤਾਂ ਬੜਾ ਵਧੀਆ ਖਾਣਾ ਬਣਾ ਲੈਂਦੀ ਐਂ। ਕਿਸੇ ਰੈਸਟੋਰੈਂਟ ਵਿਚ ਨੌਕਰੀ ਕਿਉਂ ਨਹੀਂ ਕਰ ਲੈਂਦੀ?"

"ਜੇ ਮੈਂ ਚਲੀ ਗਈ ਤਾਂ ਤੈਨੂੰ ਮੇਰੇ ਨਾਲ ਚੱਲਣਾ ਪਵੇਗਾ।" ਜੋਗੀ ਨੂੰ ਉਸ ਦੀ ਮਾਸੂਮ ਜਿਹੀ ਗੱਲ ਵਿਚ ਅਪਣੱਤ ਭਰਿਆ ਹੁਕਮ ਮਹਿਸੂਸ ਹੋਇਆ।

"ਹਾਂ ਚੱਲਾਂਗਾ।" ਉਸ ਨੇ ਮੁਸਕਰਾ ਕੇ ਪ੍ਰਵਾਨਗੀ ਦਾ ਹੱਥ ਮਿਲਾ ਲਿਆ। ਅਗਲੇ ਹਫ਼ਤੇ ਸੈਂਡਰਾ ਨੇ ਕਿਸੇ ਫ਼ਰੈਂਚ ਰੈਸਟੋਰੈਂਟ ਵਿਚ ਨੌਕਰੀ ਲੱਭ ਲਈ। ਯੂਰਪ ਵਿਚ ਥਾਂ ਥਾਂ ਕੰਮ ਕਰਨ ਦੇ ਤਜਰਬੇ ਕਾਰਨ, ਜੋਗੀ ਨੂੰ ਵੀ ਉਸੇ ਨਾਲ ਹੀ ਹੈਡ ਵੇਟਰ ਦੀ ਥਾਂ ਮਿਲ ਗਈ। ਕੋਈ ਡੇਢ ਕੁ ਵਰ੍ਹੇ ਦੀ ਹੰਢੀ ਵਰਤੀ ਮਿੱਤਰਤਾ ਆਖਿਰ ਵਿਆਹ ਵਿਚ ਬਦਲ ਗਈ।

ਸੈਂਡਰਾ ਦੇ ਮਾਂ ਬਾਪ ਦਾ ਪਿਛੋਕੜ ਜਰਮਨੀ ਦਾ ਹੋਣ ਕਰ ਕੇ ਉਸ ਵਿਚ ਭਰਪੂਰ ਯੂਰਪੀ ਸੁੰਦਰੀ ਦੇ ਸਾਰੇ ਗੁਣ ਹੋਣੇ ਸੁਭਾਵਿਕ ਸਨ। ਰੇਸ਼ਮ ਵਰਗੇ ਸੁਨਹਿਰੀ ਵਾਲ, ਨਿਰਮਲ ਗੂੜ੍ਹੀਆਂ ਨੀਲੀਆਂ ਅੱਖਾਂ, ਨੀਲਮ ਦੇ ਨਗਾਂ ਵਾਂਗ, ਤੇ ਭਖਦੀਆਂ ਭਖਦੀਆਂ ਗੱਲ੍ਹਾਂ। ਬਾਹਰ-ਅੰਦਰ ਜਾਂਦੀ ਤਾਂ ਚੁੰਨੀ ਵਾਂਗ ਆਪਣੀ ਲੰਮੀ ਗਰਦਨ ਦੁਆਲੇ ਦੁੱਧ ਚਿੱਟਾ ਰੇਸ਼ਮੀ ਸਕਾਰਫ਼ ਲਪੇਟ ਲੈਂਦੀ। ਡਰੈਸ ਦਾ ਗਲਮਾ ਇੰਨਾ ਨੀਵਾਂ ਹੁੰਦਾ ਕਿ ਉਸ ਵਿਚੋਂ ਝਾਕਦੇ ਪਿੰਡੇ ਵਿਚਕਾਰ ਉਤਪੰਨ ਹੁੰਦੀ ਮੱਧਮ ਲਕੀਰ, ਉਪਰ ਗਰਦਨ ਵੱਲ ਜਾਂਦੀ ਲੁਪਤ ਹੁੰਦੀ ਜਾਪਦੀ। ਪਤਾ ਨਹੀਂ, ਉਸ ਨੂੰ ਖਬਰ ਵੀ ਸੀ ਕਿ ਨਹੀਂ ਕਿ ਉਹ ਕਿੰਨੀ ਸੋਹਣੀ ਸੀ। ਹਾਸਾ ਤਾਂ ਉਸ ਦੇ ਮੂੰਹ 'ਤੇ ਧਰਿਆ ਪਿਆ ਸੀ, ਜਿਵੇਂ ਉਸ ਦੇ ਬੁੱਲ੍ਹਾਂ ਨੂੰ ਬੱਸ ਬਹਾਨਾ ਚਾਹੀਦਾ ਹੋਵੇ।

ਰੈਸਟੋਰੈਂਟ ਦਾ ਕੰਮ ਉਨ੍ਹਾਂ ਵਿਆਹ ਕਰਾਂਦਿਆਂ ਹੀ ਛੱਡ ਦਿੱਤਾ। ਸੈਂਡਰਾ ਫ਼ੈਸ਼ਨ ਡੀਜ਼ਾਈਨਰ ਲੱਗ ਗਈ ਅਤੇ ਜੋਗੀ ਨੇ ਪਾਸਟਪੋਰਟ-ਫ਼ੋਟੋਗਰਾਫ਼ਰ ਦਾ ਬਿਜ਼ਨੈਸ ਸ਼ੁਰੂ ਕਰ ਦਿੱਤਾ। ਸਾਲ ਦੇ ਅੰਦਰ ਅੰਦਰ ਹੀ ਦੋਹਾਂ ਨੇ ਤਿੰਨ ਬੈਡਰੂਮ ਦਾ ਮਕਾਨ ਖਰੀਦ ਲਿਆ।

ਜੂਲੀ, ਸੈਂਡਰਾ ਦੀ ਜੌੜੀ ਭੈਣ ਸੀ। ਇੱਕੋ ਜਿਹੀਆਂ ਸ਼ਕਲਾਂ, ਇੱਕੋ ਜਿਹਾ ਰੂਪ। ਜੂਲੀ ਨੂੰ ਪੜ੍ਹਨ ਵਿਚ ਵਧੇਰੇ ਰੁਚੀ ਸੀ। ਉਸ ਨੂੰ ਔਟਾਵਾ ਯੂਨੀਵਰਸਿਟੀ ਵਿਚ ਦਾਖਲਾ ਮਿਲ ਗਿਆ ਤੇ ਉਹ ਉਥੇ ਹੀ ਰਹਿਣ ਲੱਗ ਪਈ। ਭੈਣਾਂ ਹੁੰਦਿਆਂ ਵੀ ਦੋਹਾਂ ਵਿਚ ਬਾਹਲਾ ਗੂੜ੍ਹ ਨਹੀਂ ਸੀ।

ਸ਼ਕੁੰਤਲਾ ਦੇਵੀ ਹੁਣ ਰਿਟਾਇਰ ਹੋ ਚੁੱਕੀ ਸੀ। ਉਸ ਨੂੰ ਅੱਛੀ ਪੈਨਸ਼ਨ ਮਿਲਣ ਲੱਗ ਗਈ ਸੀ। ਜੋਗੀ ਉਸ ਦੀ 'ਕੱਲੀ 'ਕੱਲੀ ਔਲਾਦ ਸੀ। ਜੋਗੀ ਨੇ ਮਾਂ ਨੂੰ ਕਿਹਾ, "ਤੁਸੀਂ ਸਾਰੀ ਉਮਰ ਕੰਮ ਕੀਤਾ ਹੈ, ਹੁਣ ਕੈਨੇਡਾ ਆ ਜਾਓ। ਮੈਂ ਤੁਹਾਨੂੰ ਸੁਖੀ ਵੇਖਣਾ ਚਾਹੁੰਦਾ ਹਾਂ।"

ਸ਼ਕੁੰਤਲਾ ਦੀ ਆਪਣੀ ਕੋਈ ਧੀ ਨਾ ਹੋਣ ਕਰ ਕੇ ਉਸ ਦੇ ਅੰਦਰੋਂ ਵੀ ਸੈਂਡਰਾ ਲਈ ਅੰਤਾਂ ਦਾ ਪਿਆਰ ਉਮਡ ਉਮਡ ਪੈਂਦਾ। ਹਮੇਸ਼ਾ ਉਸ ਦੇ ਮੂੰਹ ਵੱਲ ਹੀ ਤੱਕਦੀ ਰਹਿੰਦੀ, ਜਿਵੇਂ ਉਸ ਦੀ ਪ੍ਰਸ਼ੰਸਾ ਦੀ ਭੁੱਖ ਨਾ ਪੂਰੀ ਹੁੰਦੀ ਹੋਵੇ। ਲਾਡ ਨਾਲ ਕਈ ਵਾਰੀ ਉਸ ਨੂੰ ਸੰਤਰਾ ਕਹਿ ਕੇ ਬੁਲਾਂਦੀ। ਸ਼ਾਇਦ ਉਸ ਦਾ ਮਿੱਠਾ ਸੁਭਾਅ ਉਸ ਦੇ ਦਿਲ ਵਿਚ ਇੰਨਾ ਘਰ ਕਰ ਗਿਆ ਸੀ, ਕਿ ਹੋਰ ਕੋਈ ਨਾਮ ਵਧੇਰੇ ਢੁੱਕਦਾ ਨਹੀਂ ਸੀ ਜਾਪਦਾ। ਉਸ ਦੇ ਲਈ ਉਹ ਨੂੰਹ ਵੀ ਸੀ, ਤੇ ਧੀ ਵੀ।

ਸੈਂਡਰਾ ਹਸਮੁੱਖ ਭਾਵੇਂ ਸੀ, ਪਰ ਕਦੇ ਕਦੇ ਉਹ ਅਚਾਨਕ ਚੁੱਪ ਧਾਰ ਲੈਂਦੀ। ਜੋਗੀ ਨੂੰ ਉਸ ਦੀ ਇਸ ਆਦਤ ਦਾ ਕੁਝ ਕੁਝ ਪਤਾ ਸੀ। ਉਹ ਇਸ ਤਰ੍ਹਾਂ ਕੇਵਲ ਉਦੋਂ ਕਰਦੀ ਸੀ, ਜਦੋਂ ਬਹੁਤ ਦੁਖੀ ਹੋਵੇ। ਦੁੱਖ ਭਾਵੇਂ ਸਰੀਰਕ ਹੋਵੇ ਜਾਂ ਮਾਨਸਿਕ, ਉਹ ਆਪ ਹੀ ਜਰਦੀ ਰਹਿੰਦੀ, ਵਿਚੇ ਵਿਚ। ਕਦੇ ਕਿਸੇ ਵੇਲੇ ਕੋਈ ਦਵਾਈ ਖਾਂਦੀ ਦਿਸਦੀ ਤਾਂ ਪਤਾ ਲਗਦਾ ਕਿ ਬਿਮਾਰ ਹੈ।

ਉਸ ਨੇ ਇਕ ਵਾਰੀ ਦੱਸਿਆ ਕਿ ਉਸ ਦੀ ਇਹ ਹਾਲਤ ਉਸ ਦੀ ਮਾਂ ਦੇ ਮਰਨ ਪਿੱਛੋਂ ਹੀ ਸ਼ੁਰੂ ਹੋਈ ਸੀ। ਉਸ ਤੋਂ ਬਾਅਦ ਜਦੋਂ ਕਦੇ ਸਰੀਰਕ ਸ਼ਕਤੀਆਂ ਜਾਂ ਮਨੋਬਿਰਤੀਆਂ ਦਾ ਸੰਤੁਲਨ ਵਿਗੜ ਜਾਂਦਾ ਤਾਂ ਉਹ ਬੁਝੀ ਬੁਝੀ ਰਹਿਣ ਲੱਗ ਜਾਂਦੀ। ਡਾਕਟਰ ਇਸ ਨੂੰ ਡਿਪ੍ਰੈਸ਼ਨ ਦੀ ਹਾਲਤ ਦੱਸਦੇ ਸਨ। ਜੋਗੀ ਨੇ ਕਈ ਵਾਰੀ ਸਾਇਕੀਐਟ੍ਰਿਕ ਇਲਾਜ ਲਈ ਪ੍ਰੇਰਨਾ, ਪਰ ਉਸ ਨੇ ਟਾਲ ਦੇਣਾ।

ਪਿਆਰ ਤਾਂ ਦੋਹਾਂ ਵਿਚਕਾਰ ਇੰਨਾ ਸੀ ਕਿ ਇਕ ਦੂਜੇ ਦੇ ਸਾਹੀਂ ਜਿਉਂਦੇ ਸਨ। ਨਾਲੇ ਨਿਰਾ ਕੰਮ ਹੀ ਨਹੀਂ ਸਨ ਕਰੀ ਜਾਂਦੇ, ਸਾਲ ਵਿਚ ਦੋ ਵਾਰੀ ਵੇਕੇਸ਼ਨ 'ਤੇ ਜਾਣ ਦਾ ਪ੍ਰੋਗਰਾਮ ਬਣਾ ਲੈਂਦੇ। ਸਵਾਦੀ ਖਾਣੇ ਬਣਾਉਣ ਤੋਂ ਇਲਾਵਾ ਸੈਂਡਰਾ ਨੂੰ ਫੁੱਲ ਬੂਟਿਆਂ ਵਿਚ ਖਾਸ ਰੁਚੀ ਸੀ। ਉਨ੍ਹਾਂ ਦਾ ਆਲਾ ਦੁਆਲਾ ਹਰ ਵੇਲੇ ਮਹਿਕਦਾ ਰਹਿੰਦਾ। ਜੋਗੀ ਵਧੀਆ ਫੋਟੋਗ੍ਰਾਫ਼ਰ ਸੀ। ਉਸ ਨੇ ਸਾਰਾ ਘਰ ਸੈਂਡਰਾ ਦੀਆਂ ਤਸਵੀਰਾਂ ਨਾਲ ਸਜਾਇਆ ਹੋਇਆ ਸੀ, ਜਿਵੇਂ ਉਹ ਉਸ ਦੇ ਕੋਨੇ ਕੋਨੇ ਵਿਚ ਵਸੀ ਹੋਵੇ।

ਕਦੇ ਕਦੇ ਜੋਗੀ, ਸੈਂਡਰਾ ਨੂੰ ਹੱਸ ਕੇ ਕਹਿ ਦਿੰਦਾ, ਇੰਨਾ ਸੋਹਣਾ ਘਰ ਹੈ। ਬੱਸ ਹੁਣ ਇਸ ਵਿਚ ਖੇਡਣ ਵਾਲਾ ਆ ਜਾਵੇ। ਗੋਰੀਆਂ ਗੋਰੀਆਂ ਗੱਲ੍ਹਾਂ ਵਾਲਾ, ਨੀਲੀਆਂ ਨੀਲੀਆਂ ਅੱਖਾਂ ਵਾਲਾ, ਤਿੱਖੇ ਤਿੱਖੇ ਨੱਕ ਵਾਲਾ, ਤੇਰੇ ਵਰਗੇ ਬੁਲ੍ਹਾਂ ਵਾਲਾ। ਤੇ ਉਹ ਆਪਣੀ ਮਾਂ ਦੇ ਸਾਹਮਣੇ ਹੀ ਸੈਂਡਰਾ ਦੇ ਚਿਹਰੇ ਤੇ ਆਪਣੀਆਂ ਉਂਗਲਾਂ ਨੂੰ ਗੋਲ ਗੋਲ ਘੁਮਾਂਦਾ ਚੋਹਲ ਕਰਦਾ ਰਹਿੰਦਾ। ਮਾਂ ਉਨ੍ਹਾਂ ਨੂੰ ਹਮੇਸ਼ਾ ਕਲੋਲਾਂ ਕਰਦਿਆਂ ਵੇਖ ਕੇ ਹੱਸਦੀ ਡੁਲ੍ਹਦੀ ਰਹਿੰਦੀ।

ਅਚਾਨਕ ਸੈਂਡਰਾ ਕੁਝ ਦਿਨਾਂ ਤੋਂ ਫਿਰ ਚੁੱਪ ਰਹਿਣ ਲੱਗ ਪਈ। ਜੋਗੀ ਦੇ ਪੁੱਛਣ 'ਤੇ ਵੀ ਉਸ ਨੇ ਕੁਝ ਨਾ ਦੱਸਿਆ। ਵਿਚੇ ਵਿਚ ਗੁੰਮ ਸੁੰਮ।

ਇਕ ਸੰਡੇ ਨੂੰਹ-ਸੱਸ ਸ਼ਾਮ ਦੀ ਚਾਹ ਵੇਲੇ ਡਾਈਨਿੰਗ ਰੂਮ ਵਿਚ ਬੈਠੀਆਂ ਸਨ। ਸੱਸ ਨੇ ਤੱਕਿਆ, ਸੈਂਡਰਾ ਦੀਆਂ ਅੱਖਾਂ ਵਿਚੋਂ ਅਚਾਨਕ ਅੱਥਰੂ ਸਿੰਮ ਪਏ, ਤੇ ਕੁਝ ਕਹੇ ਬਿਨਾਂ ਹੀ ਉਹ ਸਟੱਡੀ-ਰੂਮ ਵੱਲ ਚਲੀ ਗਈ। ਸ਼ਕੁੰਤਲਾ ਪੋਲੇ ਪੈਰੀਂ ਉਸ ਦੇ ਮਗਰ ਗਈ, ਪਰ ਬੂਹਾ ਢੋਇਆ ਵੇਖ ਕੇ ਪਰਤ ਆਈ। ਉਸ ਸ਼ਾਮ ਸੈਂਡਰਾ ਡਿਨਰ ਖਾਧੇ ਬਿਨਾਂ ਹੀ, ਸਾਢੇ ਅੱਠ ਵਜੇ ਉਪਰ ਆਪਣੇ ਬੈਡਰੂਮ ਵਿਚ ਚਲੀ ਗਈ। ਸ਼ਕੁੰਤਲਾ ਨੇ ਵਾਜ ਮਾਰ ਕੇ ਖਾਣਾ ਖਾਣ ਬਾਰੇ ਪੁੱਛਿਆ ਵੀ।

"ਮੰਮੀ ਤੁਸੀਂ ਖਾ ਲਵੋ, ਮੈਨੂੰ ਭੁੱਖ ਨਹੀਂ।" ਤੇ ਉਸ ਨੇ ਬੂਹਾ ਬੰਦ ਕਰ ਲਿਆ। ਰਾਤੀਂ ਗਿਆਰਾਂ ਵਜੇ ਜੋਗੀ ਪਰਤਿਆ ਤਾਂ ਮਾਂ ਨੇ ਫਿਰ ਸੈਂਡਰਾ ਬਾਰੇ ਗੱਲ ਛੇੜ ਲਈ।

"ਅੱਜ ਤਾਂ ਉਹ ਰੋਂਦੀ ਵੀ ਪਈ ਸੀ। ਮੈਥੋਂ ਉਸ ਦੀ ਵਿਆਕੁਲਤਾ ਨਹੀਂ ਸਹੀ ਜਾਂਦੀ।"

"ਡੈਮ-ਇੱਟ।" ਉਸ ਨੇ ਬੇਵਸੀ ਵਿਚ ਟੇਬਲ 'ਤੇ ਮੁੱਕਾ ਮਾਰਿਆ, "ਇਹ ਔਰਤ ਕਿਸ ਮਿੱਟੀ ਦੀ ਬਣੀ ਹੋਈ ਹੈ? ਆਪਣੇ ਆਪ ਵਿਚ ਹੀ ਰਿਝਦੀ ਰਹਿੰਦੀ ਹੈ। ਕਦੇ ਕੋਈ ਗੱਲ ਸਾਂਝੀ ਕਰੇ ਤਾਂ ਮੈਂ ਵੀ ਉਸ ਦਾ ਦੁੱਖ ਵੰਡਾ ਸਕਾਂ।... ਤੂੰ ਹੀ ਦੱਸ ਮਾਂ, ਮੈਂ ਕਦੇ ਉਸ ਨੂੰ ਦੁਖੀ ਕੀਤੈ? ਕਦੇ ਕਿਸੇ ਗੱਲੋਂ ਉਸ ਨੂੰ ਘਾਟ ਮਹਿਸੂਸ ਹੋਣ ਦਿੱਤੀ ਹੈ? ਇਹ ਮੈਥੋਂ ਕਿਹੜੇ ਜਨਮ ਦਾ ਬਦਲਾ ਲੈ ਰਹੀ ਹੈ? ਮੈਂ ਤਾਂ ਇਸ ਨੂੰ ਰੱਬ ਤੋਂ ਵੀ ਵੱਧ ਪਿਆਰ ਕੀਤੈ?" ਉਹ ਬੱਚੇ ਵਾਂਗ ਡੁੱਲ੍ਹ ਪਿਆ।

ਉਸ ਨੂੰ ਦੁਖੀ ਵੇਖ ਕੇ ਮਾਂ ਦਾ ਦਿਲ ਵੀ ਪਸੀਜ ਗਿਆ। ਉਹ ਦੁਪੱਟੇ ਨਾਲ ਅੱਖਾਂ ਪੂੰਝਦੀ ਬੋਲੀ, "ਤੂੰ ਸ਼ਾਇਦ ਸੱਚ ਆਖਿਆ ਸੀ ਪੁੱਤਰਾ। ਜੇ ਅਸੀਂ ਦੋਵੇਂ ਰੱਬ ਨੂੰ ਵੀ ਇੰਨਾ ਪਿਆਰ ਕਰਨ ਲੱਗ ਜਾਈਏ ਤਾਂ ਉਸ ਦੀ ਮਿਹਰ ਨਾਲ ਖਵਰੇ ਇਸ ਵਿਚਾਰੀ ਦੇ ਵੀ ਸੰਕਟ ਕੱਟੇ ਜਾਣ। ਪਤਾ ਨਹੀਂ ਇਹ ਕਿਹੜੀ ਦੁਬਿਧਾ ਵਿਚ ਫਸੀ, ਅੰਦਰੋ ਅੰਦਰ ਘੁਲੀ ਜਾਂਦੀ ਹੈ।"

ਸ਼ਸ਼ੋਪੰਜ ਵਿਚ ਉਠ ਕੇ ਉਹ ਥੱਲੇ ਸਟੱਡੀ-ਰੂਮ ਵੱਲ ਚਲਾ ਗਿਆ, ਤੇ ਗ਼ਮ ਗ਼ਲਤ ਕਰਨ ਲਈ ਉਸ ਨੇ ਸਕਾਚ-ਵਿਸਕੀ ਦਾ ਗਿਲਾਸ ਭਰ ਲਿਆ। ਇਕ ਘੁੱਟ ਹੀ ਭਰਿਆ ਸੀ ਕਿ ਉਸ ਦੀ ਨਿਗ੍ਹਾ ਡੈਸਕ 'ਤੇ ਪਏ ਪੈਡ 'ਤੇ ਜਾ ਪਈ ਜਿਸ ਵਿਚ ਸੈਂਡਰਾ ਨੇ ਜੂਲੀ ਨੂੰ ਸੰਬੋਧਨ ਕਰ ਕੇ ਖਤ ਲਿਖਿਆ ਹੋਇਆ ਸੀ। ਪਹਿਲਾਂ ਤਾਂ ਉਸ ਨੇ ਖਤ ਪੜ੍ਹਨ ਤੋਂ ਸੰਕੋਚ ਕਰਨਾ ਚਾਹਿਆ। ਫਿਰ ਸੋਚਿਆ ਕਿ ਸ਼ਾਇਦ ਉਸ ਵਿਚੋਂ ਸੈਂਡਰਾ ਦੀ ਪਰੇਸ਼ਾਨੀ ਦਾ ਕੋਈ ਕਾਰਨ ਲੱਭ ਸਕੇ। ਉਹ ਟੇਬਲ ਲੈਂਪ ਜਗਾ ਕੇ ਪੜ੍ਹਨ ਬੈਠ ਗਿਆ।

"ਜੂਲੀ,

ਤੂੰ ਹੈਰਾਨ ਹੋਈ ਹੋਵੇਂਗੀ। ਐਨੇ ਚਿਰਾਂ ਤੋਂ ਮੈਂ ਤੈਨੂੰ ਕਦੇ ਨਹੀਂ ਸੀ ਲਿਖਿਆ, ਫਿਰ ਅੱਜ ਇਹ ਕਿਉਂ? ਕੀ ਦੱਸਾਂ ਭੈਣੇ ਮੇਰੀਏ, ਮੈਂ ਐਸੇ ਸੰਕਟ ਵਿਚ ਗ੍ਰਸਤ ਹਾਂ ਕਿ ਡੁਬਦੀ ਨੂੰ ਹੋਰ ਕੋਈ ਕੰਢਾ ਨਜ਼ਰ ਨਹੀਂ ਆ ਰਿਹਾ। ਆਪਾਂ ਦੋਵੇਂ ਇੱਕੋ ਜਿੱਡੀਆਂ ਹਾਂ, ਪਰ ਤੂੰ ਮੈਥੋਂ ਕਿਤੇ ਵੱਧ ਸਿਆਣੀ ਐਂ, ਸ਼ੁਰੂ ਤੋਂ ਹੀ। ਤਾਹੀਓਂ ਤਾਂ ਤੂੰ ਇੰਨਾ ਪੜ੍ਹ ਲਿਖ ਗਈ ਤੇ ਮੈਂ ਵਿਆਹ ਕਰਾ ਕੇ ਬੈਠ ਗਈ। ਜੋਗੀ ਮੈਨੂੰ ਹੱਦੋਂ ਵੱਧ ਚਾਹੁੰਦੈ। ਮੈਂ ਵੀ ਉਸ ਨੂੰ ਇੰਨਾ ਪਿਆਰ ਕਰਦੀ ਹਾਂ ਕਿ ਮੈਨੂੰ ਮਿਣਤੀ ਨਹੀਂ ਆਉਂਦੀ। ਉਸ ਨੇ ਮੈਨੂੰ ਸਭ ਕੁਝ ਦਿਤੈ, ਪਰ ਮੈਂ ਉਸ ਦਾ ਇਕ ਸੁਫ਼ਨਾ ਪੂਰਾ ਕਰਨ ਤੋਂ ਅਸਮਰੱਥ ਹਾਂ।

ਜੂਲੀ ਉਸ ਨੂੰ ਬੱਚੇ ਦੀ ਤਾਂਘ ਹੈ। ਗੋਰਾ ਗੋਰਾ, ਨੀਲੀਆਂ ਨੀਲੀਆਂ ਅੱਖਾਂ ਵਾਲਾ, ਮੇਰੇ ਵਰਗਾ, ਤੇਰੇ ਵਰਗਾ। ਪਿੱਛੇ ਜਿਹੇ ਮੈਂ ਆਪਣੀ ਡਾਕਟਰ ਤੋਂ ਚੈੱਕਅੱਪ ਕਰਵਾਉਣ ਗਈ ਸਾਂ। ਉਸ ਨੇ ਸਾਰੇ ਟੈਸਟ ਕਰ ਕੇ ਮੇਰੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਕਹਿਣ ਲੱਗੀ, ਮੈਂ ਮਾਂ ਬਣਨ ਦੇ ਕਾਬਿਲ ਨਹੀਂ ਹਾਂ। ਇਸੇ ਲਈ ਮੈਂ ਤੇਰੇ ਦੁਆਰ ਫ਼ਰਿਆਦ ਲੈ ਕੇ ਆਈ ਹਾਂ। ਮੈਨੂੰ ਪਤਾ ਹੈ ਕਿ ਤੂੰ ਆਪ ਤਾਂ ਵਿਆਹ ਕਰਵਾਣਾ ਨਹੀਂ ਚਾਹੁੰਦੀ, ਕੀ ਤੂੰ ਜੋਗੀ ਦੇ ਬੱਚੇ ਲਈ 'ਸਰੋਗੇਟ-ਮਾਂ' ਬਣ ਸਕੇਂਗੀ?



***ਸੈਂਡਰਾ ਹਸਮੁੱਖ ਭਾਵੇਂ ਸੀ, ਪਰ ਕਦੇ ਕਦੇ ਉਹ ਅਚਾਨਕ ਚੁੱਪ ਧਾਰਨ ਕਰ ਲੈਂਦੀ। ਜੋਗੀ ਨੂੰ ਉਸ ਦੀ ਇਸ ਆਦਤ ਦਾ ਕੁਝ ਕੁਝ ਪਤਾ ਸੀ। ਉਹ ਇਸ ਤਰ੍ਹਾਂ ਕੇਵਲ ਉਦੋਂ ਕਰਦੀ ਸੀ, ਜਦੋਂ ਬਹੁਤ ਦੁਖੀ ਹੋਵੇ। ਦੁੱਖ ਭਾਵੇਂ ਸਰੀਰਕ ਹੋਵੇ ਜਾਂ ਮਾਨਸਿਕ, ਉਹ ਆਪ ਹੀ ਜਰਦੀ ਰਹਿੰਦੀ, ਵਿਚੇ ਵਿਚ। ਕਦੇ ਕਿਸੇ ਵੇਲੇ ਕੋਈ ਦਵਾਈ ਖਾਂਦੀ ਦਿਸਦੀ ਤਾਂ ਪਤਾ ਲਗਦਾ ਕਿ ਬਿਮਾਰ ਹੈ।***

ਜੂਲੀ, ਸਾਡਾ ਖੂਨ ਸਾਂਝਾ ਹੈ। ਮੈਂ ਕਿਸੇ ਹੋਰ ਦਾ ਬੱਚਾ ਗੋਦ ਨਹੀਂ ਲੈਣਾ ਚਾਹੁੰਦੀ। ਮੈਨੂੰ ਤਾਂ ਜੋਗੀ ਦੇ ਅੰਗ ਦਾ ਹੀ ਹਿੱਸਾ ਚਾਹੀਦੈ। ਉਸ ਦਾ ਬੀਜ ਤੇਰੀ ਧਰਤੀ ਅੰਦਰ ਪ੍ਰਫੁੱਲਤ ਹੋਵੇਗਾ ਤਾਂ ਮੈਨੂੰ ਪੂਰਾ ਵਿਸ਼ਵਾਸ ਹੋਵੇਗਾ। ਘਰ ਦੀ ਕੱਢੀ ਸ਼ਰਾਬ ਵਰਗਾ। ਵੇਖੀਂ ਮੈਨੂੰ ਖਾਲੀ ਨਾ ਮੋੜੀਂ।

ਜ਼ਿੰਦਗੀ ਦੇ ਹਰ ਮੋੜ 'ਤੇ ਹੀ ਤੂੰ ਮੈਥੋਂ ਅੱਗੇ ਰਹੀ ਐਂ। ਤੂੰ ਹਰ ਵਾਰੀ ਮੈਥੋਂ ਬਾਜ਼ੀ ਲੈ ਜਾਂਦੀ ਸੈਂ। ਇਸ ਬਾਜ਼ੀ ਵਿਚ ਵੀ ਤੇਰੀ ਹੀ ਜਿੱਤ ਹੋਣੀ ਹੈ, ਬੱਸ ਉਸ ਜਿੱਤ ਦਾ ਇਨਾਮ ਮੇਰੀ ਝੋਲੀ ਪਾ ਦੇਵੀਂ।

ਤੈਨੂੰ ਕੀ ਦੱਸਾਂ, ਜੋਗੀ ਮੇਰੇ ਲਈ ਸਭ ਕੁਝ ਹੈ। ਉਸ ਦੇ ਬਿਨਾਂ ਜੀਣ ਦਾ ਸੰਕਲਪ ਕਰ ਕੇ ਮੈਂ ਕੰਬ ਜਾਂਦੀ ਹਾਂ। ਦੂਜੇ ਵਿਆਹ ਦੀ ਇਜਾਜ਼ਤ ਦੇ ਕੇ ਮੈਂ ਉਸ ਨੂੰ ਖੋਣਾ ਨਹੀਂ ਚਾਹੁੰਦੀ, ਮਰ ਜਾਵਾਂਗੀ। ਜਿੱਡਾ ਵੱਡਾ ਉਪਕਾਰ ਤੂੰ ਮੇਰੇ 'ਤੇ ਕਰੇਂਗੀ, ਮੈਂ ਤੇਰੀ ਕੁੱਖ ਦੇ ਕਿਰਾਏ ਵਜੋਂ ਉਨੀ ਵੱਡੀ ਰਕਮ ਨਹੀਂ ਤਾਰ ਸਕਦੀ। ਮਾਇਕ ਪੱਖੋਂ ਮੇਰੇ ਕੋਲ ਤੈਨੂੰ ਦੇਣ ਲਈ ਕੁਝ ਵੀ ਨਹੀਂ ਹੈ, ਪਰ ਸੱਚ ਜਾਣੀਂ, ਇੰਨਾ ਅਹਿਸਾਨ ਕਰ ਕੇ ਤੂੰ ਮੈਨੂੰ ਸਦਾ ਲਈ ਮੁੱਲ ਲੈ ਲਿਆ ਸਮਝ ਲਵੀਂ। ਮੈਂ ਤੈਥੋਂ ਕੋਈ ਕਾਗਜ਼ ਨਹੀਂ ਲਿਖਵਾਣਾ। ਬੱਸ ਸਾਡੇ ਵਿਚਕਾਰ ਰੱਬ ਦੀ ਸਾਂਝ ਹੀ ਕਾਫ਼ੀ ਹੈ।

ਮੇਰੀ ਰੀਝ ਹੈ, ਜੇ ਤੇਰੀ ਕੁੱਖ ਹਰੀ ਹੋ ਜਾਵੇ, ਤਾਂ ਮੈਂ ਮਿਠਾਈਆਂ ਵੰਡਾਂ। ਜੋਗੀ ਦੀ ਔਲਾਦ ਤੇਰੇ ਸਰੀਰ ਵਿਚ ਪਲਦੀ, ਪੁੰਗਰਦੀ ਦਾ ਅਨੁਭਵ ਤੇਰੇ ਚਿਹਰੇ ਤੋਂ ਪੜ੍ਹ ਕੇ ਕਰਾਂ। ਜਦੋਂ ਤੇਰਾ ਵਿਅੰਮ ਹੋਵੇ, ਤੇਰੀ ਇਕ ਇਕ ਪੀੜ ਨੂੰ ਮੈਂ ਜਰਾਂ।

ਜਦੋਂ ਉਹ ਬੱਚਾ ਦੁਨੀਆਂ ਵਿਚ ਆਵੇ, ਤਾਂ ਸਭ ਤੋਂ ਪਹਿਲਾਂ ਮੇਰੀ ਹਿੱਕ ਨਾਲ ਲੱਗੇ। ਉਸ ਦੀ ਪਹਿਲੀ ਮੁਸਕਾਣ 'ਤੇ ਮੇਰਾ ਹੱਕ ਹੋਵੇ। ਵੇਖੀਂ ਕਿਤੇ ਅਮਾਨਤ ਵਿਚ ਖਿਆਨਤ ਨਾ ਹੋ ਜਾਵੇ। ਨਹੀਂ ਤਾਂ...।"

ਉਹ ਜਿਵੇਂ ਜਿਵੇਂ ਚਿੱਠੀ ਪੜ੍ਹਦਾ ਗਿਆ, ਉਸ ਦੀਆਂ ਅੱਖਾਂ ਵਿਚੋਂ ਆਪਣੀ ਪਤਨੀ ਪ੍ਰਤੀ ਸ਼ਰਧਾ ਦੇ ਅੱਥਰੂ ਡਿੱਗ ਡਿੱਗ ਕੇ ਚਿੱਠੀ ਦੇ ਕਾਗਜ਼ਾਂ ਨੂੰ ਭਿਉਂਦੇ ਰਹੇ। ਆਖੀਰ ਉਹ ਉਠ ਕੇ ਬੈੱਡਰੂਮ ਵੱਲ ਚਲਾ ਗਿਆ ਤੇ ਜਾਂਦਾ ਜਾਂਦਾ ਚਿੱਠੀ ਉਦਾਸ ਮਾਂ ਦੀ ਝੋਲੀ ਵਿਚ ਸੁੱਟ ਗਿਆ।

ਸੈਂਡਰਾ ਪਲੰਘ 'ਤੇ ਨਿਢਾਲ ਪਈ ਸੀ। ਉਹ ਉਸ ਦੀ ਪਿੱਠ ਨਾਲ ਲੱਗ ਕੇ ਲੇਟ ਗਿਆ। ਤੇ ਵਾਲਾਂ ਵਿਚ ਹੌਲੀ ਹੌਲੀ ਉਂਗਲਾਂ ਨਾਲ ਕੰਘੀ ਕਰਦਾ, ਆਪਣੇ ਬੁੱਲ੍ਹਾਂ ਵਿਚ ਹੀ ਬੋਲਦਾ ਰਿਹਾ-

"ਤੇਰਾ ਪਤੀ ਹੁੰਦਿਆਂ ਵੀ ਮੈਨੂੰ ਨਹੀਂ ਸੀ ਪਤਾ, ਤੂੰ ਇੰਨੀ ਮਹਾਨ ਹੈਂ। ਤੇਰੀ ਅਸਲੀ ਕੀਮਤ ਤਾਂ ਮੈਂ ਅੱਜ ਮਹਿਸੂਸ ਕੀਤੀ ਹੈ, ਸੈਂਡਰਾ ਬੇਬੀ।... ਤੂੰ ਜ਼ਰਾ ਵੀ ਦਿਲ ਛੋਟਾ ਨਾ ਕਰੀਂ। ਤੇਰੇ ਨਾਲ ਹੀ ਤਾਂ ਮੇਰਾ ਜਹਾਨ ਰੋਸ਼ਨ ਹੈ। ਮੈਂ ਤਾਂ ਭੁੱਲ ਕੇ ਐਵੇਂ ਕਹਿ ਬੈਠਾ, ਆਪਾਂ ਔਲਾਦ ਕੀ ਕਰਨੀ ਹੈ। ਜੇ ਕਿਧਰੇ ਹੋ ਵੀ ਸਕੇ ਅਤੇ ਵੱਡੀ ਹੋ ਕੇ ਨਿਕੰਮੀ ਨਿੱਕਲ ਜਾਵੇ ਤਾਂ ਅਸੀਂ ਕੀ ਕਰਾਂਗੇ? ਮਾਂ ਕਹਿੰਦੀ ਹੁੰਦੀ ਹੈ, ਸਹੁੰ ਦੇਈਏ ਜੀਅ ਦੀ, ਨਾ ਪੁੱਤ ਦੀ ਨਾ ਧੀ ਦੀ। ਬਸ ਮੈਨੂੰ ਤੇਰੇ ਪਿਆਰ ਤੋਂ ਸਿਵਾ ਕੁਝ ਨਹੀਂ ਚਾਹੀਦਾ। ਅੱਜ ਤੂੰ ਮੇਰੇ ਨਾਲ ਵਾਅਦਾ ਕਰ। ਅੱਗੇ ਤੋਂ ਮੈਥੋਂ ਆਪਣੇ ਦਿਲ ਦੀ ਕੋਈ ਗੱਲ ਨਹੀਂ ਲੁਕੋਵੇਂਗੀ।"

ਸੈਂਡਰਾ ਨੇ ਮੀਟੀਆਂ ਅੱਖਾਂ ਨਾਲ ਹੀ ਪਾਸਾ ਪਰਤਿਆ। ਉਸ ਦੀ ਮੁਸਕਾਣ ਤੋਂ ਜਾਪਦਾ ਸੀ, ਜਿਵੇਂ ਉਸ ਦੇ ਕੰਨਾਂ ਵਿਚ ਜੋਗੀ ਦੇ ਇਕ ਇਕ ਸ਼ਬਦ ਦਾ ਰਸ ਘੁਲ ਚੁੱਕਾ ਹੋਵੇ। ਉਸ ਨੇ ਅਨੂਠੇ ਵਿਸਮਾਦ ਭਰੀ ਮੁਦਰਾ ਵਿਚ ਹੀ ਆਪਣੀਆਂ ਬਾਹਵਾਂ ਪਤੀ ਦੁਆਲੇ ਕੱਸ ਲਈਆਂ।

"ਓ ਜੋਗੀ ਸਵੀਟ-ਹਾਰਟ, ਆਈ ਲਵ ਯੂ। ਆਈ ਰੀਅਲੀ ਡੂ।"

ਬੈੱਡਰੂਮ ਦੇ ਬੂਹੇ ਵਿਚ ਖਲੋਤੀ ਮਾਂ ਨੇ ਬੱਚਿਆਂ ਦੇ ਮਧੁਰ ਮਿਲਨ ਦਾ ਦ੍ਰਿਸ਼ ਆਪਣੀਆਂ ਮਮਤਾ ਭਰੀਆਂ ਸੇਜਲ ਅੱਖਾਂ ਵਿਚ ਸਮੇਟ ਲਿਆ। ਪਤਾ ਨਹੀਂ ਕਿੰਨੀਆਂ ਅਸੀਸਾਂ ਉਸ ਦੇ ਅੰਦਰੋਂ ਨਿਕਲਣ ਲਈ ਤਾਂਘ ਰਹੀਆਂ ਸਨ।

## ਕਾਵਿ ਕਿਆਰੀ

### ਫ਼ੇਸ-ਬੁੱਕ

ਕਿਸੇ ਨੇ ਬਣਾਈ ਜੇੜ੍ਹੀ ਫ਼ੇਸ-ਬੁੱਕ ਜੀ।
ਚੰਗੀ ਲੱਗੇ ਸਾਰਿਆਂ ਨੂੰ ਏਦ੍ਹੀ ਲੁੱਕ ਜੀ।
ਮਿੱਤਰਾਂ ਪੁਰਾਣਿਆਂ ਦਾ ਮੇਲ ਕਰਦੀ,
ਦੇਖਣੇ ਦੀ ਆਸ ਜੇਦ੍ਹੀ ਜਾਵੇ ਮੁੱਕ ਜੀ।
ਕਰੀਏ ਲਾਈਕ, ਚੰਗੀ ਗੱਲ ਪੜ੍ਹ ਕੇ,
ਨਾ ਲੱਗੇ ਚੰਗਾ ਐਵੇਂ, ਨਿੱਕ-ਸੁੱਕ ਜੀ।
ਫ਼ੇਸ-ਬੁੱਕ ਉਤੇ,ਫ਼ੋਟੋ ਪਾਣ ਖਿੱਚ ਕੇ,
ਨਵਾਂ ਸੂਟ ਪਾ ਕੇ ਸਕਦੇ ਨਾ ਰੁੱਕ ਜੀ।
ਕਰਦੀਆਂ ਬੋਰ, ਲਿਖ਼ਤਾਂ ਪੁਰਾਣੀਆਂ,
ਅਰਜ਼ ਤੁਹਾਨੂੰ ਕਰਦਾਂ ਹਾਂ ਝੁੱਕ ਜੀ।
ਚੰਗੀ ਗੱਲ ਸ਼ੇਅਰ ਕਰੋ ਫ਼ੇਸ-ਬੁੱਕ 'ਤੇ,
ਨਾ ਪਾਈ ਜਾਵੋ ਸਾਰੀਆਂ ਹੀ ਚੁੱਕ ਜੀ।
ਦੋਸਤ ਬਣਾਵੋ 'ਰਾਠੀ' ਜਿੰਨੇ ਬਣਦੇ,
ਚੰਗੇ ਦੋਸਤਾਂ ਦੇ ਨਾਲ, ਬਣੇ ਠੁੱਕ ਜੀ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

# ਫੂਕ ਕੱਢੀਏ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

‘ਫੂਕ ਕੱਢਣਾ’ ਦਾ ਸਿਧਾ ਮਤਲਬ ਹਵਾ ਭਰੀ ਚੀਜ਼ ਵਿਚੋਂ ਹਵਾ ਖਾਰਜ ਕਰਨਾ ਹੁੰਦਾ ਹੈ। ਜੇ ਕਿਸੇ ਦੇ ਸਾਈਕਲ ਦੇ ਪਹੀਏ ਵਿਚੋਂ ਕੋਈ ਸ਼ਰਾਰਤੀ ਫੂਕ ਕੱਢ ਦੇਵੇ ਤਾਂ ਸਾਈਕਲ ਨਿਹਚੱਲ ਹੋ ਜਾਂਦਾ ਹੈ। ਇਸ ਹਾਲਤ ਵਿਚ ਮਾਲਕ ਨਾਲ ਜੋ ਬੀਤਦੀ ਹੈ, ਉਹੀ ਜਾਣਦਾ ਹੈ। ਜ਼ਰਾ ਮੂੰਹ ਨਾਲ ਫੂਕ ਭਰ ਕੇ ਦੇਖੋ, ਜੇ ਤੁਹਾਡੀ ਫੂਕ ਨਾ ਨਿਕਲ ਜਾਵੇ। ਫੁਟਬਾਲ ਜਾਂ ਭੁਕਾਨੇ ਦੀ ਫੂਕ ਸਰਕਣ ਨਾਲ ਵੀ ਸਾਰੀ ਖੇਡ ਵਿਗੜ ਜਾਂਦੀ ਹੈ। ਅਜਿਹੇ ਉਪਕਰਣਾਂ ਵਿਚਲੀ ਫੂਕ ਇਕ ਤਰ੍ਹਾਂ ਉਨ੍ਹਾਂ ਦੀ ਜਿੰਦ ਜਾਨ ਹੁੰਦੀ ਹੈ, ਐਨ ਮਨੁੱਖ ਦੀ ਤਰ੍ਹਾਂ, ਹਾਲਾਂਕਿ ਮਨੁੱਖ ਵਿਚ ਫੂਕ ਨਹੀਂ ਭਰੀ ਹੁੰਦੀ। ਉਂਜ ਫੂਕ ਨਿਕਲਣ ਨਾਲ ਬੰਦਾ ਮਰ ਜਾਂਦਾ ਹੈ। ਗੁਰੂ ਅਰਜਨ ਦੇਵ ਨੇ ਫਰਮਾਇਆ ਹੈ, “ਨਿਕਸਿਆ ਫੂਕ ਤ ਹੋਇ ਗਇਓ ਸੁਆਹਾ।” ਸਪਸ਼ਟ ਹੈ ਕਿ ਮਨੁੱਖ ਦੇ ਪ੍ਰਸੰਗ ਵਿਚ ਫੂਕ ਦਾ ਲਾਖਣਿਕ ਅਰਥ ਉਸ ਦੀ ਜਾਨ, ਰੂਹ, ਆਤਮਾ ਹੈ।

ਮੁਢਲੇ ਤੌਰ ’ਤੇ ਸਾਹ ਜਾਂ ਪ੍ਰਾਣ ਦੀ ਤਰ੍ਹਾਂ ਫੂਕ ਵੀ ਮਨੁੱਖ ਦੇ ਮੂੰਹ ਰਾਹੀਂ ਨਿਕਲਣ ਵਾਲੀ ਹਵਾ ਹੈ ਤੇ ਵਿਸਤ੍ਰਿਤ ਤੌਰ ’ਤੇ ਪੰਪ ਰਾਹੀਂ ਕਾਸੇ ਵਿਚ ਭਰੀ ਹਵਾ। ਸਾਹ ਜਾਂ ਪ੍ਰਾਣ ਨਾਲੋਂ ਇਸ ਦਾ ਫਰਕ ਇਸ ਗੱਲ ਵਿਚ ਹੈ ਕਿ ਫੂਕ ਦੀ ਦਿਸ਼ਾ ਸਿਰਫ ਮੂੰਹ ਤੋਂ ਬਾਹਰ ਵੱਲ ਹੈ; ਇਹ ਅਕਸਰ ਸੁਚੇਤ ਤੌਰ ’ਤੇ ਕਿਸੇ ਬਾਹਰਮੁਖੀ ਮੰਤਵ ਅਧੀਨ ਮਾਰੀ ਜਾਂਦੀ ਹੈ ਜਿਵੇਂ ਦੀਵਾ ਆਦਿ ਬੁਝਾਉਣਾ ਜਾਂ ਚੁੱਲ੍ਹੇ ਵਿਚ ਅੱਗ ਬਾਲਣਾ, ਤੱਤੀ ਚੀਜ਼ ਨੂੰ ਠੰਡੀ ਕਰਨਾ, ਗਲਤੀ ਨਾਲ ਦੁਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ; ਜ਼ਖਮ ਦੀ ਚੀਸ ਘਟਾਉਣਾ, “ਹੈ ਅੱਖ ਚੁਭੀ ਅਮਨ ਦੀ, ਆਇਓ ਵੇ ਫੂਕਾਂ ਮਾਰਿਓ” -ਸ਼ਿਵ ਕੁਮਾਰ ਬਟਾਲਵੀ। ਫੂਕ ਨਿਸ਼ਾਨਾ-ਸੇਧਿਤ ਹੁੰਦੀ ਹੈ, ਇਸ ਨੂੰ ਹੋਰ ਪ੍ਰਭਾਵਕ ਬਣਾਉਣ ਲਈ ਇਸ ਨੂੰ ਭੁਕਨੇ ਵਿਚੋਂ ਗੁਜ਼ਾਰਿਆ ਜਾਂਦਾ ਹੈ। ਮੰਤਰ ਵਾਲੀ ਪੁੜੀ ਨੂੰ ਸ਼ਕਤੀਵਰ ਬਣਾਉਣ ਲਈ ਮਾਂਦਰੀ ਇਸ ’ਤੇ ਫੂਕ ਮਾਰਦਾ ਹੈ, ਝਾੜ-ਫੂਕ ਸ਼ਬਦ ਇਥੋਂ ਹੀ ਬਣਿਆ। ਕਿਸੇ ਨਿਰਜਿੰਦ ਵਰਤਾਰੇ ਨੂੰ ਮੁੜ ਸੁਰਜੀਤ ਕਰਨ ਦਾ ਅਰਥਾਵਾਂ ਮੁਹਾਵਰਾ ‘ਰੂਹ ਫੂਕਣਾ’ ਇਸੇ ਦਾ ਵਿਸਤਾਰ ਹੈ। ਦੂਜੇ ਪਾਸੇ ਸਾਹ ਜਾਂ ਪ੍ਰਾਣ ਦੀ ਦਿਸ਼ਾ ਦੁਵੱਲੀ ਤੇ ਸਹਿਜ ਹੁੰਦੀ ਹੈ-ਨੱਕ ਜਾਂ ਮੂੰਹ ਤੋਂ ਅਤੇ ਨੱਕ ਜਾਂ ਮੂੰਹ ਵੱਲ। ਕੁਝ ਵੀ ਹੋਵੇ, ਦੋਨੋਂ ਹਵਾ ਹੀ ਹਨ। ਫੂਕ ਸ਼ਬਦ ਕਈ ਪੱਧਰਾਂ ਤੇ ਕਈ ਲਾਖਣਿਕ ਅਰਥਾਂ ਦਾ ਧਾਰਨੀ ਹੈ। ਧੰਨ, ਸੰਪਤੀ, ਸਿਹਤ ਜਾਂ ਕਿਸੇ ਗੁਣ ਦੀ ਅਧਿਕਤਾ ਦਾ ਸੁਆਮੀ ਅਕਸਰ ਅਭਿਮਾਨੀ ਜਾਂ ਹੰਕਾਰੀ ਬਣ ਜਾਂਦਾ ਹੈ, ਜਾਣੋਂ ਉਹ ਫੂਕ ਵਿਚ ਆ ਜਾਂਦਾ ਹੈ। ਅਧਿਆਤਮਕ ਸੰਦਰਭ ਵਿਚ ਅਜਿਹੀ ਫੂਕ ਵਿਚ ਆਇਆ ਵਿਅਕਤੀ ਜੇ ਇਨ੍ਹਾਂ ਦੇ ਦਾਤਾ ਪਰਮਾਤਮਾ ਨੂੰ ਭੁਲਾ ਦਿੰਦਾ ਹੈ ਤਾਂ ਉਹ ਵੀ ਅੱਗੋਂ ਉਸ ਦੀ ਫੂਕ ਕੱਢ ਦਿੰਦਾ ਹੈ, “ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ॥” -ਗੁਰੂ ਨਾਨਕ ਦੇਵ। ਇਸ ਤਰ੍ਹਾਂ ‘ਫੂਕ ਕੱਢਣਾ’ ਮੁਹਾਵਰੇ ਦਾ ਇਕ ਅਰਥ ਹੈ, ਕਿਸੇ ਦੇ ਅਭਿਮਾਨ ਨੂੰ ਵਿਅਰਥ ਕਰ ਦੇਣਾ।



ਉਂਜ ਦੂਸਰੇ ਦੀ ਫੂਕ ਕੱਢਣ ਵਾਲੇ ਕੁਝ ਲੋਕ ਖੁਦ ਅਭਿਮਾਨੀ ਹੁੰਦੇ ਹਨ। ਅਜਿਹੇ ਲੋਕਾਂ ’ਤੇ ਕਿੰਤੂ ਕਰੀਏ ਤਾਂ ਉਹ ਪਹਿਲਾਂ ਤੁਹਾਡੀ ਫੂਕ ਕੱਢਦੇ ਹਨ। ਸਾਡਾ ਇਕ ਅਧਿਆਪਕ ਅਜਿਹਾ ਸੀ। ਜੇ ਉਸ ਨੂੰ ਕੋਈ ਪੁੱਠਾ-ਸਿੱਧਾ ਸਵਾਲ ਕਰ ਦੇਣਾ ਤਾਂ ਪਹਿਲਾਂ ਉਸ ਨੇ ਪੁੱਛਣ ਵਾਲੇ ਵਿਦਿਆਰਥੀ ਦੀ ਉਹ ਜਹੀ ਦੀ ਤਹੀ ਫੇਰਨੀ ਕਿ ਉਹ ਅੱਗੇ ਤੋਂ ਸਵਾਲ ਪੁਛਣ ਤੋਂ ਹੀ ਤੌਬਾ ਕਰ ਲੈਂਦਾ। ਕਈ ਰਾਜਸੀ ਨੇਤਾ ਅਜਿਹੇ ਹੁੰਦੇ ਹਨ। ਫੋਕਾ ਅਭਿਮਾਨ ਕਰਨ ਵਾਲੇ ਨੂੰ ਫੂਕੀ ਆਖਿਆ ਜਾਂਦਾ ਹੈ ਜੋ ਹੋਰ ਅੱਗੇ ਤਰੱਕੀ ਕਰਦਾ ਫੁਕਰਾ ਬਣ ਜਾਂਦਾ ਹੈ। ਯਥਾਰਥ ਨਾਲ ਟਕਰਾ ਕੇ ਅਜਿਹੇ ਲੋਕਾਂ ਦੀ ਫੂਕ ਫਿਰ ਛੇਤੀ ਹੀ ਨਿਕਲ ਜਾਂਦੀ ਹੈ।

ਕੁਝ ਅਜਿਹੇ ਹੁੰਦੇ ਹਨ ਕਿ ਕੋਈ ਉਨ੍ਹਾਂ ਨੂੰ ਕੋਈ ਫੂਕ ਦੇਣ ਵਾਲਾ ਹੋਵੇ ਸਹੀ, ਉਹ ਬਹੁਤ ਛੇਤੀ ਫੂਕ ਛਕਦੇ ਹਨ ਤੇ ਅਕਸਰ ਆਪਣਾ ਜਲੂਸ ਕੱਢ ਲੈਂਦੇ ਹਨ। ਕਈ ਲਾਈਲੱਗਾਂ ਦੇ ਕੰਨਾਂ ਵਿਚ ਹੀ ਫੂਕ ਮਾਰਨ ਦੀ ਲੋੜ ਹੁੰਦੀ ਹੈ, ਫਿਰ ਉਨ੍ਹਾਂ ਤੋਂ ਜੋ ਮਰਜ਼ੀ ਕੰਮ ਕਰਵਾ ਲਵੋ। ਹਵਾ ਦਾ ਗੁਣ ਹੈ ਕਿ ਇਹ ਥਾਂ ਬਹੁਤ ਘੇਰਦੀ ਹੈ ਪਰ ਇਸ ਦਾ ਵਜ਼ਨ ਨਾਂਮਾਤਰ ਹੁੰਦਾ ਹੈ। ਇਸ ਲਈ ਇਸ ਤੋਂ ਬਣੇ ਕਈ ਮੁਹਾਵਰੇ ਆਪਾ-ਵਿਰੋਧੀ ਅਰਥ ਦਿੰਦੇ ਹਨ। ਇਕ ਪਾਸੇ ਇਹ ਸ਼ਬਦ ਜਿੰਦ ਜਾਨ, ਰੂਹ, ਆਤਮਾ ਦੇ ਅਰਥ ਦਿੰਦਾ ਹੈ ਪਰ ਦੂਜੇ ਪਾਸੇ ਇਹ ਸਾਰਹੀਣਤਾ, ਰਸਹੀਣਤਾ, ਖੋਖੇਪਣ ਦਾ ਧਾਰਨੀ ਬਣ ਜਾਂਦਾ ਹੈ। ਇਸ ਜ਼ਮਾਨੇ ਵਿਚ ਦੂਜੇ ਤੋਂ ਅੱਗੇ ਵਧਣ ਦੀ ਏਨੀ ਹੋੜ ਲੱਗੀ ਹੋਈ ਹੈ ਕਿ ਜਿਸ ਦੀ ਫੂਕ ਪਹਿਲਾਂ ਵੱਜ ਜਾਵੇ ਜਿੱਤ ਉਸੇ ਦੀ ਹੁੰਦੀ ਹੈ।

‘ਜਾਨਵਰਾਂ ਦੇ ਹਸਪਤਾਲ ਇਕ ਬੁਧੂ ਖੋਤਾ ਲਿਆਇਆ’ ਤੁਕ ਨਾਲ ਸ਼ੁਰੂ ਹੁੰਦੀ ਚਰਨ ਸਿੰਘ ਸ਼ਹੀਦ ਦੀ ਇਕ ਹਾਸਰਸੀ ਕਵਿਤਾ ਇਹੀ ਸੰਦੇਸ਼ ਦਿੰਦੀ ਹੈ। ਜੇ ਇਸ ਦੁਨੀਆਂ ਵਿਚ ਘਰ ਫੂਕ ਕੇ ਤਮਾਸ਼ਾ ਦੇਖਣ ਵਾਲੇ, ਫੂਕ ਮਾਰ ਕੇ ਪੈਸਾ ਉਡਾਉਣ ਵਾਲੇ ਅਤੇ ਫੂਕ ਫੂਕ ਕੇ ਪੈਰ ਰੱਖਣ ਵਾਲੇ ਮਹਾਨਭਾਵੀ ਨਾ ਹੋਣ ਤਾਂ ਫੂਕੀ ਕਦੋਂ ਦੀ ਜੱਗ ਵਾਲੀ ਬਾਜ਼ੀ ਜਿੱਤ ਲੈਂਦੇ। ਫੂਕ ਆਪਣੀ ਮਾਰ ਨਾਲ ਇਕ ਦੂਜੇ ਤੋਂ ਵਿਰੋਧੀ ਦੋ ਤਰ੍ਹਾਂ ਦੇ ਕਰਮ ਕਰ ਸਕਦੀ ਹੈ। ਇਸ ਨਾਲ ਅਸੀਂ ਚੀਜ਼ਾਂ ਨੂੰ ਉਡਾ ਸਕਦੇ ਜਾਂ ਅਲੋਪ ਕਰ ਸਕਦੇ ਹਾਂ। ਇਸ ਲਈ ਫੂਕਣਾ ਜਾਂ ਫੂਕ ਦੇਣਾ ਤੋਂ ਭਾਵ ਸਰਵਨਾਸ਼ ਕਰਨਾ (ਫੂਕ ਮੁਸੱਲਾ ਭੰਨ ਸਿਟ ਲੋਟਾ-ਬੁੱਲ੍ਹਾ), ਖਾਸ ਤੌਰ ’ਤੇ ਮੁਰਦੇ ਨੂੰ ਅੱਗ ਲਾ ਕੇ ਬਿਲੇ ਲਾਉਣ ਦਾ ਭਾਵ ਬਣਿਆ। ਜ਼ਰਾ ਸੋਚੋ, ਮਰੇ ਬੰਦੇ ਦੀ ਫੂਕ ਤਾਂ ਪਹਿਲਾਂ ਹੀ ਨਿਕਲੀ ਹੁੰਦੀ ਹੈ, ਉਪਰੋਂ ਉਸ ਨੂੰ ਫੂਕਿਆ ਜਾਂਦਾ ਹੈ। ਜ਼ਬਰਦਸਤ ਰੋਸ ਵਜੋਂ ਅੱਜ ਕਲ੍ਹ ਸਾੜ-ਫੂਕ ਅਰਥੀ ਕੱਢਣ ਦਾ ਵੀ ਰੁਝਾਨ ਚੱਲ ਪਿਆ ਹੈ। ਦੂਜੇ ਪਾਸੇ ਧੁਖਦੀ ਅੱਗ ’ਤੇ ਫੂਕ ਮਾਰਨ ਨਾਲ ਭਾਂਬੜ ਮੱਚ ਸਕਦੇ ਹਨ। ਅੱਗ ਮਚਾਉਣ ਲਈ ਵਰਤਿਆ ਜਾਂਦਾ ਫੂਕਣਾ, ਫੂਕਨੀ ਜਾਂ ਭੁਕਣਾ ਫੂਕ ਤੋਂ ਹੀ ਬਣੇ ਹਨ।

ਆਓ ਜ਼ਰਾ ਫੂਕ ਦੀ ਹੀ ਫੂਕ ਕੱਢ ਲਈਏ। ਧਿਆਨ ਦਿਓ ਜਦ ਅਸੀਂ ਫੂਕ ਮਾਰਦੇ ਹਾਂ ਤਾਂ ਗੋਲ ਹੁੰਦੇ ਬੁੱਲ੍ਹਾਂ ਵਿਚੋਂ ‘ਫੂ’ ਦੀ ਆਵਾਜ਼ ਆਉਂਦੀ ਹੈ। ਇਹ ਧੁਨੀ ਹੀ ਇਸ ਸ਼ਬਦ ਦੇ ‘ਫੂ’ ਜਾ ‘ਫੁ’ ਧਾਤੂ ਦੀ ਸਿਰਜਕ ਬਣੀ। ਬਹੁਤ ਸਾਰੇ ਧਾਤੂ ਧੁਨੀ-ਅਨੁਕਰਣਕ ਹੁੰਦੇ ਹਨ। ‘ਫੂ’ ਦੇ ਨਾਲ ‘ਤ’ ਲੱਗ ਕੇ ਫੁਤ ਬਣਿਆ ਤੇ ਇਸ ਤੋਂ ਅੱਗੇ ਇਸ ਦਾ ਕਿਰਿਆ ਰੂਪ ਬਣਾਉਣ ਲਈ ਕ੍ਰਤ (ਜਿਸ ਦਾ ਅਰਥ ਕਰਨਾ ਹੁੰਦਾ ਹੈ) ਲੱਗਾ ਤੇ ਸੰਸਕ੍ਰਿਤ ਸ਼ਬਦ ਬਣਿਆ ‘ਫੁਤਕਰ’ ਜਿਸ ਦਾ ਅਰਥ ਫੂਕ ਮਾਰਨ ਹੈ। ਇਹੀ ਸ਼ਬਦ ਸੁੰਗੜਦਾ ਸੁੰਗੜਦਾ ਫੁੰਕਾਰ ਤੇ ਫਿਰ ਫੂਕ ਬਣਿਆ। ਅਸਲ ਵਿਚ ਤਾਂ ਫੋਕਾ ਰੁਹਬ ਦਿਖਾਉਣ ਦੇ ਅਰਥਾਵੀਂ ਉਕਤੀ ‘ਫੂੰ ਫੂੰ ਕਰਨਾ/ ਭੂੰ ਭੂੰ ਕਰਨਾ’ ਇਥੋਂ ਹੀ ਵਿਕਸਿਤ ਹੋਈ ਹੈ। ਹਵਾ ਸ਼ਬਦ ਵਿਚ ਵੀ ਅਜਿਹਾ ਭਾਵ ਹੈ ਜਿਵੇਂ ਅਸੀਂ ਕਹਿੰਦੇ ਹਾਂ ਕਿ ਫਲਾਨਾ ਅੱਜ ਕਲ੍ਹ ਬਹੁਤੀਆਂ ਹਵਾਵਾਂ ਵਿਚ ਹੈ। ਇਥੋਂ ਹੀ ਫੋਕੇ ਦਿਖਾਵੇ ਦੇ ਅਰਥਾਂ ਵਾਲੀ ਉਕਤੀ ‘ਫੂੰ ਫਾਂ’ ਦੇ ਮੁਢ ਦੀ ਸਮਝ ਪੈਂਦੀ ਹੈ।

ਅੰਗਰੇਜ਼ੀ Airs ਵਿਚ ਵੀ ਅਜਿਹੇ ਭਾਵ ਹਨ। ਇਸੇ ਤੋਂ ਫੁੰਕਾਰਾ ਸ਼ਬਦ ਬਣਿਆ ਜੋ ਆਮ ਤੌਰ ’ਤੇ ਤਾਂ ਸੱਪਾਂ ਦੀ ਸਾਹ ਕੱਢਣ ਦੀ ਕਿਰਿਆ ਹੀ ਹੈ ਜੋ ਬੰਦੇ ਦਾ ਸਾਹ ਸੂਤ ਦਿੰਦੀ ਹੈ ਪਰ ਇਸ ਤੋਂ ਸੱਪ ਦੇ ਅਭਿਮਾਨੀ ਹੋਣ ਦਾ ਝਾਉਲਾ ਪੈਂਦਾ ਹੈ। ਇਸ ਲਈ ਅਜਿਹੇ ਗੁਣ ਵਾਲੇ ਵਿਅਕਤੀ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ। ਫੁਕਰਾਂ ਮਾਰਨ ਵਾਲੇ ਆਮ ਹੀ ਦਿਸ ਪੈਂਦੇ ਹਨ। ਅੰਗਰੇਜ਼ੀ ਦਾ ਇਕ ਸ਼ਬਦ ਹੈ Puff ਜੋ ਫੂਕ ਦਾ ਸੁਜਾਤੀ ਤਾਂ ਨਹੀਂ ਹੈ ਪਰ ਇਹ ਵੀ ਫੂਕ ਦੀ ਤਰ੍ਹਾਂ ਧੁਨੀ-ਅਨੁਕਰਣਕ ਹੈ। ਇਸ ਲਈ ਇਸ ਦੇ ਕਈ ਅਰਥ ਫੂਕ ਨਾਲ ਮਿਲਦੇ-ਜੁਲਦੇ ਹਨ। ਇਸ ਦੇ ਮੁਖ ਅਰਥ ਹਨ, ਹਵਾ ਦਾ ਬੁੱਲਾ, ਠੁਮਕਾ, ਸਿਗਰਟ ਦਾ ਕਸ਼, ਇੰਜਣ ਦੇ ਫਰਾਟੇ, ਫੁੱਲੀ ਚੀਜ਼ ਜਿਵੇਂ ਜਿਵੇਂ ਵਾਲਾਂ ਦਾ ਫੁਲਾਇਆ ਜੂੜਾ ਆਦਿ। ਕਿਰਿਆ ਰੂਪ ਵਿਚ ਇਸ ਦੇ ਅਰਥ ਔਖੇ ਸਾਹ ਲੈਣਾ, ਕਿਸੇ ਦੀ ਫੋਕੀ ਵਡਿਆਈ ਕਰਨਾ ਆਦਿ ਹਨ। Puffed up ਦਾ ਅਰਥ ਫੂੰ ਫੂੰ ਕਰਨ ਵਾਲਾ ਹੁੰਦਾ ਹੈ। ਇਸ ਸ਼ਬਦ ਦੇ ਪੁਰਾਣੇ ਰੂਪ Pyffan ਦਾ ਅਰਥ ਸੀ ਫੂਕ ਮਾਰ ਕੇ ਉਡਾ ਦੇਣਾ।

‘ਫੁ’ ਧਾਤੂ ਵਿਚ ਸਾਰਹੀਣਤਾ, ਖੋਖਲੇਪਣ ਦੇ ਭਾਵ ਨਿਹਿਤ ਹਨ ਇਸ ਲਈ ਅਜਿਹੇ ਆਸ਼ਿਆਂ ਵਾਲੇ ਹੋਰ ਕਈ ਸ਼ਬਦ ਬਣੇ ਹਨ। ਫੋਕਾ ਸ਼ਬਦ ਦਾ ਅਰਥ ਹੁੰਦਾ ਹੈ ਮਿੱਠੇ, ਲੂਣ, ਮਸਾਲਿਆਂ ਆਦਿ ਦੀ ਕਮੀ ਕਾਰਨ ਘਟ ਸੁਆਦੀ। ਫੋਕਾ ਪਾਣੀ ਕੀਤੇ ਹੋਏ ਮਿੱਠੇ ਪਾਣੀ ਦੇ ਮੁਕਾਬਲੇ ਸੁਆਦਹੀਣ ਹੁੰਦਾ ਹੈ। ਇਸ ਨੂੰ ਕੋਕਾ ਕੋਲਾ ਦੀ ਤਰਜ਼ ਤੇ ਫੋਕਾ ਕੋਲਾ ਕਿਹਾ ਜਾ ਸਕਦਾ ਹੈ। ਲਾਖਣਿਕ ਤੌਰ ’ਤੇ ਇਸ ਦਾ ਅਰਥ ਪ੍ਰਭਾਵਹੀਣ ਜਾਂ ਦਿਖਾਵਟੀ ਵੀ ਹੋ ਜਾਂਦਾ ਹੈ। ਫੋਕੇ ਫਾਇਰ ਹਵਾਈ ਫਾਇਰ ਹੁੰਦੇ ਹਨ ਜਾਂ ਜਿਨ੍ਹਾਂ ਗੋਲੀਆਂ ਵਿਚ ਬਾਰੂਦ ਨਹੀਂ ਹੁੰਦੇ। ਇੱਕ ਹੋਰ ਤਰ੍ਹਾਂ ਦੇ ਫੋਕੇ ਫਾਇਰ ਹੁੰਦੇ ਹਨ ਜੋ ਨੱਕ ਨਹੀਂ ਸਾੜਦੇ। ਫੁਕਲਾ ਪਦਾਰਥ ਤਾਂ ਫੋਕੇ ਨੂੰ ਵੀ ਮਾਤ ਪਾਉਂਦਾ ਹੈ। ਰਸਾ ਕੱਢਣ ਤੋਂ ਬਾਅਦ ਜੋ ਬਚਦਾ ਹੈ, ਉਸ ਨੂੰ ਫੋਕ ਜਾਂ ਫੋਕਟ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਅਨੁਸਾਰ, ‘ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰ ਭਰਮੈ॥’ ਫੋਕ ਦਾ ਇਕ ਰੁਪਾਂਤਰ ਫੋਗ ਵੀ ਹੈ, ‘ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ॥’ (ਗੁਰੂ ਨਾਨਕ ਦੇਵ); ਰੰਗਹੀਣ, ਸੁਆਦਹੀਣ ਆਦਿ ਦੇ ਅਰਥਾਂ ਵਾਲਾ ਇਕ ਹੋਰ ਸ਼ਬਦ ਹੈ, ਫਿੱਕਾ, ‘ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥’ (ਬਾਬਾ ਫਰੀਦ); ‘ਫਲ ਫਿਕੇ ਫੁਲ ਬਕਬਕੇ’ (ਗੁਰੂ ਨਾਨਕ ਦੇਵ); ‘ਮਾਇਆ ਕਾ ਰੰਗੁ ਸਭੁ ਫਿਕਾ’ (ਗੁਰੂ ਅਰਜਨ ਦੇਵ) ‘ਫਿਕ ਪੈਣਾ’ ਦਾ ਮਤਲਬ ਹੈ ਦੋ ਧਿਰਾਂ ਵਿਚਕਾਰ ਰਿਸ਼ਤਿਆਂ ਦਾ ਪਤਲੇ ਪੈ ਜਾਣਾ। ਤੁੜੀ ਆਦਿ ਦੇ ਨੀਰੇ ਨੂੰ ਫੱਕ ਕਿਹਾ ਜਾਂਦਾ ਹੈ, ਭਾਵ ਜਿਸ ਵਿਚੋਂ ਦਾਣਿਆਂ ਜਿਹੀ ਬਹੁਮੁੱਲੀ ਸਾਰ ਵਾਲੀ ਚੀਜ਼ ਕੱਢ ਲਈ ਗਈ ਹੈ। ਹਾਲਾਂਕਿ ਈਸਬਗੋਲ ਦੀ ਫੱਕ ਬੜੀ ਗੁਣਕਾਰੀ ਦੱਸੀ ਗਈ ਹੈ। ‘ਦਾਣਾ ਫੱਕਾ’ ਸ਼ਬਦ ਜੁੱਟ ਵਿਚ ਇਹ ਸ਼ਬਦ ਆਉਂਦਾ ਹੈ। ਫੱਕ ਜਿਹੀ ਹਲਕੀ ਚੀਜ਼ ਨਿਗਲਣ ਦੇ ਆਸ਼ੇ ਲਈ ਹੀ ਫੱਕਾ ਮਾਰਨਾ ਉਕਤੀ ਰੂੜ ਹੋ ਗਈ। ਕਿਸੇ ਦਾ ਰੰਗ ਫੱਕ ਹੋ ਜਾਂਦਾ ਹੈ ਭਾਵ ਉਸ ਵਿਚ ਡਰ ਦੇ ਮਾਰੇ ਸਾਹ-ਸਤ ਨਹੀਂ ਰਿਹਾ।

## ਕਾਵਿ-ਜਗਤ

### ਬਚਪਨ

ਕੇਹਾ, ਪਿਆਰਾ ਬਚਪਨ ਸੀ
ਕੀ ਰੰਗਲੀ ਰੁੱਤ ਸੁਹਾਣੀ ਸੀ
ਫੁੱਲਾਂ, ਵਰਗੇ ਮਹਿਕਦੇ ਦਿਨ
ਦਰਿਆ, ਜਿਹੀ ਰਵਾਨੀ ਸੀ
ਪਰੀਆਂ ਦੇ ਕਿਸੇ ਦੇਸ਼ ਜਿਹੀ
ਰੰਗਲੀ, ਸੋਹਣੀ ਕਹਾਣੀ ਸੀ।

ਜਦੋਂ ਲੇਟੇ ਪਏ ਪੰਘੂੜੇ ਵਿਚ
ਬੱਸ, ਐਵੈਂ ਹੀ ਰੋ ਪੈਂਦੇ ਸਾਂ
ਸਾਰੇ ਕੰਮਾਂ ਨੂੰ ਵਿਚੇ ਛੱਡ ਕੇ
ਦੂਰੋਂ ਹੀ ਭੱਜੀ ਆਉਂਦੀ ਮਾਂ
ਮੂੰਹ ਚੁੰਮਦੀ ਲਾਡ ਲਡਾਉਂਦੀ
ਪਈ ਸਦਕੇ ਵਾਰੀ ਜਾਂਦੀ ਮਾਂ
ਹੌਲੀ ਹੌਲੀ ਗੱਲਾਂ ਕਰ ਕਰ
ਮਿੱਠੀ ਲੋਰੀ ਸੁਣਾਉਂਦੀ ਮਾਂ।

ਜਾਂ ਈਚੀ-ਬੀਚੀ ਕੋਕੋ ਖਾਏ
ਘਿਉ ਦੀ ਚੂਰੀ ਕਾਕਾ ਖਾਏ
ਕਹਿ ਕੇ ਕੁੱਤਕਤਾੜੀ ਕਰਦੀ
ਮੱਲੋ-ਮੱਲੀ, ਹਸਾਉਂਦੀ ਮਾਂ
ਰਿੜ੍ਹਨਾ, ਟੁਰਨਾ ਹੌਲੀ ਹੌਲੀ
ਉਂਗਲੀ ਲਾ ਸਿਖਾਉਂਦੀ ਮਾਂ
ਹੱਸਦੇ, ਰੋਂਦੇ, ਰੁੱਸਦੇ, ਮੰਨਦੇ
ਘੁੱਟ ਘੁੱਟ ਛਾਤੀ ਲਾਉਂਦੀ ਮਾਂ
ਸੁੱਕੀ ਥਾਂ ’ਤੇ ਸਾਨੂੰ ਪਾਉਂਦੀ
ਗਿੱਲੀ ’ਤੇ ਆਪ ਸਉਂਦੀ ਮਾਂ
ਅਸੀਂ ਗੂਹੜੀ ਨੀਂਦਰ ਸਉਂਦੇ
ਜਾਗ ਕੇ ਰਾਤ ਲੰਘਾਉਂਦੀ ਮਾਂ।

ਨਿੱਘੀਆਂ ਰਾਤਾਂ ਰੰਗਲੇ ਦਿਨ
ਕੇਹੇ ਖੁੱਲ੍ਹੇ-ਮੋਕਲੇ ਪੈਂਡੇ ਸਨ
ਹਰ ਪਾਸੇ ਬੇਪ੍ਰਵਾਹੀਆਂ ਸਨ
ਬਾਦਸ਼ਾਹ ਲੋਕੀਂ ਕਹਿੰਦੇ ਸਨ
ਲੈਣ-ਦੇਣ ਦਾ ਫਿਕਰ ਨ੍ਹੀਂ ਸੀ
ਨਾ ਕੋਈ ਖੋਟ ਲਿਆਵਣ ਦਾ
ਵੰਨ-ਸੁਵੰਨਾ ਪਾਉਣ ਦਾ ਸੀ
ਬੱਸ ਚੰਗਾ-ਚੋਖਾ ਖਾਵਣ ਦਾ।

ਨਿੱਕੀ ਜਿਹੀ ਗੱਲੋਂ ਜਦ ਵੀ
ਐਵੇਂ-ਕੇਵੇਂ ਹੀ ਰੁੱਸ ਪੈਂਦੇ ਸਾਂ
ਬੇਬੇ, ਬਾਪੂ ਬਹਿ ਸਮਝਾਉਂਦੇ
ਤਾਂ, ਉਲਟਾ ਮਤਲਬ ਲੈਂਦੇ ਸਾਂ
ਖੇਡ ਮਲ੍ਹ ਕੇ ਦਿਨ ਸੀ ਲੰਘਦਾ
ਖਾ ਪੀ ਕੇ ਮੌਜ ਉਡਾਉਂਦੇ ਸਾਂ
ਬੇਫਿਕਰੀ ਵਿਚ ਰੱਜ ਕੇ ਸੌਂਦੇ
ਘੁਰਾੜੀਂ, ਰਾਤ ਲੰਘਾਉਂਦੇ ਸਾਂ
ਲੰਬੀ ਚੜ੍ਹੀ ਦੀ ਚਿੰਤਾ ਨ੍ਹੀਂ ਸੀ
ਆਪਣੀ, ਜ਼ਿਦ ਪੁਗਾਉਂਦੇ ਸਾਂ
ਆਪਣੇ ਯਾਰਾਂ-ਬੇਲੀਆਂ ਨਾਲ
ਲੜਦੇ, ਰੁੱਸਦੇ, ਮਨਾਉਂਦੇ ਸਾਂ।

ਬੇ-ਮਤਲਬ ਕੀੜਿਆਂ ਵਾਂਗਣ
ਸਾਰਾ ਦਿਨ ਸਾਂ, ਭੌਂਦੇ ਫਿਰਦੇ
ਭੁੱਖ, ਤ੍ਰੇਹ ਝੱਟ, ਲਹਿ ਜਾਂਦੀ
ਖੇਡ ਦੇ ਬੇਲੀ ਜਦ ਆ ਮਿਲਦੇ
ਹੌਲੀ ਹੌਲੀ ਇਕ ਇਕ ਕਰਕੇ
ਬਚਪਨ ਦੇ ਦਿਨ ਹੱਥੋਂ ਕਿਰ'ਗੇ
ਕਿਧਰ ਗਏ ਉਹ ਹਾਣੀ-ਬੇਲੀ
ਵਿਸਰ'ਗੇ ਨੇ ਮਨ ਤੋਂ ਚਿਰ ਦੇ।

ਬਚਪਨ ਗਿਆ ਆਈ ਜਵਾਨੀ
ਸ਼ੁਰੂ ਹੋਈ ਫਿਰ ਨਵੀਂ ਕਹਾਣੀ
ਧੀਆਂ, ਪੁੱਤਰਾਂ ਤੇ ਘਰਵਾਲੀ
ਦੇ ਫਿਕਰਾਂ ਆ ਚਾਦਰ ਤਾਣੀ
ਵਿੱਸਰ ਗਿਆ, ਹਾਸਾ, ਠੱਠਾ
ਭੁੱਲ ਗਈਆਂ ਸਭ ਯੁਕਤੀਆਂ
ਤਿੰਨੇ ਗੱਲਾਂ ਯਾਦ ਨੇ ਹੁਣ ਤਾਂ
ਬੱਸ ਲੂਣ, ਤੇਲ ਤੇ ਲੱਕੜੀਆਂ।
ਵਿਹਲੇ ਪਲਾਂ ’ਚ ਮੁੜ ਕੇ ਪਿੱਛੇ
ਵੇਂਹਨਾ ਮਨ ਦੇ ਨੇਤਰਾਂ ਥਾਣੀ
ਭੋਲਾ ਬਚਪਨ ਯਾਦ ਆ ਜਾਵੇ
ਛਮ ਛਮ ਅੱਖੋਂ ਵਗਦਾ ਪਾਣੀ
ਰੱਬਾ ਮੌਤ ਦੇਹ ਮੇਰਾ ਬਚਪਨ
ਵੱਟੇ ਵਿਚ, ਲੈ-ਲਏ ਜਵਾਨੀ।

*-ਚੰਨ*
*ਫੋਨ: 908-788-8427*

### ਵਿਅੰਗ

ਵਸਦਾ ਰਸਦਾ ਕੌਣ ਵਿਦੇਸ਼ ਤੁਰਦੈ,
ਲੋੜ ਅਨੁਸਾਰ ਜੇ ਪੱਕਾ ਰੁਜ਼ਗਾਰ ਹੋਵੇ।
ਰੋ-ਕੁਰਲਾ ਕੇ ਲੜਦੇ ਸਫਰ ਕਰਦੇ,
ਨਾਕੇ-ਫੀਸਾਂ ਦੀ ਜਿੱਥੇ ਮਾਰ ਹੋਵੇ।
ਸਾਕ ਸਾਂਢੂ ਦਾ ਦਿਸਦਾ ਬੜਾ ਚੰਗਾ,
ਹਮ ਪਿਆਲਾ ਬਣ, ਨਹੀਂ ਤਕਰਾਰ ਹੋਵੇ।
ਬਹੁਤੀ ਦੇਰ ਨਾ ‘ਗਿੱਲਾ’ ਸਰਕਾਰ ਚੱਲੇ,
ਜਿਹੜੀ ਮੁੱਕਰਦੀ ਕਰ ਇਕਰਾਰ ਹੋਵੇ।

*-ਜੁਗਰਾਜ ਗਿੱਲ, ਫੋਨ: 704-257-6693*

## ਗੁਰਬਾਣੀ ਗਿਆਨ

# ਮੀਠੇ ਹਰਿ ਗੁਣ ਗਾਉ ਜਿੰਦੂ ਤੂੰ

**ਗਉੜੀ ਮਾਝ ਮਹਲਾ ੫**
ਮੀਠੇ ਹਰਿ ਗੁਣ ਗਾਉ ਜਿੰਦੂ ਤੂੰ
ਮੀਠੇ ਹਰਿ ਗੁਣ ਗਾਉ॥
ਸਚੇ ਸੇਤੀ ਰਤਿਆ
ਮਿਲਿਆ ਨਿਥਾਵੇ ਥਾਉ॥੧॥ ਰਹਾਉ॥
ਹੋਰਿ ਸਾਦ ਸਭਿ ਫਿਕਿਆ
ਤਨੁ ਮਨੁ ਫਿਕਾ ਹੋਇ॥
ਵਿਣੁ ਪਰਮੇਸਰ ਜੋ ਕਰੇ
ਫਿਟੁ ਸੁ ਜੀਵਣੁ ਸੋਇ॥੧॥
ਅੰਚਲੁ ਗਹਿ ਕੈ ਸਾਧ ਕਾ
ਤਰਣਾ ਇਹੁ ਸੰਸਾਰੁ॥
ਪਾਰਬ੍ਰਹਮੁ ਆਰਾਧੀਐ
ਉਧਰੈ ਸਭ ਪਰਵਾਰੁ॥੨॥
ਸਾਜਨੁ ਬੰਧੁ ਸੁਮਿਤ੍ਰੁ ਸੋ
ਹਰਿ ਨਾਮੁ ਹਿਰਦੈ ਦੇਇ॥
ਅਉਗਣ ਸਭਿ ਮਿਟਾਇ ਕੈ
ਪਰਉਪਕਾਰੁ ਕਰੇਇ॥੩॥
ਮਾਲੁ ਖਜਾਨਾ ਥੇਹੁ ਘਰੁ
ਹਰਿ ਕੇ ਚਰਣ ਨਿਧਾਨ॥
ਨਾਨਕੁ ਜਾਚਕੁ ਦਰਿ ਤੇਰੈ
ਪ੍ਰਭ ਤੁਧਨੋ ਮੰਗੈ ਦਾਨੁ॥੪॥

ਪੰਚਮ ਪਾਤਸ਼ਾਹ ਆਖਦੇ ਹਨ- ਮੀਠੇ ਹਰਿ ਗੁਣ ਗਾਉ ਜਿੰਦੂ ਤੂੰ, ਹੇ ਮੇਰੀਏ ਜਿੰਦੇ! ਤੂੰ ਉਸ ਮਿਹਰਵਾਨ ਹਰੀ ਪ੍ਰਭੂ ਦੇ ਆਤਮਾ ਨੂੰ ਸੁੱਖ ਦੇਣ ਵਾਲੇ ਮਿੱਠੇ ਮਿੱਠੇ ਗੁਣਾਂ ਦਾ ਸਦਾ ਹੀ ਗਾਇਨ ਕਰਦੀ ਰਿਹਾ ਕਰ; ਸਚੇ ਸੇਤੀ ਰਤਿਆ, ਉਸ ਸਦਾ ਹੀ ਅਟੱਲ ਰਹਿਣ ਵਾਲੇ ਪਰਮੇਸ਼ਰ ਪ੍ਰਭੂ ਦੇ ਰੰਗ ਵਿਚ ਜੋ ਰੰਗਿਆ ਜਾਂਦਾ ਹੈ; ਮਿਲਿਆ ਨਿਥਾਵੇ ਥਾਉ, ਉਸ ਜੀਵ ਨੂੰ ਫਿਰ ਹਰ ਥਾਂ ਮਾਣ-ਸਤਿਕਾਰ ਮਿਲਦਾ ਹੈ ਜਿਸ ਨੂੰ ਪਹਿਲਾਂ ਕਿਤੇ ਕਦੀ ਢੋਈ ਨਹੀਂ ਸੀ ਮਿਲਦੀ।

ਹੋਰਿ ਸਾਦ ਸਭਿ ਫਿਕਿਆ
ਤਨੁ ਮਨੁ ਫਿਕਾ ਹੋਇ॥
ਵਿਣੁ ਪਰਮੇਸਰ ਜੋ ਕਰੇ
ਫਿਟੁ ਸੁ ਜੀਵਣੁ ਸੋਇ॥੧॥

ਹੇ ਮੇਰੀਏ ਜਿੰਦੇ! ਉਸ ਹਰੀ ਪ੍ਰਭੂ ਦੇ ਮਿੱਠੇ ਗੁਣਾਂ ਦੇ ਸਾਹਮਣੇ ਇਸ ਦੁਨੀਆਂ ਦੇ ਸਾਰੇ ਹੀ ਸੁਆਦ ਫਿੱਕੇ ਹਨ; ਨੀ ਜਿੰਦੇ! ਦੁਨਿਆਵੀ ਸੁਆਦਾਂ ਵਿਚ ਪੈ ਕੇ ਜੀਵ ਦਾ ਤਨ ਵੀ ਅਤੇ ਮਨ ਵੀ ਫਿੱਕਾ, ਭਾਵ ਰੁੱਖਾ ਹੋ ਜਾਂਦਾ ਹੈ; ਉਸ ਪਰਮੇਸ਼ਰ ਦਾ ਸਿਮਰਨ ਛੱਡ ਕੇ ਜੀਵ ਹੋਰ ਜੋ ਕੁਝ ਵੀ ਕਰਦਾ ਹੈ; ਫਿਟੁ ਸੁ ਜੀਵਣੁ ਸੋਇ, ਮੋਹ ਮਾਇਆ ਤੇ ਵਿਕਾਰਾਂ ਵਿਚ ਫਸ ਕੇ ਜੀਵ ਦੀ ਜ਼ਿੰਦਗੀ ਫਿਟਕਾਰਾਂ ਜੋਗੀ ਹੋ ਜਾਂਦੀ ਹੈ।

ਅੰਚਲੁ ਗਹਿ ਕੈ ਸਾਧ ਕਾ
ਤਰਣਾ ਇਹੁ ਸੰਸਾਰੁ॥
ਪਾਰਬ੍ਰਹਮੁ ਆਰਾਧੀਐ
ਉਧਰੈ ਸਭ ਪਰਵਾਰੁ॥੨॥

ਹੇ ਜਿੰਦੇ! ਤੂੰ ਪਰਮੇਸ਼ਰ ਸਰੂਪ ਗੁਰੂ ਦਾ ਪੱਲਾ ਫੜ ਕੇ ਹੀ ਵਿਕਾਰਾਂ ਨਾਲ ਭਰੇ ਸੰਸਾਰ ਸਮੁੰਦਰ ਵਿਚੋਂ ਤਰ ਕੇ ਪਾਰ ਲੰਘ ਸਕਦੀ ਹੈਂ; ਉਸ ਅਕਾਲ ਪੁਰਖ ਪਰਮੇਸ਼ਰ ਪਿਤਾ ਦੀ ਆਰਾਧਨਾ ਹਰ ਵੇਲੇ ਹੀ ਕਰਦੇ ਰਹਿਣਾ ਚਾਹੀਦਾ ਹੈ ਤੇ ਜਿਹੜਾ ਵਡਭਾਗਾ ਜੀਵ ਉਸ ਮਾਲਕ ਪ੍ਰਭੂ ਦੀ ਆਰਾਧਨਾ ਕਰਦਾ ਹੈ; ਉਹ ਆਪ ਤਾਂ ਤਰਦਾ ਹੀ ਹੈ, ਉਸ ਦਾ ਸਾਰਾ ਪਰਿਵਾਰ ਵੀ ਤਰ ਜਾਂਦਾ ਹੈ।

ਸਾਜਨੁ ਬੰਧੁ ਸੁਮਿਤ੍ਰੁ ਸੋ
ਹਰਿ ਨਾਮੁ ਹਿਰਦੈ ਦੇਇ॥
ਅਉਗਣ ਸਭਿ ਮਿਟਾਇ ਕੈ
ਪਰਉਪਕਾਰੁ ਕਰੇਇ॥੩॥

ਹੇ ਮੇਰੀਏ ਜਿੰਦੇ! ਜਿਹੜਾ ਪ੍ਰਭੂ ਦਾ ਪਿਆਰਾ ਸਾਨੂੰ ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਉਣ ਦੀ ਮੱਤ ਦਿੰਦਾ ਹੈ, ਅਸਲ ਵਿਚ ਉਹ ਹੀ ਸਾਡਾ ਸੱਜਣ ਹੈ, ਸਬੰਧੀ ਹੈ ਤੇ ਸੱਚਾ ਮਿੱਤਰ ਹੈ; ਅਉਗਨ ਸਭਿ ਮਿਟਾਇ ਕੈ, ਉਹ ਪ੍ਰਭੂ ਦਾ ਪਿਆਰਾ ਸਾਡੇ ਅੰਦਰੋਂ ਮਾਇਆ ਰੂਪੀ ਵਿਕਾਰ ਤੇ ਸਾਰੇ ਅਉਗਣ ਮਿਟਾ ਦਿੰਦਾ ਹੈ; ਪਰਉਪਕਾਰੁ ਕਰੇਇ, ਤੇ ਸਾਡੇ ਉਤੇ ਪਰਉਪਕਾਰ ਕਰ ਦਿੰਦਾ ਹੈ।

ਮਾਲੁ ਖਜਾਨਾ ਥੇਹੁ ਘਰੁ
ਹਰਿ ਕੇ ਚਰਣ ਨਿਧਾਨ॥
ਨਾਨਕੁ ਜਾਚਕੁ ਦਰਿ ਤੇਰੈ
ਪ੍ਰਭ ਤੁਧਨੋ ਮੰਗੈ ਦਾਨੁ॥੪॥

ਹੇ ਜਿੰਦੇ! ਮਿਹਰਵਾਨ ਹਰੀ ਪ੍ਰਭੂ ਦੇ ਚਰਨ ਹੀ ਸਾਰੇ ਦੁਨਿਆਵੀ ਪਦਾਰਥਾਂ ਦਾ ਖ਼ਜ਼ਾਨਾ ਹਨ, ਜੀਵ ਦੇ ਨਾਲ ਸਾਥ ਨਿਭਾਉਣ ਵਾਲਾ ਮਾਲ ਹੈ, ਖਜ਼ਾਨਾ ਹੈ, ਜੀਵ ਲਈ ਅਸਲੀ ਵਸੋਂ ਹੈ ਤੇ ਉਸ ਦਾ ਘਰ ਹੈ; ਹੇ ਮੇਰੇ ਮਾਲਕ ਪ੍ਰਭ ਜੀਉ! ਤੇਰੇ ਦਰ ਦਾ ਮੰਗਤਾ ਇਹ ਨਾਨਕ ਤੇਰੇ ਦਰ ਆਇਆ ਹੈ; ਪ੍ਰਭ ਤੁਧਨੋ ਮੰਗੈ ਦਾਨੁ, ਮੈਂ ਤੇਰੇ ਦਰ ਤੋਂ ਨਾਮ ਦੀ ਦਾਤ ਮੰਗਦਾ ਹਾਂ, ਆਪਣੇ ਨਾਮ ਦਾ ਦਾਨ ਮੇਰੀ ਝੋਲੀ ਪਾ ਦੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

***ਲਾਹੌਰ ਅਜੇ ਵੀ ਪਾਕਿਸਤਾਨੀ ਫਿਲਮਾਂ ਦੇ ਨਿਰਮਾਣ ਦਾ ਕੇਂਦਰ ਹੈ। ਇਸ ਨੂੰ ਲੌਲੀਵੁੱਡ ਵੀ ਕਿਹਾ ਜਾਂਦਾ ਹੈ, ਪਰ ਹੁਣ ਫਿਲਮ ਨਿਰਮਾਣ ਕਰਾਚੀ ਵੱਧ ਤਬਦੀਲ ਹੋ ਰਿਹਾ ਹੈ। ਰਾਇਲ ਪਾਰਕ ਵਿਚ ਕਦੇ ਸਾਰੀਆਂ ਫਿਲਮ ਡਿਸਟ੍ਰੀਬਿਊਸ਼ਨ ਕੰਪਨੀਆਂ ਦੇ ਦਫ਼ਤਰ ਹੁੰਦੇ ਸਨ। ਹੁਣ ਅੱਧੇ ਤੋਂ ਵੱਧ ਦਫ਼ਤਰ ਕਰਾਚੀ ਪਹੁੰਚ ਗਏ ਹਨ। ਲਾਹੌਰੀ ਇਸ ਹਿਜਰਤ ਤੋਂ ਖ਼ਫ਼ਾ ਵੀ ਹਨ। ਉਹ ਮਹਿਸੂਸ ਕਰਦੇ ਹਨ ਕਿ ਲਾਹੌਰ ਨੂੰ ਸਿਰਫ਼ ਪੰਜਾਬੀ ਫਿਲਮਾਂ ਦੇ ਨਿਰਮਾਣ ਤਕ ਮਹਿਦੂਦ ਕੀਤਾ ਜਾ ਰਿਹਾ ਹੈ। ਪੰਜਾਬੀ ਫਿਲਮਾਂ ਦਾ ਬਜਟ ਬੜਾ ਸੀਮਤ ਹੁੰਦਾ ਹੈ। ਲਾਹੌਰੀਆਂ ਨੂੰ ਇਹ ਆਪਣੇ ਨਾਲ ਧੱਕਾ ਜਾਪਦਾ ਹੈ ਕਿ ਮਾਇਰਾ ਖਾਨ, ਸਨਮ ਸਈਦ, ਸਨਮ ਬਲੋਚ ਅਤੇ ਹੋਰ ਸੁੰਦਰੀਆਂ ਸਿਰਫ਼ ਕਰਾਚੀ ਵਿਚ ਹੀ 'ਸ਼ੂਟ' ਕਰਦੀਆਂ ਹਨ।... ਲਾਹੌਰ ਦੀ ਐਬਟ ਰੋਡ ਉਤੇ ਇੱਕ ਸਮੇਂ ਸਿਨਮਾਘਰ ਵੱਧ ਹੁੰਦੇ ਸਨ ਅਤੇ ਦੁਕਾਨਾਂ ਘੱਟ। ਇਸ ਨੂੰ ਸਮੁੱਚੇ ਪਾਕਿਸਤਾਨ, ਤੇ ਸ਼ਾਇਦ ਏਸ਼ੀਆ ਵਿਚ ਇੱਕੋ-ਇੱਕ ਅਜਿਹੀ ਸੜਕ ਮੰਨਿਆ ਜਾਂਦਾ ਸੀ ਜਿੱਥੇ ਸਿਨਮਾਘਰਾਂ ਦੀ ਲੰਮੀ ਕਤਾਰ ਸੀ। ਹੁਣ ਸਿਨਮਾਘਰ ਟਾਵੇਂ ਟਾਵੇਂ ਰਹਿ ਗਏ ਹਨ, ਰੇਸਤਰਾਵਾਂ ਦੀ ਭਰਮਾਰ ਹੈ। ਲੋਕ ਇਸ ਨੂੰ ਅਮੀਰਾਂ ਦੀ ਫੂਡ ਸਟਰੀਟ ਵੀ ਕਹਿੰਦੇ ਹਨ। ਪਕਵਾਨਾਂ ਦਾ ਜ਼ਾਇਕਾ ਲੈਣ ਵਾਲਿਆਂ ਦੀ ਉਥੇ ਸ਼ਾਮ ਵੇਲੇ ਖੂਬ ਭੀੜ ਹੁੰਦੀ ਹੈ।***

# ਲਾਹੌਰ ਦਾ ਫਿਲਮੀ ਉਜਾੜਾ

ਲਾਹੌਰ ਦੀ ਮੈਕਲੌਡ ਰੋਡ ਲੋਕਾਂ ਅਤੇ ਮੋਟਰ ਗੱਡੀਆਂ ਨਾਲ ਭਰੀ ਪਈ ਹੈ। ਸੜਕ ਕੰਢੇ ਥੋੜ੍ਹੀ ਜਿਹੀ ਬਚੀ ਥਾਂ 'ਤੇ ਸਫ਼ੇਦ ਕੁੜਤੇ ਤੇ ਸਲਵਾਰ ਪਹਿਨੀ ਬਜ਼ੁਰਗ ਖੜ੍ਹਾ ਹੈ। ਉਸ ਦਾ ਨਾਮ ਮਹਿਫ਼ੂਜ਼ ਚੌਧਰੀ ਹੈ। ਉਸ ਦੇ ਨੇੜੇ ਹੀ ਉਸ ਦੀ ਮਰਸਿਡੀਜ਼ ਕਾਰ ਹੈ। ਜਾਪਦਾ ਹੈ ਜਿਵੇਂ ਉਹ ਗੱਡੀ ਦੀ ਰਾਖੀ ਕਰ ਰਿਹਾ ਹੋਵੇ, ਪਰ ਹਕੀਕਤ ਇਹ ਨਹੀਂ। ਉਸ

ਫ਼ਰਹਤ ਚੌਧਰੀ

ਨੇ ਕੁਝ ਪੱਤਰਕਾਰਾਂ ਨੂੰ ਮਿਲਣਾ ਹੈ ਅਤੇ ਉਥੇ ਖੜ੍ਹ ਕੇ ਯਕੀਨੀ ਬਣਾ ਰਿਹਾ ਹੈ ਕਿ ਪੱਤਰਕਾਰਾਂ ਵਾਲੀ ਕਾਰ ਪਾਰਕ ਕਰਨ ਲਈ ਜਗ੍ਹਾ ਬਚੀ ਰਹੇ।

ਚੌਧਰੀ ਲਾਹੌਰ ਦੇ ਰਤਨ ਸਿਨੇਮੇ ਦਾ ਮਾਲਕ ਹੈ। ਉਸ ਵਿਚ ਰਵਾਇਤੀ ਮਹਿਮਾਨਨਿਵਾਜ਼ ਵਾਲੀਆਂ ਸਾਰੀਆਂ ਖ਼ੂਬੀਆਂ ਮੌਜੂਦ ਹਨ। ਮਹਿਮਾਨਾਂ ਦੀ ਗੱਡੀ ਲਈ ਥਾਂ ਦਾ ਪ੍ਰਬੰਧ ਕਰਨਾ ਵੀ ਅਜਿਹੀਆਂ ਖ਼ੂਬੀਆਂ ਵਿਚ ਸ਼ਾਮਲ ਹੈ। ਮੈਕਲੌਡ ਅਤੇ ਐਬਟ ਰੋਡ ਦੇ ਸੰਗਮ ਨੇੜੇ ਰਾਇਲ ਪਾਰਕ ਵਿਚ ਉਸ ਦਾ ਸਿਨਮਾ ਹੈ। ਉਹ ਇਸ ਸਿਨਮੇ ਤੋਂ ਆਪਣਾ ਕਾਰੋਬਾਰ ਦਹਾਕਿਆਂ ਤੋਂ ਚਲਾ ਰਿਹਾ ਸੀ। ਹੁਣ ਭਾਵੇਂ ਅਜਿਹਾ ਨਹੀਂ, ਫਿਰ ਵੀ ਸਿਨਮਾ ਚਲਾਉਣਾ ਉਸ ਦੇ ਖ਼ੂਨ ਦੇ ਪ੍ਰਵਾਹ ਦਾ ਹਿੱਸਾ ਹੈ। ਉਹ ਤਾਂ ਜੰਮਿਆ ਹੀ ਸਿਨਮੇ ਦੇ ਅਹਾਤੇ ਵਿਚ ਸੀ। ਸਿਨਮਾ ਤੇ ਫਿਲਮਾਂ ਉਸ ਦੀ ਜ਼ਿੰਦਗੀ ਹਨ।

ਭਾਰਤ ਦੀ ਵੰਡ ਤੋਂ ਪਹਿਲਾਂ ਮਹਿਫ਼ੂਜ਼ ਚੌਧਰੀ ਦਾ ਪਿਤਾ ਚੌਧਰੀ ਈਦ ਮੁਹੰਮਦ ਅੰਬਾਲਾ ਦੇ ਨਿਸ਼ਾਂਤ ਸਿਨਮੇ ਵਿਚ ਇਲੈਕਟ੍ਰੀਸ਼ਨ ਹੁੰਦਾ ਸੀ। ਉਸ ਦਾ ਕੁਆਰਟਰ ਸਿਨਮੇ ਦੇ ਅਹਾਤੇ ਦੇ ਅੰਦਰ ਸੀ। ਤਰੱਕੀ ਕਰਦਾ ਉਹ ਅੰਬਾਲੇ ਵਿਚ ਹੀ ਇੱਕ ਸਿਨਮੇ 'ਚ ਭਾਈਵਾਲ ਬਣ ਗਿਆ। ਫਿਰ ਦੇਹਰਾਦੂਨ ਵਿਚ ਆਪਣਾ ਸਿਨਮਾਘਰ ਬਣਾ ਲਿਆ। ਕੁਝ ਸਾਲਾਂ ਬਾਅਦ ਹੀ 47 ਵਾਲੀ ਵੰਡ ਹੋ ਗਈ ਤੇ ਉਹਨੂੰ ਦੇਹਰਾਦੂਨ ਛੱਡਣਾ ਪਿਆ। ਉਹ ਲਾਹੌਰ ਪੁੱਜਾ। ਪਾਕਿਸਤਾਨ ਸਰਕਾਰ ਨੇ ਉਸ ਨੂੰ ਭਾਰਤ ਵਾਲੀ ਜਾਇਦਾਦ ਬਦਲੇ ਰਤਨ ਸਿਨਮੇ ਦੀ ਮਲਕੀਅਤ ਸੌਂਪ ਦਿੱਤੀ। ਛੇਤੀ ਹੀ ਉਸ ਨੇ ਫਿਲਮ ਡਿਸਟ੍ਰੀਬਿਊਸ਼ਨ ਤੇ ਫਿਲਮ ਨਿਰਮਾਣ ਦਾ ਕਾਰੋਬਾਰ ਸ਼ੁਰੂ ਕਰ ਲਿਆ।

ਮਹਿਫ਼ੂਜ਼ ਚੌਧਰੀ ਅਨੁਸਾਰ ਫਿਲਮਾਂ ਦੇ ਕਾਰੋਬਾਰ ਲਈ ਉਹ ਦਿਨ ਭਲੇ ਸਨ। ਪਾਕਿਸਤਾਨ ਬਣਨ ਤੋਂ ਉਪਜੀਆਂ ਦੁਸ਼ਵਾਰੀਆਂ ਤੇ ਨਿੱਤ ਦੀਆਂ ਤਕਲੀਫ਼ਾਂ ਤੋਂ ਫਿਲਮਾਂ, ਲੋਕਾਂ ਨੂੰ ਰਾਹਤ ਦਿੰਦੀਆਂ ਸਨ। ਸਿਨਮਾ ਟਿਕਟਾਂ ਵੀ ਸਸਤੀਆਂ ਹੁੰਦੀਆਂ ਸਨ: ਪੰਜ ਆਨੇ, ਨੌਂ ਆਨੇ, ਇੱਕ ਰੁਪਈਆ। ਲਾਹੌਰ ਪਾਕਿਸਤਾਨੀ ਫਿਲਮ ਸਨਅਤ ਦਾ ਘਰ ਸੀ, ਪਰ ਲੋਕ ਤਾਂ ਭਾਰਤੀ ਫਿਲਮਾਂ ਹੀ ਦੇਖਦੇ ਸਨ। ਫਿਲਮ ਭਾਰਤ ਵਿਚ ਫਲੌਪ ਹੋ ਜਾਂਦੀ ਸੀ, ਪਰ ਪਾਕਿਸਤਾਨੀ ਉਸ ਨੂੰ ਰੱਦ ਨਹੀਂ ਸੀ ਕਰਦੇ। ਰਤਨ ਸਿਨਮੇ ਵਿਚ ਭਾਰਤੀ ਫਿਲਮਾਂ ਹੀ ਦਿਖਾਈਆਂ ਜਾਂਦੀਆਂ। 1953 ਵਿਚ ਜਦੋਂ ਮਹਿਬੂਬ ਖ਼ਾਨ ਦੀ ਫਿਲਮ 'ਆਨ' ਰਿਲੀਜ਼ ਹੋਈ ਤਾਂ ਲੋਕ ਟਿਕਟ ਖ਼ਰੀਦਣ ਖ਼ਾਤਿਰ ਰਾਤ ਵੇਲੇ ਹੀ ਸਿਨਮੇ ਦੇ ਵਿਹੜੇ ਵਿਚ ਆ ਜਾਂਦੇ, ਉਥੇ ਸੌਂਦੇ ਤੇ ਸਵੇਰੇ ਕਤਾਰਾਂ ਬੰਨ੍ਹ ਕੇ ਟਿਕਟ ਖਿੜਕੀਆਂ ਅੱਗੇ ਖੜ੍ਹ ਜਾਂਦੇ ਸਨ। ਦਿਲੀਪ ਕੁਮਾਰ ਤੇ ਨਾਦਿਰਾ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ ਪੂਰਾ ਇੱਕ ਸਾਲ ਚੱਲੀ ਸੀ ਰਤਨ ਸਿਨਮੇ ਵਿਚ। ਹੁਣ ਰਤਨ ਸਿਨਮੇ ਵਿਚ ਫਿਲਮਾਂ ਨਹੀਂ ਲੱਗਦੀਆਂ। ਇਸ ਨੂੰ ਮਲਟੀਪਲੈਕਸ ਵਿਚ ਬਦਲਣ ਦੀਆਂ ਤਿਆਰੀਆਂ ਹਨ। ਇਸ ਦੇ ਗੇਟ ਦੇ ਨੇੜੇ ਤੇ ਵਿਹੜੇ ਅੰਦਰ ਜੰਗਲੀ ਬੂਟੇ ਉੱਗੇ ਹੋਏ ਹਨ। ਮਹਿਫ਼ੂਜ਼ ਚੌਧਰੀ ਨੂੰ ਯਕੀਨ ਨਹੀਂ ਕਿ ਮਲਟੀਪਲੈਕਸ ਬਹੁਤਾ ਲਾਹੇ ਦਾ ਸੌਦਾ ਹੋਵੇਗਾ; ਪਰ ਇਹ ਵੀ ਸਾਫ਼ ਹੈ ਕਿ ਸਿਨਮਾ ਤੋਂ ਬਿਨਾਂ ਹੋਰ ਕਿਸੇ ਕਾਰੋਬਾਰ ਦੀ ਉਸ ਨੂੰ ਸਮਝ ਨਹੀਂ। ਉਂਜ, ਅਤੀਤ ਬਾਰੇ ਗੱਲ ਕਰਦਿਆਂ ਉਹ ਆਪਣੇ ਕਾਰੋਬਾਰ ਦੇ ਹਰ ਨੁਕਤੇ ਬਾਰੇ ਸਪਸ਼ਟ ਹੈ। ਵਰਤਮਾਨ ਤੇ ਭਵਿੱਖ ਬਾਰੇ ਉਸ ਦੀ ਸੁਰ ਵਿਚੋਂ ਝਿਜਕ ਸਾਫ਼ ਪੜ੍ਹੀ ਜਾ ਸਕਦੀ ਹੈ। ਉਹ ਫਿਲਮ ਨਿਰਮਾਣ ਤੇ ਵਿਤਰਨ ਦੇ ਨਵੀਨਤਮ ਢੰਗਾਂ ਪ੍ਰਤੀ ਅਣਭਿੱਜਤਾ ਦਾ ਇਜ਼ਹਾਰ ਕਰਦਾ ਹੈ। ਡਿਜੀਟਲ ਟੈਕਨਾਲੋਜੀ ਤੇ ਇਸ ਨਾਲ ਜੁੜੇ ਤਾਮ-ਝਾਮ ਨਾਲ ਉਸ ਨੂੰ ਕੋਈ ਮੋਹ ਨਹੀਂ।




***ਲਾਹੌਰੀਆਂ ਨੂੰ ਆਪਣੀਆਂ ਪੰਜਾਬੀ ਫਿਲਮਾਂ 'ਤੇ ਮਾਣ ਹੈ। ਕਦੇ ਪੰਜਾਬੀ ਫਿਲਮਾਂ ਕਰਾਚੀ ਵਿਚ ਬਣੀਆਂ ਉਰਦੂ ਫਿਲਮਾਂ ਨੂੰ ਮਾਤ ਦਿੰਦੀਆਂ ਸਨ। 'ਮੌਲਾ ਜੱਟ' (1979) ਲਗਾਤਾਰ 216 ਹਫ਼ਤੇ ਚੱਲੀ ਸੀ। ਇਸ ਨੇ ਅਜੇ ਹੋਰ ਵੀ ਚੱਲਣਾ ਸੀ, ਪਰ ਫ਼ੌਜੀ ਹਕੂਮਤ ਨੇ ਜਬਰੀ ਸਿਨਮਾਘਰਾਂ ਵਿਚੋਂ ਲੁਹਾ ਦਿੱਤੀ। ਇਸ ਫਿਲਮ ਦਾ ਸੁਨੇਹਾ ਇਨਕਲਾਬੀ ਸੀ। 'ਮੌਲਾ ਜੱਟ' ਅਮੀਰਾਂ ਦੀ ਸੰਘੀ ਨੱਪਦਾ ਸੀ ਅਤੇ ਗ਼ਰੀਬਾਂ ਨੂੰ ਨਿਆਂ ਦਿੰਦਾ ਸੀ। ਇਹ ਕਿਰਦਾਰ ਫ਼ੌਜੀ ਹੁਕਮਰਾਨਾਂ ਦੀ ਸੋਚ ਨਾਲ ਮੇਲ ਨਹੀਂ ਸੀ ਖਾਂਦਾ।***

ਮਹਿਫ਼ੂਜ਼ ਚੌਧਰੀ ਵਾਲੀ ਸੋਚ, ਅਤੀਤ ਪ੍ਰਤੀ ਹੇਰਵੇ ਦੀ ਪੈਦਾਇਸ਼ ਜਾਪਦੀ ਹੈ। ਵਰਤਮਾਨ ਦੀ ਤੋਰ ਤੇਜ਼ ਹੈ। ਭਾਰਤ ਵਾਂਗ ਪਾਕਿਸਤਾਨ ਵਿਚ ਵੀ ਰਵਾਇਤੀ ਸਿੰਗਲ ਸਕਰੀਨ ਥੀਏਟਰ ਖ਼ਤਮ ਹੋ ਰਹੇ ਹਨ। ਜਿਹੜੇ ਬਚੇ ਹਨ, ਉਹ ਪੁਰਾਣੀਆਂ ਫਿਲਮਾਂ ਵਿਚ ਦੋ-ਚਾਰ ਦ੍ਰਿਸ਼ ਨੰਗੀਆਂ ਫਿਲਮਾਂ ਦੇ ਟੰਗ ਕੇ ਆਪਣਾ ਗੁਜ਼ਾਰਾ ਚਲਾ ਰਹੇ ਹਨ। ਭਾਰਤ ਵਿਚ ਵੀ ਇਹੋ ਰੁਝਾਨ ਹੈ। ਨੰਗੀਆਂ ਫਿਲਮਾਂ ਦੇ ਚੰਦ ਸੀਨ ਸਿੰਗਲ ਸਕਰੀਨ ਸਿਨਮਾਘਰਾਂ ਨੂੰ ਚੱਲਦਾ ਰੱਖਣ ਵਿਚ ਸਹਾਈ ਹੋ ਰਹੇ ਹਨ।

ਲਾਹੌਰ ਦੀ ਐਬਟ ਰੋਡ ਉਤੇ ਇੱਕ ਸਮੇਂ ਸਿਨਮਾਘਰ ਵੱਧ ਹੋਇਆ ਕਰਦੇ ਸਨ ਅਤੇ ਦੁਕਾਨਾਂ ਘੱਟ। ਇਸ ਨੂੰ ਸਮੁੱਚੇ ਪਾਕਿਸਤਾਨ, ਤੇ ਸ਼ਾਇਦ ਏਸ਼ੀਆ ਵਿਚ ਇੱਕੋ-ਇੱਕ ਅਜਿਹੀ ਸੜਕ ਮੰਨਿਆ ਜਾਂਦਾ ਸੀ ਜਿੱਥੇ ਸਿਨਮਾਘਰਾਂ ਦੀ ਲੰਮੀ ਕਤਾਰ ਸੀ। ਹੁਣ ਸਿਨਮਾਘਰ ਟਾਵੇਂ ਟਾਵੇਂ ਰਹਿ ਗਏ ਹਨ, ਰੇਸਤਰਾਵਾਂ ਦੀ ਭਰਮਾਰ ਹੈ। ਲੋਕ ਇਸ ਨੂੰ ਅਮੀਰਾਂ ਦੀ ਫੂਡ ਸਟਰੀਟ ਵੀ ਕਹਿੰਦੇ ਹਨ। ਸ਼ਾਮ ਵੇਲੇ ਖੂਬ ਭੀੜ ਹੁੰਦੀ ਹੈ- ਪਕਵਾਨਾਂ ਦਾ ਜ਼ਾਇਕਾ ਲੈਣ ਵਾਲਿਆਂ ਦਾ।

ਜਿਹੜੇ ਸਿਨਮਾਘਰ ਇਸ ਸੜਕ 'ਤੇ ਬਚੇ ਹਨ, ਉਨ੍ਹਾਂ ਵਿਚ ਕੈਪੀਟਲ ਸ਼ਾਮਲ ਹੈ। ਉਥੇ ਸ਼ਾਨ ਤੇ ਸਾਇਮਾ ਦੀਆਂ ਮੁੱਖ ਭੂਮਿਕਾਵਾਂ ਵਾਲੀ ਫਿਲਮ 'ਯਾਰ ਬਦਮਾਸ਼' ਚੱਲ ਰਹੀ ਸੀ। ਐਤਵਾਰ ਦਾ ਦਿਨ ਸੀ, ਅੰਦਰ ਜਾ ਕੇ ਦੇਖਿਆ ਤਾਂ ਸਿਰਫ਼ 31 ਦਰਸ਼ਕ ਬੈਠੇ ਹੋਏ ਸਨ। ਅਗਲਾ ਸ਼ੋਅ ਰਾਤ 9 ਵਜੇ ਸੀ। ਟਿਕਟ ਖਿੜਕੀ ਵਾਲੇ ਨੇ ਦੱਸਿਆ ਕਿ ਉਸ ਸ਼ੋਅ ਦੀ ਸਿਰਫ਼ ਇੱਕ ਟਿਕਟ ਵਿਕੀ ਸੀ। ਇੱਕ ਹੋਰ ਸਿਨਮਾਘਰ ਓਡੀਅਨ ਦਾ ਸਾਂਭ-ਸੰਭਾਲ ਪੱਖੋਂ ਹਸ਼ਰ ਮਾੜਾ ਸੀ, ਪਰ ਉਥੇ ਫਿਲਮ ਭਾਰਤੀ ਚੱਲ ਰਹੀ ਸੀ। ਨਾਮ ਸੀ 'ਦਮ ਲਗਾ ਕੇ ਹਈਸ਼ਾ'। ਇਸ ਨੂੰ ਦੇਖਣ ਲਈ 53 ਦਰਸ਼ਕ ਮੌਜੂਦ ਸਨ। ਇਸ ਸਿਨਮੇ ਦੇ ਬੁਕਿੰਗ ਕਲਰਕ ਦਾ ਨਕਸ਼ਾ ਵੀ ਸਿਨਮੇ ਦੀ ਹਾਲਤ ਵਰਗਾ ਸੀ। ਨਾਮ ਸੀ ਗੁਲ ਮੁਹੰਮਦ। ਉਹ 10 ਮਈ 1958 ਤੋਂ ਇਸ ਸਿਨਮੇ ਵਿਚ ਕੰਮ ਕਰ ਰਿਹਾ ਸੀ। ਗੱਲਬਾਤ ਸ਼ੁਰੂ ਹੋਈ ਤਾਂ ਅਤੀਤ ਦੀਆਂ ਗੱਲਾਂ ਸੁਣਾਉਣ ਲੱਗਾ। ਰਾਜ ਕਪੂਰ-ਵੈਜੰਤੀਮਾਲਾ-ਰਾਜਿੰਦਰ ਕੁਮਾਰ ਦੀ 'ਸੰਗਮ' ਦੇ ਰਿਲੀਜ਼ ਹੋਣ ਦੀਆਂ ਗੱਲਾਂ। 'ਮੇਰੇ ਮਹਿਬੂਬ' ਵਿਚ ਸਾਧਨਾਂ ਦੇ ਹੁਸੀਨ ਮੁਖੜੇ ਦੀਆਂ ਗੱਲਾਂ। ਦਿਲੀਪ ਕੁਮਾਰ ਦੀ 'ਨਯਾ ਦੌਰ' ਦੀਆਂ ਗੱਲਾਂ। ਉਦੋਂ ਇਸ ਸਿਨਮੇ ਵਿਚ 37 ਪੱਕੇ ਮੁਲਾਜ਼ਮ ਕੰਮ ਕਰਦੇ ਸਨ, ਹੁਣ ਸਿਰਫ਼ ਦੋ ਹਨ। ਖ਼ੁਦਾ ਖ਼ੈਰ ਕਰੇ!

ਉਂਜ, ਐਬਟ ਰੋਡ 'ਤੇ ਹੀ ਸ਼ਬਿਸਤਨ ਤੇ ਪ੍ਰਿੰਸ ਸਿਨਮਿਆਂ ਨੇ ਨਵਾਂ ਇਤਿਹਾਸ ਰਚਿਆ ਹੈ। ਉਹ 1974 ਤੋਂ ਇੱਕੋ ਹੀ ਵਿਹੜੇ ਵਿਚ ਸਨ। ਦੋ ਸਾਲ ਪਹਿਲਾਂ ਉਨ੍ਹਾਂ ਨੇ ਆਪਣੀ ਇਮਾਰਤ ਵਿਚ ਅਦਲਾ-ਬਦਲੀ ਕਰ ਕੇ ਸੁਪਰ ਸਿਨੇਮਾ ਦਾ ਅਵਤਾਰ ਧਾਰ ਲਿਆ। ਇਮਾਰਤੀ ਹੇਰ-ਫੇਰ ਰਾਹੀਂ ਡੇਢ ਦਰਜਨ ਦੁਕਾਨਾਂ ਬਣਾ ਦਿੱਤੀਆਂ ਗਈਆਂ। ਉੱਪਰ ਡਬਲ ਸਕਰੀਨ ਥੀਏਟਰ ਕੰਪਲੈਕਸ। ਦਰਸ਼ਕ ਅਜੇ ਵੀ 'ਆਵਾਮੀ' ਕਿਸਮ ਦੇ ਆਉਂਦੇ ਹਨ, ਪਰ ਥੀਏਟਰ ਕਮਾਈ ਕਰ ਰਿਹਾ ਹੈ। ਕੁਝ ਦੁਕਾਨਾਂ ਤੇ ਸ਼ੋਅ-ਰੂਮ ਦੇ ਕਿਰਾਏ ਦੇ ਜ਼ਰੀਏ ਅਤੇ ਕੁਝ ਫਿਲਮਾਂ ਦੀ ਚੋਣ ਜ਼ਰੀਏ। ਜਿਸ ਦਿਨ ਇਸ ਥੀਏਟਰ ਨੂੰ ਦੇਖਣ ਅਸੀਂ ਗਏ ਤਾਂ 'ਬਜਰੰਗੀ ਭਾਈਜਾਨ' ਵੀ ਚੱਲ ਰਹੀ ਸੀ ਅਤੇ 'ਜੱਟ ਦਾ ਜਨੂੰਨ' ਵੀ। ਹਾਲੀਵੁੱਡ ਦੀ 'ਫਾਸਟ ਐਂਡ ਫਿਊਰੀਅਸ-7' ਦਾ ਉਰਦੂ ਰੂਪਾਂਤਰਨ 'ਤੇਜ਼ ਰਫ਼ਤਾਰ ਔਰ ਜਾਂਬਾਜ਼' ਦੇ ਤਿੰਨ ਸ਼ੋਅ ਵੀ ਇਸ 'ਡਬਲ ਸਕਰੀਨ' ਸਿਨਮੇ ਦੀ ਸ਼ੋਅ-ਸ਼ੈਡਿਊਲ ਦਾ ਹਿੱਸਾ ਸਨ।

ਲਾਹੌਰ ਅਜੇ ਵੀ ਪਾਕਿਸਤਾਨੀ ਫਿਲਮਾਂ ਦੇ ਨਿਰਮਾਣ ਦਾ ਕੇਂਦਰ ਹੈ। ਇਸ ਨੂੰ ਲੌਲੀਵੁੱਡ ਵੀ ਕਿਹਾ ਜਾਂਦਾ ਹੈ, ਪਰ ਹੁਣ ਫਿਲਮ ਨਿਰਮਾਣ ਕਰਾਚੀ ਵੱਧ ਤਬਦੀਲ ਹੁੰਦਾ ਜਾ ਰਿਹਾ ਹੈ। ਰਾਇਲ ਪਾਰਕ ਵਿਚ ਕਦੇ ਸਾਰੀਆਂ ਫਿਲਮ ਡਿਸਟ੍ਰੀਬਿਊਸ਼ਨ ਕੰਪਨੀਆਂ ਦੇ ਦਫ਼ਤਰ ਹੋਇਆ ਕਰਦੇ ਸਨ। ਹੁਣ ਅੱਧੇ ਤੋਂ ਵੱਧ ਦਫ਼ਤਰ ਕਰਾਚੀ ਪਹੁੰਚ ਗਏ ਹਨ। ਲਾਹੌਰੀ ਇਸ ਹਿਜਰਤ ਤੋਂ ਖ਼ਫ਼ਾ ਵੀ ਹਨ। ਉਹ ਮਹਿਸੂਸ ਕਰਦੇ ਹਨ ਕਿ ਲਾਹੌਰ ਨੂੰ ਸਿਰਫ਼ ਪੰਜਾਬੀ ਫਿਲਮਾਂ ਦੇ ਨਿਰਮਾਣ ਤਕ ਮਹਿਦੂਦ ਕੀਤਾ ਜਾ ਰਿਹਾ ਹੈ। ਪੰਜਾਬੀ ਫਿਲਮਾਂ ਦਾ ਬਜਟ ਬੜਾ ਸੀਮਤ ਹੁੰਦਾ ਹੈ। ਲਾਹੌਰੀਆਂ ਨੂੰ ਇਹ ਆਪਣੇ ਨਾਲ ਧੱਕਾ ਜਾਪਦਾ ਹੈ ਕਿ ਮਾਇਰਾ ਖਾਨ, ਸਨਮ ਸਈਦ, ਸਨਮ ਬਲੋਚ ਅਤੇ ਹੋਰ ਸੁੰਦਰੀਆਂ ਸਿਰਫ਼ ਕਰਾਚੀ ਵਿਚ ਹੀ 'ਸ਼ੂਟ' ਕਰਦੀਆਂ ਹਨ।

ਲਾਹੌਰੀਆਂ ਨੂੰ ਆਪਣੀਆਂ ਪੰਜਾਬੀ ਫਿਲਮਾਂ 'ਤੇ ਮਾਣ ਜ਼ਰੂਰ ਹੈ। ਉਹ ਕਹਿੰਦੇ ਹਨ ਕਿ ਕਦੇ ਪੰਜਾਬੀ ਫਿਲਮਾਂ, ਕਰਾਚੀ ਵਿਚ ਬਣੀਆਂ ਉਰਦੂ ਫਿਲਮਾਂ ਨੂੰ ਹਰ ਤਰ੍ਹਾਂ ਨਾਲ ਮਾਤ ਦਿੰਦੀਆਂ ਸਨ। 1979 ਵਿਚ ਰਿਲੀਜ਼ ਹੋਈ 'ਮੌਲਾ ਜੱਟ' ਲਗਾਤਾਰ 216 ਹਫ਼ਤੇ ਚੱਲੀ ਸੀ। ਇਸ ਨੇ ਅਜੇ ਹੋਰ ਵੀ ਚੱਲਣਾ ਸੀ, ਪਰ ਮੁਲਕ ਦੀ ਫ਼ੌਜੀ ਹਕੂਮਤ ਨੇ ਇਸ ਨੂੰ ਜਬਰੀ ਸਿਨਮਾਘਰਾਂ ਵਿਚੋਂ ਲੁਹਾ ਦਿੱਤਾ। ਇਸ ਫਿਲਮ ਦਾ ਸੁਨੇਹਾ ਇਨਕਲਾਬੀ ਕਿਸਮ ਦਾ ਸੀ। 'ਮੌਲਾ ਜੱਟ' ਅਮੀਰਾਂ ਦੀ ਸੰਘੀ ਨੱਪਦਾ ਸੀ ਅਤੇ ਗ਼ਰੀਬਾਂ ਨੂੰ ਨਿਆਂ ਦਿੰਦਾ ਸੀ। ਇਹ ਕਿਰਦਾਰ ਫ਼ੌਜੀ ਹੁਕਮਰਾਨਾਂ ਦੀ ਸੋਚ ਨਾਲ ਮੇਲ ਨਹੀਂ ਸੀ ਖਾਂਦਾ।

ਸਾਲ ਕੁ ਪਹਿਲਾਂ 'ਮੌਲਾ ਜੱਟ' ਫਿਲਮ ਵਾਲਾ ਜਲੌਅ ਪਰਤਾਉਣ ਲਈ 'ਰਿਟਰਨ ਆਫ਼ ਮੌਲਾ ਜੱਟ' ਨਾਂ ਦੀ ਬਣਾਈ ਗਈ, ਪਰ ਇਹ ਉੱਦਮ ਚਮਤਕਾਰੀ ਸਾਬਤ ਨਹੀਂ ਹੋਇਆ। ਹੁਣ ਪੰਜਾਬੀ ਸਿਨਮੇ ਦੇ ਨਿਘਾਰ ਦੀ ਦਾਸਤਾਨ ਬਿਆਨ ਕਰਨ ਤੇ ਇਸ ਦੇ ਕਾਰਨ ਲੱਭਣ ਲਈ ਦਸਤਾਵੇਜ਼ੀ 'ਦਿ ਰੈਸਟਲੈੱਸ ਘੋਸਟ ਆਫ਼ ਮੌਲਾ ਜੱਟ' ਤਿਆਰ ਕੀਤੀ ਜਾ ਰਹੀ ਹੈ।



ਮਹੀਰਾ ਖਾਨ


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HOME BUYERS!! HOME SELLERS!!
ਖੁਸ਼ ਖ਼ਬਰੀ ★ SAVE THOUSANDS ★ ਖੁਸ਼ ਖ਼ਬਰੀ
BUYERS
BUY ANY HOME THROUGH MANJIT GILL AND RECEIVE 25% OF AGENTS COMMISSIONS AT CLOSING!
SELLERS
LIST YOUR HOME WITH 1% TO "ALLIANCE BAY REALTY!"
ਖਰੀਦਦਾਰ ਨੂੰ 25% ਕਮਿਸ਼ਨ ਵਾਪਸ
HOME LOANS
NO POINTS/NO FEE [OPTION]
*CALL FOR DETAILS
CALL NOW!!!!
FOR SALE
MANJIT GILL
510-888-1180
10+ YEARS EXPERIENCE
LICENSED REALTOR.
CalBRE# 01700446
NMLS# 358965
EQUAL HOUSING LENDER
EQUAL HOUSING OPPORTUNITY
REALTOR
SERVING UNION CITY, FREMONT,NEWARK.
HAYWARD, TRACY, MANTECA, LATHROP AND MODESTO!
ALLIANCE BAY REALTY
31080 UNION CITY BLVD., SUITE 201, UNION CITY, CA 94587


ਸਾਫ ਸੁਥਰੀ ਸੱਭਿਆਚਾਰਕ ਗਾਇਕੀ
ਜੀਤਾ ਗਿੱਲ
ਸੰਪਰਕ ਕਰੋ: 209-815-0013



HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।*
*ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

## ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਕਰਤਾਰ ਸਿੰਘ ਸਰਾਭਾ


ਵਿਸ਼ਨੂੰ ਗਣੇਸ਼ ਪਿੰਗਲੇ


ਬਖਸ਼ੀਸ਼ ਸਿੰਘ ਗਿੱਲਵਾਲੀ


ਸੁਰੈਣ ਸਿੰਘ ਵੱਡਾ ਗਿੱਲਵਾਲੀ


ਸੁਰੈਣ ਸਿੰਘ ਛੋਟਾ ਗਿੱਲਵਾਲੀ


ਹਰਨਾਮ ਸਿੰਘ ਸਿਆਲ ਕੋਟੀ


ਜਗਤ ਸਿੰਘ ਸੁਰਸਿੰਘ

## ਐਤਵਾਰ, 11 ਅਕਤੂਬਰ 2015
(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

## ਸਥਾਨ: ਐਸ.ਈ.ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥

**ਸਤਿਕਾਰਯੋਗ ਭੈਣੋ ਤੇ ਭਰਾਓ,**

2015 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਖਾਤਰ ਹਸ ਹਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਦੁਖ ਭੋਗੇ। ਇਨ੍ਹਾਂ ਵਿਚੋਂ ਕਰਤਾਰ ਸਿੰਘ ਸਰਾਭਾ ਤਾਂ ਹਾਲੇ 20 ਵਰ੍ਹੇ ਦਾ ਵੀ ਨਹੀਂ ਸੀ ਹੋਇਆ। ਇਸ ਘਟਨਾ ਨੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ ਸਮਰਾਜ ਵਿਰੁਧ ਰੋਹ ਅਤੇ ਆਜ਼ਾਦੀ ਖਾਤਰ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ। ਇਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਾਰੇ ਰਲ ਕੇ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਨੂੰ ਸਜਦਾ ਕਰੀਏ।


*ਗਾਇਕਾ ਸਤਵਿੰਦਰ ਬਿੱਟੀ*

**ਪਹੁੰਚ ਰਹੇ ਕਲਾਕਾਰ**
ਪੰਮੀ ਮਾਨ, ਸੰਨੀ ਬੱਬਰ, ਪੂਨਮ ਮਲਹੋਤਰਾ, ਜੀਵਨ ਰੱਤੀ
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵੀਰ ਰਸੀ ਵਾਰਾਂ ਪੇਸ਼ ਕਰੇਗਾ।

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਧੂਤ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**
ਖਾਣਾ, ਪਾਰਕਿੰਗ ਤੇ ਦਾਖਲਾ ਮੁਫ਼ਤ

ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ 916-420-2390
ਸਕੱਤਰ: ਐਸ ਐਸ ਸਿੱਧੂ 661-302-5611
ਖਜ਼ਾਨਚੀ: ਕਰਮਜੀਤ ਸਿੰਘ ਕੰਗ 661-205-5214
ਸਮਿਤਰ ਸਿੰਘ ਉਪਲ 530-695-1716
ਬਲਜਿੰਦਰ ਸਿੰਘ ਭੱਟੀ 209-480-2275
ਬਲਵੰਤ ਬਾਂਕਾ 916-271-4216
ਪਰਮਜੀਤ ਸਿੰਘ ਸੰਧੂ 510-674-5857

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

*ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ*

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੂਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਸੁਰਜੀਤ ਢਿੱਲੋਂ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ।

**ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ**